
**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO WCOST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S. Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 44, October 29, 2011 20451 N Plum Grove Rd. Palatine, IL 60074 Ph:847-359-0746, Fax:847-705-9388


# ਮਨਪ੍ਰੀਤ ਤੇ ਬਰਨਾਲਾ ਨੇ ਬਾਦਲ ਨੂੰ ਵੰਗਾਰਿਆ ਪੰਥ ਤੇ ਪੰਜਾਬ ਨਾਲ ਗੱਦਾਰੀ ਦੇ ਦੋਸ਼

## ਗੁਰਦਾਸ ਬਾਦਲ ਨੇ ਵੀ ਬਰਾਬਰ ਮੋਰਚਾ ਮੱਲਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਦੋ ਬਾਗੀਆਂ ਮਨਪ੍ਰੀਤ ਸਿੰਘ ਬਾਦਲ ਤੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਵੱਲੋਂ ਹੱਥ ਮਿਲਾ ਲਏ ਜਾਣ ਕਾਰਨ ਪੰਜਾਬ 'ਚ 'ਪੋਤੜੇ ਫੋਲ' ਸਿਆਸਤ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਸਾਂਝੇ ਮੋਰਚੇ ਖ਼ਿਲਾਫ਼ 'ਤੋਪਾਂ' ਤਾਣ ਲਈਆਂ ਹਨ ਜਿਸ ਕਰਕੇ ਕਾਂਗਰਸ ਨੂੰ ਰਾਹਤ ਮਿਲੀ ਹੈ। ਉਂਜ ਕਾਂਗਰਸ ਵੀ ਇਸ ਸ਼ਰੀਕੇਬਾਜ਼ੀ ਦੀ ਸਿਆਸਤ ਦਾ ਲਾਹਾ ਲੈ ਕੇ ਆਪਣੀ ਬੇੜੀ ਪਾਰ ਲਾਉਣ ਲਈ ਸਰਗਰਮ ਹੋ ਗਈ ਹੈ। ਇਸੇ ਨੀਤੀ ਤਹਿਤ ਕਾਂਗਰਸ ਪਹਿਲੀ ਨਵੰਬਰ ਨੂੰ ਪਾਰਟੀ ਦੀ ਚੋਣ ਮੁਹਿੰਮ ਦੇ ਪਹਿਲੇ ਪੜਾਅ ਵਿਚ ਪੰਜਾਬ ਬਚਾਓ ਯਾਤਰਾ ਸ਼ੁਰੂ ਕਰ ਰਹੀ ਹੈ ਜੋ ਬੁਢਲਾਡਾ 'ਚ 2 ਦਸੰਬਰ ਨੂੰ ਖ਼ਤਮ ਹੋਵੇਗੀ।

ਇਹ ਯਾਤਰਾ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਸ਼ੁਰੂ ਕੀਤੀ ਜਾਵੇਗੀ ਜਦੋਂਕਿ ਮਾਲਵੇ ਦੇ ਖੇਤਰਾਂ ਵਿਚ ਚੱਕਰ ਲਾਉਣ ਤੋਂ ਬਾਅਦ ਇਹ ਯਾਤਰਾ ਮਾਝੇ ਵਿਚੋਂ ਹੁੰਦਿਆਂ ਦੁਆਬੇ ਵਿਚ ਆਵੇਗੀ। ਇਸ ਯਾਤਰਾ ਦੀ ਅਗਵਾਈ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਕਰਨਗੇ ਤੇ ਇਸ ਯਾਤਰਾ ਦੌਰਾਨ ਦੋ ਤੋਂ ਤਿੰਨ ਵਿਧਾਨ ਸਭਾ ਹਲਕਿਆਂ ਦੀ ਜਨਤਕ ਰੈਲੀ ਰੱਖੀ ਜਾਵੇਗੀ ਤੇ ਅਜਿਹੀਆਂ ਕੋਈ 40 ਰੈਲੀਆਂ ਨੂੰ ਸੰਬੋਧਨ ਕਰਨ ਲਈ ਪਾਰਟੀ ਵੱਲੋਂ ਦਿੱਲੀ ਤੋਂ ਵੀ ਕੁਝ ਆਗੂ ਸੱਦੇ ਜਾਣਗੇ।

ਦੂਜੇ ਪਾਸੇ ਹੁਣ ਤੱਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਤਾਇਆ ਜੀ' ਕਹਿਣ ਵਾਲਾ ਪੀਪਲਜ਼ ਪਾਰਟੀ ਆਫ ਪੰਜਾਬ ਦਾ ਮੁਖੀ ਮਨਪ੍ਰੀਤ ਸਿੰਘ ਬਾਦਲ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ ਤੇ ਉਸ ਨੇ 'ਅੰਦਰਲੇ' ਭੇਤ ਜੱਗ ਜ਼ਾਹਿਰ ਕਰਕੇ ਅਕਾਲੀਆਂ ਨੂੰ ਦੰਗ ਕਰ ਦਿੱਤਾ ਹੈ। ਮਨਪ੍ਰੀਤ ਬਾਦਲ ਨੇ ਪਹਿਲੀ ਵਾਰ ਸ. ਬਾਦਲ 'ਤੇ ਪਲਟਵਾਰ ਕਰਦਿਆਂ ਉਨ੍ਹਾਂ ਨੂੰ ਪੰਜਾਬ ਤੇ ਸਿੱਖ ਪੰਥ ਦਾ 'ਵੱਡਾ ਗੱਦਾਰ' ਕਿਹਾ ਹੈ। ਉਂਜ ਅਕਾਲੀ ਦਲ (ਬ) ਨੂੰ ਵੀ ਕਾਂਗਰਸ ਨਾਲੋਂ ਸਾਂਝਾ ਮੋਰਚਾ ਵੱਡੀ ਚੁਣੌਤੀ ਨਜ਼ਰ ਆਉਣ ਲੱਗਾ ਹੈ।





ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਵੇਂ ਸਾਂਝਾ ਮੋਰਚਾ ਸੱਤਾ ਹਾਸਲ ਕਰਨ ਦੀ ਹੈਸੀਅਤ ਵਿਚ ਨਾ ਵੀ ਹੋਵੇ ਪਰ ਪੰਜਾਬ ਦੀਆਂ ਦੋ ਮੁੱਖ ਸਿਆਸੀ ਪਾਰਟੀਆਂ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੀ ਹਾਰ ਜਿੱਤ ਦੇ ਫ਼ੈਸਲੇ 'ਚ ਅਹਿਮ ਰੋਲ ਜ਼ਰੂਰ ਅਦਾ ਕਰੇਗਾ। ਸ਼੍ਰੋਮਣੀ ਅਕਾਲੀ ਦਲ (ਬ) ਨੂੰ ਵੀ 'ਪੰਥਕ' ਵੋਟ ਖੁਰਨ ਦਾ ਖਤਰਾ ਹੈ। ਇਸ ਲਈ ਸ. ਬਾਦਲ ਵਰਗੇ ਘਾਗ ਸਿਆਸਤਦਾਨ ਵੀ ਹਲਕੀ ਬਿਆਨਬਾਜ਼ੀ 'ਤੇ ਉਤਰ ਆਏ ਤੇ ਆਪਣੇ ਸਿਆਸੀ ਸ਼ਰੀਕੇਬਾਜ਼ਾਂ ਨੂੰ ਗੱਦਾਰ ਤੱਕ ਕਹਿਣਾ ਸ਼ੁਰੂ ਕਰ ਦਿੱਤਾ। ਇਸ ਦੇ ਜਵਾਬ 'ਚ ਮਨਪ੍ਰੀਤ ਬਾਦਲ ਤੇ ਸ. ਸੁਰਜੀਤ ਸਿੰਘ ਬਰਨਾਲਾ ਨੇ ਪੁਰਾਣੇ ਭੇਤ ਜੱਗ ਜ਼ਾਹਿਰ ਕਰਦਿਆਂ ਸ. ਬਾਦਲ ਨੂੰ ਚੁਣੌਤੀ ਦਿੱਤੀ ਕਿ ਪੰਜਾਬ ਤੇ ਪੰਥ ਦੇ ਅਸਲ ਗੱਦਾਰ ਤਾਂ ਉਹ ਹੀ ਹਨ।

ਸ਼੍ਰੋਮਣੀ ਅਕਾਲੀ ਦਲ (ਬ) ਨੇ ਇਕਦਮ ਕਾਂਗਰਸ ਦੀ ਬਜਾਏ ਸਾਂਝਾ ਮੋਰਚਾ ਨੂੰ ਨਿਸ਼ਾਨਾ ਬਣਾਉਂਦਿਆਂ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਮਨਪ੍ਰੀਤ ਸਿੰਘ ਬਾਦਲ ਦੀ ਤਿੱਖੀ ਆਲੋਚਨਾ ਸ਼ੁਰੂ ਕਰ ਦਿੱਤੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਲੰਬੀ ਹਲਕੇ ਵਿਚ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਤੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਵਿਰੁਧ ਕੀਤੀਆਂ ਗਈਆਂ ਤਿੱਖੀਆਂ ਟਿੱਪਣੀਆਂ ਨੂੰ ਲੈ ਕੇ ਦੋਵਾਂ ਧਿਰਾਂ ਵਿਚਾਲੇ ਦੂਸ਼ਣਬਾਜ਼ੀ ਸਿਖਰ 'ਤੇ ਪੁੱਜ ਗਈ ਹੈ।

ਸ. ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਤਾਏ ਸ. ਬਾਦਲ ਨੂੰ ਸੂਬੇ ਦਾ ਵੱਡਾ ਗੱਦਾਰ ਦੱਸਦਿਆਂ ਉਨ੍ਹਾਂ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਆਪਣੇ ਸੌੜੇ ਰਾਜਸੀ ਹਿੱਤਾਂ ਲਈ ਪੰਜਾਬ ਦਾ 35,000 ਕਰੋੜ ਰੁਪਏ ਕਰਜ਼ਾ ਮਾਫ਼ ਕਰਵਾਉਣ ਦਾ ਮੌਕਾ ਗਵਾਇਆ ਜਿਸ ਲਈ ਪੰਜਾਬੀ ਕਦੇ ਵੀ ਉਨ੍ਹਾਂ ਨੂੰ ਮੁਆਫ਼ ਨਹੀਂ ਕਰਨਗੇ। ਉਨ੍ਹਾਂ ਸ. ਬਾਦਲ 'ਤੇ ਇਹ ਵੀ ਦੋਸ਼ ਲਾਇਆ ਕਿ ਉਨ੍ਹਾਂ ਸ. ਗੁਰਚਰਨ ਸਿੰਘ ਟੌਹੜਾ ਸਮੇਤ ਇਕ ਤੋਂ ਬਾਅਦ ਦੂਸਰੇ ਰਾਜਸੀ ਆਗੂ ਤੇ ਆਪਣੇ ਸਾਥੀਆਂ ਦੀ ਪਿੱਠ ਵਿਚ ਛੁਰਾ ਮਾਰਿਆ ਜਿਨ੍ਹਾਂ ਵਿਚ ਕੈਪਟਨ ਅਮਰਿੰਦਰ ਸਿੰਘ ਵੀ ਸ਼ਾਮਲ ਹੈ।

ਇਸ ਦੇ ਨਾਲ ਹੀ ਸ. ਸੁਰਜੀਤ ਸਿੰਘ ਬਰਨਾਲਾ ਨੇ ਹੱਲਾ ਬੋਲਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਅਸਲ ਗੱਦਾਰੀ ਤਾਂ ਮੁੱਖ

*(ਬਾਕੀ ਸਫਾ 6 'ਤੇ)*

# ਖੇਡ ਪ੍ਰੋਮੋਟਰ ਧਾਰਨੀ ਕਤਲ, ਕਾਤਲ ਵਲੋਂ ਖੁਦਕੁਸ਼ੀ

**ਸਿਨਸਿਨੈਟੀ, ਓਹਾਇਓ (ਬਿਊਰੋ):** ਮਿਡਵੈਸਟ ਦੇ ਖੇਡ ਜਗਤ ਵਿਚ ਲੰਘੇ ਸਨਿਚਰਵਾਰ ਉਸ ਸਮੇਂ ਅਚਾਨਕ ਸੋਗ ਦੀ ਲਹਿਰ ਦੌੜ ਗਈ ਜਦੋਂ ਖੁਦ ਵਧੀਆ ਹੈਂਡਬਾਲ ਖਿਡਾਰੀ ਰਹੇ ਕਬੱਡੀ ਪ੍ਰੋਮੋਟਰ ਅਮਨਦੀਪ ਸਿੰਘ ਧਾਰਨੀ ਨੂੰ ਉਸ ਦੇ ਆਪਣੇ ਹੀ ਮਾਮੇ ਦੇ ਪੁੱਤਰ



*ਅਮਨਦੀਪ ਸਿੰਘ ਧਾਰਨੀ*

ਜਗਦੀਪ ਸਿੰਘ ਨੇ ਗੋਲੀ ਮਾਰ ਦਿੱਤੀ। ਸੂਤਰਾਂ ਅਨੁਸਾਰ ਸ੍ਰੀ ਧਾਰਨੀ ਨੂੰ ਪੰਜ ਗੋਲੀਆਂ ਲੱਗੀਆਂ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬਾਅਦ ਵਿਚ ਜਗਦੀਪ ਸਿੰਘ ਨੇ ਵੀ ਮਿਸ਼ੀਗਨ ਸਟੇਟ ਅੰਦਰ ਇਕ ਹੋਟਲ ਵਿਚ ਪੁਲਿਸ ਦੇ ਘੇਰੇ ਵਿਚ ਆ ਜਾਣ ਉਪਰੰਤ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ।

ਪੁਲਿਸ ਅਨੁਸਾਰ 39 ਸਾਲਾ ਸ੍ਰੀ ਧਾਰਨੀ ਦਾ ਕਤਲ ਇਥੋਂ ਦੀ ਇਕ ਸਬਰਬ ਲਿਬਰਟੀ ਟਾਊਨਸ਼ਿਪ ਵਿਚ ਉਸ ਦੇ ਘਰ (7608 ਕਾਈਲਜ਼ ਸਟੇਸ਼ਨ ਰੋਡ) ਦੇ ਸਾਹਮਣੇ ਉਸ ਦੀ ਡਰਾਈਵ-ਵੇਅ ਵਿਚ ਹੋਇਆ। ਇਸ ਵਾਰਦਾਤ ਮੌਕੇ ਸ੍ਰੀ ਧਾਰਨੀ ਦੀਆਂ 6 ਅਤੇ 11 ਸਾਲ ਦੀਆਂ

*(ਬਾਕੀ ਸਫਾ 6 'ਤੇ)*


**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।

- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ ਕੰਪਨੀ ਹੈ
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com
605 Standiford Ave. Ste D - Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja SWEETS & CATERING**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
- Warmers
- Chaffing Dishes
- China & Silverware
- Linen Rental
- Waiters & Bartenders

Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Bankruptcy *Divorce *Personal Injury *Evictions

*Bankruptcy (Ch 7) ਬੈਂਕਰਪਸੀ (ਚੈਪਟਰ 7)
> Wipe Out Credit Card Debt
> Stop Creditor Phone Calls
*Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
*Family Law (Divorce, Child Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)
> Child/Spousal Support > Guardianships
> Grandparents's Rights
*Evictions
> Landloard-Teant > Unlawful Detainer

New Location in Sacramento

*Free Consultation*

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Notary Services Available



*Kirandeep K Sihota Esq. and Lance V Friel, Esq.*

## Pacific Coast Law Firm P.C.

**(916)443-1190**
9245 Laguna Springs Dr., Ste. 200,
Elk Grove, CA 95758

Now Serving Two Locations
www.pacificcoastlawfirm.com

**(209) 475-6001**
2351 W. March Lane Suite A,
Stockton, CA 95207



# ਨਿਊਰੋਪੈਥੀ? ਤਿੱਖਾ ਦਰਦ? ਸੁੰਨ ਹੋਣਾ?...

## ਕਾਰਨ ਸੁਕੜੇਵਾਂ, ਚੂਲੇ ਦਾ ਦਰਦ, ਹਰਨੀਆ ਡਿਸਕ ਅਤੇ ਇਥੋਂ ਤੱਕ ਕਿ ਸੂਗਰ ਰੋਗ ਵੀ ਹੋ ਸਕਦਾ ਹੈ

ਸ਼ੁਰੂ ਵਿਚ ਇਹ ਕਦੇ ਕਦਾਈਂ ਦੀ ਹਲਕੀ ਜਿਹੀ ਝੁਣਝੁਣੀ ਹੁੰਦੀ ਹੈ ਜੋ ਨੀਂਦ ਉਖੇੜ ਦਿੰਦੀ ਹੈ, ਬਾਂਹ ਜਾਂ ਲੱਤ ਨੂੰ ਬੇਜਾਨ ਜਿਹਾ ਬਣਾ ਦਿੰਦੀ ਹੈ। ਹੋ ਸਕਦਾ ਹੈ ਤੁਸੀਂ ਹੋਰ ਡਾਕਟਰਾਂ ਕੋਲ ਜਾ ਆਏ ਹੋ ਜਿਨ੍ਹਾਂ ਦੱਸਿਆ ਹੋਵੇ ਕਿ ਤੁਹਾਡੇ ਟੈਸਟ ਠੀਕ ਹਨ ਅਤੇ ਕੋਈ ਫਿਕਰ ਵਾਲੀ ਗੱਲ ਨਹੀਂ।

### ਹੋਰ ਗੋਲੀਆਂ ਖਾਣਾ ਇਲਾਜ ਨਹੀਂ

ਨਾੜੀਆਂ ਨਾਲ ਸਬੰਧਤ ਸਮੱਸਿਆਵਾਂ ਦਾ ਆਮ ਇਲਾਜ ਦਵਾਈਆਂ ਅਤੇ ਟੀਕੇ ਹੀ ਹਨ। ਜਦੋਂਕਿ ਸਖਤ ਦਰਦ ਤੋਂ ਆਰਜੀ ਛੁਟਕਾਰੇ ਲਈ ਇਹ ਜ਼ਰੂਰੀ ਹੋ ਸਕਦੀਆਂ ਹਨ ਪਰ ਇਨ੍ਹਾਂ ਦੀ ਲੰਮੇ ਸਮੇਂ ਤੱਕ ਵਰਤੋਂ ਚੰਗੀ ਨਹੀਂ। ਜੋ ਦਵਾਈਆਂ ਆਮ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ 'ਚ ਦਰਦ ਨਿਵਾਰਕ ਗੋਲੀਆਂ, ਦੌਰੇ ਰੋਕਣ ਦੀਆਂ ਅਤੇ ਐਂਟੀ ਡਿਪਰੈਸ਼ਨ ਦਵਾਈਆਂ ਸ਼ਾਮਲ ਹਨ-ਪਰ ਇਹ ਸਭ ਸਮੱਸਿਆ ਦਾ ਸਹੀ ਹੱਲ ਨਹੀਂ।

### ਤੁਹਾਡੀ ਦਰਦ ਦਾ ਸੰਭਾਵੀ ਕਾਰਨ

ਨਿਊਰੋਪੈਥੀ ਦਾ ਇਕ ਆਮ ਕਾਰਨ ਸੁੰਗੜੀਆਂ ਡਿਸਕਾਂ (ਮਣਕੇ) ਹਨ ਜੋ ਨਾੜਾਂ ਦੀਆਂ ਜੜ੍ਹਾਂ ਨੂੰ ਦਬਾਉਣ ਲਗਦੇ ਹਨ। ਇਹ ਦਰਦ ਕੰਗਰੋੜ ਦੇ ਮਣਕਿਆਂ ਵਿਚ ਕਿਧਰੇ ਵੀ ਹੋ ਸਕਦੀ ਹੈ-ਉਪਰ ਧੌਣ ਤੋਂ ਲੈ ਕੇ ਹੇਠਾਂ ਪੂਛ ਵਾਲੀ ਹੱਡੀ ਤੱਕ। ਤੰਤੂ ਰੋਗ ਯਾਨਿ ਨਿਊਰੋਪੈਥੀ ਦਾ ਕਾਰਨ ਕੁਝ ਵੀ ਹੋ ਸਕਦਾ ਹੈ ਜਿਵੇਂ ਕਾਰਪਲ ਟਨਲ ਸਿੰਡਰੋਮ ਜਿਸ ਨਾਲ ਹੱਥਾਂ 'ਤੇ ਅਸਰ ਪੈਂਦਾ ਹੈ। ਝਰਨਾਟਾਂ ਛੱਡਦੀ ਪੀੜ ਅਤੇ ਸਿਥਲਤਾ ਕਰਕੇ ਲੱਤਾਂ ਅਤੇ ਪੈਰਾਂ ਵਿਚ ਖੂਨ ਦਾ ਦੌਰਾ ਘਟ ਜਾਂਦਾ ਹੈ ਜਿਸ ਨਾਲ ਲੱਤਾਂ ਬੇਜਾਨ ਹੋਈਆਂ ਲੱਗਦੀਆਂ ਹਨ।

ਮੈਂ ਪਿਛਲੇ ਕਈ ਸਾਲਾਂ ਤੋਂ ਸਖਤ ਦਰਦ ਅਤੇ ਨਾੜੀ ਰੋਗਾਂ ਦੇ ਸਤਾਏ ਲੋਕਾਂ ਦਾ ਇਲਾਜ ਕਰਦਾ ਆ ਰਿਹਾ ਹਾਂ। ਨਾੜੀ ਰੋਗ ਦੇ ਬਹੁਤੇ ਮਰੀਜ ਅਸਹਿ ਪੀੜ, ਝੁਣਝੁਣੀ, ਛੁਰੀਆਂ ਵੱਜਣ ਜਿਹੀ ਦਰਦ, ਬਾਹਾਂ, ਲੱਤਾਂ, ਪੈਰਾਂ ਜਾਂ ਹੱਥਾਂ ਦੇ ਸੁੰਨ ਹੋਣ, ਬਿਜਲੀ ਦੇ ਕਰੰਟ ਜਿਹੇ ਦਰਦ ਤੇ ਕਈ ਵਾਰ ਪੈਰਾਂ 'ਚ ਜਲਣ ਹੋਣ ਦੇ ਸਤਾਏ ਹੁੰਦੇ ਹਨ।

ਖੁਸ਼ਖਬਰੀ ਇਹ ਹੈ ਕਿ ਮੇਰੇ ਸਰਜਰੀ ਰਹਿਤ ਅਤੇ ਵਿਸ਼ੇਸ਼ ਤਰੀਕੇ ਦੇ ਇਲਾਜ ਨਾਲ ਰੀੜ੍ਹ ਦੀ ਹੱਡੀ ਦੇ ਮਣਕਿਆਂ ਉਤੇ ਅਤੇ ਨਾੜੀਆਂ ਦੀਆਂ ਜੜ੍ਹਾਂ 'ਤੇ ਪੈਂਦੇ ਦਬਾਅ ਕਰਕੇ ਹੁੰਦੀ ਸਖਤ ਦਰਦ ਤੋਂ ਛੁਟਕਾਰਾ ਪਾਉਣ ਵਿਚ ਕਾਫੀ ਹੱਦ ਤੱਕ ਮਦਦ ਮਿਲੀ ਹੈ। ਇਸ ਤਰ੍ਹਾਂ ਨੁਕਸ ਵਾਲੇ ਮਣਕਿਆਂ, ਨਾੜੀਆਂ ਅਤੇ ਤੰਤੂਆਂ ਨੂੰ ਰਾਜੀ ਕਰਨ ਲਈ ਰਾਹ ਪੱਧਰ ਹੋ ਜਾਂਦਾ ਹੈ। ਕਈ ਕੇਸਾਂ ਵਿਚ ਤੰਤੂ ਰੋਗ ਅਤੇ ਨਾੜੀਆਂ ਦੀ ਦਰਦ ਦਾ ਕਾਰਨ ਸੂਗਰ ਰੋਗ, ਵਿਟਾਮਿਨਾਂ ਦੀ ਕਮੀ ਜਾਂ ਕੌਲੈਸਟਰੋਲ ਉਤੇ ਕੰਟਰੋਲ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਵੀ ਹੋ ਸਕਦੀਆਂ ਹਨ। ਸਖਤ ਦਰਦ ਦੇ ਸਤਾਏ, ਟਾਈਪ-2 ਡਾਇਬਟੀਜ਼ ਅਤੇ ਹੋਰ ਕਈ ਤਰ੍ਹਾਂ ਦੇ ਰੋਗਾਂ ਦੇ ਮਰੀਜਾਂ ਪ੍ਰਤੀ ਮੇਰੀ ਕੁਦਰਤੀ ਅਤੇ ਦਵਾ ਰਹਿਤ ਪਹੁੰਚ ਤੇ ਮੇਰੀ ਵਿਸ਼ੇਸ਼ ਇਲਾਜ ਤਕਨਾਲੋਜੀ ਨਾਲ ਉਨ੍ਹਾਂ ਨੂੰ ਦਰਦ ਤੋਂ ਛੁਟਕਾਰਾ ਮਿਲਿਆ ਹੈ, ਬਲੱਡ ਸੂਗਰ ਘਟੀ ਹੈ, ਹੱਡ ਤੇ ਜੋੜ ਮਜ਼ਬੂਤ ਹੋਏ ਹਨ ਜਿਸ ਨਾਲ ਸਿਹਤ ਬਿਹਤਰ ਹੋ ਕੇ ਜ਼ਿੰਦਗੀ ਦੀ ਕੁਆਲਿਟੀ ਵਿਚ ਸੁਧਾਰ ਆਇਆ ਹੈ।

ਇਸ ਸਭ ਦਾ ਮਤਲਬ ਹੈ ਕਿ ਜਾਨ ਕੱਢਦੀ ਦਰਦ, ਸਿਥਲਤਾ, ਝੁਣਝੁਣੀ ਅਤੇ ਨਾੜਾਂ ਨਾਲ ਸਬੰਧਤ ਸਮੱਸਿਆਵਾਂ ਤੋਂ ਖਹਿੜਾ ਛੁਡਾ ਕੇ ਜ਼ਿੰਦਗੀ ਦਾ ਅਨੰਦ ਮਾਣਿਆ ਜਾ ਸਕਦਾ ਹੈ। ਅਗਲੇ ਸਿਰਫ ਦਸ ਦਿਨ ਤੁਸੀਂ ਮੇਰੀ ਕਲੀਨਿਕ ਵਿਚ ਆ ਕੇ ਮੇਰੇ ਨਾਲ ਨਿੱਜੀ ਮਸ਼ਵਰਾ ਬਿਲਕੁਲ ਮੁਫਤ ਹਾਸਲ ਕਰ ਸਕਦੇ ਹੋ ਅਤੇ ਆਪਣੀ ਸਰੀਰਿਕ ਹਾਲਤ ਬਾਰੇ ਮੇਰੇ ਨਾਲ ਵਿਚਾਰ ਕਰ ਸਕਦੇ ਹੋ। ਇਸ ਪੇਸ਼ਕਸ਼ ਵਿਚ ਉਹ ਸਭ ਕੁਝ ਸ਼ਾਮਲ ਹੈ ਜਿਸ ਦੀ ਇਹ ਪਤਾ ਲਾਉਣ ਲਈ ਲੋੜ ਪਵੇਗੀ ਕਿ ਕੀ ਤੁਹਾਡੇ ਰੋਗਾਂ ਦਾ ਇਲਾਜ ਹੋ ਸਕਦਾ ਹੈ? (ਆਮ ਕਰਕੇ ਇਸ ਸਭ ਦੀ ਫੀਸ 277 ਡਾਲਰ ਹੈ)

*ਮੈਂ ਤੁਹਾਡੇ ਪੱਠਿਆਂ ਅਤੇ ਤੁਹਾਡੀਆਂ ਨਾੜੀਆਂ, ਤੁਹਾਡੇ ਹਿੱਲਣ-ਜੁੱਲਣ ਦੀ ਰੇਂਜ, ਤੁਹਾਡੇ ਬੈਠਣ-ਉਠਣ, ਤਵਾਜ਼ਨ ਅਤੇ ਮਣਕਿਆਂ ਤੇ ਸਰੀਰ ਦੇ ਪਿੰਜਰ ਦਾ ਮੁਆਇਨਾ ਕਰਾਂਗਾ।

*ਮੈਂ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਦਿਆਂਗਾ ਅਤੇ ਦੱਸਾਂਗਾ ਕਿ ਕੀ ਮੇਰੀ ਇਲਾਜ ਪ੍ਰਣਾਲੀ ਨਾਲ ਤੁਹਾਡਾ ਇਲਾਜ ਸੰਭਵ ਹੈ ਅਤੇ ਕੀ ਸਾਡੀ ਕਲੀਨਿਕ ਤੋਂ ਬਾਹਰ ਤੁਹਾਡੇ ਲਈ ਕੋਈ ਹੋਰ ਰਾਹ ਬਚਦੇ ਹਨ?

ਇਹ ਪੇਸ਼ਕਸ਼ ਸ਼ੁੱਕਰਵਾਰ 4 ਨਵੰਬਰ 2011 ਸ਼ਾਮ 6 ਵਜੇ ਤੱਕ ਲਈ ਹੈ। ਬਿਨਾ ਫੀਸ, ਬਿਨਾ ਕਿਸੇ ਬੰਦਿਸ਼ ਦੀ ਇਸ ਪੇਸ਼ਕਸ਼ ਦਾ ਲਾਭ ਉਠਾਉਣ ਲਈ ਫੌਰੀ ਕਾਲ ਕਰੋ।



ਮੈਨੂੰ ਪਿਛਲੇ ਤਿੰਨ ਸਾਲ ਤੋਂ ਕਮਰ ਦਰਦ ਸੀ ਅਤੇ ਮੈਂ ਹਰ ਤਰ੍ਹਾਂ ਦੀ ਦਵਾਈ, ਕਾਇਰੋਪ੍ਰੈਕਟਿਕ ਇਲਾਜ ਅਤੇ ਹੋਰ ਸੌ ਢੰਗ ਅਪਨਾ ਹਟੀ ਸਾਂ। ਕਸਰਤ, ਆਈਸਪੈਕ, ਫਿਜ਼ੀਓਥੈਰਪੀ ਸਮੇਤ ਟੀ ਵੀ 'ਤੇ ਆਉਂਦੀਆਂ ਸਾਰੀਆਂ ਮਸ਼ਹੂਰੀਆਂ ਵੀ ਅਪਨਾ ਵੇਖੀਆਂ ਪਰ ਕਮਰ ਦਰਦ ਜਿਉਂ ਦੀ ਤਿਉਂ ਰਹੀ। ਮੈਂ ਬੱਸ ਢੇਰੀ ਢਾਹ ਹੀ ਬੈਠੀ ਸਾਂ ਕਿ ਹੁਣ ਤਾਂ ਇਹ ਦਰਦ ਨਾਲ ਹੀ ਜਾਵੇਗੀ। ਮੇਰੀ ਦਰਦ ਇੰਨੀ ਸਖਤ ਸੀ ਕਿ ਖੜ੍ਹੇ ਹੋਣਾ ਮੁਹਾਲ ਹੋ ਜਾਂਦਾ। ਫਿਰ ਮੈਂ ਅਖਬਾਰ ਵਿਚ ਡਾ. ਸਿਹੋਤਾ ਦੇ ਸਖਤ ਡਿਸਕ ਦਰਦ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਸੋਚਿਆ, ਚੱਲ ਇਹ ਵੀ ਅਜ਼ਮਾ ਵੇਖਾਂ। ਅੱਜ ਮੈਂ ਖੁਸ਼ ਹਾਂ ਕਿ ਮੈਂ ਇੰਜ ਕੀਤਾ। ਮੈਨੂੰ ਕੋਈ ਦਰਦ ਨਹੀਂ ਰਹੀ ਅਤੇ ਮੇਰੇ ਹਿੱਲਣ ਜੁੱਲਣ ਦੀ ਰੇਂਜ ਸੌ ਫੀਸਦ ਵਾਪਸ ਆ ਗਈ ਹੈ। ਡਾ. ਸਿਹੋਤਾ ਜੋ ਕੁਝ ਤੁਸਾਂ ਮੇਰੇ ਲਈ ਕੀਤਾ ਤੁਹਾਡਾ ਲੱਖ ਲੱਖ ਸ਼ੁਕਰੀਆ। ਪਰਮਾਤਮਾ ਲੰਮੀ ਉਮਰ ਬਖ਼ਸ਼ੇ। ਜਿਸ ਕਿਸੇ ਨੂੰ ਵੀ ਕਮਰ ਦਰਦ ਹੈ, ਮੈਂ ਕਹਾਂਗੀ ਕਿ ਡਾ. ਸਿਹੋਤਾ ਦਾ ਇਹ ਪ੍ਰੋਗਰਾਮ ਅਜ਼ਮਾ ਵੇਖੋ। ***-ਬਲਵੰਤ ਕੌਰ (ਘਰੇਲੂ ਸੁਆਣੀ)***

---



ਮੈਨੂੰ ਇੰਨੀ ਸਖਤ ਦਰਦ ਸੀ ਕਿ ਮੈਨੂੰ ਲੱਗਦਾ ਹੀ ਨਹੀਂ ਸੀ ਕਿ ਇਸ ਤੋਂ ਕਦੇ ਛੁਟਕਾਰਾ ਵੀ ਪਾਇਆ ਜਾ ਸਕਦਾ ਹੈ। ਮੈਂ ਡਾਕਟਰਾਂ ਕੋਲ ਗਿਆ ਅਤੇ ਵੱਖ ਵੱਖ ਦਵਾਈਆਂ ਵਰਤੀਆਂ। ਕੋਈ ਫਾਇਦਾ ਨਹੀਂ ਹੋਇਆ। ਮੈਂ ਨਿਰਾਸ਼ ਹੋ ਗਿਆ ਅਤੇ ਪਿਛਲੇ ਕਈ ਮਹੀਨੇ ਤੋਂ ਕੰਮ ਵੀ ਨਹੀਂ ਸੀ ਕੀਤਾ। ਫਿਰ ਮੈਂ ਅਖਬਾਰ ਵਿਚ ਡਾ. ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਸੋਚਿਆ, ਚਲੋ ਇਹ ਵੀ ਅਜ਼ਮਾ ਵੇਖਾਂ। ਮੈਂ ਇਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਕੁਝ ਹੀ ਦਿਨਾਂ ਵਿਚ ਮੈਨੂੰ 85% ਆਰਾਮ ਮਿਲ ਗਿਆ। ਹੁਣ ਮੈਂ ਬਿਨਾ ਦਰਦ ਕੰਮ-ਧੰਦੇ ਕਰ ਸਕਦਾ ਹਾਂ ਅਤੇ ਮੈਨੂੰ ਇਹ ਚਮਤਕਾਰ ਤੋਂ ਘੱਟ ਨਹੀਂ ਲਗਦਾ। ਸ਼ੁਕਰੀਆ ਡਾ. ਸਿਹੋਤਾ।
***-ਨਰਿੰਦਰ ਐਚ. (ਟਰੱਕ ਡਰਾਈਵਰ, ਉਮਰ 51 ਸਾਲ)***

## ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ

## 209-464-7738, 916-564-5551

### *ਹੁਣ ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ*

***Northern California*** ਕਲੀਨਿਕ **2531** N. California Street (North California St. & Ellis St.) ਵਿਖੇ ਹੈ, ਹਾਰਡਿੰਗ ਵੇਅ ਤੇ ਅਲਪਾਈਨ ਐਵਨਿਊ ਵਿਚਾਲੇ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ।

***New location***
**Sacramento**
1600 Sacramento Inn Way Suite 122, next to Arden Fair Mall

Copyright © 2009 CMC, LLC

# ਅਖੌਤੀ ਸੁਧਾਰਕਾਂ ਦਾ ਬਦਨੀਅਤੀ ਭਰਿਆ ਪ੍ਰਚਾਰ ਮੂਲੋਂ ਹੀ ਗੁਮਰਾਹਕੁਨ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਪਿਛਲੇ ਹਫਤੇ ਨਾਮ ਧਰੀਕ ਸੁਧਾਰਕਾਂ ਨੇ ਸਾਨੂੰ ਪੰਜ ਸਵਾਲ 'ਪੰਜਾਬ ਟਾਈਮਜ਼' ਦੇ ਪੰਨਾ ਨੰਬਰ 3 ਉਤੇ ਛਪਵਾਏ ਇਸ਼ਤਿਹਾਰ ਵਿਚ ਕੀਤੇ ਸਨ। ਵੈਸੇ ਤਾਂ ਸੰਗਤ ਉਹ ਸਵਾਲ ਪੜ੍ਹ ਕੇ ਖੁਦ ਹੈਰਾਨ ਹੋਈ ਹੋਵੇਗੀ, ਕਿਉਂਕਿ ਸਾਡੇ ਵੱਲੋਂ ਉਨ੍ਹਾਂ ਸਭ ਸਵਾਲਾਂ ਦੇ ਜਵਾਬ ਪਿਛਲੇ ਸਮੇਂ ਵੱਖਰੇ-ਵੱਖਰੇ ਅੰਕਾਂ ਵਿਚ ਦਿੱਤੇ ਜਾ ਚੁੱਕੇ ਹਨ, ਪਰ ਸੁਧਾਰਕਾਂ ਦੇ ਮੱਕਾਰਪੁਣੇ ਦੀ ਹੱਦ ਹੈ ਕਿ ਇਹ ਨਾ ਤਾਂ ਗੱਪਾਂ ਮਾਰਨ ਤੋਂ ਬਾਜ਼ ਆ ਰਹੇ ਹਨ ਅਤੇ ਨਾ ਹੀ ਫਰੇਬ ਭਰੀ ਪਹੁੰਚ ਅਪਨਾਉਣ ਤੋਂ ਹੀ ਗੁਰੇਜ਼ ਕਰਦੇ ਦਿਖਾਈ ਦੇ ਰਹੇ ਹਨ।

ਇਹ ਅਖੌਤੀ ਸੁਧਾਰਕ ਸਵਾਲ ਨੰਬਰ ਇਕ ਵਿਚ ਕਹਿੰਦੇ ਹਨ ਕਿ ਅਸੀਂ ਇਸ਼ਤਿਹਾਰ ਵਿਚ ਡਾ. ਤਰਲੋਚਨ ਸਿੰਘ ਨਾਹਲ ਦਾ ਨਾਮ 25 ਵਾਰ ਵਰਤਿਆ ਹੈ ਜਿਹੜਾ ਕਿ ਕੋਰਾ ਝੂਠ ਹੈ। ਅਸੀਂ ਤਾਂ ਉਸ ਨੂੰ ਕਦੇ ਡਾਕਟਰ ਲਿਖਦੇ ਹੀ ਨਹੀਂ। ਸਾਨੂੰ ਉਸ ਦੀ ਡਾਕਟਰੀ ਦਾ ਪਤੈ। ਅਸੀਂ ਤਾਂ ਉਸ ਨੂੰ ਦਸਮ ਪਾਤਿਸ਼ਾਹ ਦੀ ਬਖ਼ਸ਼ੀ ਸਰਦਾਰੀ ਨਾਲ ਨਿਵਾਜਦੇ ਰਹੇ ਹਾਂ, ਭਾਵ ਹਰ ਵਾਰ ਉਸ ਨੂੰ ਸ. ਨਾਹਲ ਹੀ ਲਿਖਦੇ ਰਹੇ ਹਾਂ; ਪਰ ਨਾ ਜਾਣੇ ਕਿਉਂ, ਉਨ੍ਹਾਂ ਦੇ ਸਿਰ ਉਪਰ ਮਹਾਰਾਜ ਦੀ ਬਖ਼ਸ਼ੀ ਸਰਦਾਰੀ ਨਾਲੋਂ ਡਾਕਟਰੀ ਦਾ ਭੂਤ ਕਿਉਂ ਭਾਰੂ ਹੈ? ਸਾਨੂੰ ਸ. ਨਾਹਲ ਤੋਂ ਭੋਰਾ ਡਰ ਨਹੀਂ ਲਗਦਾ, ਕਿਉਂਕਿ 'ਪੰਜਾਬ ਟਾਈਮਜ਼' ਦੇ 8 ਅਕਤੂਬਰ ਵਾਲੇ ਅੰਕ ਵਿਚ ਤਸਵੀਰਾਂ ਸਮੇਤ ਸੁਧਾਰਕਾਂ ਦੇ ਝੂਠ ਦੀ ਦਾਸਤਾਨ ਸੰਗਤ ਸਾਹਮਣੇ ਰੱਖੀ ਜਾ ਚੁਕੀ ਹੈ। ਹੱਕ ਸੱਚ ਦੇ ਵੱਡੇ ਅਲੰਬਰਦਾਰ ਬਣੇ ਇਹ ਅਖੌਤੀ ਸੁਧਾਰਕ ਅੱਜ ਤੱਕ ਇਕ ਅੱਖਰ ਵੀ ਉਸ ਹਕੀਕਤ ਨੂੰ ਝੁਠਲਾਉਣ ਲਈ ਨਹੀਂ ਲਿਖ ਸਕੇ। ਹੁਣ ਭਲਾ ਦੱਸੋ, ਸਿਰੇ ਦੇ ਕਪਟ ਅਤੇ ਝੂਠ ਉਤੇ ਡੇਰਾ ਲਾਈ ਬੈਠੇ ਕਿਸੇ ਬੰਦੇ ਤੋਂ ਭਲਾ ਕੋਈ ਕਿਉਂ ਡਰੇਗਾ? ਸੰਗਤ ਸਹਿਮਤ ਹੋਵੇਗੀ ਕਿ ਸੰਗਤ ਨੂੰ ਜਾਗਰੂਕ ਕਰਨਾ ਕੋਈ ਗੁਨਾਹ ਨਹੀਂ ਹੁੰਦਾ।

ਸਵਾਲ ਨੰਬਰ 2 ਵਿਚ ਸੁਧਾਰਕਾਂ ਦਾ ਕਪਟ ਸਪਸ਼ਟ ਝਲਕਾਂ ਮਾਰਦਾ ਹੈ, ਜਿੱਥੇ ਉਹ ਸ. ਭੁਪਿੰਦਰ ਸਿੰਘ ਢਿੱਲੋਂ ਦੀ 2005 ਵਿਚ ਸਿਟੀ ਕੌਂਸਲ ਵਾਸਤੇ ਲੜੀ ਚੋਣ ਦੀ ਗੱਲ ਕਰਦੇ ਹਨ। ਇਸ ਚੋਣ ਵਿਚ ਸ. ਢਿੱਲੋਂ ਸਿਰਫ਼ 'ਰਾਈਟ-ਇਨ-ਕੈਂਡੀਡੇਟ' ਸਨ, ਭਾਵ ਉਨ੍ਹਾਂ ਦਾ ਨਾਮ ਬੈਲਟ ਪੇਪਰ 'ਤੇ ਨਹੀਂ ਸੀ। ਫਿਰ ਵੀ ਉਨ੍ਹਾਂ ਨੂੰ 4.1 ਫੀਸਦੀ ਵੋਟਾਂ ਪਈਆਂ ਸਨ। ਜਾਪਦਾ ਹੈ ਕਿ ਸੱਚ ਤਾਂ ਵਿਚਾਰਾ ਡਰਦਾ ਮਾਰਾ ਸੁਧਾਰਕਾਂ ਦੇ ਕੋਲੋਂ ਦੀ ਵੀ ਨਹੀਂ ਲੰਘਦਾ। ਸੁਧਾਰਕ ਇੱਥੇ ਵੀ ਬਦਨੀਅਤੀ ਦੀਆਂ ਹੱਦਾਂ ਪਾਰ ਕਰ ਗਏ ਹਨ ਜਾਂ ਸ਼ਾਇਦ ਉਨ੍ਹਾਂ ਨੂੰ ਅੱਖ ਦਾ ਕਾਣ ਮਾਰ ਗਿਆ, ਜਦ ਸ. ਢਿੱਲੋਂ ਦੀ ਸਿਟੀ ਕੌਂਸਲ ਸੈਨ ਹੋਜ਼ੇ ਵਾਸਤੇ 2002 ਵਿਚ ਲੜੀ ਚੋਣ (ਜਦ ਉਨ੍ਹਾਂ ਦਾ ਨਾਮ ਬੈਲਟ ਪੇਪਰ 'ਤੇ ਸੀ) ਬਾਰੇ ਕਪਟੀ ਪਹੁੰਚ ਅਪਨਾ ਕੇ ਉਨ੍ਹਾਂ ਜ਼ਿਕਰ ਤੱਕ ਨਹੀਂ ਕੀਤਾ। ਉਸ ਚੋਣ ਵਿਚ ਢਿੱਲੋਂ ਸਾਹਿਬ 22 ਫੀਸਦੀ ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ ਸਨ। ਪੁੱਛਣਾ ਬਣਦਾ ਹੈ ਕਿ ਉਸ ਚੋਣ ਬਾਰੇ ਮੂੰਹ ਵਿਚ ਘੁੰਗਣੀਆਂ ਕਿਉਂ?

ਤੀਜੇ ਸਵਾਲ ਵਿਚ ਸੁਧਾਰਕ ਪੁੱਛਦੇ ਹਨ ਕਿ ਪ੍ਰਾਈਵੇਸੀ ਵਾਲਾ ਕੇਸ ਕਰਨ ਵਾਲਿਆਂ ਨਾਲ ਪ੍ਰਬੰਧਕ ਕਮੇਟੀ ਦਾ ਕੀ ਰਿਸ਼ਤਾ ਹੈ? ਗੱਲ ਬੜੀ ਸਰਲ ਹੈ-ਜਿਹੋ ਜਿਹਾ ਰਿਸ਼ਤਾ ਤੁਹਾਡੇ ਨਾਲ ਹੈ, ਉਹੋ ਜਿਹਾ ਰਿਸ਼ਤਾ ਉਨ੍ਹਾਂ ਨਾਲ ਹੈ। ਤੁਹਾਨੂੰ ਵੀ ਆਪਣੇ ਸਮਝਦੇ ਰਹੇ ਹਾਂ, ਉਨ੍ਹਾਂ ਨੂੰ ਵੀ ਆਪਣੇ ਹੀ ਸਮਝਦੇ ਹਾਂ। ਜੇ ਤੁਸੀਂ ਸਾਡੇ 'ਤੇ ਕੇਸ ਕਰ ਸਕਦੇ ਹੋ, ਹੋਰ ਵੀ ਕੋਈ ਕਰ ਸਕਦਾ ਹੈ ਪਰ ਤੁਹਾਡਾ ਕੀ ਕਰੀਏ, ਜੋ ਉਨ੍ਹਾਂ ਨੂੰ ਸਾਡੇ ਨਾਲ ਜੋੜ ਕੇ ਵੋਟਰ ਲਿਸਟ ਦਾ ਭਾਂਡਾ ਸਾਡੇ ਸਿਰ ਭੰਨ੍ਹਦੇ ਹੋ। ਇਹੀ ਤਾਂ ਤੁਹਾਡੀ ਮੱਕਾਰੀ ਭਰੀ ਪਹੁੰਚ ਹੈ।

ਚੌਥੇ ਸਵਾਲ ਵਿਚ ਸ. ਬਾਠ ਅਤੇ ਸ. ਨਾਹਲ ਹੋਰਾਂ ਚੰਗੀ ਸਿਰੇ ਦੀ ਗੱਪ ਮਾਰੀ ਹੈ ਕਿ ਅਸੀਂ ਕਾਨੂੰਨੀ ਕਾਰਵਾਈ ਮਗਰੋਂ ਚੋਣਾਂ ਕਰਵਾਉਣ ਲਈ ਰਾਜ਼ੀ ਹੋਏ ਹਾਂ। ਇਹ ਸਰਾਸਰ ਝੂਠ ਹੈ। ਸੱਚ ਤਾਂ ਇਹ ਹੈ ਕਿ ਅਸੀਂ ਤਿੰਨ ਜੁਲਾਈ ਨੂੰ ਚੋਣ ਅਦਾਲਤੀ ਦਖ਼ਲ ਤੋਂ ਕਿਤੇ ਪਹਿਲਾਂ ਕਰਵਾ ਚੁੱਕੇ ਸੀ ਅਤੇ ਤੁਸੀਂ ਉਹ ਚੋਣ ਹਾਰ ਗਏ ਸੀ। ਇਸ ਕਰਕੇ ਤੁਹਾਨੂੰ ਉਹ ਚੋਣਾਂ ਪਸੰਦ ਨਾ ਆਈਆਂ।

ਇਹ ਸੁਧਾਰਕ ਨਾਲ ਹੀ ਸਵਾਲ ਕਰਦੇ ਹਨ ਕਿ ਅਸੀਂ ਕੁਰਸੀ ਨਾਲ ਚਿੰਬੜ ਕੇ ਕਿਉਂ ਬੈਠੇ ਹਾਂ? ਜੇ ਅਸੀਂ ਤੁਹਾਨੂੰ ਇਹ ਪੁੱਛੀਏ ਕਿ ਗੁਰੂਘਰ ਬਣਨ ਤੱਕ ਤਾਂ ਤੁਹਾਡੇ ਸੰਗੀ-ਸਾਥੀ ਲੋਨ ਰੁਕਵਾਉਂਦੇ ਰਹੇ, ਗੁਰੂਘਰ ਬਣਨ ਵਿਚ ਰੋੜੇ ਅਟਕਾਉਂਦੇ ਰਹੇ। ਅੱਜ ਦੇ ਸੁਧਾਰਕਾਂ ਦਾ ਗੁਰੂਘਰ ਬਣਾਉਣ ਲਈ ਨਾਂ-ਮਾਤਰ ਯੋਗਦਾਨ ਰਿਹਾ ਪਰ 10 ਅਪਰੈਲ ਨੂੰ ਗੁਰੂਘਰ ਮੁਕੰਮਲ ਹੁੰਦਿਆਂ ਸਾਰ ਹੀ ਇਨ੍ਹਾਂ ਸੁਧਾਰਕਾਂ ਨੂੰ ਪ੍ਰਬੰਧਕਾਂ ਵਿਚ ਐਬ ਹੀ ਐਬ ਕਿਉਂ ਦਿਸਣ ਲੱਗ ਪਏ? ਗੁਰੂਘਰ ਦੇ ਨਿਰਮਾਣ ਸਮੇਂ ਰੋੜੇ ਅਟਾਉਣ ਵਾਲੇ ਅੱਜ ਆਪ ਕੁਰਸੀ ਨਾਲ ਕਿਉਂ ਚਿੰਬੜਨਾ ਚਾਹੁੰਦੇ ਹਨ? ਦਿਓਗੇ ਜਵਾਬ? ਸਾਨੂੰ ਪਤੈ ਕਿ ਤੁਸੀਂ ਜਵਾਬ ਨਹੀਂ ਦੇਣਾ। ਤੁਸੀਂ ਸਵਾਲ ਹੀ ਖੜ੍ਹੇ ਕਰਦੇ ਹੋ, ਨਕਲੀ ਮੁੱਦੇ ਹੀ ਪੈਦਾ ਕਰਦੇ ਹੋ, ਪਰ ਟਿਕਦੇ ਕਿਸੇ 'ਤੇ ਵੀ ਨਹੀਂ ਹੋ!! ਟਿਕਣ ਲਈ ਸੱਚ ਪੱਲੇ ਚਾਹੀਦੈ, ਤੇ ਉਹ ਤੁਹਾਡੇ ਪੱਲੇ ਹੈ ਨਹੀਂ। ਕਿੰਨੇ ਮੁੱਦੇ ਹਨ ਜਿਹੜੇ ਤੁਸੀਂ ਉਠਾਏ ਪਰ ਅੱਜ ਤੁਸੀਂ ਉਨ੍ਹਾਂ ਦਾ ਨਾਮ ਤੱਕ ਨਹੀਂ ਲੈਣਾ ਚਾਹੁੰਦੇ। ਕਦੇ ਹਿੰਦੂ ਵੋਟਾਂ ਦਾ ਰੌਲਾ, ਕਦੇ ਮਹਾਂਭਾਰਤ ਦੇ ਪ੍ਰਕਾਸ਼ ਦੀ ਦੁਹਾਈ!! ਸਾਨੂੰ ਦੱਸੋ ਤਾਂ ਸਹੀ ਕਿ ਕਿਸ ਦਿਨ ਮਹਾਂਭਾਰਤ ਵਾਲੇ ਮੁੱਦੇ ਦੀ ਅਰਦਾਸ ਕਰਨੀ ਹੈ। ਸਾਨੂੰ ਇਹ ਵੀ ਪਤੈ ਕਿ ਤੁਸੀਂ ਨਹੀਂ ਆਓਗੇ!!! ਕਿਉਂਕਿ ਆਉਣ ਲਈ ਸੱਚ ਪੱਲੇ ਚਾਹੀਦੈ।

ਪੰਜਵੇਂ ਸਵਾਲ ਵਿਚ, ਉਹੀ ਪੁਰਾਣੀ ਤੂਤਨੀ, ਉਹੀ ਪੁਰਾਣਾ ਰਾਗ ਹੈ; ਅਖੇ, ਗੁਰੂਘਰ ਦੇ ਕੇਸਾਂ ਵਿਚ ਕਿੰਨੇ ਪੈਸੇ ਖ਼ਰਚੇ ਜਾ ਚੁੱਕੇ ਹਨ? ਭਲਿਓ ਲੋਕੋ! ਅਸੀਂ 'ਪੰਜਾਬ ਟਾਈਮਜ਼' ਦੇ 17 ਸਤੰਬਰ ਵਾਲੇ ਅੰਕ ਵਿਚ ਸਫ਼ਾ ਨੰਬਰ ਤਿੰਨ 'ਤੇ ਕੇਸਾਂ ਦਾ ਵਿਸਥਾਰ ਦੇ ਚੁੱਕੇ ਹਾਂ। ਉਹ ਸਭ ਕੇਸ ਗੁਰੂਘਰ ਦੇ ਹਿੱਤਾਂ ਲਈ ਅਸੀਂ ਲੜੇ ਹਨ। ਸ. ਜਸਵੰਤ ਸਿੰਘ ਹੋਠੀ ਅਤੇ ਸ. ਬਲਬੀਰ ਸਿੰਘ ਢਿੱਲੋਂ ਖ਼ਿਲਾਫ਼ ਕੇਸ ਜਾਇਜ਼ ਸੀ, ਕਿਉਂਕਿ ਉਨ੍ਹਾਂ ਗੁਰੂਘਰ ਦਾ ਨਿਰਮਾਣ ਰੁਕਵਾਉਣ ਲਈ ਅਤੇ ਲੋਨ ਰੁਕਵਾਉਣ ਦੀ ਕੋਝੀ ਹਰਕਤ ਕੀਤੀ ਸੀ। ਉਸ ਕੇਸ ਵਿਚ ਗੁਰੂਘਰ ਨੂੰ ਇਕ ਲੱਖ ਡਾਲਰ ਮਿਲਿਆ ਹੈ। 'ਅੰਮ੍ਰਿਤਸਰ ਟਾਈਮਜ਼' ਦੇ ਮਾਲਕ ਸ. ਜਸਜੀਤ ਸਿੰਘ ਉਰਫ ਚੇਲਾ ਖ਼ਿਲਾਫ ਕੇਸ ਜਾਇਜ਼ ਹੈ, ਕਿਉਂਕਿ ਉਨ੍ਹਾਂ ਗਲਤ ਖ਼ਬਰਾਂ ਛਾਪ ਕੇ ਗੁਰੂਘਰ ਦਾ ਨੁਕਸਾਨ ਕੀਤਾ ਹੈ। ਕੰਟਰੈਕਟਰਾਂ ਖ਼ਿਲਾਫ਼ ਕੇਸ ਕਰਕੇ ਅਸੀਂ ਗੁਰੂਘਰ ਦੇ ਚਾਰ ਲੱਖ 64 ਹਜ਼ਾਰ ਡਾਲਰ ਬਚਾਏ ਹਨ। ਕੇਸਾਂ ਦੀ ਦੁਹਾਈ ਦੇਣ ਵਾਲੇ ਸੁਧਾਰਕੋ! ਕਦੇ ਕੇਸਾਂ ਦੀ ਡੂੰਘਾਈ ਵਿਚ ਵੀ ਜਾਓ!! ਗੁਰੂਘਰ ਨੂੰ ਆਪਣਾ ਘਰ ਸਮਝੋ!!! ਫਿਰ ਤੁਹਾਨੂੰ ਇਹ ਕੇਸ, ਕੇਸ ਨਹੀਂ ਲਗਣੇ, ਸਗੋਂ ਗੁਰੂਘਰ ਦੇ ਹੱਕ ਲਈ ਜਾਇਜ਼ ਲੜਾਈ ਜਾਪੇਗੀ। ਉਂਜ ਇਹ ਵੀ ਤੁਹਾਡੀ ਬਦਨੀਅਤੀ ਹੀ ਹੈ। ਤੁਸੀਂ ਕੇਸਾਂ ਦੀ ਦੁਹਾਈ ਦੇ ਕੇ ਸੰਗਤ ਨੂੰ ਗੁੰਮਰਾਹ ਕਰਨਾ ਚਾਹੁੰਦੇ ਹੋ, ਪਰ ਕੇਸਾਂ ਦੀ ਤਹਿ ਵਿਚ ਜਾ ਕੇ ਗੁਰੂਘਰ ਦੇ ਬਚਾਏ ਲੱਖਾਂ ਡਾਲਰਾਂ ਬਾਰੇ ਮੱਕਾਰੀ ਭਰੀ ਚੁੱਪ ਧਾਰਨ ਕਰੀ ਰੱਖਣੀ ਚਾਹੁੰਦੇ ਹੋ।

***ਅੰਤ ਵਿਚ ਸ. ਨਾਹਲ ਅਤੇ ਸ. ਬਾਠ ਕੋਲੋਂ ਅਸੀਂ ਹੇਠ ਲਿਖੇ ਸਵਾਲ ਜ਼ਰੂਰ ਪੁੱਛਣਾ ਚਾਹਾਂਗੇ:***

1. ਕੀ ਸ. ਜਸਵੰਤ ਸਿੰਘ ਹੋਠੀ ਤੇ ਸ. ਬਲਬੀਰ ਸਿੰਘ ਢਿੱਲੋਂ, ਸ. ਬਚਿੱਤਰ ਸਿੰਘ ਸੰਘਾ ਤੁਹਾਡੀ ਸੁਧਾਰ ਕਮੇਟੀ ਦੇ ਮੈਂਬਰ ਹਨ?
2. ਕੁਲਵੰਤ ਸਿੰਘ ਤੁਹਾਡੀ ਸੁਧਾਰ ਕਮੇਟੀ ਦਾ ਮੈਂਬਰ ਹੈ ਕਿ ਨਹੀਂ?
3. ਸ. ਨਾਹਲ ਜੀ ਜਿਸ ਯੂਨੀਵਰਸਿਟੀ ਤੋਂ ਤੁਸੀਂ ਪੀਐਚ.ਡੀ. ਦੀ ਡਿਗਰੀ ਲਈ ਸੀ, ਉਹ ਹੁਣ ਅਜਿਹੀਆਂ ਡਿਗਰੀਆਂ ਦੇਣੀਆਂ ਬੰਦ ਕਰ ਚੁੱਕੀ ਹੈ ਜਾਂ ਨਹੀਂ?
4. ਤੁਸੀਂ ਵਾਰ-ਵਾਰ ਮੁੱਦੇ ਕਿਉਂ ਬਦਲਦੇ ਹੋ?
5. ਗੁਰੂਘਰ ਦੇ ਨਿਰਮਾਣ ਤੋਂ ਬਾਅਦ ਹੀ ਭਲਾ ਤੁਹਾਨੂੰ ਸੁਧਾਰਾਂ ਦੀ ਚਿੰਤਾ ਕਿਉਂ ਸਤਾਉਣ ਲੱਗ ਪਈ?

***ਗੁਰੂ ਪਿਆਰੀ ਸਾਧ ਸੰਗਤ ਜੀ, ਸਾਡੀ ਤੁੱਛ ਸੇਵਾ ਗੁਰੂਘਰ ਦਾ ਨਿਰਮਾਣ ਜੁ ਆਪ ਜੀ ਕ੍ਰਿਪਾ ਸਕਦਾ ਹੋਇਆ ਹੈ, ਆਪ ਜੀ ਦੇ ਸਾਹਮਣੇ ਹੈ; ਪਰ ਸੁਧਾਰਕਾਂ ਦੀ ਸੇਵਾ 10 ਅਪਰੈਲ ਤੋਂ ਬਾਅਦ ਗੁਰੂਘਰ ਬਣਨ ਉਪਰੰਤ ਸ਼ੁਰੂ ਹੋਈ ਹੈ। ਖੋਟੇ-ਖਰੇ ਦੀ ਪਰਖ਼ ਆਪ ਕਰੋ। ਮਹਾਰਾਜ ਭਲੀ ਕਰਨਗੇ।***

## ਆਪ ਜੀ ਦੇ ਸੇਵਾਦਾਰ: ਪ੍ਰਬੰਧਕ ਕਮੇਟੀ ਗੁਰਦੁਆਰਾ, ਸੈਨ ਹੋਜ਼ੇ

*Ad Space Sponsored By: Bob Dhillon*

# ਪੰਜਾਬ ਕਾਂਗਰਸ ਵਲੋਂ ਐਨ ਆਰ ਆਈ ਕੌਂਸਲ ਦੀ ਸਥਾਪਨਾ

## ਭੁਪਿੰਦਰ ਹੁੰਦਲ ਚੀਫ ਕੋਆਰਡੀਨੇਟਰ ਥਾਪੇ

**ਸ਼ਿਕਾਗੋ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪਰਵਾਸੀ ਪੰਜਾਬੀਆਂ ਨਾਲ ਤਾਲਮੇਲ ਕਰਨ ਅਤੇ ਉਨ੍ਹਾਂ ਦਾ ਵੱਧ ਤੋਂ ਵੱਧ ਸਹਿਯੋਗ ਲੈਣ ਲਈ ਇਕ ਐਨ ਆਰ ਆਈ ਕੌਂਸਲ ਦਾ ਗਠਨ ਕੀਤਾ ਹੈ। ਸ਼ਿਕਾਗੋ ਤੋਂ ਸ. ਭੁਪਿੰਦਰ (ਬਾਬ) ਸਿੰਘ ਹੁੰਦਲ ਨੂੰ ਇਸ ਕੌਂਸਲ ਦਾ ਚੀਫ ਕੋਆਰਡੀਨੇਟਰ ਥਾਪਿਆ ਗਿਆ ਹੈ ਜਦੋਂਕਿ ਅਮਰੀਕਾ ਦੇ ਪੱਛਮੀ ਖੇਤਰ ਲਈ ਸਰਬਜੀਤ ਸਿੰਘ ਮਾਨ ਨੂੰ ਕੋਆਰਡੀਨੇਟਰ ਬਣਾਇਆ ਗਿਆ ਹੈ।

ਸ. ਭੁਪਿੰਦਰ ਸਿੰਘ ਹੁੰਦਲ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਐਨ ਆਰ ਆਈ ਕੌਂਸਲ ਵਿਚ ਜਿਹੜੇ ਮੈਂਬਰ ਲਏ ਗਏ ਹਨ ਉਨ੍ਹਾਂ ਵਿਚ ਖੁਦ ਉਨ੍ਹਾਂ ਤੋਂ ਇਲਾਵਾ ਸ਼ਿਕਾਗੋ ਤੋਂ ਬਿਜਨਸਮੈਨ ਅਤੇ ਕਾਂਗਰਸ ਦੇ ਪੁਰਾਣੇ ਵਰਕਰ ਸ੍ਰੀ ਅਯੁਧਿਆ ਸਲਵਾਨ ਨੂੰ ਕੋਆਰਡੀਨੇਟਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਮਹਿੰਦਰ ਸਿੰਘ ਗਿਲਜ਼ੀਆਂ, ਸਰਬਜੀਤ ਸਿੰਘ ਮਾਨ (ਕੈਲੀਫੋਰਨੀਆ), ਬਲਰਾਜ ਹਾਂਡਾ, ਸੁਖਬੀਰ ਸਿੰਘ ਕਾਹਲੋਂ ਅਤੇ ਹਰਪਿੰਦਰ ਸਿੰਘ ਸਿੱਧੂ ਵੀ ਕੋਆਰਡੀਨੇਟਰ ਬਣਾਏ ਗਏ ਹਨ। ਕੌਂਸਲ ਵਿਚ ਲਏ ਗਏ ਮੈਂਬਰਾਂ ਵਿਚ ਚਮਕੌਰ ਸਿੰਘ, ਅਜੈਬ ਸਿੰਘ ਲਾਖਨ, ਗੁਰਮੀਤ ਸਿੰਘ ਗਿੱਲ, ਬਹਾਦਰ ਸਿੰਘ ਬੋਪਾਰਾਏ, ਬਲਵਿੰਦਰ ਸਿੰਘ ਬੱਲ, ਬ੍ਰਿਜ ਸ਼ਰਮਾ, ਚਮਨ ਲਾਲ, ਚੰਦਰਪਾਲ ਖੁਰਾਣਾ, ਦਲੀਪ ਸਿੰਘ ਸਿੱਧੂ, ਹਰਵਿੰਦਰ ਸਿੰਘ ਕੰਗ (ਸ਼ਿਕਾਗੋ), ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ), ਜਗਦੇਵ ਸਿੰਘ ਰੰਧਾਵਾ, ਜਤਿੰਦਰ ਸਿੰਘ ਬੇਦੀ (ਸ਼ਿਕਾਗੋ), ਕਮਲਜੀਤ ਸਿੰਘ ਸੰਘਾ, ਕੁਲਵੰਤ ਸਿੰਘ ਢਿੱਲੋਂ, ਮਨਦੀਪ ਸਿੰਘ ਆਦਰਮਾਨ, ਮਨਦੀਪ ਸਿੰਘ ਹੰਸ, ਮਨਜੀਤ ਸਿੰਘ ਬਾਠ, ਮਨਜੀਤ ਸਿੰਘ ਨਾਗਰਾ (ਇੰਡੀਆਨਾ), ਮਨੋਜ ਕਪੂਰ, ਮੁਖਤਿਆਰ ਸਿੰਘ ਸੇਖੋਂ (ਓਹਾਇਓ), ਨਛੱਤਰ ਸਿੰਘ ਭੁੱਲਰ, ਨਗਿੰਦਰ ਸਿੰਘ ਸਿੱਧੂ, ਨੀਲ ਸ਼ਰਮਾ, ਪਲਵਿੰਦਰ ਸਿੰਘ ਬਾਠ (ਮਿਸ਼ੀਗਨ), ਪਰਮਜੀਤ ਸਿੰਘ ਨਿੱਜਰ, ਪਰਮਿੰਦਰ ਸਿੰਘ ਵਾਲੀਆ (ਸ਼ਿਕਾਗੋ), ਪਵਨ ਕੁਮਾਰ, ਸਾਹਿਬ ਸਿੰਘ ਭੁੱਲਰ, ਸੰਤ ਸਿੰਘ (ਇੰਡੀਆਨਾ), ਸਤਵੰਤ ਸਿੰਘ ਨਿੱਜਰ (ਕੈਲੀਫੋਰਨੀਆ), ਸੋਹਣ ਸਿੰਘ ਗਿੱਲ (ਆਇਓਆ), ਸੋਹਣ ਸਿੰਘ ਗਿੱਲ, ਟੋਨੀ ਸਿੰਘ, ਵਿਜੇ ਘਈ (ਸ਼ਿਕਾਗੋ), ਵਿਕਰਮਜੀਤ ਸਿੰਘ ਸਿੱਧੂ (ਸ਼ਿਕਾਗੋ), ਵਿਨੋਦ ਕਪੂਰ ਅਤੇ ਕਰਮਜੀਤ ਸਿੰਘ ਮੈਂਬਰਾਂ ਵਜੋਂ ਸ਼ਾਮਲ ਕੀਤੇ ਗਏ ਹਨ।

ਸ੍ਰੀ ਭੁਪਿੰਦਰ ਸਿੰਘ ਹੁੰਦਲ ਨੇ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਦੱਸਿਆ ਕਿ ਇਸ ਕੌਂਸਲ ਦੀ ਸਥਾਪਨਾ ਦਾ ਫੌਰੀ ਮਨੋਰਥ ਭਾਵੇਂ ਪੰਜਾਬ ਵਿਧਾਨ ਸਭਾ ਚੋਣਾਂ ਹਨ ਅਤੇ ਸਾਡੀ ਕੋਸ਼ਿਸ਼ ਹੋਵੇਗੀ ਕਿ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਕਾਂਗਰਸ ਲਈ ਵੱਧ ਤੋਂ ਵੱਧ ਹਮਾਇਤ ਜੁਟਾਈ ਜਾਵੇ। ਪ੍ਰੰਤੂ ਕੌਂਸਲ ਦੀ ਸਥਾਪਨਾ ਦਾ ਦੀਰਘਕਾਲੀ ਅਤੇ ਅਸਲ ਮਨੋਰਥ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਾਰਥਕ ਯਤਨ ਕਰਨਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤੋਂ ਇਲਾਵਾ ਉਨ੍ਹਾਂ ਨੂੰ ਕਾਂਗਰਸ ਦੇ ਐਨ ਆਰ ਆਈ ਸੈਲ (ਜੋ ਕਿ ਐਨ ਆਰ ਆਈ ਕੌਂਸਲ ਤੋਂ ਅਲੱਗ ਹੈ) ਦਾ ਕੋ-ਚੇਅਰਮੈਨ ਵੀ ਬਣਾਇਆ ਗਿਆ ਹੈ। ਇਸ ਸਮੇਂ ਕਾਂਗਰਸ ਦੇ 17 ਸੈਲ ਹਨ।

ਸ੍ਰੀ ਹੁੰਦਲ ਨਾਲ ਸੰਪਰਕ ਉਨ੍ਹਾਂ ਦੇ ਫੋਨ 630-802-2179 ਰਾਹੀਂ ਜਾਂ ਹੇਠਾਂ ਦਿੱਤੀ ਉਨ੍ਹਾਂ ਦੀ ਈ-ਮੇਲ chiefcoordinator@punjabnricouncilusa.com ਰਾਹੀਂ ਕੀਤਾ ਜਾ ਸਕਦਾ ਹੈ।



*ਸ੍ਰੀ ਭੁਪਿੰਦਰ ਹੁੰਦਲ (ਐਨ ਸੱਜੇ) ਅਤੇ ਸਾਥੀ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ*

ਇਸੇ ਦੌਰਾਨ ਲਾਸ ਏਂਜਲਸ ਤੋਂ ਇਕ ਰਿਪੋਰਟ ਅਨੁਸਾਰ ਕੈਲੀਫੋਰਨੀਆ ਦੇ ਕੌਂਸਲ ਮੈਂਬਰਾਂ ਨੇ ਕੌਂਸਲ ਦੀ ਸਥਾਪਨਾ ਦੇ ਐਲਾਨ ਤੋਂ ਬਾਅਦ ਇਕ ਮੀਟਿੰਗ ਕੀਤੀ ਅਤੇ ਕੌਂਸਲ ਦਾ ਸਥਾਨਕ ਚੈਪਟਰ ਬਣਾਉਣ ਦਾ ਫੈਸਲਾ ਲਿਆ। ਇਸ ਮੀਟਿੰਗ ਵਿਚ ਸਤਪਾਲ ਘੋਤੜਾ, ਨਰਿੰਦਰ ਸਿੰਘ ਢਿੱਲੋਂ, ਬਲਦੇਵ ਸਿੰਘ, ਹਰਦੇਵ ਸਿੰਘ, ਜਸਵਿੰਦਰ ਸਿੰਘ, ਜਸਪਾਲ ਸਿੰਘ ਅਤੇ ਪ੍ਰਵੀਨ ਜੋਸ਼ੀ ਨੇ ਕੌਂਸਲ ਲਈ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਪੱਛਮੀ ਅਮਰੀਕਾ ਦੇ ਕੋਆਰਡੀਨੇਟਰ ਸ੍ਰੀ ਸਰਬਜੀਤ ਮਾਨ ਨਾਲ ਸੰਪਰਕ ਫੋਨ 909-815-7412 ਰਾਹੀਂ ਕੀਤਾ ਜਾ ਸਕਦਾ ਹੈ।

## ਪੁਲ ਹੇਠ ਰੁਲਿਆ ਮੈਡੋਨਾ ਦਾ ਭਰਾ

**ਲਾਸ ਏਂਜਲਸ (ਬਿਊਰੋ):** ਪੌਪ ਦੀ ਰਾਣੀ ਮੈਡੋਨਾ ਦੇ ਵੱਡੇ ਭਰਾ ਨੇ ਖੁਲਾਸਾ ਕੀਤਾ ਕਿ ਉਹ ਕਰੀਬ ਇਕ ਸਾਲ ਤੋਂ ਬੇਘਰ ਹੈ। ਸਥਾਨਕ ਅਖਬਾਰ ਵਿਚ ਛਪੀ ਮੁਲਾਕਾਤ ਵਿਚ 55 ਸਾਲਾ ਐਂਥਨੀ ਸਿਕੋਨ ਨੇ ਦੱਸਿਆ ਕਿ ਉਹ ਮਿਸ਼ੀਗਨ ਦੇ ਪੁਲ ਥੱਲੇ ਦਿਨ ਕੱਟ ਰਿਹਾ ਹੈ। ਉਹ ਕਦੇ ਇਸ ਸਵਾਲ ਦਾ ਜਵਾਬ ਨਹੀਂ ਲੱਭ ਸਕਿਆ ਕਿ ਉਸ ਦੀ ਭੈਣ ਕਰੋੜਪਤੀ ਹੈ ਤੇ ਉਹ ਸੜਕਾਂ 'ਤੇ ਰੁਲ ਰਿਹਾ ਹੈ।

ਜ਼ਿਕਰਯੋਗ ਹੈ ਕਿ ਐਂਥਨੀ ਤੋਂ ਇਲਾਵਾ ਇਸੇ ਤਰ੍ਹਾਂ 2008 ਵਿਚ ਮੈਡੋਨਾ ਦੇ ਇਕ ਹੋਰ ਭਰਾ ਕ੍ਰਿਸਟੋਫਰ ਸਿਕੋਨ ਨੇ ਵੀ 'ਲਾਈਫ ਵਿਦ ਮਾਈ ਸਿਸਟਰ ਮੈਡੋਨਾ' ਕਿਤਾਬ ਲਿਖ ਕੇ ਉਸ ਨੂੰ ਕਸੂਤੀ ਹਾਲਤ ਵਿਚ ਫਸਾ ਦਿੱਤਾ ਸੀ।

## ਕੌਮਾਂਤਰੀ ਗਤਕਾ ਮੁਕਾਬਲਾ 'ਯੁਧ 2011' ਲਈ ਤਿਆਰੀ ਮੁਕੰਮਲ

**ਸੈਨ ਹੋਜ਼ੇ:** ਇਥੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਕਰਵਾਏ ਜਾ ਰਹੇ ਕੈਲੀਫੋਰਨੀਆ ਦੇ ਪਹਿਲੇ ਕੌਮਾਂਤਰੀ ਗਤਕਾ ਮੁਕਾਬਲੇ 'ਯੁੱਧ 2011' ਲਈ ਤਿਆਰੀਆਂ ਪ੍ਰਬੰਧਕ ਕਮੇਟੀ ਵਲੋਂ ਮੁਕੰਮਲ ਕਰ ਲਈਆਂ ਗਈਆਂ ਹਨ। ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਖਦੇਵ ਸਿੰਘ ਬੈਨੀਵਾਲ ਨੇ ਇਹ ਜਾਣਕਾਰੀ ਦਿੰਦਿਆਂ ਦਸਿਆ ਕਿ 29 ਅਕਤੂਬਰ ਨੂੰ ਸਵੇਰੇ 9:00 ਤੋਂ ਸ਼ਾਮ 8:00 ਵਜੇ ਤੱਕ ਹੋ ਰਹੇ ਇਸ ਗਤਕਾ ਮੁਕਾਬਲੇ ਵਿਚ ਉਤਰੀ ਅਮਰੀਕਾ ਅਤੇ ਇੰਡੀਆ ਤੋਂ ਗਤਕੇ ਦੇ ਕੌਮਾਂਤਰੀ ਪੱਧਰ ਦੇ ਖਿਡਾਰੀ ਭਾਗ ਲੈ ਰਹੇ ਹਨ।




*ਗਤਕੇ ਦੇ ਜੌਹਰ ਦਿਖਾ ਰਹੇ ਦੋ ਖਿਡਾਰੀ*

ਇਹ ਮੁਕਾਬਲੇ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ, ਕੈਲੀਫੋਰਨੀਆ ਗਤਕਾ ਦਲ ਅਤੇ ਕੈਨੇਡੀਅਨ ਆਰਗੇਨਾਈਜੇਸ਼ਨਜ਼ ਆਫ ਸਿਖ ਸਟੂਡੈਂਟਸ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ। ਇਨ੍ਹਾਂ ਮੁਕਾਬਲਿਆਂ ਵਿਚ ਹਰ ਉਮਰ ਦੇ ਬੱਚੇ ਹਿੱਸਾ ਲੈਣਗੇ। ਯਾਦ ਰਹੇ ਗੁਰਦੁਆਰਾ ਸੈਨ ਹੋਜ਼ੇ ਕੈਲੀਫੋਰਨੀਆ ਦਾ ਪਹਿਲਾ ਗੁਰਦੁਆਰਾ ਹੈ ਜੋ ਸਿੱਖ ਪੰਥ ਦੀ ਇਸ ਜੁਝਾਰੂ ਖੇਡ ਨੂੰ ਕੌਮਾਂਤਰੀ ਪੱਧਰ ਤੇ ਉਤਸ਼ਾਹਤ ਕਰ ਰਿਹਾ ਹੈ। ਇਸ ਗਤਕਾ ਮੁਕਾਬਲੇ ਵਿਚ ਹਿੱਸਾ ਲੈਣ ਲਈ ਜਾਂ ਹੋਰ ਜਾਣਕਾਰੀ ਲੈਣ ਲਈ ਭਾਈ ਸੁਖਦੇਵ ਸਿੰਘ ਬੈਨੀਵਾਲ ਨਾਲ ਫੋਨ 408-421-9463, ਕੈਲੀਫੋਰਨੀਆ ਗਤਕਾ ਦਲ ਦੇ ਜੱਥੇਦਾਰ ਜਸਪ੍ਰੀਤ ਸਿੰਘ ਫੋਨ 209-608-0925 ਅਤੇ ਕਨੇਡਾ ਵਿਚ ਜੱਥੇਦਾਰ ਜਸਦੇਵ ਸਿੰਘ ਫੋਨ 905-264-9540 ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਵੈਬ-ਸਾਈਟ www.yudh.net ਤੋਂ ਵੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।


**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

**Email: gill@ghfirm.com Web: www.ghfirm.com**

**830 Stewart Drive, Suite#231, Sunnyvale, CA 94085**



**ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ**

**ਜਸਪ੍ਰੀਤ ਸਿੰਘ**

**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਈਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

***Law Offices Of Jaspreet Singh***

*4491 W. Shaw Ave.,*
*Suite 300 B*
*(Near Costco)*
*Fresno, CA 93722*
***Ph: 559-271-5511***

*44790 S. Grimmer*
*Blvd. #204*
*Fremont CA-94538*
***Ph:510-657-6444***
*Fax: 510-657-6443*

*2945 W. Capitol Ave,*
*Sacramento CA-95691*
***Ph: 916-372-4448***
*Fax: 916-372-4440*


## ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਕੇਸਾਂ ਦੀ ਦੁਹਾਈ ਦੇਣ ਵਾਲੇ ਗਲਤ ਲਿਖਣ ਤੋਂ ਤੌਬਾ ਕਰਨ:ਭਾਈ ਢਿੱਲੋਂ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਸੈਨ ਹੋਜ਼ੇ ਗੁਰੂਘਰ ਦੇ ਸਕੱਤਰ ਭਾਈ ਭੁਪਿੰਦਰ (ਬਾਬ) ਸਿੰਘ ਢਿੱਲੋਂ ਨੇ ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ 19 ਤੋਂ 25 ਅਕਤੂਬਰ ਵਾਲੇ ਅੰਕ ਵਿਚ ਪੰਨਾ 9 ਉਤੇ ਲੱਗੀ ਖ਼ਬਰ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਇਹ ਅਖ਼ਬਾਰ ਝੂਠੀਆਂ ਅਤੇ ਬੇ-ਬੁਨਿਆਦ ਖ਼ਬਰਾਂ ਛਾਪਣ ਤੋਂ ਬਾਜ਼ ਨਹੀਂ ਆ ਰਿਹਾ। ਉਨ੍ਹਾਂ ਕਿਹਾ ਹੈ ਕਿ ਅਖ਼ਬਾਰ 'ਅੰਮ੍ਰਿਤਸਰ ਟਾਈਮਜ਼' ਦੇ ਮਾਲਕ ਸ. ਜਸਜੀਤ ਸਿੰਘ ਉਰਫ਼ ਚੇਲਾ ਦਾ ਹੋਠੀ ਐਂਡ ਪਾਰਟੀ ਨਾਲ ਪੁਰਾਣਾ ਯਾਰਾਨਾ ਹੈ ਅਤੇ ਸੈਨ ਹੋਜ਼ੇ ਗੁਰੂਘਰ ਦੇ ਪ੍ਰਬੰਧਕਾਂ ਖ਼ਿਲਾਫ਼ ਭੰਡੀ ਪ੍ਰਚਾਰ ਕਰਨ ਲਈ ਉਹ ਪੱਤਰਕਾਰੀ ਦੇ ਜ਼ਾਬਤੇ ਤੋਂ ਬਾਹਰ ਚਲੇ ਜਾਂਦੇ ਹਨ। ਜਦ ਇਨ੍ਹਾਂ 'ਤੇ ਕੇਸ ਹੁੰਦੇ ਹਨ, ਫਿਰ 'ਮਾਰੇ ਗਏ, ਲੁੱਟੇ ਗਏ' ਦਾ ਚੀਕ-ਚਿਹਾੜਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅਖ਼ਬਾਰ ਮਾਲਕਾਂ ਦੀ ਨੀਅਤ ਪੇਪਰ ਚਲਾਉਣ ਦੀ ਹੈ ਜਾਂ ਨਹੀਂ, ਇਸ ਬਾਰੇ ਉਨ੍ਹਾਂ ਨੂੰ ਕੁਝ ਨਹੀਂ ਪਤਾ, ਪਰ ਉਨ੍ਹਾਂ ਵੱਲੋਂ ਛਾਪੀਆਂ ਜਾ ਰਹੀਆਂ ਖ਼ਬਰਾਂ ਉਨ੍ਹਾਂ ਨੂੰ ਕਿਸੇ ਹੋਰ ਕਟਹਿਰੇ ਵਿਚ ਖੜ੍ਹਾ ਕਰ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਇਸ ਖ਼ਬਰ ਵਿਚ ਕੋਈ ਸੱਚਾਈ ਨਹੀਂ ਹੈ ਕਿ ਕਦੇ ਮਹਿੰਗਾ ਸਿੰਘ ਨੇ ਗੁਰੂਘਰ ਦੇ ਪੈਸੇ ਆਪਣੇ ਅਕਾਊਂਟ ਵਿਚ ਜਮ੍ਹਾ ਕਰਵਾਏ ਹੋਣ। ਹੁਣ ਤਾਂ ਕੁਲਵੰਤ ਸਿੰਘ ਹੀ ਇਸ ਦੇ ਸਬੂਤ ਅਦਾਲਤ ਵਿਚ ਪੇਸ਼ ਕਰੇਗਾ! ਉਨ੍ਹਾਂ ਦੋਸ਼ ਲਾਇਆ ਕਿ ਇਹ ਘਟੀਆ ਪ੍ਰਚਾਰ 'ਅੰਮ੍ਰਿਤਸਰ ਟਾਈਮਜ਼' ਅਤੇ ਸੁਧਾਰ ਕਮੇਟੀ ਵਲੋਂ ਚੋਣਾਂ ਵਿਚ ਲਾਹਾ ਲੈਣ ਦੇ ਮਨਸੂਬੇ ਨਾਲ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਾਡੇ ਵਿਰੋਧੀਆਂ ਨੂੰ ਇਸ ਪ੍ਰਚਾਰ ਖ਼ਾਤਰ ਮੂੰਹ ਦੀ ਖਾਣੀ ਪਵੇਗੀ। ਉਨ੍ਹਾਂ ਆਖਿਆ ਕਿ ਅਗਰ ਕੋਈ ਵਿਅਕਤੀ ਅੰਮ੍ਰਿਤ ਛਕ ਕੇ ਭੰਗ ਕਰਦਾ ਹੈ, ਇਹ ਉਸ ਦੀ ਨਿੱਜੀ ਜ਼ਿੰਦਗੀ ਹੈ। ਹਜ਼ਾਰਾਂ ਲੋਕ ਅੰਮ੍ਰਿਤ ਛਕਦੇ ਹਨ ਪਰ ਨਿਭਾ ਨਾ ਸਕਣ ਕਾਰਨ ਭੰਗ ਕਰ ਬੈਠਦੇ ਹਨ। ਅਜਿਹੇ ਲੋਕ ਸ਼ਾਇਦ ਸੁਧਾਰ ਕਮੇਟੀ ਵਿਚ ਵੀ ਮੌਜੂਦ ਹੋਣ। ਉਨ੍ਹਾਂ ਕਿਹਾ ਕਿ ਕਮੇਟੀ ਨੇ ਤਾਂ ਸਿਰਫ਼ ਇੰਨਾ ਹੀ ਕਿਹਾ ਹੈ ਕਿ ਅੰਮ੍ਰਿਤ ਪੰਜ ਪਿਆਰੇ ਛਕਾਉਂਦੇ ਹਨ। ਉਨ੍ਹਾਂ ਪੁੱਛਿਆ ਕਿ ਕਦੇ ਪ੍ਰਬੰਧਕ ਕਮੇਟੀ ਵੀ ਕੋਈ ਅੰਮ੍ਰਿਤ ਛਕਾਉਂਦੀ ਦੇਖੀ ਹੈ ਪਰ ਇਹ ਟਰਪਲੀਆਂ ਸਿਰਫ਼ ਕੁਲਵੰਤ ਸਿੰਘ ਵਰਗਾ ਵਿਅਕਤੀ ਹੀ ਮਾਰ ਸਕਦਾ ਹੈ। ਉਨ੍ਹਾਂ ਕੁਲਵੰਤ ਸਿੰਘ ਨੂੰ ਪੁੱਛਿਆ ਕਿ ਅਵਤਾਰ ਹੈਨਰੀ ਸਮੇਤ ਉਸੇ ਕਾਂਗਰਸੀ ਪਾਰਟੀ ਦੇ ਅਨੇਕਾਂ ਆਗੂ ਹਨ ਜਿਨ੍ਹਾਂ ਨੂੰ ਸੁਧਾਰਕਾਂ ਦੇ ਮੋਢੀ, ਪ੍ਰੀਤੀ ਭੋਜ ਕਰਕੇ ਸਨਮਾਨ ਦਿੰਦੇ ਹਨ, ਤੁਹਾਨੂੰ ਉਦੋਂ ਇਹ ਕਾਤਲ ਕਿਉਂ ਨਹੀਂ ਦਿਸਦੇ? ਸਿਰਫ ਇਸ ਕਰਕੇ ਕਿ ਉਹ ਸੁਧਾਰਕਾਂ ਕੋਲ ਰੁਕਦੇ ਹਨ? ਉਨ੍ਹਾਂ ਕਿਹਾ ਕਿ ਕੁਲਵੰਤ ਸਿੰਘ ਸਿਰਫ ਉਪਦੇਸ਼ ਦੇਣੇ ਹੀ ਜਾਣਦਾ ਹੈ ਪਰ ਉਨ੍ਹਾਂ 'ਤੇ ਅਮਲ ਵਿਚ ਯਕੀਨ ਨਹੀਂ ਰੱਖਦਾ। ਉਨ੍ਹਾਂ ਗੁਰਬਾਣੀ ਦਾ ਹਵਾਲਾ ਦਿੰਦਿਆਂ ਕਿਹਾ ਇਹ ਤਾਂ ਉਹ ਗੱਲ ਹੈ-"ਅਵਰ ਉਪਦੇਸੇ ਆਪ ਨਾ ਕਰੈ।"

ਇਕ ਵੱਖਰੇ ਬਿਆਨ ਰਾਹੀਂ ਕਮੇਟੀ ਮੈਂਬਰ ਭਾਈ ਸਰਬਜੋਤ ਸਿੰਘ ਸਵੱਦੀ ਨੇ ਕਿਹਾ ਹੈ ਅਗਰ ਮੇਰਾ ਭਣਵਈਆ ਮੇਰੇ ਮਾਂ-ਬਾਪ ਨੂੰ ਵਰਗਲਾ ਕੇ ਆਪਣੇ ਘਰ ਲੈ ਜਾਂਦਾ ਹੈ ਅਤੇ ਬਾਅਦ ਵਿਚ ਮੇਰੀ ਕਰੋੜਾਂ ਰੁਪਏ ਦੀ ਜ਼ਮੀਨ ਮੇਰੇ ਮਾਂ-ਬਾਪ ਰਾਹੀਂ ਮੇਰੀ ਭੈਣ ਪਾਸ ਪਹੁੰਚ ਜਾਂਦੀ ਹੈ ਜਿਸ ਵਿਚ ਮੇਰਾ ਭਣਵਈਆ ਸਿੱਧੇ ਰੂਪ ਵਿਚ ਹਿੱਸੇਦਾਰ ਬਣਦਾ ਹੈ, ਤਾਂ ਕੁਲਵੰਤ ਸਿੰਘ ਨੂੰ ਪੁੱਛਣਾ ਬਣਦਾ ਹੈ ਕਿ ਫਿਰ ਮਾਈ-ਬਾਪ ਨੂੰ ਮੇਰੇ ਭੈਣ-ਭਣਵਈਏ ਦੇ ਘਰ ਰਹਿਣ ਵਿਚ ਕੀ ਤੰਗੀ ਹੈ? ਉਨ੍ਹਾਂ ਕਿਹਾ ਕਿ ਕਮੇਟੀ ਮੈਂਬਰ ਨੂੰ ਸ਼ਰਾਬੀ ਦੱਸਣ ਵਾਲੇ ਜਸਪਾਲ ਸੈਣੀ ਨੇ ਉਸ ਪਾਰਟੀ ਵਿਚ ਜਿਹੜਾ ਸੋਮ ਰਸ ਆਪ ਪੀਤਾ ਹੋਇਆ ਸੀ, ਬਾਰੇ ਵੀ ਸੰਗਤ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੁਲਵੰਤ ਸਿੰਘ ਉਪਦੇਸ਼ ਇੰਜ ਕਰਦੈ ਜਿਵੇਂ ਕੋਈ ਪੂਜਨੀਕ ਮਹਾਂਪੁਰਸ਼ ਹੋਵੇ!!! ਉਨ੍ਹਾਂ ਕੁਲਵੰਤ ਸਿੰਘ ਨੂੰ ਨਸੀਹਤ ਦਿੱਤੀ ਕਿ ਮਹਾਂਪੁਰਸ਼ਾਂ ਵਾਲੀਆਂ ਗੱਲਾਂ ਉਸ ਦੇ ਮੂੰਹੋਂ ਫੱਬਦੀਆਂ ਨਹੀਂ।

# ਕੈਲੀਫੋਰਨੀਆ 'ਚ ਯੁਨਾਈਟਿਡ ਸਿੱਖਸ ਦੇ ਪਹਿਲੇ ਦਫਤਰ ਦਾ ਉਦਘਾਟਨ

**ਫਰੀਮਾਂਟ:** ਮਨੁੱਖੀ ਸੇਵਾ ਅਤੇ ਮਨੁੱਖੀ ਅਧਿਕਾਰਾਂ ਬਾਰੇ ਸਿੱਖ ਜਥੇਬੰਦੀ ਯੁਨਾਈਟਿਡ ਸਿੱਖਸ ਵਲੋਂ ਕੈਲੀਫੋਰਨੀਆ ਵਿਚ ਆਪਣੇ ਪਹਿਲੇ ਦਫਤਰ ਦਾ ਇਥੇ ਉਦਘਾਟਨ ਕੀਤਾ ਗਿਆ। ਉਦਘਾਟਨੀ ਰਸਮ ਸਮੇਂ ਮੁੱਖ ਮਹਿਮਾਨ ਵਜੋਂ ਅਮਰੀਕੀ ਰਾਸ਼ਟਰਪਤੀ (ਵਾਈਟ ਹਾਊਸ) ਦੇ ਪਬਲਿਕ ਮੈਨੇਜਮੈਂਟ ਆਫਿਸ ਦੇ ਐਸੋਸੀਏਟ ਡਾਇਰੈਕਟਰ ਪਾਲ ਮਾਂਟੈਰੋ ਪਹੁੰਚੇ ਹੋਏ ਸਨ।



ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਪਾਲ ਮਾਂਟੈਰੋ ਨੇ ਯੁਨਾਈਟਿਡ ਸਿੱਖਸ ਜਥੇਬੰਦੀ ਵਲੋਂ ਕੌਮਾਂਤਰੀ ਪੱਧਰ ਉਤੇ ਕੀਤੇ ਜਾਂਦੇ ਮਨੁੱਖੀ ਸੇਵਾ ਦੇ ਕਾਰਜਾਂ ਦੀ ਭਰਪੂਰ ਸਰਾਹਨਾ ਕੀਤੀ। ਉਨ੍ਹਾਂ ਹੇਤੀ ਵਿਚ ਆਏ ਭੂਚਾਲ ਅਤੇ ਕੀਨੀਆ ਵਿਚ ਪਏ ਸੋਕੇ ਦੌਰਾਨ ਸੇਵਾ ਕਰਕੇ ਪਰਤੇ ਜਥੇਬੰਦੀ ਦੇ ਵਰਕਰਾਂ ਦਾ ਸਨਮਾਨ ਕੀਤਾ। ਜਥੇਬੰਦੀ ਦੇ ਵਰਕਰਾਂ ਨੇ ਇਸ ਸਾਲ ਦੇ ਸ਼ੁਰੂ 'ਚ ਜਪਾਨ ਵਿਚ ਆਈ ਸੁਨਾਮੀ ਅਤੇ ਭੂਚਾਲ ਮੌਕੇ ਵੀ ਮਨੁੱਖੀ ਸੇਵਾਵਾਂ ਵਿਚ ਉਘਾ ਯੋਗਦਾਨ ਪਾਇਆ ਸੀ। ਸਮਾਗਮ ਵਿਚ ਉਚੇਚਾ ਤੌਰ 'ਤੇ ਪਹੁੰਚੇ ਫੈਡਰਲ ਸਟੇਟ ਅਟਾਰਨੀ, ਨਾਰਥ ਡਿਸਟ੍ਰਿਕਟ ਮਿਲਿੰਡਾ ਹੇਰਾ ਨੇ ਇਸ ਦਫਤਰ ਦੇ ਖੁੱਲ੍ਹਣ ਉਤੇ ਸੰਸਥਾ ਨੂੰ ਉਚੇਚੀ ਵਧਾਈ ਦਿੱਤੀ। ਨਾਲ ਹੀ ਉਨ੍ਹਾਂ ਸਿੱਖ ਭਾਈਚਾਰੇ ਨੂੰ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਗੱਲਬਾਤ ਲਈ ਯੁਨਾਈਟਿਡ ਸਿੱਖਸ ਦੇ ਨੁਮਾਇੰਦਿਆਂ ਨੂੰ ਸੱਦਾ ਦਿੱਤਾ।

ਇਥੇ ਜ਼ਿਕਰਯੋਗ ਹੈ ਕਿ ਯੁਨਾਈਟਿਡ ਸਿੱਖਸ ਸੰਯੁਕਤ ਰਾਸ਼ਟਰ ਤੋਂ ਮਾਨਤਾ ਪ੍ਰਾਪਤ ਮਨੁੱਖੀ ਅਧਿਕਾਰ ਅਤੇ ਮਾਨਵ ਸੇਵਾ ਜਥੇਬੰਦੀ ਹੈ। ਜਥੇਬੰਦੀ ਨੂੰ ਵਿਸ਼ਵ ਦੇ 11 ਦੇਸ਼ਾਂ ਵਿਚ ਮਾਨਤਾ ਹਾਸਲ ਹੈ। ਇਸ ਤੋਂ ਪਹਿਲਾਂ ਸੰਸਥਾ ਦਾ ਨਿਊ ਯਾਰਕ ਵਿਚ ਇਕ ਦਫਤਰ ਹੈ। ਕੈਲੀਫੋਰਨੀਆ ਵਿਚ ਇਕ ਹੋਰ ਦਫਤਰ ਦਾ ਖੁੱਲ੍ਹਣਾ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

ਫਰੀਮਾਂਟ ਸ਼ਹਿਰ ਵਿਚ ਖੁੱਲ੍ਹੇ ਇਸ ਦਫਤਰ ਦੇ ਉਦਘਾਟਨੀ ਸਮਾਗਮ ਵਿਚ ਪਹੁੰਚੇ ਸ਼ਹਿਰ ਦੇ ਮੁਖੀ ਬਾਬ ਵਾਸ਼ਰਮੈਨ ਨੇ ਜਥੇਬੰਦੀ ਦਾ ਆਪਣੇ ਸ਼ਹਿਰ ਵਿਚ ਦਫਤਰ ਖੋਲ੍ਹਣ ਦਾ ਸਵਾਗਤ ਕਰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਫਰੀਮਾਂਟ ਹਿਊਮਨ ਸਰਵਸਿਸ ਦੇ ਡਾਇਰੈਕਟਰ ਸੂਜ਼ਨ ਸ਼ੈਨਫਿਲ ਨੇ ਇਸ ਦਫਤਰ ਨਾਲ ਆਪਣੇ ਵਿਭਾਗ ਦੀ ਹੋਈ ਸੰਧੀ ਦਾ ਵੀ ਐਲਾਨ ਕੀਤਾ। ਕਾਂਗਰਸਮੈਨ ਮਾਈਕ ਹਾਂਡਾ, ਪੀਟ ਸਟਾਰਕ ਦੇ ਦਫਤਰ ਤੋਂ ਵੀ ਉਚੇਚੇ ਤੌਰ 'ਤੇ ਨੁਮਾਇੰਦੇ ਪਹੁੰਚੇ ਅਤੇ ਉਨ੍ਹਾਂ ਨੇ ਸੰਸਥਾ ਨੂੰ ਮਾਣ ਪੱਤਰ ਵੀ ਪੇਸ਼ ਕੀਤਾ। ਮਿਲਪੀਟਸ ਸ਼ਹਿਰ ਦੇ ਮੇਅਰ, ਫਰੀਮਾਂਟ ਸਿਟੀ ਦੇ ਵਾਈਸ ਮੇਅਰ, ਫਰੀਮਾਂਟ ਸਕੂਲ ਬੋਰਡ ਅਤੇ ਯੂਨੀਅਨ ਸਿਟੀ ਸਕੂਲ ਬੋਰਡ ਦੇ ਨੁਮਾਇੰਦਿਆਂ ਨੇ ਵੀ ਇਸ ਸਮਾਗਮ ਵਿਚ ਸ਼ਮੂਲੀਅਤ ਕੀਤੀ।

ਕੈਲੀਫੋਰਨੀਆ ਦੀਆਂ ਵੱਖ ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਸਿੱਖ ਭਾਈਚਾਰੇ ਦੇ ਪਤਵੰਤੇ ਸੱਜਣਾਂ ਨੇ ਸਮਾਗਮ ਵਿਚ ਹਾਜ਼ਰੀ ਭਰ ਕੇ ਯੁਨਾਈਟਿਡ ਸਿੱਖਸ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਦਫਤਰ ਵਿਚ ਪਿਛਲੇ 4 ਮਹੀਨਿਆਂ ਦੌਰਾਨ ਸਕੂਲੀ ਬੱਚਿਆਂ ਨੂੰ ਹੋਮਵਰਕ ਕਰਨ ਵਿਚ ਮਦਦ ਤੇ ਉਨ੍ਹਾਂ ਲਈ ਈ ਐਸ ਐਲ ਕਲਾਸਾਂ ਦਾ ਇੰਤਜ਼ਾਮ ਅਤੇ ਪਰਿਵਾਰਕ ਝਗੜਿਆਂ ਤੇ ਮੁਸ਼ਕਲਾਂ ਦੇ ਹੱਲ ਲਈ ਮਦਦ ਦੇ ਉਪਰਾਲੇ ਕੀਤੇ ਗਏ ਹਨ। ਸੰਸਥਾ ਅਨੁਸਾਰ ਇਨ੍ਹਾਂ ਕਾਰਜਾਂ ਦੀ ਸਫਲਤਾ ਲਈ ਹਿੱਸਾ ਪਾਉਣ ਜਾਂ ਜਥੇਬੰਦੀ ਦਾ ਮੈਂਬਰ ਬਣਨ ਵਾਸਤੇ ਫੋਨ 510-299-7982 ਉਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਸੰਸਥਾ ਦੀ ਵੈਬਸਾਈਟ www.unitedsikhs.org 'ਤੇ ਜਾਇਆ ਜਾ ਸਕਦਾ ਹੈ। ਇਸ ਦਾ ਈਮੇਲ ਪਤਾ unitedsikhs-cali@unitedsikhs.org ਹੈ। ਫਰੀਮਾਂਟ ਵਿਚ ਸੰਸਥਾ ਦੇ ਦਫਤਰ ਦਾ ਪਤਾ 39126 ਸਟੇਟ ਸਟਰੀਟ, ਫਰੀਮਾਂਟ, ਕੈਲੀਫੋਰਨੀਆ 94536 ਹੈ।




Amardeep Singh
Ph:916-712-2735
DRE#01357217

**Buy a Home With Zero Cash! No Money Down!**

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242




**$99,000**
**Sacramento – $405 Payment**
Safe Neighborhood. Investor dream. Access to highway. Great School. Open floor plan. RV access., **FREE INFO: 1-888-450-6603**, ID#4247



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $2,750**
With the help of Statewide Team, I am proud owner of two rentals in Sacramento. Each month I am making over $2,750 after all expenses. I live in Bay area and was nervous to invest in Sacramento. Statewide not only educated me but helped me in preparing the properties and finding good tenants. Great investment for my kids education.
*-Mr. Sood.*



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood. **FREE INFO: 1-888-450-6603**, ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234

**Get Free list of Homes at www.statewideteam.net**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana
**California:**
Shiara Dhindsa
Photographer
661-703-6664
**Bay Area**
Charanjit Singh Pannu
408-608-4961
**Sacramento**
Gurbarinder Singh Raja
916-533-2678
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਦੇ ਕਾਂਗਰਸੀ ਪ੍ਰਧਾਨ ਮੰਤਰੀ ਦੇ 'ਬਾਦਲ ਹਿਤੈਸ਼ੀ' ਹੋਣ ਤੋਂ ਖ਼ਫਾ, ਸੋਨੀਆ ਕੋਲ ਗੁਹਾਰ

**ਚੰਡੀਗੜ੍ਹ:** ਪੰਜਾਬ ਦੇ ਕਾਂਗਰਸੀ ਆਗੂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਖਫ਼ਾ ਹਨ ਕਿ ਉਨ੍ਹਾਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕੁਝ ਜ਼ਿਆਦਾ ਹੀ ਪੱਖ ਪੂਰਿਆ ਜਾ ਰਿਹਾ ਹੈ। ਇਸ ਗੱਲ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਤੇ ਹੋਰ ਆਗੂਆਂ ਨੇ ਆਪਣਾ ਸ਼ਿਕਵਾ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਕੋਲ ਵੀ ਪਹੁੰਚਾ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਕਾਂਗਰਸ ਵਿਧਾਇਕ ਦਲ ਦੇ ਆਗੂ ਬੀਬੀ ਰਜਿੰਦਰ ਕੌਰ ਭੱਠਲ ਨੇ ਇਸ ਮੁੱਦੇ 'ਤੇ ਇਕਸੁਰ ਹੁੰਦਿਆਂ ਪਾਰਟੀ ਪ੍ਰਧਾਨ ਨਾਲ ਨਵੀਂ ਦਿੱਲੀ ਵਿਖੇ ਹੋਈ ਮੀਟਿੰਗ 'ਚ ਇਹ ਗੱਲ ਜ਼ੋਰਸ਼ੋਰ ਨਾਲ ਉਠਾਈ ਕਿ ਪ੍ਰਧਾਨ ਮੰਤਰੀ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ 'ਤੇ ਕੁਝ ਵਧੇਰੇ ਹੀ 'ਮਿਹਰਬਾਨ' ਹਨ।

ਪੰਜਾਬ ਦੇ ਕਾਂਗਰਸੀ ਮਹਿਸੂਸ ਕਰਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਜਾਂ ਸੂਬੇ ਦੇ ਕਿਸੇ ਹੋਰ ਸੀਨੀਅਰ ਆਗੂ ਦੇ ਮੁਕਾਬਲੇ ਸ. ਬਾਦਲ ਦੀ ਗੱਲ ਦਾ ਪ੍ਰਧਾਨ ਮੰਤਰੀ ਵਧੇਰੇ ਹੁੰਗਾਰਾ ਭਰਦੇ ਹਨ। ਪੰਜਾਬ ਦੇ ਕਾਂਗਰਸੀ ਸ਼੍ਰੋਮਣੀ ਕਮੇਟੀ ਚੋਣਾਂ 'ਚ ਡਾ. ਮਨਮੋਹਨ ਸਿੰਘ ਦੀ ਭੂਮਿਕਾ ਤੋਂ ਵੀ ਕਾਫੀ ਖਫ਼ਾ ਹਨ। ਉਸ ਮੌਕੇ ਪ੍ਰਧਾਨ ਮੰਤਰੀ ਦੇ ਕਹਿਣ 'ਤੇ ਹੀ ਸਹਿਜਧਾਰੀ ਵੋਟਰਾਂ ਦੇ ਮਾਮਲੇ 'ਤੇ ਕੇਂਦਰ ਸਰਕਾਰ ਨੇ ਆਪਣਾ ਪੈਂਤੜਾ ਬਦਲਿਆ ਸੀ ਤੇ ਚੋਣਾਂ ਮੁਅੱਤਲ ਹੋਣ ਤੋਂ ਬਚਾ ਹੋ ਗਿਆ ਸੀ। ਹੁਣ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਖਾਲਸਾ ਵਿਰਾਸਤੀ ਕੰਪਲੈਕਸ ਦੇ ਉਦਘਾਟਨ ਲਈ ਉਨ੍ਹਾਂ ਦੇ ਪੰਜਾਬ ਆਉਣ ਦੀ ਖ਼ਬਰ ਨਾਲ ਕਾਂਗਰਸੀਆਂ 'ਚ ਰੋਹ ਵਧ ਗਿਆ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਪ੍ਰਧਾਨ ਮੰਤਰੀ ਦੇ ਇਸ ਦੌਰੇ ਦਾ ਲਾਹਾ ਸੱਤਾਧਾਰੀ ਅਕਾਲੀ ਦਲ ਨੂੰ ਹੋਵੇਗਾ।

ਕਾਂਗਰਸੀ ਸੂਤਰਾਂ ਅਨੁਸਾਰ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਤੋਂ ਅਕਾਲੀਆਂ ਵੱਲੋਂ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਗਰਾਂਟਾਂ ਹਾਸਲ ਕੀਤੀਆਂ ਜਾ ਰਹੀਆਂ ਹਨ। ਪੰਜਾਬ ਵਿਚ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਵਾਸਤੇ ਕਾਂਗਰਸ ਦੇ ਰਾਜ ਵੇਲੇ 12 ਟਨ ਕਣਕ ਇਕ ਸਾਲ ਵਿਚ ਦਿੱਤੀ ਜਾਂਦੀ ਸੀ ਜਦਕਿ ਹੁਣ ਇਕ ਮਹੀਨੇ ਵਿਚ 12 ਟਨ ਕਣਕ ਕੇਂਦਰ ਵੱਲੋਂ ਸੂਬੇ ਨੂੰ ਦਿੱਤੀ ਜਾ ਰਹੀ ਹੈ। ਪੰਜਾਬ ਦੇ ਕਾਂਗਰਸੀਆਂ ਦਾ ਕਹਿਣਾ ਹੈ ਕਿ ਅਜਿਹੇ ਕਈ ਹੋਰ ਮੌਕੇ ਵੀ ਹਨ ਜਦੋਂ ਸ. ਬਾਦਲ ਪ੍ਰਤੀ ਪ੍ਰਧਾਨ ਮੰਤਰੀ ਨੇ ਕੁਝ ਜ਼ਿਆਦਾ ਹੀ ਦਿਆਨਤਦਾਰੀ ਦਿਖਾਈ।



*ਕੈਪਟਨ ਅਮਰਿੰਦਰ ਸਿੰਘ*



*ਬੀਬੀ ਰਜਿੰਦਰ ਕੌਰ ਭੱਠਲ*

ਪੰਜਾਬ ਦੀ ਕਾਂਗਰਸ ਲੀਡਰਸ਼ਿਪ ਸ਼੍ਰੋਮਣੀ ਕਮੇਟੀ ਚੋਣਾਂ ਦੇ ਮੁੱਦੇ 'ਤੇ ਵੀ ਪੂਰੀ ਤਰ੍ਹਾਂ ਨਾਖੁਸ਼ ਹੈ। ਸਮੁੱਚੀ ਕਾਂਗਰਸ ਚਾਹੁੰਦੀ ਸੀ ਕਿ ਇਹ ਚੋਣਾਂ ਅਗਲੇ ਸਾਲ ਫਰਵਰੀ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਰਵਾਈਆਂ ਜਾਣ। ਇਸ ਵਾਰ ਫਿਰ ਸ. ਬਾਦਲ ਦਾ ਪ੍ਰਧਾਨ ਮੰਤਰੀ 'ਤੇ ਪ੍ਰਭਾਵ ਕੰਮ ਆਇਆ। ਉਨ੍ਹਾਂ ਗ੍ਰਹਿ ਮੰਤਰਾਲੇ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਪ੍ਰਕਿਰਿਆ ਤੇਜ਼ ਕਰਨ ਲਈ ਕਿਹਾ। ਭਾਵੇਂ ਕਿ ਇਹ ਪਹਿਲਾਂ ਹੀ ਸਪਸ਼ਟ ਸੀ ਕਿ ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਹੀ ਜਿੱਤ ਹਾਸਲ ਕਰੇਗਾ, ਕੁਝ ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਸ. ਬਾਦਲ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਆਈ. ਕੇ. ਗੁਜਰਾਲ ਤੇ ਉਘੇ ਪੱਤਰਕਾਰ ਕੁਲਦੀਪ ਨਈਅਰ ਨਾਲ ਆਪਣੇ ਚੰਗੇ ਸਬੰਧਾਂ ਦੀ ਵਰਤੋਂ ਪ੍ਰਧਾਨ ਮੰਤਰੀ 'ਤੇ ਪ੍ਰਭਾਵ ਪਾਉਣ ਅਤੇ ਆਪਣੇ ਕੰਮ ਕਰਵਾਉਣ ਲਈ ਕੀਤੀ ਜਾਂਦੀ ਹੈ।

ਇਹ ਦੋਵੇਂ ਆਗੂ ਪ੍ਰਧਾਨ ਮੰਤਰੀ ਦੇ ਕਾਫੀ ਨਜਦੀਕੀ ਮੰਨੇ ਜਾਂਦੇ ਹਨ ਜਿਨ੍ਹਾਂ ਸਦਕਾ ਸ. ਬਾਦਲ ਵੀ ਪ੍ਰਧਾਨ ਮੰਤਰੀ ਨੂੰ ਮਿਲਦੇ ਰਹਿੰਦੇ ਹਨ। ਹਾਲਤ ਉਸ ਸਮੇਂ ਵੱਸ ਤੋਂ ਬਾਹਰੀ ਹੋ ਗਈ ਜਦੋਂ ਚੋਣਾਂ ਵਿਚ ਤਿੰਨ ਮਹੀਨੇ ਰਹਿਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਪੰਜਾਬ ਸਰਕਾਰ ਦੇ ਸਮਾਗਮ ਵਿਚ ਸ਼ਾਮਲ ਹੋਣ ਲਈ ਸਹਿਮਤ ਹੋ ਗਏ। ਇਸ ਤੋਂ ਪਾਰਟੀ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਭੱਠਲ ਕੋਲ ਹੋਰ ਕੋਈ ਚਾਰਾ ਨਹੀਂ ਸੀ ਕਿ ਉਹ ਇਕਜੁੱਟ ਹੋ ਕੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਕੋਲ ਇਸ ਬਾਰੇ ਸ਼ਿਕਾਇਤ ਕਰਨ।

## ਭਾਈ ਜਗਤਾਰ ਸਿੰਘ ਤਾਰਾ ਦੇ ਸਿਰ ਦਾ ਮੁੱਲ ਰੱਖਿਆ

**ਲਧਿਆਣਾ:** ਖਾਲਿਸਤਾਨ ਟਾਈਗਰ ਫੋਰਸ ਦੇ ਬਾਨੀ ਅਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਵਿਚ ਅਹਿਮ ਰੋਲ ਅਦਾ ਕਰਨ ਵਾਲੇ ਜਗਤਾਰ ਸਿੰਘ ਤਾਰਾ ਬਾਰੇ ਅਖਿਲ ਭਾਰਤੀ ਹਿੰਦੂ ਸੁਰੱਖਿਆ ਸਮਿਤੀ ਨੇ ਐਲਾਨ ਕੀਤਾ ਹੈ ਕਿ ਇਸ ਖਾੜਕੂ ਬਾਰੇ ਇਤਲਾਹ ਜਾਂ ਸੁਰਾਗ ਦੇਣ ਵਾਲੇ ਨੂੰ ਸਮਿਤੀ 15 ਲੱਖ ਰੁਪਏ ਦੇਵੇਗੀ।

ਸਮਿਤੀ ਦੇ ਕੌਮੀ ਆਗੂ ਪੰਚਾਨੰਦ ਨੇ ਕਿਹਾ ਕਿ ਜਗਤਾਰ ਸਿੰਘ ਤਾਰਾ ਦੀਆਂ ਸੰਭਾਵੀ ਕਾਰਵਾਈਆਂ ਰੋਕਣ ਲਈ ਜੇ ਸਰਕਾਰ ਨੇ ਕੁਝ ਨਾ ਕੀਤਾ ਤਾਂ ਖਾਲਿਸਤਾਨ ਦੀ ਲਹਿਰ ਇਕ ਵਾਰ ਫਿਰ ਉੱਠ ਖੜ੍ਹੀ ਹੋਵੇਗੀ। ਤਾਰਾ ਵੱਲੋਂ ਪੰਜਾਬ 'ਚ ਬੈਠ ਕੇ ਕੀਤੀ ਜਾ ਰਹੀ ਨਵੀਂ ਭਰਤੀ 'ਤੇ ਸ੍ਰੀ ਪੰਚਾਨੰਦ ਦੇ ਸਾਥੀਆਂ ਨੀਰਜ ਧਵਨ, ਮਨੋਜ ਕੁਮਾਰ, ਗੌਰਵ ਸੂਦ ਤੇ ਹੋਰ ਮੈਬਰਾਂ ਨੇ ਚਿੰਤਾ ਪ੍ਰਗਟ ਕੀਤੀ। ਇਸੇ ਦੌਰਾਨ ਸ਼ਿਵ ਸੈਨਾ ਨੇ ਵੀ ਜਗਤਾਰ ਸਿੰਘ ਤਾਰਾ ਦਾ ਸੁਰਾਗ ਦੇਣ ਵਾਲੇ ਨੂੰ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਸ਼ਿਵ ਸੈਨਾ ਪੰਜਾਬ ਦੇ ਆਗੂ ਰਾਜੀਵ ਟੰਡਨ ਅਤੇ ਪੰਜਾਬ ਦੇ ਪ੍ਰਧਾਨ ਸੰਜੀਵ ਘਨੌਲੀ ਨੇ ਕਿਹਾ ਕਿ ਪੰਜਾਬ ਦੇ ਲੋਕ ਖਾੜਕੂਆਂ ਹੱਥੋਂ ਪਹਿਲਾਂ ਹੀ ਬਹੁਤ ਦੁੱਖ ਝੱਲ ਚੁੱਕੇ ਹਨ।

## ਮਨਪ੍ਰੀਤ ਤੇ ਬਰਨਾਲਾ ਨੇ ਬਾਦਲ ਨੂੰ ਵੰਗਾਰਿਆ

ਮੰਤਰੀ ਬਾਦਲ ਨੇ ਕੀਤੀ ਹੈ ਜਿਨ੍ਹਾਂ ਨੇ ਦਲ 'ਤੇ ਆਪਣੇ ਪਰਿਵਾਰ ਦਾ ਕਬਜ਼ਾ ਕਰਨ ਲਈ ਕੋਝੀਆਂ ਚਾਲਾਂ ਚੱਲ ਕੇ ਨਾ ਸਿਰਫ਼ ਵੱਖ-ਵੱਖ ਸੀਨੀਅਰ ਲੀਡਰਾਂ ਨੂੰ ਪਾਰਟੀ ਤੋਂ ਬਾਹਰ ਦਾ ਰਾਹ ਵਿਖਾਇਆ ਬਲਕਿ ਸੁਮੱਚੀਆਂ ਪੰਥਕ ਰਹੁ-ਰੀਤਾਂ ਨੂੰ ਛਿੱਕੇ ਟੰਗ ਕੇ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦਾ ਪ੍ਰਧਾਨ ਥਾਪ ਦਿੱਤਾ। ਸ. ਬਰਨਾਲਾ ਨੇ ਕਿਹਾ ਕਿ ਦੂਜਿਆਂ ਨੂੰ ਗੱਦਾਰ ਕਹਿਣ ਤੋਂ ਪਹਿਲਾਂ ਸ. ਬਾਦਲ ਆਪਣੇ ਅੰਦਰ ਤਾਂ ਝਾਕ ਲੈਣ।

ਮਨਪ੍ਰੀਤ ਬਾਦਲ ਦੇ ਪਿਤਾ ਤੇ ਮੁੱਖ ਮੰਤਰੀ ਸ. ਬਾਦਲ ਦੇ ਭਰਾ ਗੁਰਦਾਸ ਸਿੰਘ ਬਾਦਲ ਨੇ ਕਿਹਾ ਹੈ ਕਿ ਬਾਦਲ ਸਾਹਿਬ ਨੇ ਖੁਦ ਉਸ ਦੇ ਪਰਿਵਾਰ 'ਤੇ ਇਹ ਚੋਣ ਜੰਗ ਥੋਪੀ ਹੈ। ਇਸ ਲਈ ਪਿੱਛੇ ਹਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰਦਾਸ ਸਿੰਘ ਬਾਦਲ ਦਾ ਕਹਿਣਾ ਹੈ ਕਿ ਨਵੀਂ ਸਿਆਸੀ ਪਾਰਟੀ ਬਣਾਉਣ ਨਾਲ ਕੋਈ ਵਿਅਕਤੀ ਗੱਦਾਰ ਨਹੀਂ ਬਣ ਜਾਂਦਾ। ਉਸ ਨੇ ਕਿਸੇ ਨਾਲ ਕੋਈ ਧੋਖਾ ਨਹੀਂ ਕੀਤਾ ਤੇ ਇਹ ਬਾਦਲ ਸਾਹਿਬ ਹੀ ਸਨ ਜਿਨ੍ਹਾਂ ਨੇ ਉਸ ਨੂੰ ਪਾਰਟੀ 'ਚੋਂ ਕੱਢਿਆ, ਫਿਰ ਉਸ ਨੂੰ ਗੱਦਾਰ ਕਿਵੇਂ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਦੇ ਆਸ ਨਹੀਂ ਸੀ ਕਿ ਵੱਡਾ ਭਰਾ ਇਸ ਹੱਦ ਤਕ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਜਾਣਦੇ ਹਨ ਕਿ ਪ੍ਰਕਾਸ਼ ਸਿੰਘ ਬਾਦਲ ਇਸ ਵੇਲੇ ਕਠਪੁਤਲੀ ਮੁੱਖ ਮੰਤਰੀ ਹਨ ਤੇ ਅਸਲ ਮੁੱਖ ਮੰਤਰੀ ਤਾਂ ਸੁਖਬੀਰ ਹੈ।

## ਖੇਡ ਪ੍ਰੋਮੋਟਰ ਧਾਰਨੀ ਕਤਲ, ਕਾਤਲ ਵਲੋਂ ਖੁਦਕੁਸ਼ੀ

*(ਸਫਾ ਇਕ ਦੀ ਬਾਕੀ)*

ਧੀਆਂ ਵੀ ਕੋਲ ਹੀ ਸਨ। ਵੱਡੀ ਧੀ ਨੇ 911 ਕਾਲ ਕਰ ਕੇ ਪੁਲਿਸ ਨੂੰ ਇਤਲਾਹ ਕੀਤੀ। ਐਮਰਜੈਂਸੀ ਮੈਡੀਕਲ ਅਮਲੇ ਨੇ ਧਾਰਨੀ ਨੂੰ ਹਸਪਤਾਲ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਉਨ੍ਹਾਂ ਦੇ ਹੱਥਾਂ ਵਿਚ ਹੀ ਦਮ ਤੋੜ ਗਿਆ। ਅਮਨਦੀਪ ਪੰਜਾਬ ਵਿਚ ਫਤਿਹਗੜ੍ਹ ਸਾਹਿਬ ਜ਼ਿਲੇ ਦੇ ਕਸਬਾ ਬਸੀ ਪਠਾਣਾਂ ਤੋਂ ਸੀ ਅਤੇ 1994 ਵਿਚ ਉਹ ਅਮਰੀਕਾ ਆ ਗਿਆ ਸੀ।

ਪੁਲਿਸ ਸੂਤਰਾਂ ਅਨੁਸਾਰ ਵਾਰਦਾਤ ਕੋਈ 11:20 'ਤੇ ਹੋਈ। ਦੋਹਾਂ ਵਿਚਾਲੇ ਡਰਾਈਵ-ਵੇਅ ਵਿਚ ਥੋੜ੍ਹਾ ਤਕਰਾਰ ਹੋਇਆ ਜਿਸ ਪਿਛੋਂ 32 ਸਾਲਾ ਜਗਦੀਪ ਸਿੰਘ ਨੇ ਅਮਨਦੀਪ ਧਾਰਨੀ ਉਤੇ ਗੋਲੀਆਂ ਚਲਾ ਦਿੱਤੀਆਂ। ਤਕਰਾਰ ਦਾ ਕਾਰਨ ਪੈਸੇ ਦਾ ਲੈਣ-ਦੇਣ ਦੱਸਿਆ ਗਿਆ ਹੈ। ਇਸ ਵਾਰਦਾਤ ਪਿਛੋਂ ਜਗਦੀਪ ਸਿੰਘ ਮੌਕੇ ਤੋਂ ਫਰਾਰ ਹੋ ਗਿਆ। ਬਾਅਦ ਵਿਚ ਪੁਲਿਸ ਨੇ ਮਿਸ਼ੀਗਨ ਸਟੇਟ ਦੇ ਲੂਨਾ ਪੀਅਰ ਟਾਊਨ ਵਿਚ ਸਥਿਤ ਉਸ ਮੋਟਲ ਨੂੰ ਘੇਰਾ ਪਾ ਲਿਆ ਜਿਥੇ ਜਗਦੀਪ ਠਹਿਰਿਆ ਸੀ। ਇਹ ਸ਼ਹਿਰ ਆਈ-75 'ਤੇ ਟੋਲੀਡੋ ਤੋਂ ਕੋਈ 15 ਮੀਲ ਹੈ। ਘੇਰੇ ਵਿਚ ਆਇਆ ਦੇਖ ਉਸ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਕਰੀਬ ਦੋ ਘੰਟੇ ਦੇ ਘੇਰੇ ਪਿਛੋਂ ਪੁਲਿਸ ਨੇ ਗੋਲੀ ਦੀ ਆਵਾਜ਼ ਸੁਣੀ। ਰਾਤ ਕਰੀਬ 11 ਵਜੇ ਪੁਲਿਸ ਨੇ ਉਸ ਨੂੰ ਦਰਵਾਜ਼ਾ ਤੋੜ ਕੇ ਅੰਦਰ ਮਰਿਆ ਪਾਇਆ। ਪੁਲਿਸ ਅਨੁਸਾਰ ਜਗਦੀਪ ਨੇ ਫੋਨ ਉਤੇ ਛੱਡੇ ਸੁਨੇਹੇ ਵਿਚ ਮੰਨਿਆ ਸੀ ਕਿ ਉਸ ਹੱਥੋਂ ਕਤਲ ਹੋ ਗਿਆ ਹੈ। ਪੁਲਿਸ ਨੂੰ ਜਗਦੀਪ ਦੇ ਇਸ ਹੋਟਲ ਵਿਚ ਠਹਿਰੇ ਹੋਣ ਦਾ ਪਤਾ ਉਸ ਦੀ ਕਾਰ ਤੋਂ ਲੱਗਾ। ਬਟਲਰ ਕਾਊਂਟੀ ਪੁਲਿਸ ਦਾ ਖਿਆਲ ਹੈ ਕਿ ਜਗਦੀਪ ਕੈਨੇਡਾ ਭੱਜਣ ਦੀ ਕੋਸ਼ਿਸ਼ ਵਿਚ ਸੀ। ਜ਼ਿਕਰਯੋਗ ਹੈ ਕਿ ਕੋਈ 5-6 ਸਾਲ ਪਹਿਲਾਂ ਅਮਨਦੀਪ ਨੇ ਹੀ ਜਗਦੀਪ ਨੂੰ ਅਮਰੀਕਾ ਬੁਲਾਇਆ ਸੀ। ਅਮਨਦੀਪ ਦੇ ਪਰਿਵਾਰ ਪਾਸ ਓਹਾਇਓ ਅਤੇ ਮਿਸੀਸਿਪੀ ਵਿਚ ਕਈ ਗੈਸ ਸਟੇਸ਼ਨ ਅਤੇ ਕਨਵੀਨੀਐਂਸ ਸਟੋਰ ਹਨ।

ਅਮਨਦੀਪ ਦੀ ਵੱਡੀ ਧੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਿਤਾ ਤੇ ਚਾਚਾ ਪੈਸੇ ਦੇ ਮਾਮਲੇ ਵਿਚ ਝਗੜ ਰਹੇ ਸਨ ਜਦੋਂ ਗੁੱਸੇ ਵਿਚ ਆਏ ਚਾਚੇ ਨੇ ਉਸ ਦੇ ਪਿਤਾ ਉਤੇ ਗੋਲੀ ਚਲਾ ਦਿੱਤੀ। ਕਰੀਬ ਇਕ ਘੰਟੇ ਦੀ ਤਫਤੀਸ਼ ਪਿਛੋਂ ਪੁਲਿਸ ਨੇ ਜਗਦੀਪ ਦੀ ਗ੍ਰਿਫਤਾਰੀ ਦੇ ਵਾਰੰਟ ਲੈ ਲਏ ਅਤੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ। ਪੁਲਿਸ ਨੂੰ ਡਰ ਸੀ ਕਿ ਜਗਦੀਪ ਪਾਸ ਕੈਨੇਡੀਅਨ ਪਾਸਪੋਰਟ ਹੈ ਅਤੇ ਉਹ ਕੈਨੇਡਾ ਭੱਜ ਸਕਦਾ ਹੈ। ਅਖੀਰ ਪੁਲਿਸ ਨੂੰ ਜਗਦੀਪ ਦੇ ਮਿਸ਼ੀਗਨ ਦੀ ਮਨਰੋ ਕਾਊਂਟੀ ਦੇ ਇਕ ਹੋਟਲ ਵਿਚ ਠਹਿਰੇ ਹੋਣ ਦੀ ਸੂਹ ਮਿਲੀ ਅਤੇ ਇਸ ਨੇ ਕਰੀਬ 9 ਵਜੇ ਮੋਟਲ ਨੂੰ ਘੇਰਾ ਪਾ ਲਿਆ। ਪੁਲਿਸ ਦੇ ਘੇਰੇ ਤੋਂ ਅਣਜਾਣ ਜਗਦੀਪ ਨੇ ਪੀਜ਼ਾ ਆਰਡਰ ਕੀਤਾ ਅਤੇ ਪੀਜ਼ਾ ਲੈਣ ਲਈ ਜਦੋਂ ਉਸ ਦਰਵਾਜ਼ਾ ਖੋਲ੍ਹਿਆ ਤਾਂ ਉਸ ਨੂੰ ਪੁਲਿਸ ਦੇ ਘੇਰੇ ਦਾ ਪਤਾ ਲੱਗਾ। ਇਸ ਤੋਂ ਕੁਝ ਹੀ ਮਿੰਟਾਂ ਬਾਅਦ ਪੁਲਿਸ ਨੂੰ ਗੋਲੀ ਦੀ ਆਵਾਜ਼ ਸੁਣੀ। ਪੁਲਿਸ ਦਾ ਵਿਸ਼ਵਾਸ ਹੈ ਕਿ ਜਗਦੀਪ ਨੇ ਖੁਦਕੁਸ਼ੀ ਲਈ ਉਸੇ ਗਨ ਦਾ ਇਸਤੇਮਾਲ ਕੀਤਾ ਜਿਸ ਨਾਲ ਕਿ ਉਸ ਨੇ ਅਮਨਦੀਪ ਦਾ ਕਤਲ ਕੀਤਾ ਸੀ।

ਇਸੇ ਦੌਰਾਨ ਮਿਡਵੈਸਟ ਦੀਆਂ ਵੱਖ ਵੱਖ ਖੇਡ ਕਲੱਬਾਂ ਨੇ ਸ੍ਰੀ ਧਾਰਨੀ ਨਾਲ ਵਾਪਰੇ ਇਸ ਦੁਖਾਂਤ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਪਾਸੋਂ ਵਾਲੀਬਾਲ, ਕਬੱਡੀ ਅਤੇ ਹੋਰ ਖੇਡਾਂ ਦਾ ਇਕ ਵਧੀਆ ਪ੍ਰੋਮੋਟਰ ਖੁਸ ਗਿਆ ਹੈ। ਪੰਜਾਬ ਸਪੋਰਟਸ ਕਲੱਬ, ਸਿਨਸਿਨੈਟੀ, ਜਿਸ ਨਾਲ ਅਮਨਦੀਪ ਕਾਫੀ ਨੇੜਿਓਂ ਜੁੜਿਆ ਹੋਇਆ ਸੀ, ਦੇ ਪ੍ਰਧਾਨ ਸ. ਮੁਖਤਿਆਰ ਸਿੰਘ ਸੇਖੋਂ ਨੇ ਕਲੱਬ ਦੀ ਤਰਫੋਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਨ੍ਹਾਂ ਪਾਸੋਂ ਕਲੱਬ ਦਾ ਇਕ ਵਧੀਆ ਸੂਪੋਰਟਰ ਅਤੇ ਖੇਡਾਂ ਦਾ ਪ੍ਰੋਮੋਟਰ ਖੁਸ ਗਿਆ ਹੈ। ਅਜਿਹੇ ਹੀ ਵੱਖ ਵੱਖ ਸੁਨੇਹਿਆਂ ਵਿਚ ਪੰਜਾਬ ਸਪੋਰਟਸ ਕਲੱਬ-ਕਲੀਵਲੈਂਡ (ਓਹਾਇਓ), ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਸਿਨਸਿਨੈਟੀ (ਓਹਾਇਓ), ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ (ਡਿਟਰਾਇਟ), ਪੰਜਾਬੀ ਕਮਿਊਨਿਟੀ ਆਰਗੇਨਾਈਜੇਸ਼ਨ (ਪੀ ਸੀ ਓ) ਮਿਲਵਾਕੀ, ਪੰਜਾਬੀ ਵਿਰਸਾ ਸਪੋਰਟਸ ਐਸੋਸੀਏਸ਼ਨ, ਨਿਊ ਯਾਰਕ, ਕਿੰਗਜ਼ ਸਪੋਰਟਸ ਕਲੱਬ, ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਕੈਲੀਫੋਰਨੀਆ), ਬੇਏਰੀਆ ਸਪੋਰਸਟ ਕਲੱਬ (ਕੈਲੀਫੋਰਨੀਆ) ਅਤੇ ਹੋਰ ਬਹੁਤ ਸਾਰੀਆਂ ਖੇਡ ਸੰਸਥਾਵਾਂ ਨੇ ਅਮਨਦੀਪ ਧਾਰਨੀ ਦੇ ਇਸ ਦਰਦਨਾਕ ਕਤਲ ਉਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

## ਡਿਪੋਰਟੇਸ਼ਨ ਤੋੜਨ ਸਬੰਧੀ ਨਵੀਂ ਨੀਤੀ 'ਤੇ ਅਮਲ ਦੋ ਹਫਤਿਆਂ ਵਿਚ:ਨੈਪਲੀਟਾਨੋ

**ਸੈਕਰਾਮੈਂਟੋ (ਬਿਊਰੋ):** ਅਮਰੀਕੀ ਹੋਮਲੈਂਡ ਸਿਕਿਓਰਿਟੀ ਸੈਕਟਰੀ ਜੈਨਿਟ ਨੈਪਲੀਟਾਨੋ ਨੇ ਡਿਪੋਰਟੇਸ਼ਨ ਤੋੜਨ ਸਬੰਧੀ ਨਵੀਂ ਨੀਤੀ 'ਤੇ ਦੋ ਹਫਤਿਆਂ ਦੇ ਅੰਦਰ ਅਮਲ ਸ਼ੁਰੂ ਕਰ ਦੇਣ ਦਾ ਐਲਾਨ ਕੀਤਾ ਹੈ। ਬੀਤੇ ਬੁੱਧਵਾਰ ਅਮਰੀਕੀ ਸੈਨੇਟ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਡਿਪੋਰਟੇਸ਼ਨ ਕੇਸਾਂ ਦੀ ਨਜ਼ਰਸਾਨੀ ਕਰਨ ਵਾਲੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਇਨ੍ਹਾਂ ਕੇਸਾਂ ਵਿਚ ਉਹ ਕੇਸ ਵੀ ਸ਼ਾਮਿਲ ਹੋਣਗੇ ਜੋ ਇੰਮੀਗ੍ਰੇਸ਼ਨ ਅਦਾਲਤਾਂ ਵਿਚ ਚਲ ਰਹੇ ਹਨ ਜਾਂ ਜਿਨ੍ਹਾਂ ਤੇ ਡਿਪੋਰਟੇਸ਼ਨ ਲੱਗ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਿਭਾਗ ਦਾ ਇਹ ਫੈਸਲਾ ਕਿ ਜਿਨ੍ਹਾਂ ਕੋਈ ਅਪਰਾਧ ਨਹੀਂ ਕੀਤਾ ਉਨ੍ਹਾਂ ਨੂੰ ਡਿਪੋਰਟ ਨਹੀਂ ਕੀਤਾ ਜਾਵੇਗਾ, ਬਿਲਕੁਲ ਸਹੀ ਹੈ।

ਬੀਬੀ ਨੈਪਲੀਟਾਨੋ ਨੇ ਸਪਸ਼ਟ ਕੀਤਾ ਕਿ ਸਾਰੇ ਕੇਸਾਂ ਨੂੰ ਲੋਅ ਪਰਾਇਓਰਿਟੀ ਅਤੇ ਹਾਈ ਪਰਾਇਓਰਿਟੀ ਵਰਗ ਵਿਚ ਵੰਡਿਆ ਜਾਵੇਗਾ। ਪਿਛਲੇ ਸਾਲ ਐਲਾਨੀ ਗਈ ਨੀਤੀ ਦੇ ਤਹਿਤ ਫੈਡਰਲ ਇੰਮੀਗ੍ਰੇਸ਼ਨ ਅਧਿਕਾਰੀ ਗੈਰ-ਕਾਨੂੰਨੀ ਢੰਗ ਨਾਲ ਆ ਚੁੱਕੇ ਪ੍ਰਵਾਸੀਆਂ ਨੂੰ ਡਿਪੋਰਟ ਕਰਨ 'ਤੇ ਬਹੁਤਾ ਜ਼ੋਰ ਦੇਣਗੇ ਜੋ ਕਿ ਜਨਤਾ ਅਤੇ ਦੇਸ਼ ਦੀ ਸੁਰੱਖਿਆ ਲਈ ਖਤਰਾ ਬਣਦੇ ਹਨ। ਉਨ੍ਹਾਂ ਕਿਹਾ ਕਿ ਕਾਰਨਾਂ ਦੀ ਸੂਚੀ 'ਤੇ ਵਿਚਾਰ ਕਰਨ ਉਪਰੰਤ ਦੇਸ਼ ਦੇ ਵਿਕਾਸ ਵਿਚ ਹਿੱਸਾ ਪਾ ਰਹੇ ਅਤੇ ਅਮਰੀਕੀ ਕਾਨੂੰਨ ਦੀ ਉਲੰਘਣਾ ਨਾ ਕਰਨ ਵਾਲਿਆਂ ਖਿਲਾਫ ਚੱਲਦੇ ਮਾਮਲੇ ਪ੍ਰਸ਼ਾਸਨਿਕ ਤੌਰ ਤੇ ਬੰਦ ਕਰ ਦਿਤੇ ਜਾਣਗੇ। ਇਨ੍ਹਾਂ ਕਾਰਨਾਂ ਵਿਚ ਅਮਰੀਕਾ ਵਿਚ ਰਹਿਣ ਦਾ ਸਮਾਂ ਸ਼ਾਮਿਲ ਹੈ। ਜੇਕਰ ਉਹ ਨਿਵਾਸੀ ਬਾਲ ਅਵਸਥਾ ਵਿਚ ਅਮਰੀਕਾ ਆਇਆ ਹੈ, ਫੌਜ ਵਿਚ ਸੇਵਾ ਕੀਤੀ ਹੈ ਜਾਂ ਉਸ ਦੇ ਮਾਂ-ਬਾਪ ਅਮਰੀਕੀ ਨਾਗਰਿਕ ਹਨ ਤਾਂ ਅਜਿਹੇ ਕੇਸਾਂ ਉਪਰ ਡਿਪੋਰਟੇਸ਼ਨ ਰੱਦ ਕਰਨ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ। ਨਵੀਂ ਨੀਤੀ ਪਹਿਲੇ ਪ੍ਰਸ਼ਾਸਨ ਦੀਆਂ ਨੀਤੀਆਂ ਦੇ ਸਮਾਨ ਹੈ ਅਤੇ ਇੰਮੀਗ੍ਰੇਸ਼ਨ ਲਾਗੂ ਕਰਨ ਲਈ "ਆਮ ਸਮਝ" ਵਾਲਾ ਤਰੀਕਾ ਹੈ। ਹੋਮਲੈਂਡ ਸਿਕਿਓਰਿਟੀ ਸੈਕਟਰੀ ਨੇ ਕਿਹਾ ਕਿ ਜਿਨ੍ਹਾਂ ਨੇ ਸੰਗੀਨ ਅਪਰਾਧ ਕੀਤੇ ਹਨ, ਉਨ੍ਹਾਂ ਨੂੰ ਹੀ ਡਿਪੋਰਟ ਕੀਤਾ ਜਾਵੇਗਾ।

ਅਟਾਰਨੀ ਜਸਪ੍ਰੀਤ ਸਿੰਘ ਨੇ ਇਸ ਨਵੀਂ ਨੀਤੀ 'ਤੇ ਛੇਤੀ ਅਮਲ ਸਬੰਧੀ ਐਲਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ 22 ਅਗਸਤ 2011 ਤੋਂ ਬਾਅਦ ਪਹਿਲੀ ਵਾਰੀ ਲਿਆ ਗਿਆ ਵੱਡਾ ਫੈਸਲਾ ਹੈ। ਉਨ੍ਹਾਂ ਦੱਸਿਆ ਕਿ ਇਸ ਨੀਤੀ ਤਹਿਤ ਅਮਰੀਕਾ ਦੇ ਕਾਨੂੰਨ ਦਾ ਆਦਰ ਕਰਨ ਵਾਲੇ ਅਤੇ ਜਿਨ੍ਹਾਂ ਨੇ ਕੋਈ ਸੰਗੀਨ ਅਪਰਾਧ ਨਹੀਂ ਕੀਤੇ, ਉਨ੍ਹਾਂ ਨੂੰ ਵੱਡਾ ਫਾਇਦਾ ਮਿਲੇਗਾ ਅਤੇ ਉਹ ਡਿਪੋਰਟੇਸ਼ਨ ਤੋਂ ਬਚ ਸਕਣਗੇ।

## ਭਾਰਤ ਨੇ ਫਰਾਂਸ ਕੋਲ ਪੱਗ ਦਾ ਮਸਲਾ ਉਠਾਇਆ

**ਨਵੀਂ ਦਿੱਲੀ:** ਭਾਰਤ ਨੇ ਫਰਾਂਸ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਉਥੇ ਰਹਿੰਦੇ ਸਿੱਖਾਂ ਦੀ ਪੱਗ 'ਤੇ ਲੱਗੀ ਹੋਈ ਪਾਬੰਦੀ ਦਾ ਮਾਮਲਾ ਆਪਸੀ ਰਜ਼ਾਮੰਦੀ ਰਾਹੀਂ ਹੱਲ ਕੀਤਾ ਜਾਵੇ। ਦੂਜੇ ਪਾਸੇ ਫਰਾਂਸ ਨੇ ਵੀ ਇਸ ਨਾਜ਼ੁਕ ਮਾਮਲੇ ਨੂੰ ਵਿਚਾਰਨ ਭਰੋਸਾ ਦਵਾਇਆ ਹੈ। ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਭਾਰਤੀ ਦੌਰੇ 'ਤੇ ਆਏ ਆਪਣੇ ਫਰਾਂਸੀਸੀ ਹਮਰੁਤਬਾ ਐਲੇਨ ਜੁੱਪੇ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਪੱਗ ਇੱਜ਼ਤ-ਮਾਣ ਦੀ ਪ੍ਰਤੀਕ ਹੈ। ਇਹ ਹਰੇਕ ਭਾਰਤੀ ਲਈ ਬੜਾ ਹੀ ਨਾਜ਼ੁਕ ਮਾਮਲਾ ਹੈ। ਇਸ ਮਾਮਲੇ ਦਾ ਆਪਸੀ ਸਹਿਮਤੀ ਵਾਲਾ ਹੱਲ ਲੱਭਣ ਲਈ ਫਰਾਂਸ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਹੈ।

ਉਨ੍ਹਾਂ ਨਾਲ ਹੀ ਕਿਹਾ ਕਿ ਸਿੱਖਾਂ ਨੂੰ ਹਵਾਈ ਅੱਡਿਆਂ ਉਤੇ ਪੇਸ਼ ਆਉਂਦੀਆਂ ਮੁਸ਼ਕਲਾਂ ਬਾਰੇ ਇਟਲੀ ਦੇ ਵਿਦੇਸ਼ ਮੰਤਰੀ ਨੂੰ ਵੀ ਖ਼ਤ ਲਿਖਿਆ ਗਿਆ ਹੈ।ਤੇ ਇਸ ਬਾਰੇ ਯੂਰਪੀ ਯੂਨੀਅਨ ਨਾਲ ਵੀ ਗੱਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਇਨ੍ਹਾਂ ਮਾਮਲਿਆਂ ਦੇ ਜਲਦ ਹੱਲ ਹੋਣ ਦੀ ਆਸ ਹੈ। ਗੌਰਤਲਬ ਹੈ ਕਿ ਫਰਾਂਸ ਨੇ ਸਿਰ 'ਤੇ ਪੱਗ ਜਾਂ ਹੋਰ ਕੋਈ ਵੀ ਧਾਰਮਿਕ ਨਿਸ਼ਾਨ ਧਾਰਨ ਕਰਕੇ ਜਨਤਕ ਥਾਵਾਂ ਜਿਵੇਂ ਸਕੂਲਾਂ ਆਦਿ ਵਿਚ ਜਾਣ 'ਤੇ ਪਾਬੰਦੀ ਲਾਈ ਹੋਈ ਹੈ। ਜਨਾਬ ਜੁੱਪੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਮੁਲਕ ਵਿਚ ਸਿੱਖ ਭਾਈਚਾਰੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਰਿਹਾ ਤੇ ਜ਼ੋਰ ਦੇ ਕੇ ਕਿਹਾ ਕਿ ਇਹ ਪਾਬੰਦੀ ਫਰਾਂਸ ਦੀ ਧਰਮ-ਨਿਰਪੱਖਤਾ ਦੀ ਨੀਤੀ 'ਤੇ ਆਧਾਰਤ ਹੈ।

ਉਨ੍ਹਾਂ ਕਿਹਾ ਕਿ ਫਰਾਂਸ ਜਮਹੂਰੀਅਤ ਤੇ ਆਜ਼ਾਦੀ ਵਿਚ ਵਿਸ਼ਵਾਸ ਕਰਦਾ ਹੈ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਮਜ਼੍ਹਬ ਦਾ ਸਿਆਸੀ ਤੇ ਰੋਜ਼ਾਨਾ ਜ਼ਿੰਦਗੀ ਵਿਚ ਕੋਈ ਦਖਲ ਨਾ ਹੋਵੇ। ਅਸੀਂ ਜਨਤਕ ਥਾਵਾਂ ਉਤੇ ਧਾਰਮਿਕ ਨਿਸ਼ਾਨ ਪਹਿਨਣ ਉਤੇ ਪਾਬੰਦੀ ਲਾਈ ਹੋਈ ਹੈ। ਉਂਜ ਉਨ੍ਹਾਂ ਇਸ ਮਾਮਲੇ ਉਤੇ ਵਿਚਾਰ ਕਰਨ ਦੀ ਆਪਣੇ ਮੁਲਕ ਦੀ ਇੱਛਾ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਅਸੀਂ ਇਹ ਮਾਮਲਾ ਸਿੱਖ ਭਾਈਚਾਰੇ ਨਾਲ ਵਿਚਾਰਨ ਤੇ ਕੋਈ ਬਿਹਤਰ ਹੱਲ ਲੱਭਣ ਦੇ ਚਾਹਵਾਨ ਹਾਂ।




Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# ਅਕਾਲੀ ਦਲ ਅਤੇ ਸਾਂਝਾ ਮੋਰਚਾ ਆਹਮੋ-ਸਾਹਮਣੇ

## ਬਾਦਲ ਸਿੱਖ ਪੰਥ ਦਾ ਅਸਲ ਗਦਾਰ: ਬਰਨਾਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬ) ਨੇ ਕਾਂਗਰਸ ਦੀ ਬਜਾਏ ਸਾਂਝਾ ਮੋਰਚਾ ਨੂੰ ਨਿਸ਼ਾਨਾ ਬਣਾਉਂਦਿਆਂ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਮਨਪ੍ਰੀਤ ਸਿੰਘ ਬਾਦਲ ਦੀ ਤਿੱਖੀ ਅਲੋਚਨਾ ਸ਼ੁਰੂ ਕਰ ਦਿੱਤੀ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਲੰਬੀ ਹਲਕੇ ਵਿਚ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਤੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਵਿਰੁੱਧ ਕੀਤੀਆਂ ਗਈਆਂ ਤਿੱਖੀਆਂ ਟਿੱਪਣੀਆਂ ਨੂੰ ਲੈ ਕੇ ਦੋਵਾਂ ਧਿਰਾਂ ਵਿਚਾਲੇ ਦੂਸ਼ਣਬਾਜ਼ੀ ਸਿਖਰ 'ਤੇ ਪੁੱਜ ਗਈ ਹੈ। ਸ. ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਤਾਏ ਸ. ਬਾਦਲ ਨੂੰ ਸੂਬੇ ਦਾ ਮੁੱਖ ਗਦਾਰ ਦੱਸਦਿਆਂ ਉਨ੍ਹਾਂ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਆਪਣੇ ਸੌੜੇ ਰਾਜਸੀ ਹਿੱਤਾਂ ਲਈ ਪੰਜਾਬ ਦਾ ਅੱਧਾ ਕਰਜ਼ਾ ਜੋ 35000 ਕਰੋੜ ਰੁਪਏ ਬਣਦਾ ਸੀ, ਨੂੰ ਮਾਫ਼ ਕਰਵਾਉਣ ਦਾ ਮੌਕਾ ਅੱਖੋਂ-ਪਰੋਖੇ ਕੀਤਾ ਜਿਸ ਲਈ ਪੰਜਾਬੀ ਕਦੇ ਵੀ ਉਨ੍ਹਾਂ ਨੂੰ ਮੁਆਫ਼ ਨਹੀਂ ਕਰਨਗੇ।

ਉਨ੍ਹਾਂ ਸ. ਬਾਦਲ ਤੇ ਉਨ੍ਹਾਂ ਦੇ ਉਪ ਮੁੱਖ ਮੰਤਰੀ ਬੇਟੇ ਨੂੰ ਤਾਨਾਸ਼ਾਹ ਗਰਦਾਨਿਆ। ਉਨ੍ਹਾਂ ਸ. ਬਾਦਲ 'ਤੇ ਇਹ ਵੀ ਦੋਸ਼ ਲਾਇਆ ਕਿ ਉਨ੍ਹਾਂ ਸ. ਗੁਰਚਰਨ ਸਿੰਘ ਟੌਹੜਾ ਸਮੇਤ ਇਕ ਤੋਂ ਬਾਅਦ ਦੂਸਰੇ ਰਾਜਸੀ ਆਗੂ ਤੇ ਆਪਣੇ ਸਾਥੀਆਂ ਦੀ ਪਿੱਠ ਵਿਚ ਛੁਰਾ ਮਾਰਿਆ ਜਿਨ੍ਹਾਂ ਵਿਚ ਕੈਪਟਨ ਅਮਰਿੰਦਰ ਸਿੰਘ ਵੀ ਸ਼ਾਮਲ ਹੈ। ਉਨ੍ਹਾਂ ਦਾਅਵਾ ਕੀਤਾ ਸ. ਬਾਦਲ ਜਾਂ ਉਨ੍ਹਾਂ ਦਾ ਬੇਟਾ ਲੰਬੀ ਤੇ ਗਿੱਦੜਬਾਹਾ ਹਲਕੇ ਤੋਂ ਚੋਣ ਲੜਨ ਦੀ ਗੱਲ ਸੋਚ ਵੀ ਨਹੀਂ ਸਕਦੇ ਕਿਉਂਕਿ ਇਨ੍ਹਾਂ ਹਲਕਿਆਂ ਦੇ ਲੋਕਾਂ ਨੇ ਦੋਵਾਂ ਦਾ ਅਸਲ ਰੂਪ ਦੇਖ ਲਿਆ ਹੈ।

ਦੂਜੇ ਪਾਸੇ ਮੁੱਖ ਮੰਤਰੀ ਦੇ ਸਲਾਹਕਾਰ ਤੇ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਜੁਆਬੀ ਬਿਆਨ ਵਿਚ ਸ. ਮਨਪ੍ਰੀਤ ਸਿੰਘ ਬਾਦਲ ਤੇ ਸੁਰਜੀਤ ਸਿੰਘ ਬਰਨਾਲਾ ਨੂੰ ਕਾਂਗਰਸ ਦੀ ਢਾਲ ਬਣ ਕੇ ਉਨ੍ਹਾਂ ਦੇ ਬਚਾਅ ਲਈ ਕੰਮ ਕਰਨ ਦੀ ਥਾਂ ਕਾਂਗਰਸ ਨਾਲ ਮਿਲ ਕੇ ਜ਼ਮਾਨਤ ਬਚਾਊ ਯਾਤਰਾ ਸ਼ੁਰੂ ਕਰਨ ਦੀ ਰਾਏ ਦਿੱਤੀ। ਦਲ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਮਨਪ੍ਰੀਤ ਨੂੰ ਆਪਣੇ ਸਿਆਸੀ ਗੁਰੂ ਸ. ਪ੍ਰਕਾਸ਼ ਸਿੰਘ ਬਾਦਲ ਤੋਂ ਭਗੌੜੇ ਹੋਏ ਕਰਾਰ ਦਿੰਦਿਆਂ ਉਨ੍ਹਾਂ ਨੂੰ ਬੁੱਕਲ ਦਾ ਸੱਪ ਦੱਸਿਆ।



ਪਿੰਡ ਬਾਦਲ ਵਿਖੇ ਧਾਰਮਿਕ ਸਮਾਗਮ ਦੌਰਾਨ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਅਸਲ ਗੱਦਾਰੀ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ ਹੈ ਜਿਨ੍ਹਾਂ ਨੇ ਦਲ 'ਤੇ ਆਪਣੇ ਪਰਿਵਾਰ ਦਾ ਕਬਜ਼ਾ ਕਰਨ ਲਈ ਕੋਝੀਆਂ ਚਾਲਾਂ ਚੱਲ ਕੇ ਨਾ ਸਿਰਫ਼ ਵੱਖ-ਵੱਖ ਸੀਨੀਅਰ ਲੀਡਰਾਂ ਨੂੰ ਪਾਰਟੀ ਤੋਂ ਬਾਹਰ ਦਾ ਰਾਹ ਵਿਖਾਇਆ ਬਲਕਿ ਸੁਮੱਚੀਆਂ ਪੰਥਕ ਰਹੁ-ਰੀਤਾਂ ਨੂੰ ਛਿੱਕੇ ਟੰਗ ਕੇ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦਾ ਪ੍ਰਧਾਨ ਥਾਪ ਦਿੱਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਆਪਣਾ ਇਕ ਇਤਿਹਾਸ ਰਿਹਾ ਹੈ ਤੇ ਲੋਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਹੀ 'ਪੰਥ' ਵਜੋਂ ਜਾਣਦੇ ਸਨ। ਸ. ਬਰਨਾਲਾ ਨੇ ਕਿਹਾ ਕਿ ਸੰਗਰੂਰ ਲੋਕ ਸਭਾ ਚੋਣ ਵਿਚ ਸੁਖਦੇਵ ਸਿੰਘ ਢੀਂਡਸਾ ਦੀ ਹਾਰ ਦਾ ਠੀਕਰਾ ਗਗਨਜੀਤ ਸਿੰਘ ਬਰਨਾਲਾ ਤੇ ਬਲਦੇਵ ਸਿੰਘ ਮਾਨ ਦੇ ਸਿਰ ਭੰਨਦਿਆਂ, ਉਨ੍ਹਾਂ ਨੂੰ ਬਗ਼ੈਰ ਕੋਈ ਕਾਰਨ ਦੱਸੇ ਨੋਟਿਸ ਤੋਂ ਪਾਰਟੀ 'ਚੋਂ ਕੱਢ ਦਿੱਤਾ ਗਿਆ। ਸ. ਬਰਨਾਲਾ ਨੇ ਕਿਹਾ ਕਿ ਦੂਜਿਆਂ ਨੂੰ ਗੱਦਾਰ ਕਹਿਣ ਤੋਂ ਪਹਿਲਾਂ ਸ. ਬਾਦਲ ਆਪਣੇ ਅੰਦਰ ਝਾਕ ਲੈਣ ਤਾਂ ਬਿਹਤਰ ਹੋਵੇਗਾ। ਉਨ੍ਹਾਂ ਕਿਹਾ ਕਿ ਆਪਣੇ ਘਰ ਭਰਨ ਵਾਲਿਆਂ ਬਾਰੇ ਸੂਬੇ ਦੀ ਜਨਤਾ ਬਾਖ਼ੂਬੀ ਜਾਣਦੀ ਹੈ। ਸ. ਬਰਨਾਲਾ ਨੇ ਕਿਹਾ ਕਿ ਸ. ਬਾਦਲ ਸਾਂਝਾ ਮੋਰਚੇ ਦੀ ਲੋਕਪ੍ਰਿਅਤਾ ਤੋਂ ਬੌਖਲਾਹਟ ਵਿਚ ਆ ਕੇ ਬੇਤੁੱਕੀ ਬਿਆਨਬਾਜ਼ੀ ਕਰ ਰਹੇ ਹਨ। ਉਨ੍ਹਾਂ ਕਿਹਾ ਪੰਜਾਬ ਦਾ ਹਰ ਵਰਗ ਮੌਜੂਦਾ ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਦੁਖੀ ਹੈ।

## ਸਾਂਝੇ ਮੋਰਚੇ ਦੇ ਆਗੂਆਂ ਨੂੰ ਲੋਕ ਸਿਆਸੀ ਬਨਵਾਸ 'ਤੇ ਭੇਜਣਗੇ: ਬਾਦਲ

**ਲੰਬੀ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਦੇ ਸੂਝਵਾਨ ਵੋਟਰ ਵਿਧਾਨ ਸਭਾ ਚੋਣਾਂ ਵਿਚ ਸਾਂਝੇ ਮੋਰਚੇ ਦੇ ਦਲ ਬਦਲੂ ਨੇਤਾਵਾਂ ਨੂੰ ਕਰਾਰੀ ਹਾਰ ਦੇ ਕੇ ਉਨ੍ਹਾਂ ਨੂੰ ਪੱਕੇ ਸਿਆਸੀ ਬਨਵਾਸ 'ਤੇ ਭੇਜ ਦੇਣਗੇ।



ਸ. ਬਾਦਲ ਨੇ ਕਿਹਾ ਕਿ ਸਾਂਝੇ ਮੋਰਚੇ ਦਾ ਕੋਈ ਅਧਾਰ ਨਹੀਂ ਤੇ ਲੋਕ ਦਲਬਦਲੂ ਆਗੂਆਂ ਨੂੰ ਸਬਕ ਸਿਖਾਉਣ ਲਈ ਕਾਹਲੇ ਹਨ। ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਕੋਸਦਿਆਂ ਸ. ਬਾਦਲ ਨੇ ਕਿਹਾ ਕਿ ਤੇਲ ਕੰਪਨੀਆਂ ਨੂੰ ਮੁਨਾਫਾਖੋਰੀ ਕਰਵਾਉਣ ਲਈ ਦੇਸ਼ ਤੇ ਸੂਬੇ ਦੇ ਆਮ ਨਾਗਰਿਕਾਂ 'ਤੇ ਤੇਲ ਦੀਆਂ ਕੀਮਤਾਂ ਵਿਚ ਰਿਕਾਰਡ ਤੋੜ ਵਾਧਾ ਕਰਕੇ ਆਰਥਿਕ ਬੋਝ ਲੱਦ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਨਾ ਸਿਰਫ ਤੇਲ ਕੀਮਤਾਂ ਵਿਚ ਵਾਧਾ ਕਰਕੇ ਆਮ ਆਦਮੀ ਦਾ ਲੱਕ ਤੋੜਿਆ ਸਗੋਂ ਖਾਦਾਂ ਦੀਆਂ ਕੀਮਤਾਂ ਵਿਚ ਵਾਧਾ ਕਰਕੇ ਕਿਸਾਨੀ ਨੂੰ ਵੀ ਢਾਹ ਲਾਈ ਹੈ।

## ਬਾਦਲ ਪਰਿਵਾਰ ਨੂੰ ਅਸਲ ਕਲੰਕ ਸੁਖਬੀਰ ਨੇ ਲਾਇਆ:ਮਨਪ੍ਰੀਤ ਬਾਦਲ

**ਅਬੋਹਰ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਬਾਦਲ ਪਰਿਵਾਰ ਨੂੰ ਅਸਲ ਕਲੰਕ ਸੁਖਬੀਰ ਸਿੰਘ ਬਾਦਲ ਨੇ ਲਾਇਆ ਹੈ ਜਿਸ 'ਤੇ ਪੰਜਾਬ ਵਿਚ ਪਰਚੇ ਦਰਜ ਹੋਏ ਹਨ ਤੇ ਜਿਸ ਨੇ ਪੰਜਾਬ ਦੇ ਹਿੱਤਾਂ ਨੂੰ ਵੇਚਿਆ ਹੈ। ਉਨ੍ਹਾਂ ਕਿਹਾ ਕਿ ਬਾਦਲ ਸਾਹਿਬ ਜੋ ਚੌਥੀ ਵਾਰ ਮੁੱਖ ਮੰਤਰੀ ਬਣੇ ਹਨ, ਦੇ ਮੂੰਹੋਂ ਅਜਿਹੀਆਂ ਗੱਲਾਂ ਜਚਦੀਆਂ ਨਹੀਂ। ਉਹ ਬੁਖਲਾਹਟ ਵਿਚ ਆ ਕੇ ਅਜਿਹੀਆਂ ਗੱਲਾਂ ਕਰ ਰਹੇ ਹਨ। ਉਨ੍ਹਾਂ ਦੀ ਯਾਦਾਸ਼ਤ ਵੀ ਕਮਜ਼ੋਰ ਹੋ ਗਈ ਹੈ।

ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ, 'ਮੇਰੇ 'ਤੇ ਕੋਈ ਰਿਸ਼ਵਤ ਦਾ ਕੇਸ ਨਹੀਂ, ਕੋਈ ਪਰਚਾ ਦਰਜ ਨਹੀਂ ਹੋਇਆ। ਅਕਾਲੀ ਦਲ ਵਿਚੋਂ ਮੈਨੂੰ ਕੱਢਿਆ




ਗਿਆ ਹੈ ਕਿ ਮੈਂ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਗੱਲ ਕਰਦਾ ਸੀ। ਅੱਜ ਹਾਲਾਤ ਇਹ ਹੈ ਕਿ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਮਾਰਚ ਮਹੀਨੇ ਵਿਚ ਪੰਜਾਬ ਦਾ ਦੀਵਾਲਾ ਨਿਕਲ ਜਾਏਗਾ, ਫਰਵਰੀ-ਮਾਰਚ ਦੀਆਂ ਤਨਖਾਹਾਂ ਵਾਸਤੇ ਪੰਜਾਬ ਕੋਲ ਪੈਸਾ ਨਹੀਂ।''

ਸ. ਮਨਪ੍ਰੀਤ ਸਿੰਘ ਬਾਦਲ ਨੇ ਅਗਲਾ ਪ੍ਰੋਗਰਾਮ ਐਲਾਨਦਿਆਂ ਕਿਹਾ ਕਿ ਪੰਜਾਬ ਦੀਆਂ ਚਾਰ ਪਾਰਟੀਆਂ ਨੇ ਸਾਂਝਾ ਮੋਰਚਾ ਬਣਾ ਕੇ ਕੰਮ ਆਰੰਭ ਕਰ ਦਿੱਤਾ ਹੈ ਤੇ ਇਸ ਮੋਰਚੇ ਵੱਲੋਂ 6 ਨਵੰਬਰ ਨੂੰ ਢੁੱਡੀਕੇ ਤੋਂ 'ਇੱਜ਼ਤ ਸੰਭਾਲ ਯਾਤਰਾ' ਰਾਹੀਂ ਚੋਣ ਮੁਹਿੰਮ ਵਿੱਢੀ ਜਾ ਰਹੀ ਹੈ ਜੋ ਦੋ ਮਹੀਨਿਆਂ ਵਿਚ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਦਾ ਦੌਰਾ ਕਰੇਗੀ।

## ਵਿਧਾਨ ਸਭਾ ਚੋਣਾਂ ਖਾਲਿਸਤਾਨ ਦੇ ਮੁੱਦੇ 'ਤੇ ਲੜਾਂਗੇ: ਮਾਨ

**ਫਤਿਹਗੜ੍ਹ ਸਾਹਿਬ:** 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ 5,74,996 ਸਿੱਖਾਂ ਵੱਲੋਂ ਮਿਲੇ ਮਜ਼ਬੂਤ ਸਮਰਥਨ ਨੇ ਸਾਬਤ ਕਰ ਦਿੱਤਾ ਹੈ ਕਿ ਸੁਹਿਰਦ ਗੁਰਸਿੱਖ, ਸਿੱਖ ਕੌਮ ਦਾ ਆਪਣਾ ਘਰ ਜਮਹੂਰੀਅਤ ਤੇ ਸ਼ਾਂਤੀਪੂਰਵਕ ਤਰੀਕੇ ਨਾਲ ਕਾਇਮ ਕਰਨ ਲਈ ਦ੍ਰਿੜ੍ਹ ਹੈ।ਇਸ ਲਈ ਸ਼੍ਰੋਮਣੀ ਅਕਾਲੀ ਦਲ (ਅ) ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕੁੱਲ 117 ਚੋਣ ਹਲਕਿਆਂ 'ਤੇ ਇਕੱਲੇ ਤੌਰ 'ਤੇ ਆਪਣੇ ਉਮੀਦਵਾਰ ਖੜ੍ਹਾ ਕਰੇਗਾ ਤੇ ਇਹ ਚੋਣਾਂ 'ਖਾਲਿਸਤਾਨ' ਦੇ ਮਿਸ਼ਨ ਨੂੰ ਮੁੱਖ ਰੱਖ ਕੇ ਲੜੀਆਂ ਜਾਣਗੀਆਂ। ਇਹ ਫੈਸਲਾ ਪਾਰਟੀ ਕਾਰਜਕਾਰਨੀ ਦੇ ਮੈਂਬਰਾਂ, ਜ਼ਿਲ੍ਹਾ ਜਥੇਦਾਰਾਂ ਤੇ ਸ਼੍ਰੋਮਣੀ ਗੁਰਦੁਆਰਾਂ ਪ੍ਰਬੰਧਕ ਕਮੇਟੀ ਚੋਣਾਂ ਦੌਰਾਨ ਪਾਰਟੀ ਵੱਲੋਂ ਖੜ੍ਹੇ ਕੀਤੇ ਗਏ 132 ਉਮੀਦਵਾਰਾਂ ਦੀ ਪਿੰਡ ਕਿਲ੍ਹਾ ਹਰਨਾਮ ਸਿੰਘ ਵਿਖੇ ਹੋਈ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਲਿਆ ਗਿਆ। ਸ. ਇਕਬਾਲ ਸਿੰਘ ਟਿਵਾਣਾ ਨੇ ਦੱਸਿਆ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿਚ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਨਵੰਬਰ ਵਿਚ ਲਾਲ ਕ੍ਰਿਸ਼ਨ ਅਡਵਾਨੀ ਦੀ ਰੱਥ ਯਾਤਰਾ ਨੂੰ ਪੰਜਾਬ ਦੀ ਧਰਤੀ 'ਤੇ ਪੈਰ ਨਹੀਂ ਰੱਖਣ ਦਿੱਤਾ ਜਾਵੇਗਾ ਤੇ ਪਾਰਟੀ ਵਰਕਰ ਆਪਣੇ ਢੰਗ ਨਾਲ ਵਿਰੋਧ ਕਰਨਗੇ ਤੇ ਅਡਵਾਨੀ ਨੂੰ ਵਾਪਸ ਜਾਣ ਲਈ ਮਜਬੂਰ ਕਰਨਗੇ।



ਉਨ੍ਹਾਂ ਦੋਸ਼ ਲਾਇਆ ਕਿ ਅਡਵਾਨੀ ਰੱਥ ਯਾਤਰਾ ਨਾਲ ਪੰਜਾਬ ਵਿਚ ਦਾਖਲ ਹੋ ਕੇ ਫਿਰਕੂ ਮਾਹੌਲ ਪੈਦਾ ਕਰਨਾ ਚਾਹੁੰਦੇ ਹਨ। ਇਕ ਹੋਰ ਮਤੇ ਰਾਹੀਂ ਫੈਸਲਾ ਕੀਤਾ ਗਿਆ ਕਿ 31 ਅਕਤੂਬਰ ਨੂੰ ਸ਼੍ਰੋਮਣੀ ਅਕਾਲੀ ਦਲ (ਅ) ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਦਿੱਲੀ ਵਿਖੇ ਅਰਦਾਸ ਕਰੇਗਾ ਤੇ 'ਦੁਸ਼ਟ ਦਮਨ ਦਿਵਸ' ਵਜੋਂ ਮਨਾਏਗਾ।

## ਬਾਦਲ ਦੇ ਜੱਦੀ ਹਲਕੇ 'ਚ ਸੰਗਤ ਦਰਸ਼ਨ ਦੌਰਾਨ ਘਮਸਾਣ

**ਲੰਬੀ:** ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੇ ਜੱਦੀ ਹਲਕੇ ਲੰਬੀ ਵਿਖੇ ਘੇਰਨਾ ਸ਼ੁਰੂ ਕਰ ਦਿੱਤਾ ਗਿਆ ਹੈ ਤੇ 23 ਅਕਤੂਬਰ ਨੂੰ ਵੱਖ-ਵੱਖ ਰੋਸ ਰੈਲੀਆਂ ਕਰਕੇ ਸਰਕਾਰ ਦੀ ਪੋਲ ਖੋਲ੍ਹੀ। ਹਲਕੇ ਦੇ ਪਿੰਡ ਮਿੱਡੂਖੇੜਾ ਵਿਖੇ ਮੁੱਖ ਮੰਤਰੀ ਦੇ ਸੰਗਤ ਦਰਸ਼ਨ ਵਿਚ ਉਸ ਵੇਲੇ ਵਿਘਨ ਪੈ ਗਿਆ ਜਦੋਂ ਬੇਰੁਜ਼ਗਾਰ ਲਾਇਨਮੈਨ ਤੇ ਕੰਪਿਊਟਰ ਅਧਿਆਪਕ ਯੂਨੀਅਨ ਦੇ ਮੈਂਬਰ ਮੌਕਾ ਪਾ ਕੇ ਪੰਡਾਲ ਵਿਚ ਦਾਖਲ ਹੋ ਗਏ।

ਹਾਸਲ ਜਾਣਕਾਰੀ ਅਨੁਸਾਰ ਉਕਤ ਨੌਜਵਾਨਾਂ ਨੇ ਜਿੱਥੇ ਮੁੱਖ ਮੰਤਰੀ ਤੇ ਸੂਬਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ, ਉਥ ਕੁਝ ਮੁਲਾਜ਼ਮ ਮੁੱਖ ਮੰਤਰੀ ਤੱਕ ਪਹੁੰਚ ਗਏ। ਸੰਗਤ ਦਰਸ਼ਨ ਵਿਚ ਮੁਜ਼ਾਹਰਾਕਾਰੀਆਂ ਦੀ ਅਚਨਚੇਤ ਕਾਰਵਾਈ ਨੂੰ ਵੇਖਕੇ ਮੁੱਖ ਮੰਤਰੀ ਦੀ ਸੁਰੱਖਿਆ ਲਈ ਤਾਇਨਾਤ ਅਮਲੇ ਤੇ ਪੁਲਿਸ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ।

ਬਾਅਦ 'ਚ ਪੁਲਿਸ ਕਰਮਚਾਰੀ ਉਨ੍ਹਾਂ ਨੂੰ ਧੱਕੇ ਮਾਰਦੇ ਹੋਏ ਪੰਡਾਲ ਤੋਂ ਬਾਹਰ ਲੈ ਗਏ। ਪੁਲਿਸ ਇਨ੍ਹਾਂ ਸਾਰੇ ਬੇਰੁਜ਼ਗਾਰ ਲਾਇਨਮੈਨਾਂ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਲੰਬੀ ਲੈ ਗਈ।

To Advertise with Punjab Times
Call: 847-359-0746
e-mail:punjabtimes1@sbcglobal.net


## ਰਿਸ਼ੀ ਵਾਲਮੀਕੀ ਦੇ ਜਨਮ ਦਿਹਾੜੇ 'ਤੇ ਸਮਾਗਮ 30 ਨੂੰ

**ਸੈਕਰਾਮੈਂਟੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਰਵਿਦਾਸ ਸਭਾ, ਰਿਓ ਲਿੰਡਾ ਵਲੋਂ ਰਿਸ਼ੀ ਵਾਲਮੀਕੀ ਦੇ ਜਨਮ ਦਿਹਾੜੇ ਸਬੰਧੀ ਸਮਾਗਮ ਆਉਂਦੇ ਐਤਵਾਰ 30 ਅਕਤੂਬਰ ਨੂੰ ਕਰਵਾਇਆ ਜਾਵੇਗਾ। ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਸ਼ਬਦ ਕੀਰਤਨ ਅਤੇ ਪੰਥਕ ਵਿਚਾਰਾਂ ਹੋਣਗੀਆਂ। ਸ਼ਬਦ ਕੀਰਤਨ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਜਸਵਿੰਦਰਪਾਲ ਸਿੰਘ ਅਤੇ ਭਾਈ ਅਮਰਜੀਤ ਸਿੰਘ ਵਲੋਂ ਹੋਵੇਗਾ। ਹੈਡ ਗ੍ਰੰਥੀ ਭਾਈ ਨਿਰਮਲ ਸਿੰਘ ਕਥਾ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਗੁਰੂ ਘਰ ਦੀ ਕਮੇਟੀ ਵਲੋਂ ਜਾਰੀ ਬਿਆਨ ਅਨੁਸਾਰ ਇਸ ਦਿਨ ਸਵੇਰੇ 11:30 ਵਜੇ ਸਾਬਕਾ ਲੋਕ ਸਭਾ ਮੈਂਬਰ ਅਤੇ ਲੋਕ ਭਲਾਈ ਪਾਰਟੀ ਦੇ ਆਗੂ ਸ. ਬਲਵੰਤ ਸਿੰਘ ਰਾਮੂਵਾਲੀਆ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ। ਇਸ ਦਿਹਾੜੇ ਗੁਰੂ ਕੇ ਲੰਗਰ ਦੀ ਸੇਵਾ ਗੁਰਦਿਆਲ ਚੰਦ ਮੱਲ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਕੀਤੀ ਜਾਏਗੀ। ਗੁਰੂ ਘਰ ਦੀ ਨਵੀਂ ਬਣ ਰਹੀ ਇਮਾਰਤ ਦਾ ਡਿਜ਼ਾਈਨ ਸੰਗਤਾਂ ਨਾਲ ਸਾਂਝਾ ਕੀਤਾ ਜਾਏਗਾ।

ਇਸ ਤੋਂ ਪਹਿਲਾਂ 23 ਅਕਤੂਬਰ ਐਤਵਾਰ ਨੂੰ ਪੰਜਾਬ ਵਿਧਾਨ ਸਭਾ ਦੇ ਮੈਂਬਰ ਸ. ਸਰਵਣ ਸਿੰਘ ਫਿਲੌਰ ਗੁਰੂ ਘਰ ਸੰਗਤਾਂ ਦੇ ਦਰਸ਼ਨਾਂ ਲਈ ਪਹੁੰਚੇ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪੁੱਤਰ ਦਮਨਵੀਰ ਸਿੰਘ, ਅਵਤਾਰ ਸਿੰਘ ਦੁਸਾਂਝ ਅਤੇ ਭਾਈਚਾਰੇ ਦੇ ਹੋਰ ਆਗੂ ਵੀ ਪਹੁੰਚੇ ਹੋਏ ਸਨ। ਗੁਰੂ ਘਰ ਦੀ ਕਮੇਟੀ ਦੇ ਸਟੇਜ ਸੈਕਟਰੀ ਸ੍ਰੀ ਰਮੇਸ਼ ਬੰਗੜ ਨੇ ਸ. ਸਰਵਣ ਸਿੰਘ ਫਿਲੌਰ ਅਤੇ ਸ. ਅਵਤਾਰ ਸਿੰਘ ਦੁਸਾਂਝ ਵਲੋਂ ਲੋਕ ਹਿਤ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ ਸੰਗਤਾਂ ਨੂੰ ਦਿੱਤੀ। ਸੰਗਤਾਂ ਨੂੰ ਸੰਬੋਧਨ ਕਰਦਿਆਂ ਸ. ਸਰਵਣ ਸਿੰਘ ਫਿਲੌਰ ਨੇ ਕਿਹਾ ਕਿ ਸਮੁੱਚਾ ਮਨੁੱਖੀ ਜਗਤ ਬਰਾਬਰ ਹੈ ਅਤੇ ਜਾਤ ਪਾਤ ਦੀ ਵੰਡ ਗਲਤ ਹੈ। ਇਹੋ ਸੁਨੇਹਾ ਸਾਨੂੰ ਸਾਡੇ ਰਹਿਬਰਾਂ ਨੇ ਦਿੱਤਾ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੀ ਤਰੱਕੀ ਵਿਚ ਪਰਵਾਸੀ ਪੰਜਾਬੀਆਂ ਦਾ ਬਹੁਤ ਵੱਡਾ ਯੋਗਦਾਨ ਹੈ।

ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ. ਸਰਵਣ ਸਿੰਘ ਫਿਲੌਰ, ਅਵਤਾਰ ਸਿੰਘ ਦੁਸਾਂਝ, ਦਮਨਵੀਰ ਸਿੰਘ ਅਤੇ ਇੰਡੋ-ਅਮੈਰਿਕਨ ਟਾਈਮਜ਼ ਦੇ ਸੰਪਾਦਕ ਨਰਿੰਦਰਪਾਲ ਸਿੰਘ ਹੁੰਦਲ ਦਾ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।



BS Carrier, Salem, VA
Wanterd Drivers and Owner Operators
Dry and Refer Loads
CA to VA, MD, PA, NJ & NY and Return.
ਅਦਾਇਗੀ ਕਾਗਜ਼ ਪੂਰੇ ਹੋਣ ਤੋਂ ਤੁਰਤ ਪਿਛੋਂ
ਸੰਪਰਕ ਕਰੋ, ਸੁਰਿੰਦਰ ਸਿੰਘ
ਫੋਨ:267-970-7460
540-556-3010

# “ਕਿਉਂ ਕੀਤੋਹ ਵਿਸਾਹੁ”

“ਗਲੀ ਅਸੀ ਚੰਗੀਆ ਅਚਾਰੀ ਬੁਰੀਆ। ਮਨਹੁ ਕੁਸੁਧਾ ਕਾਲੀਆ ਬਾਹਰ ਚਿਟਵੀਆਹ॥” ਪਿਛਲੇ ਹਫਤੇ (19 ਤੋਂ 25 ਅਕਤੂਬਰ) ਦੇ ਅਖਬਾਰ “ਅੰਮ੍ਰਿਤਸਰ ਟਾਈਮਜ਼” ਵਿਚ ਛਪੇ ਜਸਜੀਤ ਸਿੰਘ ਦੇ ਲੇਖ ਵਿਚੋਂ ਉਸਦੇ ਕਲਬੂਤ ਵਿਚ ਬੈਠੀ ਨੈਕਸਲਾਈਟ ਤੋਂ ਕਾਮਰੇਡ ਬਣੀ ਤੇ ਫਿਰ ਖਾਲਿਸਤਾਨੀ ਸੰਘਰਸ਼ ਵਿਚ ਘੁਸਪੈਠ ਕਰਕੇ ਆਈ ਰੂਹ ਨੂੰ ਸੂਝਵਾਨ ਪਾਠਕ ਪਛਾਣ ਹੀ ਗਏ ਹੋਣਗੇ। ਜੇਕਰ ਪੂਰੇ ਲੇਖ ਦੀ ਗਹੁ ਨਾਲ ਪੜਚੋਲ ਕਰੀਏ ਤਾਂ ਖਾਲਿਸਤਾਨੀ ਸੰਘਰਸ਼ ਬਾਰੇ ਉਠਾਏ ਗਏ ਨੁਕਤਿਆਂ ਅਤੇ ਨੀਤੀਆਂ ਨੂੰ ਦੋ ਅਲੱਗ-ਅਲੱਗ ਦ੍ਰਿਸ਼ਟੀਕੋਣਾਂ ਤੋਂ ਵੇਖਿਆ ਜਾਵੇਗਾ। ਇੱਕ ਪਾਸੇ ਬੇਪੱਤ ਹੋਈ ਕੌਮ ਦੇ ਬੁੱਧੀਜੀਵੀ, ਜਿਨ੍ਹਾਂ ਨੇ ਇਸ ਸੰਘਰਸ਼ ਨੂੰ ਬੜਾ ਨੇੜਿਉਂ ਦੇਖਿਆ ਅਤੇ ਹੰਢਾਇਆ ਸੀ, ਸਨ। ਦੂਸਰੇ ਪਾਸੇ ਸਰਕਾਰੀ ਏਜੰਸੀਆਂ ਵੱਲੋਂ ਨਾਮਜ਼ਦ ਕੀਤੇ ਹੋਏ ਉਨ੍ਹਾਂ ਪੱਤਰਕਾਰਾਂ, ਲੇਖਕਾਂ ਅਤੇ ਅਖੌਤੀ ਬੁੱਧੀਜੀਵੀਆਂ ਦਾ ਗਰੁਪ ਸੀ ਜੋ ਬੇਪਨਾਹ ਪ੍ਰਚਾਰ ਅਤੇ ਲਿਖਤਾਂ ਰਾਹੀਂ ਉਸ ਸੰਘਰਸ਼ ਨੂੰ ਕੁੱਝ ਕੁਰਾਹੇ ਪਏ ਲੋਕਾਂ ਦਾ ਜਾਂ ਬੇਰੁਜ਼ਗਾਰ ਨੌਜਆਨਾਂ ਦਾ ਕਾਫਲਾ ਕਹਿ ਕੇ ਪ੍ਰਚਾਰ ਰਹੇ ਸਨ।

ਜਿਸ ਤਰੀਕੇ ਨਾਲ ਜਸਜੀਤ ਸਿੰਘ ਦੇ ਨਾਂ ਹੇਠ ਛਪੇ ਵਿਚਾਰ ਅਧੀਨ ਲੇਖ ਵਿਚ ਅਖੌਤੀ ਤੱਥਾਂ ਨੂੰ ਆਧਾਰ ਬਣਾਇਆ ਗਿਆ ਹੈ, ਉਸ ਬਾਰੇ ਕੁੱਝ ਨੁਕਤੇ ਪਾਠਕਾਂ ਨਾਲ ਸਾਂਝੇ ਕਰਨੇ ਚਾਹੁੰਦੇ ਹਾਂ। ਇਨ੍ਹਾਂ ਵਿਚ ਚੋਣਾਂ ਦੇ ਬਾਈਕਾਟ ਤੋਂ ਪਹਿਲਾਂ 1990 ਤੋਂ 1992 ਤੱਕ ਦੇ ਹਾਲਾਤ, ਕੇਂਦਰ ਦੀ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੀ ਅਗਵਾਈ ਹੇਠਲੀ ਸਰਕਾਰ ਦੀ ਪੰਜਾਬ ਪ੍ਰਤੀ ਪਹੁੰਚ, ਸਿੱਖਾਂ ਦੀ ਅਜ਼ਾਦੀ ਦੇ ਸੰਘਰਸ਼ ਨੂੰ ਰਾਜਨੀਤਕ ਲੀਹਾਂ ‘ਤੇ ਦੁਨੀਆਂ ਵਿਚ ਸਥਾਪਿਤ ਕਰਨ ਲਈ ਸ. ਸਿਮਰਨਜੀਤ ਸਿੰਘ ਮਾਨ ਵੱਲੋਂ ਕੀਤੇ ਗਏ ਉਪਰਾਲੇ, ਡਾ. ਸੋਹਣ ਸਿੰਘ ਵਾਲੀ ਪੰਥਕ ਕਮੇਟੀ ਅਤੇ ਉਸ ਦੀਆਂ ਸਹਾਇਕ ਖਾੜਕੂ ਜਥੇਬੰਦੀਆਂ ਅਤੇ ਬਾਬਾ ਮਾਨੋਚਾਹਲ ਵਰਗੇ ਤਜ਼ਰਬੇਕਾਰ ਸੰਘਰਸ਼ ਦੇ ਪਾਂਧੀਆਂ ਦੀ ਪਹੁੰਚ ਸ਼ਾਮਲ ਹੈ, ਜੋ ਹਿੰਦੁਸਤਾਨ ਦੀ ਰਾਜਨੀਤੀ ਅਤੇ ਸਿੱਖ ਸੰਘਰਸ਼ ਦੀਆਂ ਗਤੀਵਿਧੀਆਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸਨ। ਇਹ ਸਾਰੀਆਂ ਧਿਰਾਂ ਉਸ ਵੇਲੇ ਚੋਟੀ ‘ਤੇ ਪਹੁੰਚੇ ਹੋਏ ਹਥਿਆਰਬੰਦ ਸੰਘਰਸ਼ ਨੂੰ ਆਪਣੇ ਤਰੀਕੇ ਨਾਲ ਅੰਜ਼ਾਮ ਦੇਣ ਦੀ ਕੋਸ਼ਿਸ਼ ਵਿਚ ਸਨ। ਜਿਸ ਤਰ੍ਹਾਂ ਇਸ ਲੇਖ ਵਿਚ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਸ. ਸਿਮਰਨਜੀਤ ਸਿੰਘ ਮਾਨ, ਉਸ ਵੇਲੇ ਜੁਝਾਰੂ ਪੱਖ ਨੂੰ ਅਣਗੌਲਿਆਂ ਕਰਕੇ ਕੇਂਦਰ ਪਾਸੋਂ ਕੁਰਸੀ ਹਾਸਿਲ ਕਰਨ ਲਈ ਦੌੜ ਵਿਚ ਸਨ, ਸ਼ਾਇਦ ਉਹ ਵੀਹਵੀਂ ਸਦੀ ਦਾ ਸਭ ਤੋਂ ਵੱਡਾ ਝੂਠ ਹੈ। ਜੇਕਰ ਬਾਬਾ ਮਾਨੋਚਾਹਲ ਦੀਆਂ ਲਿਖਤਾਂ ਅਤੇ ਰਿਕਾਰਡਿੰਗ ਨੂੰ ਆਧਾਰ ਬਣਾ ਕੇ ਪੰਥਕ ਕਮੇਟੀ ਅਤੇ ਉਸ ਦੀਆਂ ਸਹਿਯੋਗੀ ਜਥੇਬੰਦੀਆਂ ਦੀ ਕਾਰਵਾਈ, ਜਿਸ ਵਿਚ ਇਨ੍ਹਾਂ ਵੱਲੋਂ ਬਾਬਾ ਮਾਨੋਚਾਹਲ ਦੇ ਪਰਿਵਾਰ ਤੇ ਕੀਤੇ ਗਏ ਕਾਤਲਾਨਾ ਹਮਲੇ, ਹਰਮਿੰਦਰ ਸਿੰਘ ਸੰਧੂ ਦਾ ਕਤਲ ਅਤੇ ਦੂਜੀਆਂ ਜਥੇਬੰਦੀਆਂ (ਜੋ ਪੰਥਕ ਕਮੇਟੀ ਵਿਚ ਸ਼ਾਮਿਲ ਨਹੀਂ ਹੋਈਆਂ) ਦੇ ਕੀਤੇ ਗਏ ਨੁਕਸਾਨ ਦਾ ਖੁਰਾ ਖੋਜ ਲੱਭਣਾ ਹੋਵੇ ਤਾਂ ਪੰਥਕ ਕਮੇਟੀ ਤੇ ਬਹੁਤ ਵੱਡੇ ਸਵਾਲੀਆ ਚਿੰਨ੍ਹ ਪਹਿਲਾਂ ਹੀ ਲੱਗ ਚੁੱਕੇ ਹਨ। ਜਿਸ ਤਰ੍ਹਾਂ ਖਾੜਕੂ ਜਥੇਬੰਦੀਆਂ ਦੀਆਂ ਕੇਂਦਰ ਨਾਲ ਮੀਟਿੰਗਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਪੰਥਕ ਕਮੇਟੀ ਦੇ ਸੀਨੀਅਰ ਮੈਂਬਰ ਵਜੋਂ ਡਾ. ਸੋਹਣ ਸਿੰਘ ਨੂੰ ਸਰਕਾਰ ਵੱਲੋਂ ਰਸਤਾ ਦੇ ਕੇ ਪਾਕਿਸਤਾਨ ਤੋਂ ਪੰਜਾਬ ਅਤੇ ਪੰਜਾਬ ਤੋਂ ਦਿੱਲੀ ਲਿਜਾਇਆ ਗਿਆ, ਇਸ ਸਭ ਕੁਝ ਨੇ ਸੰਘਰਸ਼ ਦੇ ਜਰਨੈਲਾਂ ਉਤੇ ਸਰਕਾਰੀ ਏਜੰਸੀਆਂ ਵੱਲੋਂ ਲਾਏ ਗਏ ਦੋਸ਼ਾਂ ਨੂੰ ਹੋਰ ਬਲ ਦਿੱਤਾ ਹੈ। ਇਹ ਸਾਬਤ ਕਰਨ ਦੀ ਕੋਸ਼ਿਸ਼ ਕਿ ਸਰਕਾਰ ਡਾ. ਸੋਹਣ ਸਿੰਘ ਅਤੇ ਸ. ਦਲਜੀਤ ਸਿੰਘ ਨੂੰ ਰਸਤਾ ਦੇ ਕੇ ਪੰਜਾਬ ਲਿਆਉਂਦੀ ਤੇ ਵਾਪਿਸ ਭੇਜਦੀ ਰਹੀ ਹੈ, ਨਾਲ ਜਾਨਾਂ ਤਲੀ ‘ਤੇ ਰੱਖ ਕੇ ਲੜੇ ਅਤੇ ਸ਼ਹੀਦ ਹੋਏ ਜਰਨੈਲਾਂ ਦੇ ਪੱਖ ਨੂੰ ਕਮਜ਼ੋਰ ਕਰਦੀ ਹੈ।

ਜਿਸ ਤਰੀਕੇ ਨਾਲ ਸ. ਵਧਾਵਾ ਸਿੰਘ, ਬਾਬਾ ਮਾਨੋਚਾਹਲ, ਡਾ. ਸੋਹਣ ਸਿੰਘ ਤੇ ਸ. ਦਲਜੀਤ ਸਿੰਘ ਨੂੰ 1992 ਦੀਆਂ ਚੋਣਾਂ ਦੇ ਬਾਈਕਾਟ ਦੇ ਮੁੱਦਈ ਬਣਾਇਆ ਗਿਆ ਹੈ, ਉਸ ਵਿਚ 75% ਝੂਠ ਤੱਥਾਂ ਦੀ ਜ਼ਬਾਨੀ ਲੋਕਾਂ ਸਾਹਮਣੇ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿਚ ਬੱਬਰ ਖਾਲਸਾ, ਬਾਬਾ ਮਾਨੋਚਾਹਲ ਅਤੇ ਡਾ. ਸੋਹਣ ਸਿੰਘ ਦੀ ਰਾਜਨੀਤਕ ਸੋਚ ਨੂੰ ਬਿਲਕੁਲ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਬਾਬਾ ਮਾਨੋਚਾਹਲ ਦਾ ਵਾਰ-ਵਾਰ ਕਹਿਣਾ ਸੀ ਕਿ ਹਿੰਦੁਸਤਾਨ ਵਿਚ ਰਹਿੰਦਿਆਂ ਹਿੰਦੁਸਤਾਨ ਦੇ ਵਿਧਾਨ ਦਾ ਬਾਈਕਾਟ ਕਰਕੇ ਤੁਸੀਂ ਆਪਣੇ ਰਾਜਨੀਤਕ ਨਿਸ਼ਾਨੇ ‘ਤੇ ਨਹੀਂ ਪਹੁੰਚ ਸਕਦੇ, ਜਿਹੜਾ ਕਿ ਸਿੱਖਾਂ ਦੀ ਪੂਰਨ ਆਜ਼ਾਦੀ ਜਾਂ ਖਾਲਿਸਤਾਨ ਦੀ ਪ੍ਰਾਪਤੀ ਮਿਥਿਆ ਗਿਆ ਹੈ। ਲੇਖ ਵਿਚ ਇਹ ਗੱਲ ਮੰਨੀ ਗਈ ਹੈ ਕਿ ਚੰਦਰ ਸ਼ੇਖਰ ਨੇ ਖਾੜਕੂ ਜਥੇਬੰਦੀਆਂ ਨੂੰ ਆਪਣੀ ਸਰਕਾਰ ਬਣਾਉਣ ਲਈ ਪੇਸ਼ਕਸ਼ ਕੀਤੀ ਸੀ, ਜਿਹੜੀ ਕਿ ਉਨ੍ਹਾਂ ਵੱਲੋਂ ਠੁਕਰਾ ਦਿੱਤੀ ਗਈ। ਸ. ਸਿਮਰਨਜੀਤ ਸਿੰਘ ਮਾਨ ਜੋ ਇੱਕ ਰਾਜਨੀਤਕ ਲੀਡਰ ਦੇ ਤੌਰ ‘ਤੇ ਮਜ਼ਬੂਤ ਇਰਾਦੇ ਵਾਲੇ ਅਤੇ ਸਿੱਖਾਂ ਦੀ ਅਜ਼ਾਦੀ ਦੇ ਮੁਦੱਈ ਬਣਕੇ ਉਭਰੇ ਸਨ, ਉਨ੍ਹਾਂ ਨੂੰ ਕੁਰਸੀ ਦੇ ਲਾਲਚੀ ਕਹਿ ਕੇ ਭੰਡਿਆ ਜਾ ਰਿਹਾ ਹੈ, ਪਰ ਅੱਜ ਉਹੀ ਖਾੜਕੂ ਲੀਡਰ ਆਪਣਾ ਇੱਕ ਐਮ.ਐਲ.ਏ. ਬਣਾਉਣ ਲਈ ਖਾਲਿਸਤਾਨ ਦੀ ਗੱਲ ਤਾਂ ਕੀ ਸਿੱਖੀ ਛੱਡਣ ਲਈ ਵੀ ਤਿਆਰ ਹਨ। ਅਸੀਂ ਮਨਘੜਤ ਦੋਸ਼ਾਂ ਜਾਂ ਚਿੱਕੜਬਾਜ਼ੀ ਨੂੰ ਆਧਾਰ ਬਣਾ ਕੇ ਸ. ਸਿਮਰਨਜੀਤ ਸਿੰਘ ਮਾਨ ਨੂੰ ਰਾਜਨੀਤਕ ਮਾਡਲ ਬਣਾਉਣ ਦੇ ਹੱਕ ਵਿਚ ਨਹੀਂ ਹਾਂ, ਪਰ ਸ. ਮਾਨ ਨੇ ਸਿਰੜ, ਦੂਰਅੰਦੇਸ਼ੀ ਤੇ ਪੰਥ ਪ੍ਰਤੀ ਵਫ਼ਾਦਾਰੀ ਨਾਲ ਹੀ ਅੱਜ ਸਿੱਖਾਂ ਵਿਚ ਹੀ ਨਹੀਂ, ਦੂਸਰੀਆਂ ਕੌਮਾਂ ਵਿਚ ਵੀ ਆਪਣਾ ਸਤਿਕਾਰਯੋਗ ਸਥਾਨ ਬਣਾਇਆ ਹੈ। ਜੇਕਰ ਪੰਥਕ ਲਿਖਣ ਨਾਲ ਕੋਈ ਵਿਅਕਤੀ ਜਾਂ ਜਥੇਬੰਦੀ ਪੰਥਕ ਬਣ ਸਕਦਾ ਹੁੰਦਾ ਤਾਂ ਪੰਥਕ ਕਮੇਟੀ, ਸ਼੍ਰੋਮਣੀ ਪੰਥਕ ਅਕਾਲੀ ਦਲ ਅਤੇ ਪੰਥਕ ਮੋਰਚਾ ਸਿੱਖਾਂ ਵਿਚ ਆਪਣਾ ਆਧਾਰ ਬਣਾ ਸਕੇ ਹੁੰਦੇ।




ਹੁਣ ਗੱਲ ਉਸ ਵਿਸ਼ੇ ਦੀ ਕਰਦੇ ਹਾਂ ਜਿਸ ਵਿਚ ਦਲਜੀਤ ਸਿੰਘ ਬਿੱਟੂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ ਮਰਜ ਹੋ ਕੇ ਇਸ ਉਤੇ ਆਪਣਾ ਕਬਜ਼ਾ ਜਮਾਉਣ ਲਈ ਉਤਾਵਲਾ ਸੀ। ਭਾਈ ਰਾਮ ਸਿੰਘ, ਜਿਨ੍ਹਾਂ ਨੂੰ ਇਸ ਏਕਤਾ ਵਾਰਤਾ ਦੀ ਜ਼ਿੰਮੇਵਾਰੀ ਦਿੱਤੀ ਗਈ, ਭਾਈ ਦਲਜੀਤ ਸਿੰਘ ਨਾਲ ਨਾਭਾ ਜੇਲ੍ਹ ਵਿਚ ਮਿਲੇ ਅਤੇ ਕੁੱਝ ਦਿਨਾਂ ਪਿੱਛੋਂ ਭਾਈ ਦਲਜੀਤ ਸਿੰਘ ਦੀ ਹੋਣ ਵਾਲੀ ਰਿਹਾਈ ਤੋਂ ਬਾਅਦ ਗੱਲਬਾਤ ਦਾ ਏਜੰਡਾ ਤੈਅ ਕੀਤਾ ਗਿਆ। ਗੱਲ ਅੱਗੇ ਵਧੀ, ਭਾਈ ਦਲਜੀਤ ਸਿੰਘ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ ਆਪਣੇ 10 ਮੈਂਬਰ ਪੀ.ਏ.ਸੀ. ਕਮੇਟੀ ਵਿਚ ਪਾਉਣ ਲਈ ਸੂਚੀ ਮੰਗੀ ਗਈ। ਹੈਰਾਨੀ ਉਸ ਵੇਲੇ ਹੋਈ ਜਦੋਂ ਇਸ ਸੂਚੀ ਵਿਚੋਂ ਹਰਪਾਲ ਸਿੰਘ ਚੀਮਾ ਨੂੰ ਬਾਹਰ ਰੱਖਿਆ ਗਿਆ। ਭਾਈ ਬਿੱਟੂ ਨੂੰ ਜਦੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਸ ਦਾ ਜਵਾਬ ਸੀ, “ਜੇਲ੍ਹ ਵਿਚ ਬੈਠੇ ਕਿਸੇ ਵੀ ਬੰਦੇ ਦਾ ਨਾਮ ਇਸ ਕਮੇਟੀ ਵਿਚ ਨਹੀਂ ਪਾਇਆ ਗਿਆ” ਪਰ ਹਰਪਾਲ ਸਿੰਘ ਚੀਮਾ ਦੇ ਅਮਰੀਕਾ ਵਿਚ ਬੈਠੇ ਹਮਦਰਦ ਇਸ ਗੱਲੋਂ ਪ੍ਰੇਸ਼ਾਨ ਸਨ। ਇਸ ਸਬੰਧੀ ਮੇਰੇ ’ਤੇ ਜ਼ੋਰ ਪਾਇਆ ਗਿਆ ਕਿ ਭਾਈ ਰਾਮ ਸਿੰਘ ਨੂੰ ਕਹਿ ਕੇ ਹਰਪਾਲ ਸਿੰਘ ਚੀਮਾ ਨੂੰ ਕੋਈ ਸਤਿਕਾਰਯੋਗ ਥਾਂ ਦਿਵਾਈ ਜਾਵੇ। ਭਾਈ ਰਾਮ ਸਿੰਘ ਵੱਲੋਂ ਕਹਿਣ ਤੇ ਸ. ਚੀਮਾ ਨੂੰ ਪਾਰਟੀ ਵਿਚ ਮੀਤ ਪ੍ਰਧਾਨ ਦਾ ਅਹੁਦਾ ਦਿੱਤਾ ਗਿਆ। ਇਥੇ ਵੇਖਣ ਵਾਲੀ ਗੱਲ ਇਹ ਹੈ ਕਿ ਜਦੋਂ ਅਹੁਦਿਆਂ ਦੀ ਵੰਡ ਕੀਤੀ ਜਾਣੀ ਸੀ ਤਾਂ ‘ਸਿੱਖ ਯੂਥ ਆਫ ਅਮਰੀਕਾ’ ਦੇ ਬਹੁਤੇ ਮੈਂਬਰ ਇਸ ਗੱਲ ਨਾਲ ਸੰਤੁਸ਼ਟ ਸਨ ਕਿ ਭਾਈ ਦਲਜੀਤ ਸਿੰਘ ਦੇ ਰਲੇਵੇਂ ਨਾਲ ਇੱਕ ਮਜ਼ਬੂਤ ਜਥੇਬੰਦੀ ਵੱਜੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਉਭਰ ਕੇ ਸਾਹਮਣੇ ਆਵੇਗਾ, ਪਰ ਦਲਜੀਤ ਸਿੰਘ ਬਿੱਟੂ ਦੇ ਗਰੁਪ ਵੱਲੋਂ ਇਸ ਏਕਤਾ ਦਾ ਉਦੋਂ ਤੱਕ ਵਿਰੋਧ ਕੀਤਾ ਜਾਂਦਾ ਰਿਹਾ ਜਦੋਂ ਤੱਕ ਇਹ ਏਕਤਾ ਟੁੱਟ ਨਹੀਂ ਗਈ।

ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ 10-15 ਸਾਲ ਤੋਂ ਸੇਵਾ ਕਰ ਰਹੇ ਉਨ੍ਹਾਂ ਸੀਨੀਅਰ ਆਗੂਆਂ ਅਤੇ ਵਰਕਰਾਂ ਨੂੰ ਅਣਗੌਲਿਆਂ ਕਰਕੇ ਸ. ਦਲਜੀਤ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਦਿੱਤਾ ਗਿਆ, ਜਿਸ ਵਿਚ ਮੇਰੇ ਸੁਝਾਅ ਕਿ ਪਾਰਟੀ ਵਿਚ ਘੱਟੋ-ਘੱਟ ਦੋ ਸੀਨੀਅਰ ਮੀਤ ਪ੍ਰਧਾਨ ਹੋਣੇ ਚਾਹੀਦੇ ਹਨ, ਨੂੰ ਵੀ ਅਣਗੌਲਿਆਂ ਕਰ ਦਿੱਤਾ ਗਿਆ। ਨਤੀਜਾ ਇਹ ਹੋਇਆ ਕਿ ਇਸ ਅਣਗਹਿਲੀ ਤੋਂ ਪੈਦਾ ਹੋਈ ਖਟਾਸ ਨੂੰ ਦਲਜੀਤ ਸਿੰਘ ਨੇ ਪੂਰਾ ਆਪਣੇ ਹੱਕ ਵਿਚ ਵਰਤਿਆ।

ਭਾਈ ਰਾਮ ਸਿੰਘ ਤੇ ਭਾਈ ਦਲਜੀਤ ਸਿੰਘ ਵੱਲੋਂ ਘੜੇ ਗਏ ਮਨਸੂਬੇ ਅਨੁਸਾਰ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੂੰ ਅਣਗੌਲਿਆਂ ਕਰਕੇ ਦਲਜੀਤ ਸਿੰਘ ਬਿੱਟੂ ਵੱਲੋਂ ਪ੍ਰਧਾਨਗੀ ਲਈ ਦੌੜ ਤੇਜ਼ ਕਰ ਦਿੱਤੀ ਗਈ। ਸ਼ੁਰੂ ਤੋਂ ਹੀ ਸਟੇਜਾਂ ਅਤੇ ਪ੍ਰੈਸ ਕਾਨਫਰੰਸਾਂ ਵਿਚ ਦਲਜੀਤ ਸਿੰਘ ਵੱਲੋਂ ਪਾਰਟੀ ਪ੍ਰਧਾਨ ਦਾ ਜ਼ਿਕਰ ਵੀ ਨਾ ਕਰਨਾ, ਪਾਰਟੀ ਦੇ ਪੁਰਾਣੇ ਵਰਕਰਾਂ ਅਤੇ ਆਗੂਆਂ ਨੂੰ ਖਟਕਣ ਲੱਗਾ। ਇਸ ਗੱਲ ਲਈ ਵਾਰ ਵਾਰ ਦਲਜੀਤ ਸਿੰਘ ਨੂੰ ਸੁਚੇਤ ਕੀਤਾ ਗਿਆ, ਪਰੰਤੂ ਉਹ ਆਪਣੀ ਧੁਨ ਵਿਚ ਅੱਗੇ ਵਧਦਾ ਗਿਆ। ਸ. ਸਿਮਰਨਜੀਤ ਸਿੰਘ ਮਾਨ ਇਸ ਸਭ ਕੁਝ ਨੂੰ ਬੜੀ ਨੇੜਿਉਂ ਵੇਖ ਰਹੇ ਸਨ ਅਤੇ ਬੜੀ ਧੀਰਜ ਨਾਲ ਉਸ ਨੂੰ ਰਾਜਨੀਤੀ ਦੇ ਤੌਰ ਤਰੀਕੇ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਸ. ਮਾਨ ਆਪਣੇ ਸੁਭਾਅ ਮੁਤਾਬਿਕ ਪਾਰਟੀ ਦੇ ਸਿਧਾਂਤ ਦਾ ਕਤਲ ਤੇ ਪਾਰਟੀ ਵਰਕਰਾਂ ਦਾ ਨਿਰਾਦਰ ਕਦੇ ਵੀ ਸਹਿਣ ਨਹੀਂ ਸਨ ਕਰਦੇ। ਸ. ਸਿਮਰਨਜੀਤ ਸਿੰਘ ਮਾਨ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਦਲਜੀਤ ਸਿੰਘ ਵੱਲੋਂ ਪਾਰਟੀ ਦੇ ਪੁਰਾਣੇ ਵਰਕਰ ਡਾ. ਜੱਖੂ ਦੀ ਜਾਤ ਸਬੰਧੀ ਬਹੁਤ ਘਟੀਆ ਲਫਜ ਵਰਤ ਕੇ ਉਨ੍ਹਾਂ ਨੂੰ ਅਪਮਾਨਿਤ ਕੀਤਾ ਗਿਆ। ਜਦੋਂ ਸ. ਸਿਮਰਨਜੀਤ ਸਿੰਘ ਮਾਨ ਨਾਲ ਮੇਰੀ ਇਸ ਘਟਨਾ ਸਬੰਧੀ ਗੱਲ ਹੋਈ ਤਾਂ ਮੈਂ ਉਨ੍ਹਾਂ ਦੀ ਪ੍ਰੇਸ਼ਾਨੀ ਨੂੰ ਭਾਂਪਦਿਆਂ ਇਸ ਉਤੇ ਅਨੁਸ਼ਾਸ਼ਨੀ ਕਾਰਵਾਈ ਕਰਨ ਦੀ ਸਲਾਹ ਦਿੱਤੀ ਪਰ ਸ. ਮਾਨ ਆਪਣੇ ਤਜ਼ਰਬੇ ਮੁਤਾਬਿਕ ਇਸ ਡੋਰ ਨੂੰ ਹੋਰ ਢਿੱਲਾ ਛੱਡਣਾ ਚਾਹੁੰਦੇ ਸਨ ਤਾਂ ਕਿ ਲੋਕ ਇਹ ਨਾ ਕਹਿਣ ਕਿ ਦਲਜੀਤ ਸਿੰਘ ਨੂੰ ਮੌਕਾ ਨਹੀਂ ਦਿੱਤਾ ਗਿਆ। ਉਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਰਗੱਦੀ ਦਿਵਸ ਵੱਡੇ ਪੱਧਰ ‘ਤੇ ਮਨਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਸਮੂਹ ਰਾਜਨੀਤਕ ਅਤੇ ਧਾਰਮਿਕ ਸਿੱਖ ਜਥੇਬੰਦੀਆਂ ਨੂੰ ਸਾਂਝੇ ਤੌਰ ‘ਤੇ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ। ਪਹਿਲਾ ਪ੍ਰੋਗਰਾਮ ਤਰਤਤਾਰਨ ਸਾਹਿਬ ਵਿਖੇ ਹੋਇਆ ਜਿਸ ਵਿਚ ਬਹੁਤ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਪਹੁੰਚੀਆਂ।

ਸ. ਸਿਮਰਨਜੀਤ ਸਿੰਘ ਮਾਨ ਇੱਕ ਵੱਡੇ ਕਾਫਲੇ ਨਾਲ ਉਥੇ ਪਹੁੰਚੇ। ਗੈਰ ਸਿੱਖ ਰਾਜਨੀਤਕ ਲੀਡਰਾਂ, ਜਿਨ੍ਹਾਂ ਨੇ ਪਹਿਲਾਂ ਹੀ ਸਿੱਖਾਂ ਦਾ ਬਹੁਤ ਵੱਡਾ ਨੁਕਸਾਨ ਕੀਤਾ ਸੀ, ਨੂੰ ਸਟੇਜ ‘ਤੇ ਬੈਠੇ ਵੇਖ ਰੋਸ ਵਜੋਂ ਸ. ਮਾਨ ਸੰਗਤ ਵਿਚ ਹੀ ਬੈਠ ਗਏ, ਬਾਅਦ ਵਿਚ ਸੁਖਦੇਵ ਸਿੰਘ ਭੌਰ ਤੇ ਹੋਰ ਸਿੱਖ ਲੀਡਰਾਂ ਵੱਲੋਂ ਜੋਰ ਪਾ ਕੇ ਮਾਨ ਸਾਹਿਬ ਨੂੰ ਸਟੇਜ ‘ਤੇ ਲਿਜਾਇਆ ਗਿਆ। ਸ. ਮਾਨ ਨੇ ਆਪਣੀ ਤਕਰੀਰ ਵਿਚ ਸਟੇਜ ‘ਤੇ ਬੈਠੇ ਉਨ੍ਹਾਂ ਲੀਡਰਾਂ ਅਤੇ ਜਥੇਦਾਰਾਂ ਨੂੰ ਸਿੱਖਾਂ ਨਾਲ ਹੋਏ ਧੱਕੇ ਅਤੇ ਬੇਇਨਸਾਫੀਆਂ ਸਬੰਧੀ ਕੁੱਝ ਸਵਾਲ ਕੀਤੇ। ਸਟੇਜ ‘ਤੇ ਬੈਠੇ ਉਨ੍ਹਾਂ ਪੰਥ ਘਾਤਕਾਂ ਨੂੰ ਵੀ ਲੰਮੇ ਹੱਥੀਂ ਲਿਆ।

ਅਗਲਾ ਪ੍ਰੋਗਰਾਮ ਮੰਜੀ ਸਾਹਿਬ, ਦਰਬਾਰ ਹਾਲ ਵਿਚ ਹੋਇਆ ਜਿਥੇ ਬੀ.ਜੇ.ਪੀ. ਅਤੇ ਇਸ ਦੇ ਭਾਈਵਾਲ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਅਤੇ ਉਨ੍ਹਾਂ ਦੇ ਜ਼ਰਖਰੀਦ ਜਥੇਦਾਰਾਂ ਵੱਲੋਂ ਇਸ ਨੂੰ ਸਰਕਾਰੀ ਪ੍ਰੋਗਰਾਮ ਬਣਾ ਦਿੱਤਾ ਗਿਆ। ਇਸ ਗੱਲ ਦਾ ਵੀ ਐਲਾਨ ਕੀਤਾ ਗਿਆ ਕਿ ਸ. ਸਿਮਰਨਜੀਤ ਸਿੰਘ ਮਾਨ ਉਸ ਸਟੇਜ ਤੋਂ ਨਹੀਂ ਬੋਲ ਸਕਣਗੇ। ਉਥੇ ਸੁਸ਼ਮਾ ਸਵਰਾਜ ਅਤੇ ਹੋਰ ਹਿੰਦੂ ਲੀਡਰਾਂ ਨੇ ਸਿੱਖ ਇਤਿਹਾਸ ਅਤੇ ਸਿੱਖ ਸਿੱਧਾਂਤਾਂ ਦਾ ਪੂਰਾ ਮਜ਼ਾਕ ਉਡਾਇਆ, ਜਿਸ ਨੂੰ ਨਾ ਬਰਦਾਸ਼ਤ ਕਰਦੇ ਹੋਏ ਸ. ਮਾਨ ਨੇ ਸਟੇਜ ਤੋਂ ਬੋਲਣ ਦਾ ਫੈਸਲਾ ਲੈ ਲਿਆ ਜਿਸ ਕਰਕੇ ਸਰਕਾਰੀ ਟੁਕੜਿਆਂ ‘ਤੇ ਪਲ ਰਹੇ ਪੰਥ ਦੇ ਅਖੌਤੀ ਠੇਕੇਦਾਰਾਂ, ਜਥੇਦਾਰਾਂ, ਨਿਹੰਗਾਂ ਅਤੇ ਟਕਸਾਲ ਦੇ ਹਰਨਾਮ ਸਿੰਘ ਧੁੰਮਾ ਦੇ ਸਾਥੀਆਂ ਵੱਲੋਂ ਸ. ਮਾਨ ਉਤੇ ਕਿਰਪਾਨਾਂ ਧੂਹੀਆਂ ਗਈਆਂ ਅਤੇ ਬੰਦੂਕਾਂ ਤਾਣੀਆਂ ਗਈਆਂ ਜਿਸ ਦਾ ਵਿਰੋਧ ਸ. ਮਾਨ ਦੀ ਪਾਰਟੀ ਦੇ ਵਰਕਰਾਂ ਅਤੇ ਲੀਡਰਾਂ ਨੇ ਕੀਤਾ। ਇਸ ਘਟਨਾ ਤੋਂ ਬਾਅਦ ਜਿਥੇ ਸ. ਮਾਨ ਅਤੇ ਉਨ੍ਹਾਂ ਦੇ ਹੋਰ ਚਾਰ ਸਾਥੀਆਂ ਖਿਲਾਫ ਐਫ.ਆਈ.ਆਰ. ਦਰਜ ਕੀਤੀ ਗਈ। ਟਕਸਾਲ ਦੇ ਹਰਨਾਮ ਸਿੰਘ ਧੁੰਮਾ ਅਤੇ ਨਿਹੰਗ ਜਥੇਬੰਦੀ ਦੇ ਮੁਖੀ ਨਿਹਾਲ ਸਿੰਘ ਹਰੀਆਂਵੇਲਾਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ‘ਤੇ ਲਿਖਤੀ ਸ਼ਿਕਾਇਤ ਕੀਤੀ ਗਈ ਕਿ ਸ. ਮਾਨ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸ੍ਰੀ ਅਕਾਲ ਤਖਤ ‘ਤੇ ਤਲਬ ਕੀਤਾ ਜਾਵੇ, ਪਰ ਹੈਰਾਨੀ ਦੀ ਗੱਲ ਇਹ ਸੀ ਕਿ ਸ. ਦਲਜੀਤ ਸਿੰਘ ਅਤੇ ਉਸ ਦੇ ਸਾਥੀ, ਜੋ ਪਾਰਟੀ ਵਜੋਂ ਇਸ ਸਭ ਕੁਝ ਵਿਚ ਭਾਈਵਾਲ ਸਨ, ਨੂੰ ਇਸ ਸਾਰੀ ਕਾਰਵਾਈ ਤੋਂ ਬਾਹਰ ਰੱਖਿਆ ਗਿਆ। ਠੀਕ ਤੀਜੇ ਦਿਨ ਸ. ਦਲਜੀਤ ਸਿੰਘ ਬਿੱਟੂ ਇਸ ਗੱਲ ਦੀ ਪ੍ਰਵਾਹ ਕੀਤੇ ਬਗੈਰ ਕਿ ਉਨ੍ਹਾਂ ਦੇ ਪਾਰਟੀ ਪ੍ਰਧਾਨ ਨਾਲ ਕੀ ਸਲੂਕ ਕੀਤਾ ਗਿਆ ਹੈ, ਨਿਹਾਲ ਸਿੰਘ ਹਰੀਆਂਵੇਲਾਂ ਦੇ ਡੇਰੇ ‘ਤੇ ਪਹੁੰਚ ਗਏ। ਜਦੋਂ ਮੈਂ ਫੋਨ ਕਰਕੇ ਸ. ਦਲਜੀਤ ਸਿੰਘ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਦਾ ਕਹਿਣਾ ਸੀ, “ਉਨ੍ਹਾਂ ਦੇ ਡੇਰੇ ਦੇ ਕੁੱਝ ਸਿੰਘ ਕੁਝ ਸਮਾਂ ਉਨ੍ਹਾਂ ਦੇ ਨਾਲ ਜੇਲ੍ਹ ਵਿਚ ਰਹੇ ਸਨ, ਉਨ੍ਹਾਂ ਸਿੰਘਾਂ ਨੇ ਫੋਨ ਕਰਕੇ ਬੁਲਾਇਆ ਸੀ।” ਸੱਚ ਇਹ ਹੈ ਕਿ ਦਲਜੀਤ ਸਿੰਘ ਅਤੇ ਉਨ੍ਹਾਂ ਸਿੰਘਾਂ ਨੂੰ ਜੇਲ੍ਹ ਵਿਚੋਂ ਬਾਹਰ ਆਇਆਂ ਡੇਢ ਸਾਲ ਤੋਂ ਉਤੇ ਸਮਾਂ ਹੋ ਗਿਆ ਸੀ।

ਗੱਲ ਇਥੇ ਹੀ ਬੱਸ ਨਹੀਂ ਹੋਈ। ਅਗਲਾ ਪ੍ਰੋਗਰਾਮ 26 ਅਕਤੂਬਰ 2006 ਨੂੰ, ਜੋ ਸ਼੍ਰੋਮਣੀ ਕਮੇਟੀ ਵੱਲੋਂ ਰੱਖਿਆ ਗਿਆ, ਉਹ ਬਾਬਾ ਬੁੱਢਾ ਜੀ ਦੇ ਸਥਾਨ ਕੱਥੂਨੰਗਲ ਵਿਖੇ ਸੀ। ਉਨ੍ਹਾਂ ਦਿਨਾਂ ਵਿਚ ਦਾਸ ਵੀ ਪੰਜਾਬ ਗਿਆ ਹੋਇਆ ਸੀ। ਉਸ ਇਲਾਕੇ ਦੇ ਇੰਚਾਰਜ ਭਾਈ ਰਾਮ ਸਨ ਜੋ ਇੱਕ ਰਾਤ ਪਹਿਲਾਂ ਯੌਰਪ ਤੋਂ ਵਾਪਿਸ ਪਰਤੇ ਸਨ। ਉਸ ਪ੍ਰੋਗਰਾਮ ਦੇ ਪ੍ਰਬੰਧ ਦੀ ਸਾਰੀ ਜ਼ਿੰਮੇਵਾਰੀ ਸੀਨੀਅਰ ਮੀਤ ਪ੍ਰਧਾਨ ਦਲਜੀਤ ਸਿੰਘ ਬਿੱਟੂ ਦੀ ਸੀ। ਮੈਂ ਭਾਈ ਦਲਜੀਤ ਸਿੰਘ ਨੂੰ ਫੋਨ ਕਰਕੇ ਪ੍ਰੋਗਰਾਮ ਅਤੇ ਪਹੁੰਚਣ ਦਾ ਸਮਾਂ ਪੁੱਛਿਆ ਕਿਉਂਕਿ ਮੈਂ ਮਾਝੇ ਵਿਚ ਕੁਝ ਹੋਰ ਨੌਜਆਨਾਂ ਨਾਲ ਸੰਪਰਕ ਕਰ ਰਿਹਾ ਸੀ ਪਰ ਸ. ਦਲਜੀਤ ਸਿੰਘ ਨੇ ਕਿਹਾ ਕਿ ਬਹੁਤੇ ਬੰਦਿਆਂ ਦੀ ਜ਼ਰੂਰਤ ਨਹੀਂ ਹੈ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ), ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਜਥੇਦਾਰ ਵੇਦਾਂਤੀ ਵੱਲੋਂ ਸ. ਮਾਨ ਦੇ ਖਿਲਾਫ ਅਖਬਾਰਾਂ ਵਿਚ ਬਿਆਨ ਆ ਰਹੇ ਸਨ ਅਤੇ ਇਹ ਗੱਲ ਤੈਅ ਸੀ ਕਿ ਉਹ ਸ. ਮਾਨ ਨੂੰ ਪੰਡਾਲ ਤੋਂ ਬਾਹਰ ਹੀ ਰੋਕਣ ਦੀ ਕੋਸ਼ਿਸ਼ ਕਰਨਗੇ। ਜਿਨ੍ਹਾਂ ਨੌਜੁਆਨਾਂ ਨੂੰ ਉਥੇ ਪਹੁੰਚਣ ਤੋਂ ਦਲਜੀਤ ਸਿੰਘ ਵੱਲੋਂ ਰੋਕ ਦਿੱਤਾ ਗਿਆ, ਉਥੇ ਪਹੁੰਚ ਕੇ ਸ. ਦਲਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਜੋ ਰੋਲ ਰਿਹਾ ਅਤੇ ਉਸ ਤੋਂ ਬਾਅਦ ਜੋ ਗੱਲਾਂਬਾਤਾਂ ਸ. ਦਲਜੀਤ ਸਿੰਘ ਅਤੇ ਉਨ੍ਹਾਂ ਦੇ ਸਾਂਢੂ ਸੁਰਿੰਦਰ ਪਾਲ ਸਿੰਘ ਠਰੂਆ (ਜੋ ਇਸ ਦੁਨੀਆਂ ਵਿਚ ਨਹੀਂ ਰਹੇ) ਨਾਲ ਹੋਈਆਂ, ਉਹ ਸਭ ਅਗਲੇ ਲੇਖ ਵਿਚ ਆਪ ਜੀ ਨਾਲ ਸਾਂਝਾ ਕਰਾਂਗੇ।

(ਚਲਦਾ)

**ਰੇਸ਼ਮ ਸਿੰਘ, ਬੇਕਰਜ਼ਫੀਲਡ**
**ਫੋਨ:661-209-0118**

The views expressed in this article published as ad are that of it`s writer. Paid Advt.

# ਦਾਸ ਲੰਬੀ ਵਿਧਾਨ ਸਭਾ ਹਲਕੇ ਤੋਂ ਪਾਸ਼ ਨੂੰ ਚੁਣੌਤੀ ਦੇਣ ਲਈ ਦ੍ਰਿੜ੍ਹ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਦੇ ਪਿਤਾ ਗੁਰਦਾਸ ਸਿੰਘ ਬਾਦਲ ਆਪਣੇ ਵੱਡੇ ਭਰਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਲੰਬੀ ਤੋਂ ਵਿਧਾਨ ਸਭਾ ਚੋਣ ਲੜਨ ਲਈ ਬਜ਼ਿੱਦ ਹਨ। ਗੁਰਦਾਸ ਬਾਦਲ ਦਾ ਕਹਿਣਾ ਹੈ, "ਬਾਦਲ ਸਾਹਿਬ ਨੇ ਖੁਦ ਉਸ ਦੇ ਪਰਿਵਾਰ 'ਤੇ ਇਹ ਚੋਣ ਜੰਗ ਥੋਪੀ ਹੈ, ਸੋ ਹੁਣ ਸਾਡਾ ਪਿੱਛੇ ਹਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੈਂ ਪੀ.ਪੀ.ਪੀ. ਦੀ ਟਿਕਟ 'ਤੇ ਚੋਣ ਲੜਾਂਗਾ।'' ਉਨ੍ਹਾਂ ਫਿਰ ਕਿਹਾ, "ਚੋਣ ਲੜਨ ਲਈ ਮੈਨੂੰ ਮਨਪ੍ਰੀਤ ਨਹੀਂ ਕਹਿ ਰਿਹਾ ਬਲਕਿ ਮੇਰਾ ਆਪਣਾ ਫੈਸਲਾ ਹੈ ਕਿ ਮੈਂ ਆਪਣੇ ਵੱਡੇ ਭਰਾ ਅੱਗੇ ਆਪਣਾ ਆਪ ਸਿੱਧ ਕਰਾਂ। ਸੁਖਬੀਰ ਬਾਦਲ ਸੋਚਦਾ ਹੈ ਕਿ ਅਸੀਂ ਉਨ੍ਹਾਂ ਦੇ ਥਾਪੜੇ ਤੋਂ ਬਿਨਾਂ ਕਿਸੇ ਕੰਮ ਦੇ ਨਹੀਂ ਪਰ ਲੰਬੀ ਤੇ ਗਿੱਦੜਬਾਹਾ ਹਲਕੇ ਜਿਸ 'ਚ ਕਈ ਦਹਾਕੇ ਲਾ ਕੇ ਕੰਮ ਕੀਤਾ, ਇਨ੍ਹਾਂ ਹਲਕਿਆਂ 'ਚ ਮੈਨੂੰ ਤੇ ਲੋਕਾਂ ਨੂੰ ਇਕ ਦੂਜੇ ਦੀ ਜਾਣ-ਪਛਾਣ ਲਈ ਬਾਹਰੀ ਇਮਦਾਦ ਦੀ ਲੋੜ ਨਹੀਂ ਹੈ।''

ਉਨ੍ਹਾਂ ਕਿਹਾ ਕਿ ਆਪਣੇ ਵੱਡੇ ਭਰਾ ਵਿਰੁੱਧ ਚੋਣ ਲੜਦਿਆਂ ਉਹ ਕੁੜੱਤਣ ਭਰੇ ਬੋਲ ਬੋਲਣ ਤੋਂ ਗੁਰੇਜ਼ ਕਰਨਗੇ। ਇਹ ਫੈਸਲਾ ਲੋਕਾਂ 'ਤੇ ਛੱਡ ਦਿੱਤਾ ਜਾਵੇ ਕਿ ਪਾਸ਼ ਬਿਹਤਰ ਹੈ ਜਾਂ ਦਾਸ। ਪਰਿਵਾਰ 'ਚ ਪਈ ਦਰਾੜ ਨੂੰ 'ਸਾੜਸਤੀ' ਕਰਾਰ ਦਿੰਦਿਆਂ ਉਨ੍ਹਾਂ ਪਾਸ਼ ਨਾਲ ਆਪਣੀ ਲੰਮੀ ਸਾਂਝ ਯਾਦ ਕਰਦਿਆਂ ਭਾਵੁਕ ਹੋ ਕੇ ਕਿਹਾ ਕਿ ਜਦੋਂ ਵੀ ਮੁੱਖ ਮੰਤਰੀ ਮੁਕਤਸਰ ਇਲਾਕੇ 'ਚ ਆਉਂਦੇ, ਉਹ ਬਿਮਾਰੀ ਦੇ ਬਾਵਜੂਦ ਉਨ੍ਹਾਂ ਦੇ ਨਾਲ ਘੁੰਮਦੇ। ਦਾਸ ਨੇ ਕਿਹਾ, "ਬਚਪਨ ਤੋਂ ਲੈ ਕੇ ਅਸੀਂ ਜਦੋਂ ਅੱਡੋ-ਅੱਡ ਰਾਹ 'ਤੇ ਨਹੀਂ ਪਏ ਸੀ, ਕਦੇ ਸਾਡੇ 'ਚ ਅਸਹਿਮਤੀ ਨਹੀਂ ਬਣੀ ਸੀ ਪਰ ਹੁਣ ਉਹ ਗੱਲ ਹੀ ਨਹੀਂ ਰਹੀ। ਹਾਲਤ ਮੂਲੋਂ ਹੀ ਬਦਲੀ ਪਈ ਹੈ। ਮੇਰੇ ਪੁੱਤਰ ਨੂੰ ਪਰਿਵਾਰ 'ਤੇ 'ਕਲੰਕ' ਕਰਾਰ ਦਿੱਤਾ ਜਾ ਰਿਹਾ ਹੈ।''



ਉਨ੍ਹਾਂ ਯਾਦ ਕੀਤਾ ਕਿ ਪਹਿਲਾਂ ਬਾਦਲ ਸਾਹਿਬ ਹਰ ਰੋਜ਼ ਉਨ੍ਹਾਂ ਨੂੰ ਫੋਨ ਕਰਕੇ ਉਨ੍ਹਾਂ ਦੀ ਸਿਹਤ ਬਾਰੇ ਪੁੱਛਿਆ ਕਰਦੇ ਸਨ। ਪਹਿਲਾਂ ਉਹ ਬਾਦਲ ਪੁੱਜਦਿਆਂ ਸਾਰ ਉਨ੍ਹਾਂ ਨੂੰ ਮਿਲਣ ਭੱਜਦੇ ਸਨ ਪਰ ਹੁਣ ਉਹ ਰਸਮੀ ਤੌਰ 'ਤੇ ਮਹੀਨੇ 'ਚ ਇਕ ਵਾਰ ਫੋਨ ਕਰਦੇ ਹਨ। ਛੋਟੇ ਭਰਾ ਨੂੰ ਫਿਰ ਯਾਦ ਆਇਆ ਕਿ ਮਨਪ੍ਰੀਤ ਬਾਦਲ ਸਾਹਿਬ ਦੀ ਅੱਖ ਦਾ ਤਾਰਾ ਹੋਇਆ ਕਰਦਾ ਸੀ ਪਰ ਇਕ ਵਾਰ ਲਾਣੇਦਾਰੀ ਸੁਖਬੀਰ ਦੇ ਹੱਥਾਂ 'ਚ ਕੀ ਗਈ ਕਿ ਉਹ 'ਬਾਹਰਲਾ' ਬਣ ਗਿਆ ਤੇ ਅੰਤ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਬਾਦਲ ਸਾਹਿਬ ਹੀ ਸਨ ਜਿਨ੍ਹਾਂ ਨੇ ਮਨਪ੍ਰੀਤ ਨੂੰ ਸਿਆਸੀ ਪਿੜ 'ਚ ਕੁੱਦਣ ਲਈ ਕਿਹਾ ਸੀ, ਨਹੀਂ ਤਾਂ ਉਹ ਤਾਂ ਅਧਿਆਪਕ ਬਣ ਕੇ ਬਰਤਾਨੀਆ 'ਚ ਵਸਣਾ ਚਾਹੁੰਦਾ ਸੀ ਪਰ ਹੁਣ ਉਹੀ ਮਨਪ੍ਰੀਤ 'ਗੱਦਾਰ' ਕਿਹਾ ਜਾ ਰਿਹਾ ਹੈ।

ਗੁਰਦਾਸ ਬਾਦਲ ਦਾ ਕਹਿਣਾ ਹੈ ਕਿ ਨਵੀਂ ਸਿਆਸੀ ਪਾਰਟੀ ਬਣਾਉਣ ਨਾਲ ਕੋਈ ਵਿਅਕਤੀ ਗੱਦਾਰ ਬਣ ਜਾਂਦਾ ਹੈ ਜਦਕਿ ਉਸ ਨੇ ਕਿਸੇ ਨਾਲ ਕੋਈ ਧੋਖਾ ਨਹੀਂ ਕੀਤਾ ਤੇ ਇਹ ਬਾਦਲ ਸਾਹਿਬ ਹੀ ਸਨ ਜਿਨ੍ਹਾਂ ਨੇ ਉਸ ਨੂੰ ਪਾਰਟੀ 'ਚੋਂ ਕੱਢਿਆ, ਫਿਰ ਉਸ ਨੂੰ ਗੱਦਾਰ ਕਿਵੇਂ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਦੇ ਆਸ ਨਹੀਂ ਸੀ ਕਿ ਵੱਡਾ ਭਰਾ ਇਸ ਹੱਦ ਤਕ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਜਾਣਦੇ ਹਨ ਕਿ ਪ੍ਰਕਾਸ਼ ਸਿੰਘ ਬਾਦਲ ਇਸ ਵੇਲੇ ਕਠਪੁਤਲੀ ਮੁੱਖ ਮੰਤਰੀ ਹਨ। ਅਸਲ ਮੁੱਖ ਮੰਤਰੀ ਤਾਂ ਸੁਖਬੀਰ ਹੈ। ਉਨ੍ਹਾਂ ਨੇ ਪਰਿਵਾਰਾਂ 'ਚ ਨਵੀਂ ਪੀੜ੍ਹੀ ਦੇ ਵੱਡਿਆਂ 'ਤੇ ਹਾਵੀ ਹੋਣ ਦੀਆਂ ਬੜੀਆਂ ਕਹਾਣੀਆਂ ਸੁਣੀਆਂ ਸਨ ਪਰ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਦੇ ਘਰ 'ਚ ਇਹ ਕੁਝ ਵਾਪਰਦਾ ਦੇਖਿਆ ਹੈ।

# ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ 'ਚ ਜ਼ਿਆਦਤੀਆਂ ਬਾਰੇ ਰਿਪੋਰਟ ਤਲਬ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਜ਼ਿਆਦਤੀਆਂ ਬਾਰੇ ਰਿਪੋਰਟ ਤਲਬ ਕਰ ਲਈ ਹੈ। ਕਮਿਸ਼ਨ ਨੇ ਪਰਵਾਸੀ ਭਾਰਤੀ ਦਰਸ਼ਨ ਸਿੰਘ ਧਾਲੀਵਾਲ ਦੀ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਮੁੱਖ ਸਕੱਤਰ ਨੂੰ 20 ਨਵੰਬਰ ਤੱਕ ਜਵਾਬ ਦੇਣ ਲਈ ਕਿਹਾ ਹੈ।



ਕਮਿਸ਼ਨ ਨੇ ਪੰਜਾਬ ਪੁਲਿਸ ਤੋਂ ਵੀ ਪਟੀਸ਼ਨਰ ਦੀ ਸ਼ਿਕਾਇਤ 'ਤੇ ਕਾਰਵਾਈ ਨਾ ਕਰਨ ਦਾ ਕਾਰਨ ਪੁੱਛਿਆ ਹੈ। ਸ਼ਿਕਾਇਤਕਰਤਾ ਨੇ ਕਮਿਸ਼ਨ ਕੋਲ 10 ਅਕਤੂਬਰ ਨੂੰ ਪਟੀਸ਼ਨ ਦਾਇਰ ਕਰਕੇ ਹਾਕਮ ਪਾਰਟੀ ਦੇ ਪੋਲਿੰਗ ਏਜੰਟ ਤੇ ਉਸ ਦੀ ਕੁੱਟਮਾਰ ਕਰਨ ਦਾ ਦੋਸ਼ ਲਾਇਆ ਸੀ। ਕੁੱਟਮਾਰ ਕਾਰਨ ਸ਼ਿਕਾਇਤਕਰਤਾ ਦੇ ਦੋ ਦੰਦ ਵੀ ਟੁੱਟ ਗਏ ਸਨ। ਇਸੇ ਦੌਰਾਨ ਗਲੋਬਲ ਹਿਊਮਨ ਰਾਈਟਸ ਕੌਂਸਲ ਵੱਲੋਂ ਕਮਿਸ਼ਨ ਕੋਲ ਵੱਖਰੀ ਪਟੀਸ਼ਨ ਰਾਹੀਂ ਹਾਕਮ ਪਾਰਟੀ 'ਤੇ ਚੋਣ ਬੂਥਾਂ 'ਤੇ ਕਬਜ਼ੇ ਕਰਨ ਤੇ ਵਿਰੋਧੀ ਧਿਰ ਉੱਤੇ ਜ਼ਿਆਦਤੀਆਂ ਕਰਨ ਦੇ ਦੋਸ਼ ਲਾਏ ਗਏ ਹਨ। ਇਸ ਪਟੀਸ਼ਨ ਵਿਚ ਚੋਣਾਂ ਦੌਰਾਨ ਵੋਟਾਂ ਪੁਆਉਣ ਲਈ ਗੋਲੀ ਚਲਾਉਣ ਤੇ ਹੋਰ ਕਈ ਤਰੀਕਿਆਂ ਨਾਲ ਡਰਾਉਣ ਧਮਕਾਉਣ ਦੇ ਦੋਸ਼ ਵੀ ਲਾਏ ਗਏ ਹਨ।

ਪਟੀਸ਼ਨਰ ਧਾਲੀਵਾਲ ਜੋ ਕੈਨੇਡਾ ਵਿੱਚ ਰਹਿ ਰਿਹਾ ਹੈ, ਚੋਣਾਂ ਵੇਲੇ ਪੰਜਾਬ ਆਇਆ ਹੋਇਆ ਸੀ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਉਹ ਜ਼ਿਲ੍ਹਾ ਸੰਗਰੂਰ ਦੇ ਕਸਬਾ ਅਹਿਮਦਗੜ੍ਹ ਦੇ ਵਾਰਡ ਨੰਬਰ ਵਿਚ ਵੋਟ ਪਾਉਣ ਗਿਆ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਦੀ ਵੋਟ ਕੱਟੀ ਹੋਈ ਹੈ। ਉਸ ਨੇ ਵੋਟ ਕੱਟਣ ਦਾ ਕਾਰਨ ਜਾਣਨਾ ਚਾਹਿਆ ਤਾਂ ਹਾਕਮ ਧਿਰ ਦੇ ਉਮੀਦਵਾਰ ਦੇ ਪੋਲਿੰਗ ਏਜੰਟ ਅਵਤਾਰ ਸਿੰਘ ਨੇ ਉਸ 'ਤੇ ਹਮਲਾ ਕਰ ਦਿੱਤਾ ਸੀ। ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਪੋਲਿੰਗ ਏਜੰਟ ਭਾਵੇਂ ਸਾਰੇ ਦੋਸ਼ਾਂ ਤੋਂ ਮੁਨਕਰ ਹੈ ਤੇ ਉਸ ਵੱਲੋਂ ਸ਼ਿਕਾਇਤਕਰਤਾ 'ਤੇ ਉਲਟਵਾਰ ਕਈ ਤਰ੍ਹਾਂ ਦੇ ਗੰਭੀਰ ਦੋਸ਼ ਵੀ ਲਾਏ ਗਏ ਹਨ ਪਰ ਅਸਲੀਅਤ ਇਹ ਹੈ ਕਿ ਉਸ ਨੂੰ ਬਿਨ੍ਹਾ ਵਜ੍ਹਾ ਹਾਕਮ ਧਿਰ ਤੋਂ ਆਪਣੀ ਮਰਜ਼ੀ ਦੇ ਉਮੀਦਵਾਰ ਨੂੰ ਵੋਟ ਪਾਉਣ ਖ਼ਾਤਰ ਕੁੱਟ ਖਾਣੀ ਪਈ ਹੈ।

ਉਸ ਨੇ ਮਾਮਲੇ ਦੀ ਜਾਣਕਾਰੀ ਮੌਕੇ ਦੇ ਚੋਣ ਅਧਿਕਾਰੀ ਦੇ ਧਿਆਨ ਵਿਚ ਵੀ ਲਿਆਂਦੀ ਸੀ। ਉਸ ਨੇ ਦੋਸ਼ ਲਾਇਆ ਹੈ ਕਿ ਉਹ ਵਿਦੇਸ਼ ਰਹਿ ਕੇ ਵੀ ਪੂਰਾ ਗੁਰਸਿੱਖੀ ਜੀਵਨ ਬਤੀਤ ਕਰ ਰਿਹਾ ਹੈ ਪਰ ਆਪਣੀ ਧਰਤੀ 'ਤੇ ਉਸ ਦੇ ਕੇਸਾਂ ਦੀ ਬੇਅਦਬੀ ਹੋਈ ਹੈ। ਸ਼ਿਕਾਇਤ ਕਰਤਾ ਨੇ ਕਿਹਾ ਹੈ ਕਿ ਉਹ ਕੁੱਟਮਾਰ ਦੌਰਾਨ ਗੰਭੀਰ ਜ਼ਖ਼ਮੀ ਹੋ ਗਿਆ ਸੀ ਤੇ ਉਸ ਨੂੰ ਇਲਾਜ ਲਈ ਮੰਡੀ ਅਹਿਮਦਗੜ੍ਹ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਾਉਣਾ ਪਿਆ ਸੀ। ਉਸ ਨੇ ਕਮਿਸ਼ਨ ਤੋਂ ਦੋਸ਼ੀ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਦਿਆਂ ਪੁਲਿਸ ਅਧਿਕਾਰੀਆਂ ਵੱਲੋਂ ਸ਼ਿਕਾਇਤ ਦਰਜ ਨਾ ਕਰਨ 'ਤੇ ਜਵਾਬਤਲਬੀ ਕਰਨ ਲਈ ਕਿਹਾ ਹੈ।

ਉਸ ਨੇ ਕਮਿਸ਼ਨ ਨੂੰ ਦੱਸਿਆ ਕਿ ਉਸ ਦੀ ਕਿਸੇ ਅਧਿਕਾਰੀ ਕੋਲ ਸੁਣਵਾਈ ਨਾ ਹੋਣ ਕਾਰਨ ਕਮਿਸ਼ਨ ਕੋਲ ਪਹੁੰਚ ਕੀਤੀ ਹੈ। ਦੂਜੇ ਪਾਸੇ ਗਲੋਬਲ ਹਿਊਮਨ ਰਾਈਟਸ ਕੌਂਸਲ ਨੇ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੈ। ਕੌਂਸਲ ਨੇ ਕਮਿਸ਼ਨ ਤੋਂ ਦੋਸ਼ੀ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਕੌਂਸਲ ਵੱਲੋਂ ਪੰਜਾਬ ਸਰਕਾਰ ਤੇ ਪੰਜਾਬ ਪੁਲੀਸ ਨੂੰ ਧਿਰ ਬਣਾਇਆ ਗਿਆ ਹੈ ਜਦਕਿ ਧਾਲੀਵਾਲ ਕੇਸ ਵਿਚ ਸੰਗਰੂਰ ਦੇ ਸੀਨੀਅਰ ਪੁਲਿਸ ਅਫਸਰ, ਅਹਿਮਦਗੜ੍ਹ ਦੇ ਡਿਪਟੀ ਸੁਪਰਡੈਂਟ ਪੁਲਿਸ ਸਮੇਤ ਤਿੰਨ ਹਮਲਾਵਰਾਂ ਅਵਤਾਰ ਸਿੰਘ, ਬਿੰਦਰ ਤੇ ਕਰਮਜੀਤ ਸਿੰਘ ਨੂੰ ਧਿਰ ਬਣਾਇਆ ਗਿਆ ਹੈ।

## ਅੱਠਵੇਂ ਪਾਤਸ਼ਾਹ ਦਾ ਗੁਰਗੱਦੀ ਦਿਵਸ ਮਨਾਇਆ

**ਫਰਿਜ਼ਨੋ (ਐਸ. ਅਸ਼ੋਕ ਭੌਰਾ):** ਇਥੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਲੰਘੇ ਐਤਵਾਰ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦਾ ਗੁਰਗੱਦੀ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ। ਸ਼ਬਦ ਕੀਰਤਨ ਉਪਰੰਤ ਢਾਡੀ ਸੁਖਨਿਰੰਜਣ ਸਿੰਘ ਦੇ ਜਥੇ ਨੇ ਕਰੀਬ ਦੋ ਘੰਟੇ ਸੰਗਤਾਂ ਨੂੰ ਵਾਰਾਂ ਦੇ ਜ਼ਰੀਏ ਸਿੱਖ ਇਤਿਹਾਸ ਨਾਲ ਜੋੜੀ ਰੱਖਿਆ। ਢਾਡੀ ਜਥੇ ਨੇ "ਗੁਰੂ ਹਰਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ" ਦੇ ਗਾਇਨ ਉਪਰੰਤ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੀ ਸ਼ਹੀਦੀ ਦਾ ਪ੍ਰਸੰਗ ਪੇਸ਼ ਕੀਤਾ। "ਮੌਤ ਨਾਲ ਲਾਵਾਂ ਲੈਣੀਆਂ" ਆਦਿ ਵਾਰਾਂ ਪੇਸ਼ ਕਰਕੇ ਇਕ ਵੱਖਰਾ ਹੀ ਰੰਗ ਬੰਨ੍ਹ ਦਿੱਤਾ।

ਇਸ ਢਾਡੀ ਜਥੇ ਵਿਚ ਸਾਰੰਗੀ 'ਤੇ ਰਾਜੀਵਨ ਸਿੰਘ ਬਾਲਾ ਅਤੇ ਢੱਡ 'ਤੇ ਗਿਆਨੀ ਦਰਸ਼ਨ ਸਿੰਘ ਬੱਲ ਤੇ ਬਲਬੀਰ ਸਿੰਘ ਨੇ ਸਾਥ ਦਿੱਤਾ। ਗੁਰੂ ਘਰ ਦੇ ਮੁੱਖ ਗ੍ਰੰਥੀ ਗਿਆਨੀ ਅਵਤਾਰ ਸਿੰਘ ਅਨੁਸਾਰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹੈਡ ਗ੍ਰੰਥੀ ਗਿਆਨੀ ਮੱਲ ਸਿੰਘ ਵੀ ਗੁਰੂ ਘਰ ਪਹੁੰਚ ਚੁਕੇ ਹਨ ਅਤੇ ਕਰੀਬ ਇਕ ਮਹੀਨਾ ਰੋਜ਼ਾਨਾ ਕਥਾ ਪ੍ਰਵਾਹ ਚਲਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇੰਨਾ ਕੁ ਸਮਾਂ ਹੀ ਢਾਡੀ ਸੁੱਖਨਿਰੰਜਣ ਸਿੰਘ ਦਾ ਜਥਾ ਸੰਗਤਾਂ ਨਾਲ ਰੂਬਰੂ ਰਹੇਗਾ। ਜਥੇ ਨਾਲ ਫੋਨ 559-554-8557 ਉਤੇ ਸੰਪਰਕ ਕੀਤਾ ਜਾ ਸਕਦਾ ਹੈ।



Language Line services

Hiring English-Punjabi Interpreters

*Work from the comfort of your home and make a difference in people's life!*

Language Line Services seeks applicants with a strong proficiency in English and Punjabi to perform over-the-telephone interpretation. If you have excellent language skills, you can become an over-the-phone interpreter.

> Flexible hours

> Paid orientation

Apply at: www.languageline.com/careers

FARMERS INSURANCE GROUP Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella

*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann

Insurance Agent

License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵੱਲੋਂ ਮਨਜ਼ੂਰੀ ਹੈ।

# ਯਮਲਾ ਜੱਟ ਦਾ ਮੇਲਾ ਬਣਿਆ ਯਾਦਗਾਰੀ



**ਫਰਿਜ਼ਨੋ (ਐਸ ਅਸ਼ੋਕ ਭੌਰਾ):** ਇਥੋਂ ਨਜ਼ਦੀਕ ਸੈਲਮਾ ਵਿਖੇ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਫਾਊਂਡੇਸ਼ਨ ਵੱਲੋਂ ਯਮਲਾ ਜੀ ਦੇ ਸ਼ਗਿਰਦ ਗਾਇਕ ਰਾਜ ਬਰਾੜ ਦੀ ਅਗਵਾਈ ਹੇਠ ਗਿਆਰਵਾਂ ਸੱਭਿਆਚਾਰਕ ਮੇਲਾ ਲਾਇਆ ਗਿਆ।

ਨਿਰੋਲ ਖੇਤੀ ਭੋਇੰ 'ਤੇ ਮੇਲਾ ਲੱਗਣ ਕਰਕੇ ਇਕ ਵਾਰ ਤਾਂ ਪੰਜਾਬ ਦੀ ਤਸਵੀਰ ਖਿੱਚੀ ਗਈ। ਸਰੋਤਿਆਂ ਦੀ ਗਿਣਤੀ ਭਾਵੇਂ ਘੱਟ ਸੀ ਪਰ ਹਾਜ਼ਰੀਨ ਵਿਚ ਨਾਮਵਰ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਕਰਕੇ ਇਸ ਨੂੰ ਸਫ਼ਲ ਮੇਲਿਆਂ ਦੀ ਗਿਣਤੀ ਵਿਚ ਜੋੜਿਆ ਜਾ ਸਕਦਾ ਹੈ। ਖਾਸ ਗੱਲ ਇਹ ਸੀ ਕਿ ਜਦੋਂ ਮੇਲੇ ਦੇ ਅੰਤਲੇ ਪਲਾਂ ਵਿਚ ਢਲਦੀ ਸ਼ਾਮ ਨੂੰ ਗਾਇਕ ਬਲਵੀਰ ਲਹਿਰਾ ਅਤੇ ਗਾਇਕਾ ਸੁੱਖੀ ਬਰਾੜ ਨੇ 'ਸਿਰ ਦੁਖਦਾ' ਅਤੇ 'ਕੱਲ੍ਹ ਦਾ ਕਾਲਜਾ ਦੁਖਦਾ' ਵਰਗੇ ਡਿਊਟ ਗੀਤ ਪੇਸ਼ ਕੀਤੇ ਤਾਂ ਸੱਚੀਂ ਅੱਧੀ ਰਾਤ ਤੱਕ ਚਲਦੇ ਪ੍ਰੋ. ਮੋਹਨ ਸਿੰਘ ਮੇਲੇ ਅਤੇ ਬਾਬੇ ਜਗਦੇਵ ਸਿੰਘ ਜੱਸੋਵਾਲ ਦੀ ਯਾਦ ਤਾਜ਼ਾ ਹੋ ਗਈ। ਮੇਲੇ ਵਿਚ ਸ਼ਾਮਲ ਹੋਰ ਗਾਇਕਾਂ ਵਿਚ ਐਸ.ਐਸ. ਭਜਨ ਨੇ ਆਪਣੇ ਚਰਚਿਤ ਗੀਤਾਂ ਨਾਲ ਮੇਲੇ ਨੂੰ ਪਹਿਲੀ ਸਿਖ਼ਰ ਦਿੱਤੀ। ਗਾਇਕ, ਸੰਗੀਤਕਾਰ ਪੱਪੀ ਭਦੌੜ, ਗਗਨ ਸਿੱਧੂ, ਹਰਦੇਵ ਸੰਧੂ, ਅਵਤਾਰ ਗਰੇਵਾਲ ਅਤੇ ਦਿਲਦਾਰ ਗਰੁੱਪ ਦੇ ਪੱਪੂ ਬਰਾੜ ਨੇ ਭਰਵੀਂ ਹਾਜ਼ਰੀ ਲਗਵਾਈ।

ਮੇਲੇ ਨੂੰ ਜਿੱਥੇ ਪਿਛਲੇ ਵਰ੍ਹਿਆਂ ਵਾਂਗ ਕਾਲਮਨਵੀਸ ਜਗਤਾਰ ਗਿੱਲ ਨੇ ਐਤਕਾਂ ਵੀ ਰੱਜਵਾਂ ਸਹਿਯੋਗ ਦਿੱਤਾ, ਉਥੇ 'ਪੰਜਾਬ ਮੇਲ' ਦੇ ਮੁੱਖ ਸੰਪਾਦਕ ਗੁਰਜਤਿੰਦਰ ਰੰਧਾਵਾ ਨੇ ਪੂਰਾ ਦਿਨ ਹਾਜ਼ਰੀ ਹੀ ਨਹੀਂ ਦਿੱਤੀ, ਸਗੋਂ ਮੇਲੇ ਨੂੰ ਭਰਪੂਰ ਸਮਰਥਨ ਤੇ ਸਹਿਯੋਗ ਦਿੱਤਾ। ਯੂਥ ਅਕਾਲੀ ਦਲ ਦੇ ਪ੍ਰਧਾਨ ਅਰਵਿੰਦਰ ਸਿੰਘ ਲੱਖਣ ਆਪਣੇ ਪੂਰੇ ਕਾਫ਼ਲੇ ਨਾਲ ਪਹੁੰਚੇ ਜਿਸ ਵਿਚ ਕਰਮਜੀਤ ਸਿੰਘ ਤਲਵੰਡੀ, ਰਵਿੰਦਰ ਸਿੰਘ ਬੋਇਲ, ਟੋਨੀ ਗਿੱਲ ਅਤੇ ਹਰਪ੍ਰੀਤ ਸਿੰਘ ਸਿੱਧੂ ਵੀ ਸ਼ਾਮਲ ਸਨ।

ਮੇਲੇ ਵਿਚ ਹੋਰ ਸਿਰਕੱਢ ਹਸਤੀਆਂ ਵਿਚ ਪੱਤਰਕਾਰ ਜਗਜੀਤ ਸਿੰਘ ਥਿੰਦ, ਕਰਮ ਸਿੰਘ ਸੰਘਾ, ਅਜਾਇਬ ਸੰਘਾ, ਜਗਤਾਰ ਗਿੱਲ, ਮਨਜੀਤ ਕੁਲਾਰ, ਸੰਤੋਖ ਸਿੰਘ ਢਿੱਲੋਂ, ਜਸਪਿੰਦਰ ਸਿੰਘ ਢਿੱਲੋਂ, ਮਨਜੀਤ ਕੁਲਾਰ, ਸ਼ੀਰਾ ਨਾਹਰ, ਬਲਵਿੰਦਰ ਸਿੰਘ ਲੁਹਾਰ, ਚਮਕੌਰ ਸਿਘ ਤੇ ਅਜਾਇਬ ਬਰਾੜ ਹਾਜ਼ਰ ਸਨ। ਮੇਲੇ ਦਾ ਸੰਚਾਲਨ ਕੁਲਵੰਤ ਸਿੰਘ ਊਭੀ ਨੇ ਕਿਆ ਕਮਾਲ ਨਿਭਾਇਆ। ਸਮੁੱਚੇ ਰੂਪ ਵਿਚ ਮੇਲੇ ਦੀ ਸਫ਼ਲਤਾ ਲਈ ਰਾਜ ਬਰਾੜ ਅਤੇ ਉਸ ਦੀ ਸਮੁੱਚੀ ਟੀਮ ਵਧਾਈ ਦੀ ਹੱਕਦਾਰ ਹੈ।

## Matrimonials

### ਵਰ ਦੀ ਲੋੜ ਹੈ

Parents seek US citizen Jatt Sikh boy in Medical profession for Jatt Sikh, 27, 5'-7" MBBS girl, preparing for USMLE, 1st step cleared. Call:510-304-9292 or e-mail: jassi@jassigill.com

Wanted US/Canadian/UK/Australian citizen match for Amritdhari Sidhu girl from educated urban family in India, 5.4, 23 yrs, doing MSc Biochem. Call: 850-225-6388 in the US or email: sukhssohi@yahoo.com

ਸੁੰਦਰ ਸੈਣੀ ਲੜਕੇ 24 ਸਾਲ, ਬੀ. ਐਸ. ਸੀ. ਨਰਸਿੰਗ ਵਾਸਤੇ ਯੋਗ ਸੁਸ਼ੀਲ ਜੀਵਨ ਸਾਥਣ ਦੀ ਜਰੂਰਤ ਹੈ। ਅਮਰੀਕਾ ਕੈਨੇਡਾ ਨੂੰ ਤਰਜੀਹ। ਜਾਤ ਗੋਤ ਕੋਈ ਵਿਚਾਰ ਨਹੀਂ। ਫੋਨ ਨੰਬਰ 408-518-2031 ਜਾਂ email: gsaini125@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸੁੰਦਰ ਤੇ ਸਾਊ ਲੜਕੀ, 24 ਸਾਲ, ਕੱਦ 5.0', ਬੀ ਐਸ ਨਰਸਿੰਗ ਲਈ ਯੋਗ ਜੱਟ ਸਿੱਖ ਵਰ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੇ ਸਿਟੀਜ਼ਨ, ਗਰੀਨ ਕਾਰਡ, ਜਾਂ ਪੀ ਆਰ ਹੋਲਡਰ 510-300-7682 ਜਾਂ 91-99155-50180 'ਤੇ ਸੰਪਰਕ ਕਰਨ।

ਬੀ.ਕਾਮ ਤੇ ਬਿਜਨਸ ਮੈਨੇਜਮੈਂਟ ਵਿਚ ਡਿਪਲੋਮਾ ਪ੍ਰਾਪਤ ਅਤੇ ਦਿੱਲੀ ਦੀ ਇਕ ਚੰਗੀ ਕਾਰੋਬਾਰੀ ਕੰਪਨੀ ਵਿਚ ਚੰਗੀ ਜਾਬ ਕਰਦੀ 28 ਸਾਲਾ, 5'6" ਖ਼ੂਬਸੂਰਤ ਰਵੀਦਾਸੀਆ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਦੇ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦਾ ਪਿਤਾ ਅਸ਼ੋਕਾ ਹੋਟਲ, ਨਵੀਂ ਦਿੱਲੀ ਦੇ ਗਜਟਿਡ ਅਹੁਦੇ ਤੋਂ ਸੇਵਾਮੁਕਤ ਅਤੇ ਮਾਮਾ ਅਮਰੀਕਾ ਵਿਚ। ਸੰਪਰਕ ਕਰੋ 559-495-9871 ਜਾਂ ਈਮੇਲ ਕਰੋ: kashmirkaur67@gmail.com

### ਕੰਨਿਆ ਦੀ ਲੋੜ ਹੈ

Wanted US citizen girl for Kamboj Sikh boy, 25, 5'5", Bachelor in Architecture, raised in America went to school, college in New York, living with parents in New York and works with family business. Cast no bar. Contact: 516-430-0012, 516-430-0013

ਜੱਟ ਸਿੱਖ ਚੀਮਾ 29, ਕੱਦ 5'-11" ਅਮਰੀਕੀ ਸਿਟੀਜ਼ਨ 10+2 ਪਾਸ ਲੜਕੇ ਲਈ ਇੰਡੀਆ ਤੋਂ ਪੜ੍ਹੀ ਲਿਖੀ ਘਰੇਲੂ ਲੜਕੀ ਦੀ ਲੋੜ ਹੈ। ਮੰਗਣੀ ਇੰਡੀਆ ਤੇ ਵਿਆਹ ਅਮਰੀਕਾ ਵਿਚ। ਲੜਕੇ ਦੇ ਮਾਪੇ ਅਗਲੇ ਹਫਤੇ ਇੰਡੀਆ ਜਾ ਰਹੇ ਹਨ। ਸੰਪਰਕ ਕਰੋ:ਫੋਨ 408-839-6007, 408-421-5610

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/photo: psingh03850@gmail.com


**To Advertise with us**
**Call: 847-359-0746**
**Fax:847-705-9388**
e-mial: punjabtimes1@sbcglobal.net
Visit us on the web: **punjabtimesusa.com**




**SUPER TRAVEL**
847-676-9090, 773-465-5566
E-mail: supertravel2003@yahoo.com
*Lowest Fares With Excellent Service*
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



**Rising Sun Transport, LLC**
*Roanoke, VA*
**Wanted Immediately**
A CDL class A Driver
with 1 to 2 year experience
A Diesel Mechanic
Contact:Harmeet Singh Mathauda
Call:540-632-3671



**MRP TRAVEL**
*Lowest International and Domestic Fares*
ARC FLY ANY AIRLINE OF YOUR CHOICE IATA
*Providing the lowest Air-fare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Passport & Visa services also available
Asiana Airlines, Emirates, Singapore Airlines, Cathay Pacific, Korean Air, Lufthansa, China Airlines





**Business Opportunity**
International Company looking for serious people to work from home-part time or full time. Great earning potential, full training and support provided. To attend training in your area.
For more info. call:
Sukhpreet Kaur Indiana
Ph:317-884-3557
Sharanjeet Kaur
Ph:317-332-1387
spkaurus@yahoo.co.in - www.shopherbalife.com/skaur



**ਰੇਡੀਓ ਚੜ੍ਹਦੀ ਕਲਾ ਸੁਣੋ**
Radio Chardi Kala
ਹੁਣ ਦੁਨੀਆਂ ਭਰ ਵਿਚ www.radiock.com 'ਤੇ
ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ
> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City
Desi World Radio — Pure Desi Entertainment
ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882
ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
Radio CK, PO Box 296, Fremont, CA 94537

# ਪੰਜਾਬ ਦਾ ਰਾਜਾਂ ਲਈ ਵਿੱਤੀ ਮਦਦ ਫਾਰਮੂਲਾ ਬਦਲਣ 'ਤੇ ਜ਼ੋਰ

**ਚੰਡੀਗੜ੍ਹ:** ਪੰਜਾਬ ਨੇ ਕੇਂਦਰ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਸੂਬਿਆਂ ਨੂੰ ਵਿੱਤੀ ਮਦਦ ਦਾ ਫਾਰਮੂਲਾ ਬਦਲਿਆ ਜਾਵੇ ਤੇ ਮਦਦ ਲਈ ਅਨੁਸੂਚਿਤ ਜਾਤਾਂ ਦੀ ਵਸੋਂ ਤੇ ਕੇਂਦਰੀ ਭੰਡਾਰ ਵਿਚ ਅਨਾਜ ਦੇਣ ਨੂੰ ਵੀ ਆਧਾਰ ਬਣਾਇਆ ਜਾਵੇ। ਸੂਬੇ ਦੇ ਕਿਸਾਨਾਂ ਸਿਰੇ ਚੜ੍ਹੇ ਕਰਜ਼ੇ ਨੂੰ ਮੁਆਫ ਕੀਤਾ ਜਾਵੇ ਤੇ ਅਨਾਜ ਨੂੰ ਗੁੱਡਜ਼ ਐਂਡ ਸਰਵਿਸ ਟੈਕਸ (ਜੀ.ਐਸ.ਟੀ.) ਦੇ ਘੇਰੇ ਤੋਂ ਬਾਹਰ ਰੱਖਿਆ ਜਾਵੇ। ਸੂਬੇ ਨੇ ਸਿ ਗੱਲ 'ਤੇ ਗਿਲਾ ਪ੍ਰਗਟਾਇਆ ਕਿ ਪੰਜਾਬ ਦੀ ਵਿਕਾਸ ਦਰ ਮਿਥੇ 5.9% ਟੀਚੇ ਨਾਲੋਂ ਵਧ ਕੇ 7.85% ਹੋ ਗਈ ਹੈ ਪਰ ਕੇਂਦਰੀ ਟੈਕਸਾਂ ਵਿਚੋਂ ਹਿੱਸਾ ਘਟਿਆ ਹੈ।

ਕੌਮੀ ਵਿਕਾਸ ਕੌਂਸਲ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਦੀ ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਕਿਹਾ ਕਿ ਸੂਬਿਆਂ ਨੂੰ ਵਿੱਤੀ ਮਦਦ ਦੇਣ ਲਈ 1991 ਦਾ ਮੁਖਰਜੀ-ਗਾਡਗਿਲ ਫਾਰਮੂਲਾ ਬਦਲਿਆ ਜਾਵੇ ਤੇ ਮਦਦ ਦੇਣ ਲਈ ਅਨੁਸੂਚਿਤ ਜਾਤਾਂ ਦੀ ਵਸੋਂ ਤੇ ਕੇਂਦਰੀ ਪੂਲ ਵਿਚ ਅਨਾਜ ਭੰਡਾਰ ਦੇਣ ਨੂੰ ਹਿੱਸਾ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ 60% ਵਸੋਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਵੇ। ਕੁੱਲ ਵਸੋਂ ਵਿਚੋਂ 40% ਵਸੋਂ ਨੂੰ ਤੇ 20% ਅਨੁਸੂਚਿਤ ਜਾਤੀਆਂ ਦੀ ਵਸੋਂ ਨੂੰ ਆਧਾਰ ਬਣਾਇਆ ਜਾਵੇ। ਇਸ ਤਰ੍ਹਾਂ ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਨੂੰ 25% ਘਟਾ ਕੇ 15% ਕੀਤਾ ਜਾਵੇ ਤੇ ਇਸ ਦੀ ਥਾਂ ਦਸ ਫੀਸਦੀ ਤਵੱਜੋ ਕੇਂਦਰੀ ਪੂਲ ਵਿਚ ਅਨਾਜ ਦੇਣ ਲਈ ਦਿੱਤੀ ਜਾਵੇ।

ਵਿੱਤ ਮੰਤਰੀ ਨੇ ਕਿਹਾ ਪੰਜਵੇਂ ਵਿੱਤ ਕਮਿਸ਼ਨ ਤੋਂ ਲੈ ਕੇ 13ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਕਰਕੇ ਪੰਜਾਬ ਦਾ ਕੇਂਦਰੀ ਟੈਕਸਾਂ ਵਿਚੋਂ ਹਿੱਸਾ 2.45% ਤੋਂ ਘਟ ਕੇ 1.39% ਰਹਿ ਗਿਆ ਹੈ। ਸੂਬੇ ਕੋਲ ਮਾਲੀ ਸਾਧਨਾਂ ਦੀ ਕਮੀ ਤੇ ਕੇਂਦਰੀ ਸਰਕਾਰ ਵੱਲੋਂ ਵਾਜਬ ਮਦਦ ਨਾ ਦੇਣ ਕਰਕੇ ਰਾਜ ਸਿਰ ਮਾਰਚ 2011 ਤਕ ਉਧਾਰ ਦਾ ਬੋਝ ਵਧ ਕੇ 69594 ਕਰੋੜ ਦਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ 3 ਸੂਬਿਆਂ ਕੇਰਲਾ, ਪੰਜਾਬ ਤੇ ਪੱਛਮੀ ਬੰਗਾਲ ਦੇ ਕਰਜ਼ੇ ਦਾ ਹੱਲ ਕੱਢਣ ਲਈ ਕਮੇਟੀ ਬਣਾਈ ਸੀ। ਇਸ ਕਮੇਟੀ ਦੀਆਂ ਸ਼ਿਫਾਰਸ਼ਾਂ ਨੂੰ ਛੇਤੀ ਅੰਤਿਮ ਰੂਪ ਦਿੱਤਾ ਜਾਵੇ ਤੇ ਸੂਬੇ ਦਾ 23146 ਕਰੋੜ ਦਾ ਕਰਜ਼ਾ ਮਾਫ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਜਿਣਸਾਂ ਦੇ ਭਾਅ ਨਾ ਮਿਲਣ ਕਰਕੇ ਸੂਬੇ ਦੇ ਕਿਸਾਨਾਂ ਸਿਰ 35000 ਕਰੋੜ ਦਾ ਕਰਜ਼ਾ ਚੜ੍ਹ ਗਿਆ ਹੈ। ਕੇਂਦਰੀ ਪੂਲ ਲਈ ਅਨਾਜ ਦਾ ਉਤਪਾਦਨ ਕਰਦੇ ਹੋਏ ਸੂਬੇ ਦੀ ਜ਼ਮੀਨ ਦੀ ਸਿਹਤ ਖਰਾਬ ਹੋ ਗਈ ਹੈ ਤੇ ਪਾਣੀ ਦਾ ਪੱਧਰ ਵੀ ਕਾਫੀ ਨੀਵਾਂ ਚਲਾ ਗਿਆ ਹੈ। ਪੰਜਾਬ ਵਿਚ 27 ਫੀਸਦੀ ਖੇਤੀ ਨਹਿਰਾਂ ਨਾਲ ਹੁੰਦੀ ਹੈ ਪਰ ਨਹਿਰੀ ਪ੍ਰਣਾਲੀ ਸੌ ਸਾਲ ਪੁਰਾਣੀ ਹੋ ਚੁੱਕੀ ਹੈ ਤੇ ਇਸ ਨੂੰ ਨਵਿਆਉਣ ਲਈ ਕੇਂਦਰ ਸਰਕਾਰ 90 ਫੀਸਦੀ ਮਦਦ ਦੇਵੇ। ਪਿਛਲੇ ਸਮੇਂ ਵਿਚ ਕੋਈ ਅਜਿਹੀ ਕਿਸਮ ਨਵੀਂ ਨਹੀਂ ਆਈ ਜਿਸ ਨਾਲ ਫਸਲਾਂ ਦਾ ਝਾੜ ਵਧ ਸਕੇ। ਦੋ ਸਾਲ ਪਹਿਲਾਂ ਕੇਂਦਰ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫੀ ਸਕੀਮ ਚਲਾਈ ਸੀ ਤੇ ਇਸ ਸਕੀਮ ਦਾ ਸੂਬੇ ਦੇ ਕਿਸਾਨਾਂ ਨੂੰ ਬਹੁਤ ਘੱਟ ਲਾਭ ਮਿਲਿਆ ਸੀ ਤੇ ਇਸ ਲਈ ਸੂਬੇ ਦੇ ਕਿਸਾਨਾਂ ਦਾ ਇਕ ਵਾਰ ਸਾਰਾ ਖੇਤੀਬਾੜੀ ਕਰਜ਼ਾ ਮੁਆਫ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜੀ.ਐਸ.ਟੀ.ਨੂੰ ਸਿਧਾਂਤਕ ਤੌਰ 'ਤੇ ਲਾਗੂ ਕਰਨ ਲਈ ਸਹਿਮਤ ਹੈ ਪਰ ਅਨਾਜ ਨੂੰ ਇਸ ਦੇ ਘੇਰੇ ਵਿਚੋਂ ਬਾਹਰ ਰੱਖਿਆ ਜਾਵੇ। ਪੰਜਾਬ ਸਰਕਾਰ ਝੋਨੇ ਤੇ ਕਣਕ ਦੇ ਫਸਲੀ ਚੱਕਰ ਨੂੰ ਬਦਲਣ ਲਈ ਯਤਨ ਕਰ ਰਹੀ ਹੈ ਤੇ ਕੇਂਦਰ ਸਰਕਾਰ ਨੇ 25 ਖੇਤੀ ਜਿਣਸਾਂ ਦੇ ਘੱਟੋ ਘੱਟ ਭਾਅ ਐਲਾਨੇ ਹਨ ਪਰ ਇਨ੍ਹਾਂ ਨੂੰ ਖਰੀਦਣ ਦਾ ਕੋਈ ਪ੍ਰਬੰਧ ਨਹੀਂ ਹੋ ਸਕਿਆ ਤੇ ਜੇ ਪ੍ਰਬੰਧ ਹੋ ਜਾਵੇ ਤਾਂ ਪੰਜਾਬ ਨੂੰ ਫਸਲੀ ਚੱਕਰ ਬਦਲਣ ਵਿਚ ਮਦਦ ਮਿਲੇਗੀ। ਉਨ੍ਹਾਂ ਨੇ ਕਿਸਾਨਾਂ ਨੂੰ ਪ੍ਰਤੀ ਏਕੜ ਮੁਆਵਜ਼ਾ ਵਧਾਉਣ ਦੀ ਵਕਾਲਤ ਵੀ ਕੀਤੀ। ਉਨ੍ਹਾਂ ਕਿਹਾ ਕਿ ਬਠਿੰਡਾ ਤੇਲ ਸੋਧ ਕਾਰਖਾਨੇ ਤੋਂ ਬਾਅਦ ਕੇਂਦਰ ਨੇ ਪੰਜਾਬ ਵਿਚ ਕੋਈ ਵੱਡਾ ਪੂੰਜੀ ਨਿਵੇਸ਼ ਨਹੀਂ ਕੀਤਾ। ਪੰਜਾਬ ਦੇ ਸਨਅਤੀ ਵਿਕਾਸ ਲਈ ਇਕ ਕੌਮੀ ਪੱਧਰ ਦਾ ਉਤਪਾਦਨ ਯੂਨਿਟ ਪੰਜਾਬ ਵਿਚ ਲਾਇਆ ਜਾਵੇ। ਮੁੰਬਈ, ਦਿੱਲੀ ਸਨਅਤੀ ਕੋਰੀਡੋਰ ਨੂੰ ਅੰਮ੍ਰਿਤਸਰ ਤਕ ਵਧਾਇਆ ਜਾਵੇ। ਪਾਕਿਸਤਾਨ ਨਾਲ ਭਾਰਤ ਇਕ ਹਜ਼ਾਰ ਚੀਜ਼ਾਂ ਦਾ ਵਪਾਰ ਕਰ ਰਿਹਾ ਹੈ ਪਰ ਵਾਹਗਾ ਸਰਹੱਦ ਰਾਹੀਂ ਕੇਵਲ ਕੁਝ ਚੀਜ਼ਾਂ ਦਾ ਹੀ ਵਪਾਰ ਹੁੰਦਾ ਹੈ ਤੇ ਇਨ੍ਹਾਂ ਨੂੰ ਵਧਾਇਆ ਜਾਵੇ। ਪੰਜਾਬ ਹਰ ਸਾਲ ਡੀਜ਼ਲ 'ਤੇ ਲੈਵੀ ਸੈੱਸ ਰਾਹੀਂ ਕੇਂਦਰ ਨੂੰ 600 ਕਰੋੜ ਦਿੰਦਾ ਹੈ ਪਰ ਫਾਰਮੂਲਾ ਬਦਲਣ ਕਰਕੇ ਰਾਜ ਦਾ ਹਿੱਸਾ ਘਟ ਗਿਆ ਹੈ ਤੇ ਇਸ ਲਈ ਸੂਬੇ ਨੂੰ ਪੈਸੇ ਵਾਪਸ ਦੇਣ ਲਈ ਪਹਿਲਾਂ ਵਾਲਾ 40:60 ਦੇ ਅਨੁਪਾਤ ਨੂੰ ਬਹਾਲ ਕੀਤਾ ਜਾਵੇ।


## ਘਰ ਕਿਰਾਏ ਲਈ ਖਾਲੀ ਹਨ

ਲੈਥਰੋਪ, ਕੈਲੀਫੋਰਨੀਆ ਵਿਚ ਦੋ ਘਰ ਕਿਰਾਏ ਲਈ ਉਪਲਬਧ ਹਨ। 2 ਬੈਡਰੂਮ, 2 ਬਾਥ, ਖੂਬਸੂਰਤ ਯਾਰਡ, ਬਹੁਤ ਵਧੀਆ ਲੋਕੇਸ਼ਨ, ਫਰੀਵੇ ਅਤੇ ਗਰੌਸਰੀ ਸਟੋਰਾਂ ਦੇ ਬਿਲਕੁਲ ਕਰੀਬ ਕਿਰਾਇਆ 775 ਡਾਲਰ ਮਹੀਨਾ

**ਕਾਲ ਕਰੋ: 408-314-2975**


## ਗੁਰਦੁਆਰਾ ਸਾਹਿਬ, ਫਰੀਮਾਂਟ

### ਸੁਪਰੀਮ ਕੌਂਸਲ ਚੋਣਾਂ: ਮਾਰਚ 2012

## ਸਾਧ ਸੰਗਤ ਨੂੰ ਵੋਟਾਂ ਬਣਾਉਣ ਦੀ ਅਪੀਲ

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਜਿਵੇਂ ਆਪ ਜੀ ਨੂੰ ਪਤਾ ਲੱਗਿਆ ਹੋਵੇਗਾ ਕਿ ਫਰੀਮਾਂਟ ਗੁਰੂਘਰ ਵਿਖੇ ਵੋਟਾਂ ਬਣ ਰਹੀਆਂ ਹਨ। ਅਗਰ ਆਪ ਸਿੱਖ ਧਰਮ ਅਤੇ 10 ਗੁਰੂ ਸਹਿਬਾਨ ਵਿਚ ਵਿਸ਼ਾਵਸ ਰੱਖਦੇ ਹੋ ਅਤੇ ਆਪ ਜੀ ਦੀ ਉਮਰ 18 ਸਾਲ ਤੋਂ ਉਪਰ ਹੈ ਅਤੇ ਆਪ ਸੱਤ ਕਾਊਂਟੀਆਂ-ਐਲਾਮੀਡਾ, ਕੌਂਟਰਾ ਕੋਸਟਾ, ਸੈਨ ਫਰਾਂਸਿਸਕੋ, ਸੈਨ ਮਟੀਓ, ਸੈਂਟਾ ਕਲਾਰਾ, ਸੋਲਾਨੋ ਅਤੇ ਸੈਂਟਾ ਕਰੂਜ ਦੇ ਵਸਨੀਕ ਹੋ ਤਾਂ ਆਪ ਜੀ 26 ਅਕਤੂਬਰ ਦਿਨ ਬੁੱਧਵਾਰ ਸ਼ਾਮੀਂ 6 ਵਜੇ ਤੋਂ 9 ਵਜੇ ਤੱਕ ਅਤੇ 30 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮੀਂ 4 ਵਜੇ ਤੱਕ ਗੁਰੂਘਰ ਪਹੁੰਚ ਕੇ ਆਪਣੀ ਮੈਂਬਰਸ਼ਿਪ ਜ਼ਰੂਰ ਬਣਾਓ ਜੀ।

*ਜਾਰੀ ਕਰਤਾ:*

**ਪੰਥਕ ਸਲੇਟ**

*ਗੁਰਦੁਆਰਾ ਸਾਹਿਬ, ਫਰੀਮਾਂਟ*

ਫੋਨ:408-896-4518, 408-667-3116

# U.S.A. KABADDI FEDERATION

## 1751 Fanwood Ct. San Jose, California 95133

## 2ND World Kabaddi Cup, Punjab 2011 ਦੂਜਾ ਵਿਸ਼ਵ ਕਬੱਡੀ ਕੱਪ, ਪੰਜਾਬ 2011

**USA Kabaddi Federation is a California registered non-profit organization #27-3318372. For past several years our clubs and federation locally in the USA regularly holds seasonal tournaments from April to October. USA Kabaddi Federation currently has very good players in our clubs and they make a very competitive team to play in the world cup in Punjab. Please note list of club below.**




**As announced in last week papers USA Kabaddi Federation is taking the USA Kabaddi Team to Punjab India for the November 2011 World Cup. We have tried very hard to work with so called California Kabaddi Federation to take one team to India. However, after several attempts they did not agree and were not willing to compromise. California Federation is a non registered federation and does not seem to care that we should make one stronger team. Also, USA Kabaddi Federation is only taking player that are not doped. Punjab government has informed us that all players from USA will be tested for dope/drugs and only players with negative results can play the World Cup.**

**Our Players: Donta, Larry, Meek, Nilo, Rana, Lakha, Jesus, Brandon, Tari, Dharmjit, Inda, Navi and Sabi**

**Managers & Coaching Staff: Jasvinder S. Sohal, Sukhi S. Sekhon, Kulwinder Singh (Kindu Palwan), Gurmukh S. Sandhu, Avtar Singh-Tari, Mehnga Singh-Serpanch, Amerjit S. Sanga, Jasvinder S. Lasher, Balbir S. Dhillon, Gurmeet S. Basra, Veru and Mender.**

**OUR SPONSORS: Grand Sponsor: GLOBAL HAWK INSURANCE-Livermore CA. S. Jasbir S. Thandi, Mangal S. Bhandal, Davinder Dhoot, Kulwant S. Nijjar, Bhupinder S. Dhillon, Ravinder S. Bainiwal, Sukhdev S. Bainiwal, Onkar S. Dosanjh, Arvinder S. Lakhan, Harry S. Gill, Kashmir S. Dhugga and many more Punjabi community members.**

**Sincerely,**

**Jasvinder S. Sohal**

**President, USA Kabaddi Federation, lgsohal@yahoo.com Cell:408-391-7013 Fax: 408-436-1255**

# ਸੂਰਤ ਸਿੰਘ ਢਿੱਲੋਂ ਸੁਰਗਵਾਸ

**ਯੂਨੀਅਨ ਸਿਟੀ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਭਾਈਚਾਰੇ ਦੀ ਇਕ ਜਾਣੀ ਪਛਾਣੀ ਸ਼ਖਸੀਅਤ ਸ. ਸੂਰਤ ਸਿੰਘ ਢਿੱਲੋਂ ਲੰਘੀ 24 ਅਕਤੂਬਰ ਨੂੰ ਸਵੇਰੇ 5 ਵਜੇ ਇਸ ਫਾਨੀ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 84 ਸਾਲ ਦੇ ਸਨ।

ਅੰਮ੍ਰਿਤਸਰ ਜ਼ਿਲੇ ਦੇ ਪਿੰਡ ਸੁਰਸਿੰਘ ਵਾਲਾ ਵਿਚ 6 ਅਕਤੂਬਰ 1927 ਨੂੰ ਜਨਮੇ ਸ. ਢਿੱਲੋਂ ਨੇ 1947 ਦੀ ਵੰਡ ਮੌਕੇ ਹੋਏ ਫਸਾਦਾਂ ਦੌਰਾਨ ਆਪਣੇ ਕੁਝ ਨੌਜੁਆਨ ਸਾਥੀਆਂ ਨੂੰ ਨਾਲ ਲੈ ਕੇ ਬਹੁਤ ਸਾਰੇ ਮੁਸਲਿਮ ਪਰਿਵਾਰ ਸੁੱਖ ਸਾਂਦੀ ਸਰਹੱਦ ਪਾਰ ਪਹੁੰਚਾਏ। ਬਾਅਦ ਵਿਚ ਉਹ ਇਕ ਚੰਗੇ ਆਗੂ ਵਜੋਂ ਉਭਰੇ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵੀ ਕਾਫੀ ਕਰੀਬ ਰਹੇ। 1996-97 ਵਿਚ ਉਹ ਅਮਰੀਕਾ ਆ ਗਏ। ਇਥੇ ਵੀ ਜਥੇਦਾਰ ਟੌਹੜਾ ਉਨ੍ਹਾਂ ਨੂੰ ਉਚੇਚਾ ਮਿਲਣ ਪਹੁੰਚੇ।

ਸ. ਢਿੱਲੋਂ ਨੇ ਆਪਣੀ ਉਚੇਰੀ ਪੜ੍ਹਾਈ ਲਾਇਲਪੁਰ ਖਾਲਸਾ ਕਾਲਜ, ਲਾਇਲਪੁਰ ਤੋਂ ਬੀ ਏ ਕਰਕੇ ਮੁਕੰਮਲ ਕੀਤੀ ਅਤੇ ਆਪਣੇ ਧੀਆਂ-ਪੁੱਤਰਾਂ ਨੂੰ ਵੀ ਹਮੇਸ਼ਾ ਉਚੇਰੀ ਪੜ੍ਹਾਈ ਲਈ ਪਰੇਰਿਆ। ਉਨ੍ਹਾਂ ਦੇ ਪੁੱਤਰ ਗੁਰਬਚਨ ਸਿੰਘ ਢਿੱਲੋਂ ਇੰਜੀਨੀਅਰ ਬਣ ਕੇ ਅਮਰੀਕਾ ਪਹੁੰਚੇ। ਉਨ੍ਹਾਂ ਦਾ ਇਕ ਪੋਤਰਾ ਫੌਜ ਵਿਚ ਹੈ। ਸ. ਢਿੱਲੋਂ ਦਾ ਅੰਤਮ ਸਸਕਾਰ ਸਨਿਚਰਵਾਰ 29 ਅਕਤੂਬਰ ਨੂੰ ਚੈਪਲ ਆਫ ਦੀ ਚਾਈਮਜ਼, ਹੇਵਰਡ ਵਿਚ ਸਵੇਰੇ 11 ਵਜੇ ਤੋਂ ਡੇਢ ਵਜੇ ਤੱਕ ਹੋਵੇਗਾ। ਉਪਰੰਤ ਉਨ੍ਹਾਂ ਨਮਿਤ ਅਰਦਾਸ ਉਸੇ ਦਿਨ ਬਾਅਦ ਦੁਪਹਿਰ ਢਾਈ ਵਜੇ ਹੋਵੇਗੀ। ਢਿੱਲੋਂ ਪਰਿਵਾਰ ਨਾਲ ਸੰਪਰਕ ਗੁਰਬਚਨ ਸਿੰਘ ਢਿੱਲੋਂ ਫੋਨ 510-552-5270 ਜਾਂ ਹਰਭਜਨ ਸਿੰਘ ਢਿੱਲੋਂ ਫੋਨ 510-745-7136 ਰਾਹੀਂ ਹੋ ਸਕਦਾ ਹੈ।


ਕੈਲੀਫੋਰਨੀਆ ਵਿਚ ਟੂਲੇਅਰ ਕਾਊਂਟੀ ਵਿਚ ਫਰੀਵੇ 99 ਉਤੇ

ਦੋ ਮੋਟਲ ਲੀਜ਼ ਲਈ ਉਪਲਬਧ

1. ਦਸ ਯੂਨਿਟਾਂ, ਦਫਤਰ ਅਤੇ ਰਹਿਣ ਲਈ ਕੁਆਰਟਰ ਸਮੇਤ ਡਿਪਾਜ਼ਿਟ $35,000, ਮਾਹਵਾਰ ਕਿਰਾਇਆ $2500
2. 15 ਯੂਨਿਟ ਦਫਤਰ ਤੇ ਰਹਿਣ ਲਈ ਕੁਆਰਟਰ ਤੇ ਸਟੋਰੇਜ ਸਮੇਤ ਡਿਪਾਜ਼ਿਟ $50,000, ਮਾਸਿਕ ਕਿਰਾਇਆ $5,000

ਪਹਿਲੀ ਵਾਰ ਦੇ ਖਰੀਦਦਾਰ ਲਈ ਸੁਨਹਿਰੀ ਮੌਕਾ
ਸਿਰਫ ਗੰਭੀਰ ਖਰੀਦਦਾਰ ਹੀ ਸੰਪਰਕ ਕਰਨ

ਅਮਰੀਕ ਭੰਡਾਲ, ਫੋਨ:559-380-8888

Indian Oven

11000, I-40 East, Amarillo Texas – 79118
(Exit 77, Right Hand Side)
Ph: 1-806-335-3600

ਪੰਜਾਬੀ ਵੈਸ਼ਨੂ ਅਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਅਤੇ ਨਾਨ



Breakfast, Lunch & Dinner (Buffet 11 to 3, Every Day)

ਮੰਗਲਵਾਰ ਛੁੱਟੀ, ਬਾਕੀ ਦਿਨ ਸਵੇਰੇ 8 ਤੋਂ ਰਾਤ 10 ਵਜੇ ਤੱਕ ਖੁੱਲ੍ਹਾ

Easy Truck Parking
Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ
ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ


www.punjabtimesusa.com


FARMERS INSURANCE GROUP — Symbol of Superior Service

FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business *Workers Compensation

Call for consultation

Ph: 408-771-2438

*408-580-6063, 408-687-7566*

Fax: 408-273-6001

*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

Gurbans Gill 209-815-1869

ਪੰਜਾਬ ਟਾਈਮਜ਼

*ਸਨਿਚਰਵਾਰ, 29 ਅਕਤੂਬਰ 2011*

# ਮਨਪ੍ਰੀਤ ਦਾ ਮੋਰਚਾ ਤੇ ਬਾਦਲ ਪਿਓ-ਪੁੱਤ

ਬਜ਼ੁਰਗ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲਈ ਐਤਕੀਂ ਦੀਆਂ ਵਿਧਾਨ ਸਭਾ ਚੋਣਾਂ ਪਿਛਲੀਆਂ ਸਾਰੀਆਂ ਚੋਣਾਂ ਨਾਲੋਂ ਨਿਆਰੀਆਂ ਹੋਣਗੀਆਂ। ਇਕ ਤਾਂ ਉਹ ਆਪ ਭਾਵੇਂ ਜਿਵੇਂ ਮਰਜ਼ੀ ਕਹੀ ਜਾਣ, ਉਨ੍ਹਾਂ ਨੂੰ ਅਜੇ ਤੱਕ ਯਕੀਨ ਨਹੀਂ ਬੱਝਿਆ ਕਿ ਉਨ੍ਹਾਂ ਦਾ ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਮੁੱਖ ਮੰਤਰੀ ਦੀ ਕੁਰਸੀ ਚਲਾ ਵੀ ਸਕੇਗਾ! ਇਸੇ ਜੱਕੋ-ਤੱਕੀ ਵਿਚ ਸੁਖਬੀਰ ਦੀ ਤਾਜਪੋਸ਼ੀ ਟਲਦੀ ਟਲਦੀ ਆਖਰ ਟਲ ਗਈ ਅਤੇ ਬੀਬੀ ਪ੍ਰਕਾਸ਼ ਕੌਰ ਬਾਦਲ ਪੁੱਤ ਨੂੰ ਮੁੱਖ ਮੰਤਰੀ ਬਣਿਆ ਦੇਖਣ ਦੀ ਤਾਂਘ ਦਿਲ ਵਿਚ ਲੈ ਕੇ ਹੀ ਇਸ ਜਹਾਨੋਂ ਚਲੀ ਗਈ। ਦੂਜੇ, ਸਿਆਸੀ ਪਿੜ ਵਿਚ ਚੁਣੌਤੀ ਬਹੁਤ ਭਾਰੀ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਦਾ ਆਗੂ ਕੈਪਟਨ ਅਮਰਿੰਦਰ ਸਿੰਘ ਤਾਂ ਲਾਮ ਲਸ਼ਕਰ ਲੈ ਕੇ ਮੈਦਾਨ ਵਿਚ ਹੈ ਹੀ, ਐਤਕੀਂ ਵਡੇ ਬਾਦਲ ਦਾ ਆਪਣਾ ਬਾਗੀ ਹੋਇਆ ਭਤੀਜਾ ਮਨਪ੍ਰੀਤ ਸਿੰਘ ਬਾਦਲ ਵੀ ਸਿਆਸੀ ਵੰਗਾਰਾਂ ਸੁੱਟ ਰਿਹਾ ਹੈ। ਸਿਆਸੀ ਹਲਕੇ ਅੱਜ ਵੀ ਮਨਪ੍ਰੀਤ ਨੂੰ ਹੀ ਸੁਖਬੀਰ ਦੀ ਥਾਂ ਵਡੇ ਬਾਦਲ ਦਾ ਜਾਂਨਸ਼ੀਨ ਬਣਨ ਦਾ ਹੱਕਦਾਰ ਸਮਝਦੇ ਹਨ ਅਤੇ ਸੀਨੀਅਰ ਬਾਦਲ ਉਸ ਨੂੰ ਸਿਆਸਤ ਵਿਚ ਲਿਆਏ ਵੀ ਇਹੀ ਕਹਿ ਕੇ ਸਨ, ਪਰ ਬਾਅਦ ਦੇ ਪਰਿਵਾਰਕ ਕਲੇਸ਼ ਵਿਚ ਮਨਪ੍ਰੀਤ ਦਾ ਨੰਬਰ ਕੱਟਿਆ ਗਿਆ ਤੇ ਹਾਲਾਤ ਵੀ ਕੁਝ ਇਸ ਤਰ੍ਹਾਂ ਦੇ ਬਣੇ ਕਿ ਮਨਪ੍ਰੀਤ ਅਤੇ ਸੁਖਬੀਰ ਜਿਨ੍ਹਾਂ ਨੇ ਇਕ ਦੂਜੇ ਦੇ ਪੂਰਕ ਬਣਨਾ ਸੀ, ਇਕ ਦੂਜੇ ਦੇ ਸ਼ਰੀਕ ਬਣ ਗਏ। ਹੋਰ ਤਾਂ ਹੋਰ ਸੀਨੀਅਰ ਬਾਦਲ ਦਾ ਛੋਟਾ ਭਰਾ ਗੁਰਦਾਸ ਸਿੰਘ ਬਾਦਲ ਜੋ ਮੁਹਿੰਮਾਂ ਜਿੱਤ ਜਿੱਤ ਕੇ ਦਿੰਦਾ ਸੀ, ਵੀ ਉਸ ਦੇ ਖਿਲਾਫ ਸਿਆਸੀ ਮੈਦਾਨ ਵਿਚ ਆਣ ਡਟਿਆ। ਉਹ ਠੋਕ ਵਜਾ ਕੇ ਆਪਣੇ ਪੁੱਤਰ ਮਨਪ੍ਰੀਤ ਦਾ ਸਾਥ ਦੇ ਰਿਹਾ ਹੈ ਅਤੇ ਉਸ ਨੇ ਬਾਕਾਇਦਾ ਐਲਾਨ ਕੀਤਾ ਹੈ ਕਿ ਉਹ ਲੰਬੀ ਹਲਕੇ ਤੋਂ ਹੀ ਚੋਣ ਲੜੇਗਾ। ਇਹ ਉਹ ਹਲਕਾ ਹੈ ਜਿੱਥੋਂ ਸੀਨੀਅਰ ਬਾਦਲ ਚੋਣ ਲੜਦੇ ਹਨ। ਹੁਣ ਇਸ ਹਲਕੇ ਤੋਂ ਸਿੱਧਾ ਮੁਕਾਬਲਾ ਦੋਹਾਂ ਭਰਾਵਾਂ-ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਦਾਸ ਸਿੰਘ ਬਾਦਲ ਵਿਚਾਲੇ ਹੋਣਾ ਹੈ। ਜੇ ਵਡੇ ਬਾਦਲ ਇਹ ਹਲਕਾ ਛੱਡ ਕੇ ਕਿਸੇ ਹੋਰ ਹਲਕੇ ਤੋਂ ਚੋਣ ਲੜਦੇ ਹਨ ਤਾਂ ਇਸ ਨੂੰ ਉਨ੍ਹਾਂ ਦੀ ਨੈਤਿਕ ਹਾਰ ਹੀ ਤਸੱਵਰ ਕੀਤਾ ਜਾਵੇਗਾ। ਵਡੇ ਬਾਦਲ ਲਈ ਸਿਆਸੀ ਪਿੜ ਵਿਚ ਇਸ ਤਰ੍ਹਾਂ ਦੇ ਹਾਲਾਤ ਸ਼ਾਇਦ ਹੀ ਕਦੀ ਬਣੇ ਹੋਣ। ਚਿਰ ਪਹਿਲਾਂ ਮਰਹੂਮ ਅਕਾਲੀ ਨੇਤਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਉਨ੍ਹਾਂ ਨੂੰ ਸਿਆਸੀ ਪਿੜ ਵਿਚ ਕੁਝ ਇਸੇ ਤਰ੍ਹਾਂ ਵੰਗਾਰਿਆ ਸੀ। ਉਹ ਉਦੋਂ ਭਾਵੇਂ ਬਾਦਲ ਦਾ ਕੋਈ ਕਿੰਗਰਾ ਤਾਂ ਨਹੀਂ ਸਨ ਭੋਰ ਸਕੇ ਪਰ ਚੋਣਾਂ ਵਿਚ ਧੱਕਾ ਜ਼ਰੂਰ ਲਾ ਗਏ ਸਨ ਪਰ ਐਤਕੀਂ ਮਨਪ੍ਰੀਤ ਦੀ ਵੰਗਾਰ, ਜਥੇਦਾਰ ਟੌਹੜਾ ਨਾਲੋਂ ਦੂਣ-ਸਵਾਈ ਹੈ ਅਤੇ ਕਈ ਮਾਮਲਿਆਂ ਵਿਚ ਵੱਖਰੀ ਵੀ।

ਦਰਅਸਲ ਮਨਪ੍ਰੀਤ ਸਿੰਘ ਬਾਦਲ ਅਤੇ ਜਥੇਦਾਰ ਟੌਹੜਾ ਵਿਚਕਾਰ ਅਕਾਲੀ ਦਲ ਤੋਂ ਬਗਾਵਤ ਦੀ ਵੱਖਰੀ ਅਤੇ ਵਾਧੂ ਗੱਲ ਇਹੀ ਹੈ ਕਿ ਮਨਪ੍ਰੀਤ, ਬਾਦਲ ਪਿਓ-ਪੁੱਤਰ ਖਿਲਾਫ ਸਿਆਸੀ ਜੁੱਟ ਉਸਾਰਨ ਦੇ ਰਾਹ ਪੈ ਗਿਆ ਹੈ। ਸ਼ਾਇਦ ਇਸੇ ਗੱਲ ਨੇ ਸੀਨੀਅਰ ਬਾਦਲ ਨੂੰ ਸਭ ਤੋਂ ਵੱਧ ਔਖਾ ਕੀਤਾ ਹੈ। ਇਸੇ ਲਈ ਉਨ੍ਹਾਂ ਦੇ ਮਨਪ੍ਰੀਤ ਵੱਲ ਰਵੱਈਏ ਵਿਚ ਲਗਾਤਾਰ ਕੁੜਿੱਤਣ ਆ ਰਹੀ ਹੈ। ਪਹਿਲਾਂ ਤਾਂ ਉਹ ਸਿਰਫ ਇਹੀ ਕਹਿੰਦੇ ਸਨ ਕਿ ਅਕਾਲੀ ਦਲ ਤੋਂ ਵੱਖ ਹੋ ਕੇ ਮਨਪ੍ਰੀਤ ਨੇ ਆਪਣੀ 'ਸਿਆਸੀ ਮੌਤ' ਸਹੇੜ ਲਈ ਹੈ ਪਰ ਹੁਣ ਜਦੋਂ ਲੱਗਣ ਲੱਗ ਪਿਆ ਹੈ ਕਿ ਮਨਪ੍ਰੀਤ ਸਿਆਸੀ ਪਿੜ ਵਿਚ ਪੈਰ ਬਾਕਾਇਦਾ ਗੱਡ ਰਿਹਾ ਹੈ ਅਤੇ ਦੂਜੇ ਬੰਨ੍ਹੇ, ਹਰ ਤਰ੍ਹਾਂ ਦੀ ਸੁੱਖ-ਸਹੂਲਤ ਹੋਣ ਦੇ ਬਾਵਜੂਦ ਸੁਖਬੀਰ ਸਿਆਸੀ ਪਿੜ ਵਿਚ ਆਪਣੀ ਥਾਂ ਬਣਾਉਣ ਵਿਚ ਨਾ-ਕਾਮਯਾਬ ਰਿਹਾ ਹੈ ਤਾਂ ਸੀਨੀਅਰ ਬਾਦਲ, ਮਨਪ੍ਰੀਤ ਨੂੰ ਗੱਦਾਰ ਕਹਿਣ ਤੱਕ ਚਲਾ ਗਿਆ ਹੈ। ਸਿਆਸੀ ਨੁਕਤਾ-ਨਿਗ੍ਹਾ ਤੋਂ ਸੀਨੀਅਰ ਬਾਦਲ ਦੀ ਇਹ ਤੜਫਾਹਟ ਜਾਇਜ਼ ਵੀ ਜਾਪਦੀ ਹੈ ਕਿਉਂਕਿ ਹੁਣ ਤੱਕ ਮਨਪ੍ਰੀਤ ਨੇ ਸਿਆਸੀ ਸ਼ਤਰੰਜ ਦੀਆਂ ਜਿੰਨੀਆਂ ਵੀ ਚਾਲਾਂ ਚੱਲੀਆਂ ਹਨ, ਉਨ੍ਹਾਂ ਦਾ ਤੋੜ ਬਾਦਲ ਪਿਓ-ਪੁੱਤਰ ਦੇ ਨਹੀਂ ਸਕੇ। ਉਂਜ ਵੀ ਤੀਜੇ ਮੋਰਚੇ ਦਾ ਮੂੰਹ-ਮੱਥਾ ਬਣਨ ਤੋਂ ਬਾਅਦ ਉਹ ਸਿਆਸੀ ਤਾਕਤਾਂ ਜਿਹੜੀਆਂ ਮੂਲ ਰੂਪ ਵਿਚ ਅਕਾਲੀ ਦਲ-ਭਾਜਪਾ ਗਠਜੋੜ ਤੋਂ ਔਖੀਆਂ ਹਨ ਅਤੇ ਕਾਂਗਰਸ ਦੇ ਪੱਖ ਵਿਚ ਵੀ ਨਹੀਂ ਭੁਗਤਣਾ ਚਾਹੁੰਦੀਆਂ, ਉਨ੍ਹਾਂ ਦਾ ਝੁਕਾਅ ਮਨਪ੍ਰੀਤ ਦੇ ਮੋਰਚੇ ਵੱਲ ਹੈ। ਮੋਰਚੇ ਵਿਚ ਸ਼ਾਮਲ ਦੋ ਰਵਾਇਤੀ ਕਮਿਊਨਿਸਟ ਪਾਰਟੀਆਂ ਦਾ ਵੋਟ-ਆਧਾਰ ਭਾਵੇਂ ਗਿਣਤੀ ਦਾ ਹੀ ਹੈ ਪਰ ਇਸ ਨੇੜ ਦਾ ਸੁਨੇਹਾ ਬੜਾ ਸਪਸ਼ਟ ਹੈ। ਇਸ ਨੇੜ ਨੇ ਤਾਂ ਸਗੋਂ ਕਾਂਗਰਸੀਆਂ ਨੂੰ ਵੀ ਸੋਚਣ ਲਾ ਦਿੱਤਾ ਹੈ। ਇਸ ਦੇ ਨਾਲ ਹੀ ਬਜ਼ੁਰਗ ਅਕਾਲੀ ਆਗੂ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲੇ ਅਕਾਲੀ ਧੜੇ ਦੇ ਮਨਪ੍ਰੀਤ ਦੇ ਮੋਰਚੇ ਵਿਚ ਡਟਣ ਕਾਰਨ ਉਹ ਖਲਾਅ ਪੂਰਿਆ ਗਿਆ ਹੈ ਜਿਸ ਕਾਰਨ ਪਹਿਲਾਂ ਬਾਦਲ-ਵਿਰੋਧੀ ਧੜੇ ਪੈਂਠ ਬਣਾਉਣ ਵਿਚ ਨਾਕਾਮ ਰਹਿ ਜਾਂਦੇ ਸਨ। ਇਸ ਲਿਹਾਜ਼ ਨਾਲ ਐਤਕੀਂ ਵਾਲੀਆਂ ਵਿਧਾਨ ਸਭਾ ਚੋਣਾਂ 'ਬਾਦਲ ਵਿਰੋਧੀ ਸਿਆਸੀ ਧਿਰਾਂ' ਲਈ ਵੀ ਪਰਖ ਦੀ ਘੜੀ ਹਨ। ਇਸ ਧਿਰ ਦੀ ਸਦਾ ਇਹ ਮਾਨਤਾ ਰਹੀ ਹੈ ਕਿ ਪੰਜਾਬ ਅਤੇ ਪੰਥ ਨੂੰ ਜਿੰਨਾ ਨੁਕਸਾਨ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੀ ਸਿਆਸਤ ਨੇ ਪਹੁੰਚਾਇਆ ਹੈ, ਹੋਰ ਕਿਸੇ ਨੇ ਨਹੀਂ। ਇਸ ਧਿਰ ਨੇ ਬਿਨਾ ਸ਼ੱਕ ਕਾਂਗਰਸ ਦੇ ਹੱਕ ਵਿਚ ਨਹੀਂ ਭੁਗਤਣਾ ਹੁੰਦਾ। ਸੋ, ਇਹ ਧਿਰ ਭਾਵੇਂ ਮਜਬੂਰੀ ਵਿਚ ਹੀ ਸਹੀ, ਜੇ ਬਾਦਲਾਂ ਨੂੰ ਸਿਆਸੀ ਅਤੇ ਧਾਰਮਿਕ ਪਿੜਾਂ ਵਿਚੋਂ ਲਾਂਭੇ ਕਰਨ ਲਈ ਬੱਝਵੇਂ ਰੂਪ ਵਿਚ ਮਨਪ੍ਰੀਤ ਦੇ ਮੋਰਚੇ ਦੇ ਹੱਕ ਵਿਚ ਨਿੱਤਰਦੀ ਹੈ ਤਾਂ ਪੰਜਾਬ ਦੇ ਸਿਆਸੀ ਪਿੜ ਵਿਚ ਵੱਡੀ ਤਬਦੀਲੀ ਸੰਭਵ ਹੈ। ਇਹ ਤਬਦੀਲੀ ਅਗਾਂਹ ਪੰਜਾਬ ਦੀ ਸਿਆਸਤ ਦੇ ਜਮਹੂਰੀਕਰਨ ਲਈ ਰਾਹ ਮੋਕਲਾ ਕਰ ਸਕਦੀ ਹੈ ਜੋ ਹੁਣ ਤੱਕ ਬਾਦਲਾਂ ਦੀ ਮਨਮਰਜ਼ੀ ਅਤੇ ਕਾਂਗਰਸ ਉਤੇ ਕੇਂਦਰੀ ਲੀਡਰਸ਼ਿਪ ਦੇ ਕੁੰਡੇ ਕਾਰਨ ਬੰਦ ਹੋਇਆ ਪਿਆ ਹੈ। ਪੰਜਾਬ ਦੀ ਸਿਆਸਤ ਦੇ ਜਮਹੂਰੀਕਰਨ ਲਈ ਮਨਪ੍ਰੀਤ ਦਾ ਮੋਰਚਾ ਅਸਰਦਾਰ ਅਤੇ ਇਤਿਹਾਸਕ ਰੋਲ ਨਿਭਾਉਣ ਦਾ ਜ਼ਰੀਆ ਬਣ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫਿਰ ਰੱਥ ਯਾਤਰਾ?*

ਕਈ ਸਾਲ ਹੋ ਚੱਲੇ ਨੇ ਸੜਦਿਆਂ ਨੂੰ, ਫੁਲਕਾ ਤਵੇ 'ਤੇ ਜਿਵੇਂ ਨਾ ਥੱਲਿਆ ਈ।
ਰਾਜ-ਭਾਗ ਵਿਛੋੜੇ ਦਾ ਸੱਲ ਵੱਡਾ, ਜਾਂਦਾ 'ਭਾਜਪਾ' ਪਾਸੋਂ ਨਾ ਝੱਲਿਆ ਈ।
ਹੁਣ ਅੰਨਾ ਹਜ਼ਾਰੇ ਦਾ ਸਾਥ ਪਾ ਕੇ, ਜਾਂਦਾ ਜੋਸ਼ ਨਾ ਉਨ੍ਹਾਂ ਦਾ ਠੱਲ੍ਹਿਆ ਈ।
ਘੱਟ-ਗਿਣਤੀਆਂ ਤਾਈਂ ਫਿਰ ਪਏ ਪਿੱਸੂ, ਬੂਹਾ ਉਨ੍ਹਾਂ ਦਾ ਦਹਿਸ਼ਤ ਨੇ ਮੱਲਿਆ ਈ।
ਰੱਥ ਯਾਤਰਾ ਪਹਿਲੀ ਹੀ ਭੁੱਲਦੀ ਨਾ, ਜਿਹਨੇ ਕਈਆਂ ਨੂੰ ਮੌਤ ਮੂੰਹ ਘੱਲਿਆ ਈ।
ਰੱਬ ਮਿਹਰ ਰੱਖੇ ਹਿੰਦੋਸਤਾਨ ਉਤੇ, ਰੱਥ ਫੇਰ ਅਡਵਾਨੀ ਦਾ ਚੱਲਿਆ ਈ!

# 'ਆਬਾਦੀ ਬੰਬ' ਬਾਰੇ ਬਣਾਈਆਂ ਮਿੱਥਾਂ ਦੇ ਤੂੰਬੇ ਉਡਾਉਣ ਦੀ ਬੇਲਾ

***'ਆਬਾਦੀ ਬੰਬ' ਦੀ ਧਾਰਨਾ ਸਰਲੀਕਰਨ ਵਿਗਿਆਨ ਦੀ ਵਧੀਆ ਮਿਸਾਲ ਤਾਂ ਹੋ ਸਕਦਾ ਹੈ ਪਰ ਅੰਤ ਵਿਚ ਇਹ ਸਿੱਧਾ ਸਿੱਧਾ ਗੈਰ-ਜਮਹੂਰੀ, ਗੈਰ-ਮਨੁੱਖੀ ਤੇ ਸਾਮਰਾਜਵਾਦੀ ਤਾਕਤਾਂ ਦੇ ਹੱਕ ਵਿਚ ਜਾ ਭੁਗਤਦਾ ਹੈ। ਆਬਾਦੀ ਕਿੰਨੀ ਨਾਲੋਂ ਕਿਵੇਂ ਦੀ ਹੈ, ਮਸਲਨ ਵੀਹ ਬੰਦਿਆਂ ਜਿੰਨੀ ਖਪਤ ਕਰਨ ਵਾਲਾ ਇਕ ਮਨੁੱਖ ਜਾਂ ਮੁੱਠੀ ਭਰ ਭੋਜਨ ਨਾਲ ਜ਼ਿੰਦਗੀ ਦੀ ਡੋਰ 'ਤੇ ਝੂਲਦੇ 8-10 ਲੋਕਾਂ ਦਾ ਪਰਿਵਾਰ, ਆਖਿਰ ਇਸ ਦਾ ਤਾਂ ਜਵਾਬ ਮੰਗਿਆ ਹੀ ਜਾਣਾ ਚਾਹੀਦਾ ਹੈ ਕਿ ਖੁੱਲ੍ਹੀ ਮੰਡੀ ਤੇ ਨਿਰਭਰ ਉਦਾਰ ਸਰਕਾਰ ਕਦੋਂ ਤੱਕ ਆਪਣੀ ਅਸਫ਼ਲਤਾ ਅਤੇ ਨਾ-ਅਹਿਲੀਅਤ ਨੂੰ ਆਬਾਦੀ-ਆਬਾਦੀ ਰੂਪੀ ਗਿੱਦੜਸਿੰਗੀ ਪਿੱਛੇ ਲੁਕੋ ਕੇ ਰੱਖੇਗੀ?***

ਮਰਦਸ਼ੁਮਾਰੀ ਦੇ ਨਵੇਂ ਅੰਕੜਿਆਂ ਨੇ ਜਿੱਥੇ ਭਾਰਤੀ ਜਨਸੰਖਿਆ ਨੀਤੀ ਦੀ ਅਸਫ਼ਲਤਾ ਸਾਬਿਤ ਕਰ ਦਿੱਤੀ ਹੈ, ਉਥੇ ਇਸ ਦੀ ਭਵਿੱਖੀ ਦਸ਼ਾ ਤੇ ਦਿਸ਼ਾ ਬਾਰੇ ਵੀ ਨਵੇਂ ਸਵਾਲ ਖੜ੍ਹੇ ਕੀਤੇ ਹਨ। ਗਰਭ ਨਿਰੋਧਕ ਜਾਂ ਭਰ-ਪੇਟ ਅੰਨ ਸੁਰੱਖਿਆ, ਪਰਿਵਾਰ ਨਿਯੋਜਨ ਦੇ ਟੀਚਿਆਂ ਦੀ ਪੂਰਤੀ, ਤੇ ਜਾਂ ਪਰਿਵਾਰ ਦੇ ਵੱਧ ਤੋਂ ਵੱਧ ਹੱਥਾਂ ਨੂੰ ਕੰਮ ਸੁਰੱਖਿਆ। ਜੇਕਰ ਇਸ ਨੂੰ ਫਲਸਫੇ ਦੇ ਰੂਪ ਵਿਚ ਕਿਹਾ ਜਾਵੇ ਤਾਂ ਭਵਿੱਖ ਦਾ ਭਾਰਤ 'ਗਰਭ ਨਿਰੋਧਕ ਸਭ ਤੋਂ ਵੱਡਾ ਵਿਕਾਸ' ਜਾਂ 'ਵਿਕਾਸ ਸਭ ਤੋਂ ਵੱਡਾ ਗਰਭ ਨਿਰੋਧਕ' ਧਾਰਾਵਾਂ ਵਿਚੋਂ ਕਿਸੇ ਦੀ ਚੋਣ ਕਰੇ ਕਿ ਇਸ ਦਾ ਜਮਹੂਰੀਅਤ,



ਕੁਲਦੀਪ ਕੌਰ
ਫੋਨ:91-98554-04330

ਮਨੁੱਖੀ ਜ਼ਿੰਦਗੀ ਦੀ ਕਦਰ ਅਤੇ ਸੰਤੁਲਿਤ ਵਿਕਾਸ ਨਾਲ ਪੀਡਾ ਰਿਸ਼ਤਾ ਪੈਦਾ ਹੋ ਸਕੇ।

ਭਾਰਤ ਦੀ ਸਾਲਾਨਾ ਵਿਕਾਸ ਦਰ ਅੱਠ ਫੀਸਦ ਹੈ। ਓਪਰੀ ਨਜ਼ਰ ਮਾਰਿਆਂ ਕੰਕਰੀਟ ਦੇ ਜੰਗਲਾਂ, ਸ਼ਾਨਦਾਰ ਗੱਡੀਆਂ, ਮੋਬਾਇਲਾਂ ਤੇ ਕੰਪਿਊਟਰਾਂ 'ਤੇ ਆਧਾਰਿਤ ਮਨੁੱਖੀ ਤਰੱਕੀ ਦਾ ਮਿਆਰ ਸਥਾਪਤ ਕਰਦੀ ਸਰਕਾਰ ਸਿਰਜਕ ਨਜ਼ਰ ਆਉਂਦੀ ਹੈ। ਉਨੀ ਸੌ ਸਤਾਲੀ ਦੀ ਸੱਤਾ ਤਬਦੀਲੀ ਤੋਂ ਬਾਅਦ ਅਰਧ-ਜਗੀਰੂ ਖੇਤੀ ਢਾਂਚੇ 'ਤੇ ਨਿਰਭਰ ਦੇਸ਼ ਪ੍ਰਮਾਣੂ ਬੰਬਾਂ, ਚੰਦਰਮਾ, ਮੰਗਲ 'ਤੇ ਕੀਤੀਆਂ ਖੋਜਾਂ ਅਤੇ ਉਚਤਮ ਤਕਨੀਕੀ ਪ੍ਰਬੰਧਕੀ ਅਦਾਰਿਆਂ ਦੇ ਰੂਪ ਵਿਚ ਜਾਣਿਆ ਪ੍ਰਚਾਰਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਭਾਰਤ ਤਾਂ ਗੁਣਾਂ ਦੀ ਗੁਥਲੀ ਹੈ। ਬੱਸ, ਇਸ ਦੀਆਂ ਸੜਕਾਂ ਕੰਢੇ ਪਲਦੀ ਚੀਥੜਿਆਂ ਜਿਹੀ ਆਬਾਦੀ ਇਸ ਨੂੰ ਉਨਤ ਦੇਸ਼ ਨਹੀਂ ਬਣਨ ਦਿੰਦੀ। 'ਵਿਦਵਾਨਾਂ' ਦੀ ਰਾਇ ਹੈ ਕਿ ਭਾਰਤੀ ਗਰੀਬਾਂ ਨੂੰ ਆਪਣੀ ਗਰੀਬੀ ਨਾਲ ਮੁਹੱਬਤ ਹੈ। ਨਤੀਜੇ ਦੇ ਤੌਰ 'ਤੇ ਅੱਜ ਭਾਰਤ ਕੋਲ ਆਪਣੀ ਤਿੰਨ ਗੁਣਾਂ ਆਬਾਦੀ ਦਾ ਪੇਟ ਭਰਨ ਲਈ ਅੰਨ ਦਾ ਦਾਣਾ ਵੀ ਨਹੀਂ ਰਿਹਾ। ਇਸ ਧਾਰਨਾ ਦੇ ਖ਼ਿਲਾਫ਼ ਸਰਕਾਰ ਦੇ ਆਪਣੇ ਅੰਕੜੇ ਖੜ੍ਹੇ ਹਨ ਜੋ ਪਿਛਲੇ 60-70 ਸਾਲਾਂ ਦੀਆਂ ਗੈਰ-ਜ਼ਿੰਮੇਵਾਰ ਨੀਤੀਆਂ ਅਤੇ 'ਤਕੜੇ ਦਾ ਸੱਤੀ ਵੀਹੀ ਸੌ' ਉਤੇ ਖੜ੍ਹੇ ਢਾਂਚੇ ਨੂੰ ਬੇਪਰਦ ਕਰਦੇ ਹਨ।

ਭਾਰਤ ਖੇਤੀ ਆਧਾਰਿਤ ਦੇਸ਼ ਹੈ। ਖੇਤੀ ਹੱਥਾਂ 'ਤੇ ਨਿਰਭਰ ਰਹੀ ਹੈ। ਮਸ਼ੀਨਾਂ, ਖਾਦਾਂ, ਕੀਟਨਾਸ਼ਕਾਂ, ਰਸਾਇਣਾਂ ਦੀ ਅੰਨ੍ਹੇਵਾਹ ਵਰਤੋਂ ਦੀਆਂ ਖੇਤੀ ਨੀਤੀਆਂ ਤੋਂ ਪਹਿਲਾਂ ਜ਼ਿਆਦਾ ਪਿੰਡ ਜਾਂ ਇਲਾਕੇ ਆਤਮ-ਨਿਰਭਰ ਸਨ। ਅੱਜ ਖੇਤੀ ਖੇਤਰ ਦੀ ਵਿਕਾਸ ਦਰ ਸਿਰਫ਼ ਦੋ ਫੀਸਦ ਹੈ। ਇਸ ਦਾ ਸਿੱਧਾ ਅਸਰ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਵਰਤਾਰੇ ਵਿਚ ਝਲਕਦਾ ਹੈ। ਸਰਕਾਰ ਨਾਗਰਿਕਾਂ ਨੂੰ ਸਮਾਜਿਕ ਸੁਰੱਖਿਆ ਤਾਂ ਕੀ, ਉਨ੍ਹਾਂ ਲਈ ਅਤਿ ਲੋੜੀਂਦੀ ਅਨਾਜ ਵੰਡ ਪ੍ਰਣਾਲੀ ਤੱਕ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਨ ਵਿਚ ਵੀ ਨਾ-ਕਾਮਯਾਬ ਰਹੀ ਹੈ। ਧਾਰਨਾ ਹੈ ਕਿ ਭਾਰਤ ਆਪਣੀ ਇੰਨੀ ਵੱਡੀ ਆਬਾਦੀ ਦਾ ਢਿੱਡ ਭਰਨ ਵਿਚ ਸਮਰੱਥ ਨਹੀਂ। ਉੱਘੀ ਅਰਥਸ਼ਾਸਤਰੀ ਜਯੰਤੀ ਘੋਸ਼ ਅਨੁਸਾਰ ਮੁੱਖ ਮਸਲਾ ਖਾਧ ਪਦਾਰਥਾਂ ਦੀ ਕਮੀ ਦਾ ਨਹੀਂ ਸਗੋਂ 1990 ਤੋਂ ਬਾਅਦ ਲਾਗੂ ਕੀਤੀਆਂ ਆਰਥਿਕ ਨੀਤੀਆਂ ਦੇ ਸਿੱਟੇ ਵਜੋਂ ਇਨ੍ਹਾਂ ਦਾ ਆਮ ਆਦਮੀ ਦੀ ਪਹੁੰਚ ਤੋਂ ਬਾਹਰਾ ਹੋ ਜਾਣਾ ਹੈ। ਭਾਰਤ ਅੱਜ ਅਨਾਜ ਦੀ ਦਰਾਮਦ ਕਰਨ ਵਾਲਾ ਦੇਸ਼ ਹੈ ਪਰ ਦੇਸ਼ ਦੀ ਵੱਡੀ ਗਿਣਤੀ ਵਸੋਂ ਗਰੀਬੀ, ਬੇਰੁਜ਼ਗਾਰੀ, ਖਾਧ ਪਦਾਰਥਾਂ ਦੀ ਮਾੜੀ ਵੰਡ ਪ੍ਰਣਾਲੀ ਕਾਰਨ ਅਨਾਜ ਖਰੀਦਣ ਤੋਂ ਅਸਮਰੱਥ ਹੈ। ਵਿਸ਼ਵ ਬੈਂਕ, ਕੌਮਾਂਤਰੀ ਮੁਦਰਾ ਫੰਡ ਵਰਗੀਆਂ ਸੰਸਥਾਵਾਂ ਦੇ ਦਬਾਓ ਹੇਠ ਭਾਰਤ ਸਰਕਾਰ ਖੇਤੀ ਖੇਤਰ, ਸਮਾਜਿਕ ਸੁਰੱਖਿਆ, ਸਿਹਤ ਸਹੂਲਤਾਂ ਅਤੇ ਸਿੱਖਿਆ ਦੇ ਖੇਤਰ ਵਿਚ ਲਗਾਤਾਰ ਸਹੂਲਤਾਂ, ਸਬਸਿਡੀਆਂ ਅਤੇ ਛੋਟਾਂ ਵਿਚ ਕਟੌਤੀ ਕਰ ਰਹੀ ਹੈ। ਨਤੀਜਨ, ਭਾਰਤੀਆਂ ਦੀ ਵੱਡੀ ਵੱਸੋਂ ਮਾੜੀ ਸਿਹਤ, ਕੰਮ ਨਾ ਮਿਲਣਾ, ਦੂਸਰੇ ਦਰਜੇ ਦੀ ਸਿੱਖਿਆ ਅਤੇ ਸਮਾਜਿਕ ਹਾਸ਼ੀਏ ਦੇ ਸਿਰਿਆਂ ਤੇ ਧੱਕੀ ਗਈ ਹੈ।

'ਆਬਾਦੀ ਬੰਬ' ਦੀ ਧਾਰਨਾ ਨਾਲ ਜੁੜੀ ਦੂਜੀ ਮਿੱਥ ਹੈ ਕਿ ਲਗਾਤਾਰ ਵਧਦੀ ਆਬਾਦੀ ਕਾਰਨ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਪਾਣੀ ਦੀ ਘਾਟ ਖਤਰਨਾਕ ਰੂਪ ਅਖਤਿਆਰ ਕਰ ਚੁੱਕੀ ਹੈ। ਇਸ ਬਾਰੇ ਮਨੁੱਖੀ ਵਿਕਾਸ ਰਿਪੋਰਟ (ਸੰਯੁਕਤ ਰਾਸ਼ਟਰ) ਦੀ ਟਿੱਪਣੀ ਧਿਆਨ ਮੰਗਦੀ ਹੈ। ਰਿਪੋਰਟ ਅਨੁਸਾਰ, "ਧਰਤੀ ਉਪਰ ਘਰੇਲੂ ਅਤੇ ਖੇਤੀ/ਸਨਅਤੀ ਖੇਤਰ ਦੀਆਂ ਜ਼ਰੂਰਤਾਂ ਤੋਂ ਕਿਤੇ ਵੱਧ ਪਾਣੀ ਹੈ। ਮੂਲ ਸਮੱਸਿਆ ਹੈ ਆਬਾਦੀ ਦੇ ਗਰੀਬ ਅਤੇ ਹਾਸ਼ੀਏ 'ਤੇ ਪਏ ਵਰਗਾਂ ਨੂੰ ਪਾਣੀ ਸੋਮਿਆਂ ਦੀ ਮਾਲਕੀ ਤੋਂ ਖਦੇੜਿਆ ਜਾਣਾ। ਇਸ ਵਰਤਾਰੇ ਪਿੱਛੇ ਰਾਜਨੀਤਿਕ ਪੇਸ਼ਬੰਦੀਆਂ ਅਤੇ ਉਨ੍ਹਾਂ ਸੰਸਥਾਵਾਂ ਦਾ ਵੱਡਾ ਰੋਲ ਹੈ ਜਿਨ੍ਹਾਂ ਦਾ ਖ਼ਾਸਾ ਹੀ ਗਰੀਬ ਵਿਰੋਧੀ ਹੈ। ਜੇਕਰ ਸਾਫ਼ ਪਾਣੀ ਦੀ ਸਪਲਾਈ ਦਾ ਅਧਿਐਨ ਕੀਤਾ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਗਰੀਬ ਆਦਮੀ ਨੂੰ ਪਾਣੀ ਮਿਲਦਾ ਘੱਟ ਹੈ, ਬਦਲੇ ਵਿਚ ਉਹ ਭੁਗਤਾਨ ਜ਼ਿਆਦਾ ਕਰਦਾ ਹੈ; ਉਪਰੋਂ ਪਾਣੀ ਦੀ ਕਮੀ ਨਾਲ ਵੀ ਉਸੇ ਨੂੰ ਜੂਝਣਾ ਪੈਂਦਾ ਹੈ। ਇਸ ਨੂੰ ਅੰਕੜਿਆਂ ਰਾਹੀਂ ਦੱਸਣਾ ਹੋਵੇ ਤਾਂ ਯੂਰਪੀ ਬੰਦਾ ਰੋਜ਼ ਔਸਤਨ ਦੋ ਸੌ ਲੀਟਰ ਪਾਣੀ ਵਰਤਦਾ ਹੈ ਅਤੇ ਅਮਰੀਕੀ ਬੰਦਾ ਰੋਜ਼ਾਨਾ ਚਾਰ ਸੌ ਲੀਟਰ। ਪਾਣੀ ਦੀ ਭਿਅੰਕਰ ਕਮੀ ਨਾਲ ਜੂਝਦੇ ਤੀਸਰੀ ਦੁਨੀਆ ਦੇ 1.1 ਅਰਬ ਲੋਕ ਰੋਜ਼ਾਨਾ ਸਿਰਫ਼ ਪੰਜ ਲੀਟਰ ਪਾਣੀ ਵਰਤਦੇ ਹਨ!

ਪਾਣੀ ਦੀ ਕੁਵਰਤੋਂ ਤੋਂ ਇਲਾਵਾ ਪਾਣੀ ਦੇ ਸਰੋਤਾਂ ਜਿਵੇਂ ਬਰਸਾਤੀ ਪਾਣੀ ਦੇ ਭੰਡਾਰਨ ਲਈ ਤਲਾਬਾਂ ਦੇ ਖ਼ਤਮੇ ਨੇ ਸ਼ਹਿਰਾਂ ਦੀ ਪਾਣੀ ਦੇ ਮਾਮਲੇ ਵਿਚ ਨਿਰਭਰਤਾ ਖ਼ਤਮ ਕਰ ਦਿੱਤੀ ਹੈ। ਕਦੇ ਦਿੱਲੀ ਵਿਚ ਅਜਿਹੇ ਚਾਰ ਸੌ ਤਲਾਬ ਸਨ। ਭਾਰਤ ਵਿਚ ਸ਼ਹਿਰੀਕਰਨ ਦਾ ਦੂਜਾ ਅਰਥ ਹੈ-ਖੇਤੀਯੋਗ ਜ਼ਮੀਨ ਦੀ ਕੁਵਰਤੋਂ। ਦਿੱਲੀ ਦੇ ਨਾਲ ਖੜ੍ਹੇ ਕੀਤੇ ਨੋਇਡਾ ਅਤੇ ਗਾਜ਼ੀਆਬਾਦ ਅਜਿਹੀ ਜ਼ਮੀਨ 'ਤੇ ਬਣੇ ਹਨ ਜੋ ਹਜ਼ਾਰਾਂ ਲੋਕਾਂ ਦਾ ਢਿੱਡ ਭਰਨ ਦੇ ਸਮਰੱਥ ਸੀ। ਪਾਣੀ ਦਾ ਪੱਧਰ ਵੀ ਤਲਾਬਾਂ, ਖੂਹਾਂ ਤੇ ਨਦੀਆਂ-ਨਾਲਿਆਂ ਕਾਰਨ ਪਹੁੰਚ ਵਿਚ ਸੀ। ਇਸ ਨੂੰ ਸੌਖਿਆਂ ਪ੍ਰਾਪਤ ਕੁਦਰਤੀ ਦਾਤ ਤੋਂ 'ਵੇਚਣਯੋਗ' ਬਣਾਉਣ ਪਿੱਛੇ ਸਨਅਤੀ ਘਰਾਣਿਆਂ ਅਤੇ 'ਪਾਣੀ ਮਾਫੀਏ' ਦਾ ਹੱਥ ਸਪੱਸ਼ਟ ਨਜ਼ਰ ਆਉਂਦਾ ਹੈ।

'ਆਬਾਦੀ ਬੰਬ' ਨਾਲ ਜੁੜੀ ਅਗਲੀ ਮਿੱਥ ਅਨੁਸਾਰ ਧਰਤੀ 'ਤੇ ਵਧਦੀ ਗੰਦਗੀ ਅਤੇ ਪ੍ਰਦੂਸ਼ਣ ਲਈ 'ਗਰੀਬੀ ਦਾ ਸੱਭਿਆਚਾਰ' ਜ਼ਿੰਮੇਵਾਰ ਹੈ; ਮਤਲਬ ਗਰੀਬ ਇਸ ਲਈ ਗਰੀਬ ਹੈ ਕਿਉਂਕਿ ਇਹ ਗਰੀਬ ਹੀ ਰਹਿਣਾ ਚਾਹੁੰਦਾ ਹੈ। ਇਹ ਮਿੱਥ ਪੇਂਡੂ ਅਤੇ ਕਬੀਲਾਈ ਲੋਕਾਂ ਦੇ ਵਾਤਾਵਰਨ, ਜੰਗਲ, ਜ਼ਮੀਨ, ਪਾਣੀ ਸਰੋਤਾਂ ਅਤੇ ਪਸ਼ੂ-ਪੰਛੀਆਂ ਲਈ ਕੀਤੀ ਜਾ ਰਹੀ ਜੱਦੋਜਹਿਦ ਨੂੰ ਸਿਰੇ ਤੋਂ ਰੱਦ ਕਰਦੀ ਹੈ। ਅਮਰੀਕਾ ਦਾ ਫੌਜੀ ਆਦਾਰਾ 'ਪੈਂਟਾਗਨ' ਦੁਨੀਆ ਦਾ ਉਹ ਖਪਤਕਾਰ ਹੈ ਜਿਹੜਾ ਕੁੱਲ ਆਲਮੀ ਊਰਜਾ ਦਾ ਸਭ ਤੋਂ ਵੱਡਾ ਹਿੱਸਾ ਵਰਤਦਾ ਹੈ। ਬਦਲੇ ਵਿਚ ਉਹ ਟਨਾਂ ਦੇ ਹਿਸਾਬ ਜ਼ਹਿਰੀਲਾ/ਵਾਧੂ/ਵਰਤਿਆ ਕੂੜਾ-ਕਬਾੜਾ ਧਰਤੀ 'ਤੇ ਖਿਲਾਰਦਾ ਹੈ। ਜੇਕਰ ਅੰਕੜਿਆਂ ਰਾਹੀਂ ਸਮਝਣਾ ਹੋਵੇ ਤਾਂ ਅੱਜ ਦੁਨੀਆ ਦੇ ਉਪਰਲੇ ਵੀਹ ਫੀਸਦ ਲੋਕ ਕੁੱਲ ਖਪਤ ਖਰਚ ਦਾ ਛਿਆਸੀ ਫੀਸਦ ਹਿੱਸਾ ਵਰਤਦੇ ਹਨ। ਹੇਠਲੇ ਵੀਹ ਫੀਸਦ ਦੇ ਹਿੱਸੇ ਖਪਤ ਵਸਤੂਆਂ ਦਾ 1.3 ਫੀਸਦ ਹੀ ਆਉਂਦਾ ਹੈ। ਉਪਰਲਾ ਵੀਹ ਫੀਸਦ ਦੁਨੀਆ ਦਾ ਪੰਜਤਾਲੀ ਫੀਸਦ ਮੀਟ ਤੇ ਮੱਛੀ, ਅਠਵੰਜਾ ਫੀਸਦ ਕੁੱਲ ਊਰਜਾ ਦਾ, ਚੌਰਾਸੀ ਫੀਸਦ ਕੁੱਲ ਪੇਪਰ ਦਾ ਵਰਤਦੇ ਹਨ। ਕੁੱਲ ਟੈਲੀਫੋਨ ਸੇਵਾਵਾਂ ਦਾ ਛਿਹੱਤਰ ਫੀਸਦ ਅਤੇ ਕੁੱਲ ਗੱਡੀਆਂ, ਸਕੂਟਰਾਂ, ਕਾਰਾਂ ਦਾ ਚੌਰਾਸੀ ਫੀਸਦ ਇਨ੍ਹਾਂ ਦੇ ਕਬਜ਼ੇ ਹੇਠ ਹੈ। (ਸੰਯੁਕਤ ਰਾਸ਼ਟਰ ਵਿਕਾਸ ਰਿਪੋਰਟ-2003 ਅਨੁਸਾਰ) ਜੇ ਇਸ ਨੂੰ ਭਾਰਤੀ ਪ੍ਰਸੰਗ ਵਿਚ ਸਮਝਣਾ ਹੋਵੇ ਤਾਂ ਦੇਸ਼ ਦੀ 1.44 ਫੀਸਦ ਆਬਾਦੀ ਦਾ ਦੇਸ਼ ਦੇ ਤੇਲ ਭੰਡਾਰਾਂ, ਬਿਜਲੀ, ਘਰੇਲੂ ਪੈਦਾਵਾਰ ਦੇ ਪੰਝੱਤਰ ਹਿੱਸੇ 'ਤੇ ਕਬਜ਼ਾ ਹੈ। ਇੱਥੇ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਜੇਕਰ ਦੇਸ਼ ਦੇ ਕੁਦਰਤੀ ਅਤੇ ਗੈਰ-ਕੁਦਰਤੀ ਸਰੋਤਾਂ (ਸੰਪਤੀ ਮਿਲਾ ਕੇ) ਉਤੇ 1.44 ਫੀਸਦ ਆਬਾਦੀ ਦਾ ਕਬਜ਼ਾ ਹੈ ਤਾਂ ਇਨ੍ਹਾਂ ਦੇ ਉਜਾੜੇ ਅਤੇ ਚੌਗਿਰਦੇ ਦੇ ਵਿਗਾੜਾਂ ਲਈ ਉਹ ਲੋਕ ਕਿਵੇਂ ਜ਼ਿੰਮੇਵਾਰ ਹਨ ਜਿਨ੍ਹਾਂ ਲਈ ਇਨ੍ਹਾਂ ਸਾਧਨਾਂ ਬਾਰੇ ਸੋਚਣਾ ਵੀ ਅਮਨ-ਕਾਨੂੰਨ ਦਾ ਮਸਲਾ ਬਣ ਜਾਂਦਾ ਹੈ। ਅਜਿਹੀ ਹਾਲਤ ਵਿਚ ਲੋਕਤੰਤਰੀ ਸੰਵਿਧਾਨ ਅਤੇ ਗਣਤੰਤਰੀ ਲੋਕਰਾਜ ਦੇ ਸਿਧਾਂਤਾਂ ਦਾ ਕੀ ਅਰਥ ਰਹਿ ਜਾਂਦਾ ਹੈ? ਜੇਕਰ ਦੇਸ਼ ਦੀ ਬਹੁ-ਗਿਣਤੀ ਸਾਧਨਹੀਣ, ਰੋਜ਼ਗਾਰਹੀਣ ਅਤੇ ਜਾਇਦਾਦਹੀਣ ਹੈ ਤਾਂ ਸਰਕਾਰ ਸਿੱਖਿਆ, ਸਿਹਤ, ਜਨਤਕ ਵੰਡ ਪ੍ਰਣਾਲੀ ਨਾਲ ਕਿਵੇਂ ਨਜਿੱਠਦੀ ਹੈ? ਤਜਰਬਾ ਤਾਂ ਇਹੀ ਦੱਸਦਾ ਹੈ ਕਿ ਸਰਕਾਰਾਂ 'ਗਰੀਬੀ ਖ਼ਤਮ ਕਰਨ ਲਈ ਗਰੀਬ ਹੀ ਖ਼ਤਮ ਕਰ ਦਿਓ' ਦੇ ਫਾਰਮੂਲੇ 'ਤੇ ਕੰਮ ਕਰਦੀਆਂ ਆ ਰਹੀਆਂ ਹਨ।

ਵਿਕਸਿਤ ਅਤੇ ਅਵਿਕਸਿਤ ਦੇਸ਼ਾਂ ਵਿਚਲੀਆਂ ਖਾਈਆਂ ਬਾਰੇ 2006 ਵਿਚ ਛਪੀ ਮਨੁੱਖੀ ਵਿਕਾਸ ਰਿਪੋਰਟ (ਸੰਯੁਕਤ ਰਾਸ਼ਟਰ) ਅਨੁਸਾਰ 2003 ਤੋਂ 2004 ਵਿਚ ਜਿੱਥੇ ਜਰਮਨੀ ਨੇ ਆਪਣੇ ਕੁੱਲ ਬਜਟ ਦਾ 8.7 ਫੀਸਦ ਅਤੇ ਫਰਾਂਸ ਨੇ 7.7 ਫੀਸਦ ਸਿਹਤ ਸਹੂਲਤਾਂ 'ਤੇ ਖਰਚ ਕੀਤਾ, ਭਾਰਤ ਨੇ ਸਿਰਫ਼ 1.2 ਫੀਸਦ ਹੀ ਇਸ ਲਈ ਰਾਖਵਾਂ ਰੱਖਿਆ। ਜਰਮਨੀ, ਅਮਰੀਕਾ ਅਤੇ ਜਾਪਾਨ ਦੀ ਸੌ ਫੀਸਦ ਆਬਾਦੀ ਕੋਲ ਸੀਵਰੇਜ/ਟਾਇਲਟ ਦੀ ਸਹੂਲਤ ਹੈ, ਜਦਕਿ ਭਾਰਤ ਵਿਚ ਸਿਰਫ਼ ਤੇਤੀ ਫੀਸਦ ਆਬਾਦੀ ਕੋਲ ਹੀ ਇਹ ਮੁੱਢਲੀਆਂ ਸਹੂਲਤਾਂ ਹਨ। ਜਰਮਨੀ ਆਪਣੇ ਕੁੱਲ ਬਜਟ ਦਾ 4.8 ਫੀਸਦ, ਫਰਾਂਸ 6 ਫੀਸਦ, ਅਮਰੀਕਾ 5.9 ਫੀਸਦ ਸਿੱਖਿਆ ਸਹੂਲਤਾਂ 'ਤੇ ਖਰਚ ਕਰਦੇ ਹਨ। ਭਾਰਤ ਦੀ ਇਹ ਖ਼ਰਚ ਦਰ ਸਿਰਫ਼ 3.3 ਫੀਸਦ ਹੈ। ਸਵਾਲ ਹੈ ਕਿ ਆਖਿਰ ਉਹ ਕਿਹੜੀ ਅਤਿ ਜ਼ਰੂਰੀ ਸਹੂਲਤ ਹੈ ਜਿਸ ਉਪਰ ਭਾਰਤ ਖੁੱਲ੍ਹੇ ਦਿਲ ਨਾਲ ਖ਼ਰਚ ਕਰਦਾ ਹੈ; ਉਹ ਹੈ ਭਾਰਤ ਦੀ ਜੰਗੀ ਸ਼ਕਤੀ ਜਿਸ ਉਪਰ ਬਜਟ ਦਾ ਸਭ ਤੋਂ ਵੱਡਾ ਹਿੱਸਾ ਵਰਤਿਆ ਜਾਂਦਾ ਹੈ। ਦਿਲਚਸਪ ਤੱਥ ਇਹ ਹੈ ਕਿ ਪਛੜਿਆ ਸਮਝਿਆ ਜਾਂਦਾ ਦੇਸ਼ ਸ੍ਰੀਲੰਕਾ ਆਪਣੇ ਬਜਟ ਦਾ ਵੱਡਾ ਹਿੱਸਾ ਸਿੱਖਿਆ, ਸਿਹਤ ਅਤੇ ਮੁੱਢਲੀਆਂ ਸਹੂਲਤਾਂ ਲਈ ਵਰਤਦਾ ਹੈ ਅਤੇ ਲਗਾਤਾਰ ਖਾਨਾਜੰਗੀ ਵਿਚ ਉਲਝੇ ਹੋਣ ਦੇ ਬਾਵਜੂਦ ਆਪਣੇ ਬਜਟ ਦਾ ਸਿਰਫ਼ 2.8 ਫੀਸਦ ਸੈਨਿਕ ਲੋੜਾਂ ਲਈ ਵਰਤਦਾ ਹੈ ਪਰ ਸਿਹਤ, ਸਿੱਖਿਆ ਅਤੇ ਸਾਫ਼ ਪਾਣੀ ਜਿਹੀਆਂ ਮੱਦਾਂ 'ਤੇ ਖਰਚਾ ਕਿਉਂ? ਜੇਕਰ ਗਰੀਬੀ ਦਾ ਕੁਚੱਕਰ ਤੋੜਨ ਦੀ ਸੁਹਿਰਦਤਾ ਹੋਵੇ ਤਾਂ ਇਹ ਸਹੂਲਤਾਂ ਆਮ ਸ਼ਹਿਰੀ ਦਾ ਜ਼ਿੰਦਗੀ ਵਿਚ ਯਕੀਨ ਪੈਦਾ ਕਰਦੀਆਂ ਹਨ। ਆਖ਼ਿਰ ਦੇਸ਼ ਭਗਤੀ ਸਿਰਫ਼ ਸਰਹੱਦਾਂ ਦੀ ਸੁਰੱਖਿਆ ਤੱਕ ਹੀ ਕਿਉਂ ਸੀਮਤ ਰਹੇ? ਆਪਣੀ ਜੰਮਣ ਭੋਇੰ ਨਾਲ ਰਿਸ਼ਤੇ ਵਿਚ ਇਹ ਸਹੂਲਤਾਂ ਨਾਗਰਿਕਾਂ ਦੀ ਸੁਰੱਖਿਆ ਅਤੇ ਸ਼ਹਿਰੀ ਅਧਿਕਾਰਾਂ ਮਾਣ ਦੀ ਜ਼ਾਮਨੀ ਭਰਦੀਆਂ ਹਨ। ਨਹੀਂ ਤਾਂ ਇਸ ਜ਼ਾਮਨੀ ਦੀ ਇਕੋ-ਇਕ ਗਾਰੰਟੀ ਪਰਿਵਾਰਕ ਹੱਥਾਂ

***(ਬਾਕੀ ਸਫਾ 27 'ਤੇ)***

# ਇੱਕੀਵੀਂ ਸਦੀ ਵਿਚ ਸਾਮਰਾਜ ਦਾ ਜੰਗਲ ਰਾਜ

***ਭਾਰਤ ਵਰਗੇ ਮੁਲਕਾਂ ਦਾ ਨਾਟੋ ਦੀਆਂ ਜੰਗੀ ਮੁਹਿੰਮਾਂ ਦੀ ਹਮਾਇਤ ਕਰਨਾ ਵਕਤੀ ਤੌਰ ਉੱਤੇ ਵਿਕਾਸ ਦਰ ਦੇ ਉਛਾਲ ਦਾ ਸਬੱਬ ਬਣ ਸਕਦਾ ਹੈ ਪਰ ਇਸ ਦੇ ਚਿਰਕਾਲੀ ਨਤੀਜੇ ਘਾਤਕ ਹੋ ਸਕਦੇ ਹਨ। ਹੁਣ ਸਾਮਰਾਜ ਜ਼ਮੀਨੀ ਲੜਾਈਆਂ ਦੀ ਥਾਂ ਘਰੇਲੂ ਨੀਤੀਆਂ ਵਿਚ ਲੋੜੀਂਦੀਆਂ ਤਬਦੀਲੀਆਂ ਰਾਹੀਂ ਪਸਾਰਾ ਕਰ ਰਿਹਾ ਹੈ। ਨਤੀਜੇ ਵਜੋਂ ਨਵੀਂ ਆਲਮੀ ਪਾਲਾਬੰਦੀ ਵਿਚ ਰਵਾਇਤੀ ਦੋਸਤ ਆਪਣੇ ਪਾਲੇ ਬਦਲ ਰਹੇ ਹਨ। ਕਦੇ ਭਾਰਤ ਦੇ ਅਫ਼ਗਾਨਿਸਤਾਨ, ਇਰਾਕ, ਇਰਾਨ ਅਤੇ ਲਿਬੀਆ ਨਾਲ ਕਰੀਬੀ ਰਿਸ਼ਤੇ ਰਹੇ ਹਨ। ਲਿਬੀਆ ਵਿਚ ਭਾਰਤੀ ਪਰਵਾਸੀਆਂ ਦੀ ਵੱਡੀ ਗਿਣਤੀ ਹੋਣ ਕਾਰਨ ਉੱਥੇ ਸੈਂਟਰਲ ਬੋਰਡ ਆਫ਼ ਸਕੂਲ ਐਜੂਕੇਸ਼ਨ (ਸੀ.ਬੀ.ਐਸ.ਈ.) ਦੀ ਮਾਨਤਾ ਵਾਲੇ ਸਕੂਲ ਤੱਕ ਬਣਾਏ ਗਏ ਸਨ। ਭਾਰਤ ਦੀਆਂ ਮੌਜੂਦਾ ਨੀਤੀਆਂ ਸਾਮਰਾਜ ਦੇ ਮੌਕਾਪ੍ਰਸਤ ਖ਼ਾਸੇ ਨਾਲ ਮੇਲ ਖਾਂਦੀਆਂ ਹਨ।***

**ਸਵਾਲ ਸੰਵਾਦ**



**ਦਲਜੀਤ ਅਮੀ**

ਫੋਨ:+91-97811-21873

ਕਰਨਲ ਮੁਆਮਰ ਗੱਦਾਫ਼ੀ ਦੀ ਮੌਤ ਦਾ ਜਸ਼ਨ ਮਨਾਉਣ ਵਿਚ ਮਸਰੂਫ਼ ਨਾਟੋ ਮੁਲਕਾਂ ਵਿਚ ਇਹ ਆਵਾਜ਼ ਉੱਠ ਰਹੀ ਹੈ ਕਿ ਦੁਨੀਆ ਉਸ ਖ਼ਿਲਾਫ਼ ਅਦਾਲਤੀ ਕਾਰਵਾਈ ਤੋਂ ਬਚ ਗਈ ਹੈ। ਅਦਾਲਤਾਂ ਨੂੰ ਜਮਹੂਰੀਅਤ ਦੇ ਅਹਿਮ ਥੰਮ੍ਹ ਅਤੇ ਨਿਰਪੱਖ ਅਦਾਰੇ ਵਜੋਂ ਪ੍ਰਚਾਰਨ ਵਾਲੇ ਮੁਲਕਾਂ ਦੀਆਂ ਅਦਾਲਤਾਂ ਦੀ ਕਾਰਵਾਈ ਤਾਂ ਪਹਿਲਾਂ ਹੀ ਸਵਾਲਾਂ ਦੇ ਘੇਰੇ ਵਿਚ ਹੈ। ਗੱਦਾਫ਼ੀ ਦੀ ਮੌਤ ਤੋਂ ਪਹਿਲਾਂ ਹੀ ਅਮਰੀਕੀ ਅਤੇ ਯੂਰਪੀ ਅਖ਼ਬਾਰਾਂ ਵਿਚ ਚਰਚਾ ਛਿੜ ਗਈ ਸੀ ਕਿ ਉਸ ਖ਼ਿਲਾਫ਼ ਅਦਾਲਤੀ ਕਾਰਵਾਈ ਲਿਬੀਆ ਵਿਚ ਹੋਣੀ ਚਾਹੀਦੀ ਹੈ ਜਾਂ ਕੌਮਾਂਤਰੀ ਅਦਾਲਤ ਵਿਚ। ਸ਼ਾਇਦ ਨਾਟੋ ਮੁਲਕ ਅਦਾਲਤੀ ਕਾਰਵਾਈ ਤੋਂ ਇੰਨੇ ਭੈਅਭੀਤ ਕਦੇ ਨਹੀਂ ਰਹੇ। ਉਨ੍ਹਾਂ ਨੇ ਅਦਾਲਤੀ ਕਾਰਵਾਈ ਰਾਹੀਂ ਪਹਿਲਾਂ ਤੈਅ ਫ਼ੈਸਲੇ ਲੈਣ ਲਈ ਗੁਆਂਟੇਨਾਮੋ ਬੇਅ ਵਰਗੇ ਬੰਦੋਬਸਤ ਕੀਤੇ ਹਨ ਪਰ ਇਹ ਉਸ ਤੋਂ ਵੀ ਅਗਲਾ ਪੜਾਅ ਹੈ। ਇਸ ਤਰ੍ਹਾਂ ਕਤਲ ਕਰਨ ਦੀ ਮੁਹਿੰਮ ਦੀ ਖੁੱਲ੍ਹੀ ਹਮਾਇਤ ਅਤੇ ਜਸ਼ਨ ਵਿਚ ਸ਼ਮੂਲੀਅਤ ਮੌਜੂਦਾ ਕੌਮਾਂਤਰੀ ਸਾਮਰਾਜੀ ਨਿਜ਼ਾਮ ਦਾ ਖ਼ੂੰਖ਼ਾਰ ਚਿਹਰਾ ਬੇਪਰਦ ਕਰਦੀ ਹੈ।

ਇਸ ਧਾਰਨਾ ਦਾ ਖੁਲਾਸਾ ਕਰਨ ਲਈ ਐਡਵਰਡ ਐਸ. ਹਰਮਨ ਦੀ ਲਿਖਤ ਦਾ ਜ਼ਿਕਰ ਜ਼ਰੂਰੀ ਹੈ। ਉਨ੍ਹਾਂ ਨੇ ਆਪਣੇ ਸੱਜਰੇ ਲੇਖ 'ਅਸੈਸੀਨੇਸ਼ਨ ਰਾਈਟਸ' (ਕਤਲ ਦਾ ਹੱਕ) ਵਿਚ ਕਿਊਬਾ ਦੇ ਸਾਬਕਾ ਰਾਸ਼ਟਰਪਤੀ ਫੀਦਲ ਕਾਸਤਰੋ ਦੀ ਸੁਰੱਖਿਆ ਦੇ ਮੁਖੀ ਫੇਬੀਅਨ ਐਸਕਾਲਨਤੇ ਦਾ ਹਵਾਲਾ ਦਿੱਤਾ ਹੈ। ਫੇਬੀਅਨ ਨੇ ਲਿਖਿਆ ਹੈ ਕਿ ਕਾਸਤਰੋ ਨੂੰ ਮਾਰਨ ਦੀਆਂ 638 ਨਾ-ਕਾਮਯਾਬ ਸਾਜ਼ਿਸ਼ਾਂ ਕੀਤੀਆਂ ਗਈਆਂ। ਸੱਤ ਸਾਜ਼ਿਸ਼ਾਂ ਦੀ ਤਫ਼ਸੀਲ ਲਿਖਣ ਵਾਲੇ ਡਨਕਨ ਕੈਂਪਬੈੱਲ ਨੇ ਲਿਖਿਆ ਹੈ ਕਿ ਅਜਿਹੀ ਨਾ-ਕਾਮਯਾਬ ਸਾਜ਼ਿਸ਼ ਕਰਨ ਵਾਲਾ ਲਿਉਸ ਪੋਸਾਦਾ ਕਾਰਾਇਲ, ਫਲੋਰਿਡਾ ਵਿਚ ਰਹਿੰਦਾ ਹੈ। ਉਹ ਕਈ ਅਤਿਵਾਦੀ ਸਰਗਰਮੀਆਂ ਵਿਚ ਸ਼ਰੀਕ ਰਿਹਾ ਹੈ। ਫਲੋਰਿਡਾ ਵਿਚ ਉਸ ਵਰਗੇ ਬਹੁਤ ਸਾਰੇ ਰਹਿੰਦੇ ਹਨ। ਇਸ ਤੋਂ ਅੱਗੇ ਐਡਵਰਡ ਹਰਮਨ ਨੇ ਟਿੱਪਣੀ ਕੀਤੀ ਹੈ, "ਫਲੋਰਿਡਾ ਨੂੰ ਆਲਮੀ ਅਤਿਵਾਦ ਦਾ ਧੁਰਾ ਕਰਾਰ ਦੇਣਾ ਗ਼ਲਤ ਹੋਵੇਗਾ ਕਿਉਂਕਿ ਇਹ ਮਾਣ ਵਾਸ਼ਿੰਗਟਨ ਨੂੰ ਜਾਂਦਾ ਹੈ। ਜਿਵੇਂ ਗੁਆਂਟੇਨਾਮੋ ਬੇਅ ਦਾ ਤਸ਼ੱਦਦਖ਼ਾਨਾ ਵਾਸ਼ਿੰਗਟਨ ਨਾਲ ਜੁੜੇ ਤਸ਼ੱਦਦ ਦੇ ਤਾਣੇ-ਬਾਣੇ ਦੀ ਸ਼ਾਖ਼ ਮਾਤਰ ਹੈ, ਉਸੇ ਤਰ੍ਹਾਂ ਫਲੋਰਿਡਾ ਵੀ ਇਸ ਦੀ ਸ਼ਾਖ਼ ਹੈ।" ਹਰਮਨ ਦੀ ਇਸ ਟਿੱਪਣੀ ਦੀ ਤਸਦੀਕ ਕੁਝ ਸਮਾਂ ਪਹਿਲਾਂ 'ਨਿਊ ਯੋਰਕਰ' ਵਿਚ ਛਪੇ ਨਿਕੋਲਸ ਸ਼ਕਮਿਡਲ ਦੇ ਲੇਖ ਤੋਂ ਹੁੰਦੀ ਹੈ ਜਿਸ ਵਿਚ ਉਸਾਮਾ ਬਿਨ-ਲਾਦਿਨ ਦੇ ਕਤਲ ਦੀ ਸਮੁੱਚੀ ਵਿਉਂਤਬੰਦੀ ਦਾ ਜ਼ਿਕਰ ਕੀਤਾ ਗਿਆ ਹੈ। ਇਸ ਮੁਹਿੰਮ ਦੀ ਅਹਿਮੀਅਤ ਅਤੇ ਔਖ ਬਾਬਤ ਨਿਕੋਲਸ ਦੇ ਸਵਾਲ ਦੇ ਜਵਾਬ ਵਿਚ ਅਮਰੀਕੀ ਖ਼ੁਫ਼ੀਆ ਏਜੰਸੀ ਦੇ ਅਫ਼ਸਰ ਨੇ ਕਿਹਾ ਹੈ ਕਿ ਪਿਛਲੇ ਸਾਲਾਂ ਦੌਰਾਨ ਅਜਿਹੀਆਂ ਦੋ ਹਜ਼ਾਰ ਤੋਂ ਵੱਧ ਕਾਮਯਾਬ ਕਾਰਵਾਈਆਂ ਕੀਤੀਆਂ ਗਈਆਂ ਹਨ। ਉਸ ਰਾਤ ਵੀ ਅਜਿਹੀਆਂ ਤਕਰੀਬਨ ਦਰਜਨ ਕਾਰਵਾਈਆਂ ਕੀਤੀਆਂ ਗਈਆਂ ਜਿਨ੍ਹਾਂ ਵਿਚ ਵੀਹ ਨਿਸ਼ਾਨੇ ਫੁੰਡੇ ਗਏ।




*ਖੰਡਰਾਂ ਵਿਚ ਭਵਿੱਖ ਵੱਲ ਪਿੱਠ ਕਰਕੇ ਬੈਠਾ ਲਿਬੀਆ।*

ਗੱਦਾਫ਼ੀ ਦੀ ਜ਼ਿੰਦਗੀ ਦੇ ਆਖ਼ਰੀ ਛਿਣਾਂ ਦੀ ਟੈਲੀਵਿਜ਼ਨ ਉੱਤੇ ਨੁਮਾਇਸ਼ ਕਿਸੇ ਵੀ ਮੀਡੀਆ, ਜਮਹੂਰੀ ਅਤੇ ਮਨੁੱਖੀ ਸਿਧਾਂਤ ਤੋਂ ਸੱਖਣੀ ਹੈ। ਇਹ ਨੁਮਾਇਸ਼ ਯੂਰਪ ਅਤੇ ਅਮਰੀਕਾ ਵਿਚ ਕੁਝ ਚਰਚਾ ਦਾ ਵਿਸ਼ਾ ਬਣੀ ਹੈ ਪਰ ਭਾਰਤ ਵਿਚ ਸਹਿਜ ਬਣਾ ਦਿੱਤੀ ਗਈ ਹੈ। ਭਾਰਤ ਦੇ ਟੈਲੀਵਿਜ਼ਨ ਪੱਤਰਕਾਰ ਪੱਬਾਂ ਭਾਰ ਹੋ ਕੇ ਲਿਬੀਆ ਵਿਚ ਗੱਦਾਫ਼ੀ ਦੀ ਤਾਨਾਸ਼ਾਹੀ ਖ਼ਿਲਾਫ਼ ਜਿੱਤ ਹਾਸਲ ਕਰਨ ਤੋਂ ਬਾਅਦ ਉਸ ਨੂੰ ਕੋਹ ਕੇ ਮਾਰਨ ਵਾਲੇ ਲੜਾਕਿਆਂ ਦੇ ਜਸ਼ਨ ਵਿਚ ਸ਼ਰੀਕ ਹੋਏ। ਇਹ ਫਿਕਰਾ ਵਾਰ-ਵਾਰ ਦੁਹਰਾਇਆ ਜਾ ਰਿਹਾ ਸੀ, "ਕਿਸੀ ਨੇ ਸੋਚਾ ਭੀ ਨਾ ਥਾ ਕਿ ਇਤਨੀ ਤਾਕਤ ਰਖਨੇ ਵਾਲੇ ਕਾ ਅੰਤ...।" ਇਹੋ ਫਿਕਰਾ ਕ੍ਰਿਕਟ ਦੇ ਵਿਸ਼ਵ ਕੱਪ ਵਿਚ ਪਹਿਲਾਂ ਆਸਟਰੇਲੀਆ, ਫਿਰ ਪਾਕਿਸਤਾਨ ਅਤੇ ਅੰਤ ਵਿਚ ਸ੍ਰੀਲੰਕਾ ਦੀ ਟੀਮਾਂ ਨੂੰ ਹਰਾਉਣ ਤੋਂ ਬਾਅਦ ਬੋਲਿਆ ਜਾਂਦਾ ਸੀ। ਟੈਲੀਵਿਜ਼ਨ ਨੇ ਖੇਡ ਅਤੇ ਮੌਤ ਦੇ ਜਸ਼ਨ ਨੂੰ ਇਕ-ਮਿੱਕ ਕਰ ਦਿੱਤਾ। ਮੌਤ ਨੂੰ ਖੇਡ ਬਣਾ ਦਿੱਤਾ। ਇਹ ਸਵਾਲ ਕਰਨਾ ਬਣਦਾ ਹੈ ਕਿ ਭਾਰਤ ਵਰਗੇ ਮੁਲਕਾਂ ਵਿਚ ਗੱਦਾਫ਼ੀ ਦੀ ਮੌਤ ਦਾ ਜਸ਼ਨ ਕਿਉਂ ਮਨਾਇਆ ਜਾ ਰਿਹਾ ਹੈ? ਸਾਡਾ ਲਿਬੀਆ ਅਤੇ ਗੱਦਾਫ਼ੀ ਨਾਲ ਕਿਵੇਂ ਦਾ ਰਿਸ਼ਤਾ ਰਿਹਾ ਹੈ?

ਅਮਰੀਕਾ ਵਿਚ ਟੈਲੀਵਿਜ਼ਨ ਉੱਤੇ ਸਤੰਬਰ 2001 ਦੇ ਹਮਲਿਆਂ ਵਿਚ ਮਰਨ ਵਾਲਿਆਂ ਦੀਆਂ ਉਸ ਵੇਲੇ ਦੀਆਂ ਤਸਵੀਰਾਂ ਨਹੀਂ ਦਿਖਾਈਆਂ ਜਾਂਦੀਆਂ। ਜਾਰਜ ਬੁੱਸ਼ ਨੇ ਇਰਾਕ ਵਿਚ ਮਰਨ ਵਾਲੇ ਫ਼ੌਜੀਆਂ ਦੀ ਟੈਲੀਵਿਜ਼ਨ ਉੱਤੇ ਪੇਸ਼ਕਾਰੀ ਦੀ ਪਾਬੰਦੀ ਲਗਾਈ ਸੀ। ਭਾਰਤ ਵਿਚ ਭਾਜਪਾ ਦੇ ਬੁਲਾਰੇ ਕਹਿੰਦੇ ਹਨ ਕਿ ਭਾਰਤੀਆਂ ਨੂੰ ਅਮਰੀਕਾ ਤੋਂ ਸਬਕ ਸਿੱਖਣਾ ਚਾਹੀਦਾ ਹੈ। ਇਸ ਮੁਲਕ ਵਿਚ ਗੁਜਰਾਤ ਦੀਆਂ ਤਸਵੀਰਾਂ ਵਾਰ-ਵਾਰ ਕਿਉਂ ਦਿਖਾਈਆਂ ਜਾਂਦੀਆਂ ਹਨ? ਇਹ ਸਵਾਲ ਸੰਘ-ਪਰਿਵਾਰ ਹਰ ਮੌਕੇ ਇਨ੍ਹਾਂ ਹਵਾਲਿਆਂ ਨਾਲ ਪੁੱਛਦਾ ਆਇਆ ਹੈ। ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਕਾਰਗਿਲ ਜੰਗ ਦੌਰਾਨ ਮਾਰੇ ਗਏ ਫ਼ੌਜੀਆਂ ਦੇ ਸਸਕਾਰ ਟੈਲੀਵਿਜ਼ਨ ਰਾਹੀਂ ਨਸ਼ਰ ਕਰਕੇ ਜੰਗੀ ਮਾਹੌਲ ਪੈਦਾ ਕੀਤਾ ਸੀ ਅਤੇ ਇਨ੍ਹਾਂ ਪ੍ਰੋਗਰਾਮਾਂ ਦੀ ਇਸ਼ਤਿਹਾਰਾਂ ਰਾਹੀਂ ਸਰਪ੍ਰਸਤੀ ਭਾਰਤ ਵਿਚ ਆਈਆਂ ਨਵੀਆਂ ਕੰਪਨੀਆਂ ਨੇ ਕੀਤੀ ਸੀ। ਹਰ ਨਵੀਂ ਖਰੀਦ ਦਾ ਹਿੱਸਾ ਫ਼ੌਜੀਆਂ ਦੀ ਭਲਾਈ ਲਈ ਦਿੱਤੇ ਜਾਣ ਦੇ ਵਾਅਦੇ ਕੀਤੇ ਗਏ ਸਨ। ਸਾਮਰਾਜ ਅਤੇ ਖੁੱਲ੍ਹੀ ਮੰਡੀ ਦਾ ਇਹੋ ਗੱਠਜੋੜ ਗੱਦਾਫ਼ੀ ਦੀ ਮੌਤ ਦਾ ਜਸ਼ਨ ਮਨਾ ਰਿਹਾ ਹੈ, ਇਹ ਜਸ਼ਨ ਖੁੱਲ੍ਹੀ ਮੰਡੀ ਲਈ ਮੌਕਿਆਂ ਦਾ ਨਵਾਂ ਖਿੱਤਾ ਖੋਲ੍ਹ ਰਿਹਾ ਹੈ ਅਤੇ ਪੁਰਾਣੇ ਨੂੰ ਮਜ਼ਬੂਤ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਨੀਤੀ ਅਤੇ ਖੁੱਲ੍ਹੀ ਮੰਡੀ ਦੇ ਗੱਠਜੋੜ ਦਾ ਗੱਦਾਫ਼ੀ ਦੇ ਹਵਾਲੇ ਨਾਲ ਜ਼ਾਹਰਾ ਰੂਪ ਸਾਬਕਾ ਅਮਰੀਕੀ ਵਿਦੇਸ਼ ਮੰਤਰੀ ਕੋਂਡੋਲੀਜ਼ਾ ਰਾਈਸ ਦੀ ਨਵੀਂ ਕਿਤਾਬ ਵਜੋਂ ਸਾਹਮਣੇ ਆਇਆ ਹੈ। ਰਾਇਸ ਨੇ 'ਨੋ ਹਾਈਅਰ ਔਨਰ: ਏ ਮੈਮਾਇਰ ਆਫ਼ ਮਾਈ ਈਅਰਜ਼ ਇਨ ਵਾਸ਼ਿੰਗਟਨ' ਨਾਂ ਦੀ ਕਿਤਾਬ ਵਿਚ ਆਪਣੇ ਤਜਰਬੇ ਸਾਂਝੇ ਕੀਤੇ ਹਨ। ਗੱਦਾਫ਼ੀ ਦੀ ਕੋਂਡੋਲੀਜ਼ਾ ਰਾਈਸ ਪ੍ਰਤੀ ਖਿੱਚ ਜੱਗਜ਼ਾਹਿਰ ਸੀ ਜਿਸ ਦਾ ਜ਼ਿਕਰ ਇਸ ਕਿਤਾਬ ਵਿਚ ਵੀ ਹੋਇਆ ਹੈ। ਗੱਦਾਫ਼ੀ ਦੀ ਮੌਤ ਇਸ ਕਿਤਾਬ ਦੀ ਮਸ਼ਹੂਰੀ ਲਈ ਸਬੱਬ ਬਣ ਗਈ ਹੈ। ਇਹ ਕਿਤਾਬ ਪਹਿਲੀ ਨਬੰਵਰ ਨੂੰ ਦੁਕਾਨਾਂ ਉੱਤੇ ਆ ਜਾਵੇਗੀ। ਖੁੱਲ੍ਹੀ ਮੰਡੀ ਦੀ ਮੌਕਾਪ੍ਰਸਤੀ ਦੀ ਇਸ ਮਿਸਾਲ ਨੂੰ ਪਿਛਲੇ ਦਿਨੀਂ ਚੱਲੇ ਸ਼ੋਏਬ-ਸਚਿਨ ਵਿਵਾਦ ਨਾਲ ਜੋੜ ਕੇ ਵੀ ਦੇਖਿਆ ਜਾ ਸਕਦਾ ਹੈ।

ਵਿਜੇ ਪ੍ਰਸਾਦ ਨੇ ਗੱਦਾਫ਼ੀ ਦੇ ਕਤਲ ਦੀ ਆਲਮੀ ਮਾਹੌਲ ਦੇ ਹਵਾਲੇ ਨਾਲ ਇਤਿਹਾਸਮੁਖੀ ਵਿਆਖਿਆ ਕੀਤੀ ਹੈ, "ਮੌਜੂਦਾ ਜਸ਼ਨ ਦੇ ਮੱਠਾ ਪੈਣ ਤੋਂ ਬਾਅਦ ਇਹ ਸਮਝ ਲੈਣਾ ਲਾਜ਼ਮੀ ਹੋਵੇਗਾ ਕਿ ਸਾਡਾ ਵਾਹ ਦੋ ਗੱਦਾਫ਼ੀਆਂ ਨਾਲ ਪਿਆ ਹੈ। ਪਹਿਲਾ ਗੱਦਾਫ਼ੀ 1969 ਤੋਂ 1988 ਵਾਲਾ ਹੈ ਜਿਸ ਦੀ ਜਮਹੂਰੀਅਤ ਤੋਂ ਅਣਭਿੱਜ ਮੁਲਕਪ੍ਰਸਤੀ ਸਾਮਰਾਜ ਵਿਰੋਧੀ ਸੀ। ਦੂਜਾ ਗੱਦਾਫ਼ੀ 1988 ਤੋਂ 2011 ਵਾਲਾ ਹੈ ਜੋ ਨਵੀਆਂ ਉਦਾਰੀਕਰਨ ਅਤੇ ਨਿੱਜੀਕਰਨ ਵਾਲੀਆਂ ਨੀਤੀਆਂ ਨੂੰ ਲਾਗੂ ਕਰਦਾ ਹੋਇਆ ਸਾਮਰਾਜਵਾਦ ਦਾ ਹਮਾਇਤੀ (ਖਾਸ ਕਰ ਅਤਿਵਾਦ ਖ਼ਿਲਾਫ਼ ਜੰਗ) ਹੈ। ਨਾਟੋ ਨੇ ਪਹਿਲੇ ਗੱਦਾਫ਼ੀ ਦਾ ਕਤਲ ਕੀਤਾ ਹੈ। ਕੀ ਲਿਬੀਆ ਦੇ ਲੋਕ ਦੂਜੇ ਗੱਦਾਫ਼ੀ ਨੂੰ ਖ਼ਤਮ ਕਰ ਸਕਣਗੇ।" ਵਿਜੇ ਪ੍ਰਸਾਦ ਦੀ ਇਸ ਦਲੀਲ ਦਾ ਪਸਾਰਾ ਮੌਜੂਦਾ 'ਅਤਿਵਾਦ ਖ਼ਿਲਾਫ਼ ਜੰਗ' ਦੀਆਂ ਗੁੱਝੀਆਂ ਪਰਤਾਂ ਖੋਲ੍ਹਦਾ ਹੈ। ਇਸ ਦੌਰ ਵਿਚ ਅਮਰੀਕਾ ਨੇ ਆਪਣੇ ਪੁਰਾਣੇ ਮੁਜਾਹਿਦੀਨ ਸਾਥੀਆਂ ਦਾ ਖੁੱਲ੍ਹ ਕੇ ਸ਼ਿਕਾਰ ਖੇਡਿਆ ਹੈ। ਸਮੁੱਚੇ ਆਲਮੀ ਮਾਹੌਲ ਨੂੰ ਉਸ ਨੇ ਅਫ਼ਗ਼ਾਨਿਸਤਾਨ ਅਤੇ ਇਰਾਕ ਦੀਆਂ ਨਾ-ਕਾਮਯਾਬੀਆਂ ਤੋਂ ਬਾਅਦ ਅਫ਼ਰੀਕਾ ਵੱਲ ਮੋੜਾ ਦੇਣ ਵਿਚ ਕਾਮਯਾਬੀ ਹਾਸਿਲ ਕੀਤੀ ਹੈ। ਅਤਿਵਾਦ ਖ਼ਿਲਾਫ਼ ਉਸਾਰੀ ਧੜੇਬੰਦੀ ਲਿਬੀਆ ਵਿਚ ਨਵੀਆਂ ਜੁਗਤਾਂ ਨਾਲ ਕੰਮ ਆਈ ਹੈ। ਇਨ੍ਹਾਂ ਜੁਗਤਾਂ ਰਾਹੀਂ ਹਾਸਿਲ ਸਾਮਰਾਜੀ ਕਾਮਯਾਬੀਆਂ ਦਾ ਜ਼ਿਕਰ 'ਇੰਡੀਪੈਂਡੈਂਟ' ਅਖ਼ਬਾਰ ਦੀ ਕਾਲਮਨਵੀਸ ਮੇਰੀ ਡੇਜੇਵਸਕੀ ਨੇ ਕੀਤਾ ਹੈ, "ਡੈਵਿਡ ਕੈਮਰੌਨ ਅਤੇ ਨਿਕੋਲਸ ਸਰਕੋਜ਼ੀ ਆਪਣੀ-ਆਪਣੀ ਅਤੇ ਇਕ-ਦੂਜੇ ਦੀ ਫ਼ੌਜ ਨੂੰ ਵਧਾਈ ਦਿੰਦੇ ਹੋਏ ਇਹ ਦਲੀਲ ਅੱਗੇ ਵਧਾ ਰਹੇ ਹਨ ਕਿ ਪੱਛਮੀ ਮੁਲਕਾਂ ਦੀ ਦਖ਼ਲਅੰਦਾਜ਼ੀ ਸੰਭਵ ਹੀ ਨਹੀਂ ਸਗੋਂ ਲੋੜੀਂਦੀ ਵੀ ਹੈ। ਇਹ ਕਿਹਾ ਜਾਵੇਗਾ ਕਿ ਇਰਾਕ ਦੀ ਨਮੋਸ਼ੀ ਲਿਬੀਆ ਵਿਚ ਖ਼ਤਮ ਹੋ ਗਈ ਹੈ।...ਬੁਨਿਆਦੀ ਤੌਰ ਉੱਤੇ ਇੰਗਲੈਂਡ ਅਤੇ ਫਰਾਂਸ ਵੱਲੋਂ ਸ਼ੁਰੂ ਕੀਤੀ ਗਈ ਇਹ ਮੁਹਿੰਮ ਤੈਅ ਟੀਚੇ ਹਾਸਲ ਕਰਨ ਵਿਚ ਕਾਮਯਾਬ ਹੋਈ ਹੈ ਪਰ ਇਹ ਇਨ੍ਹਾਂ ਦੋਵਾਂ ਮੁਲਕਾਂ ਸਮੇਤ ਅਮਰੀਕਾ ਦੇ ਚਿਰਕਾਲੀ ਕੌਮੀ ਹਿੱਤਾਂ ਲਈ ਸਿਆਣੀ ਗੱਲ ਨਹੀਂ ਹੈ। ਇਹ ਨੈਤਿਕ ਪੱਖੋਂ ਗ਼ਲਤ ਹੈ।" ਇਸ ਲੇਖ ਦਾ ਅਗਲਾ ਹਿੱਸਾ ਵਧੇਰੇ ਧਿਆਨ ਦੀ ਮੰਗ ਕਰਦਾ ਹੈ, "ਇਰਾਕ ਤੋਂ ਸਿੱਖੇ ਸਬਕਾਂ ਦੀ ਨੁਮਾਇਸ਼ ਇਹ ਮੁਹਿੰਮ ਵਿਚ ਹੋਈ ਹੈ। ਲਿਬੀਆ ਦੀ ਧਰਤੀ ਉੱਤੇ ਫ਼ੌਜੀ ਉਤਾਰਨ ਦਾ ਕੋਈ ਉਪਰਾਲਾ ਨਹੀਂ ਹੋਇਆ। ਵਿਸ਼ੇਸ਼ ਦਸਤਿਆਂ ਦੀ ਦਖ਼ਲਅੰਦਾਜ਼ੀ ਵੀ ਮੁਨਕਰ ਹੋਣ ਦੀ ਹੱਦ ਤੱਕ ਸੀਮਤ ਰਹੀ। ਬਾਕੀ ਸਾਰੀ ਕਾਰਵਾਈ ਹਵਾਈ ਫ਼ੌਜ ਦੇ ਹੱਥ ਰਹੀ। ਖ਼ਬਰਾਂ ਮੁਤਾਬਕ ਇੰਗਲੈਂਡ, ਫਰਾਂਸ ਜਾਂ ਅਮਰੀਕਾ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਨਿਸ਼ਾਨੇ ਫੁੰਡਣ ਵਿਚ ਜ਼ਿਆਦਾ ਗ਼ਲਤੀਆਂ ਨਹੀਂ ਹੋਈਆਂ ਅਤੇ ਬੇਕਸੂਰ ਸ਼ਹਿਰੀਆਂ ਦਾ ਜਾਨੀ ਨੁਕਸਾਨ ਘੱਟ ਹੋਇਆ। ਬਾਗ਼ੀਆਂ ਦੇ ਕਬਜ਼ੇ ਵਿਚ ਆਏ ਸ਼ਹਿਰਾਂ ਵਿਚ ਅਮਨ-ਕਾਨੂੰਨ ਅਤੇ ਬੁਨਿਆਦੀ ਸਹੂਲਤਾਂ ਬਹਾਲ ਕਰਨ ਲਈ ਹੰਗਾਮੀ ਬੰਦੋਬਸਤ ਸਮੇਂ ਸਿਰ ਹੋਏ। ਤ੍ਰਿਪੋਲੀ ਉੱਤੇ ਕਬਜ਼ੇ ਤੱਕ ਆਰਜ਼ੀ ਸਰਕਾਰ ਤਿਆਰ ਹੋ ਚੁੱਕੀ ਸੀ। ਇੱਥੇ ਇਰਾਕ ਵਾਂਗ ਖਲਾਅ ਪੈਦਾ ਨਹੀਂ ਹੋਇਆ।"

ਇਰਾਨ ਦੇ ਜੰਗੀ ਸਬਕਾਂ ਨੂੰ ਲਿਬੀਆ ਵਿਚ ਲਾਗੂ ਕਰਕੇ ਨਾਟੋ ਨੇ ਇਹ ਧਾਰਨਾ ਪੇਸ਼ ਕੀਤੀ ਹੈ ਕਿ ਦੂਜੇ ਮੁਲਕਾਂ ਵਿਚ ਫ਼ੌਜੀ ਕਬਜ਼ੇ ਦੀ ਲੋੜ ਨਹੀਂ। ਲਿਬੀਆ ਵਿਚ ਇਰਾਕ ਵਾਂਗ ਵਿਦੇਸ਼ੀ ਫ਼ੌਜ ਨਹੀਂ ਹੈ। ਬਾਗ਼ੀਆਂ ਦੀ ਭਰਤੀ, ਸਿਖਲਾਈ ਅਤੇ ਅਸਲੇ ਦੀ ਪੂਰਤੀ ਵਿਚ ਨਾਟੋ ਦੇ ਹੱਥ ਤੋਂ ਕੌਣ ਨਿਕਾਰ ਹੋ ਸਕਦਾ ਹੈ? ਨਾਟੋ ਮੁਲਕਾਂ ਨੇ ਜ਼ਾਹਰਾ ਹਾਜ਼ਰੀ ਤੋਂ ਬਚ ਲਕੇ ਆਪਣੇ ਮੁਲਕਾਂ ਦੇ ਸ਼ਹਿਰੀਆਂ ਨੂੰ ਜਤਾ ਦਿੱਤਾ ਹੈ ਕਿ ਜੇ ਜਾਨੀ ਨੁਕਸਾਨ ਨਾ ਹੋਵੇ ਤਾਂ ਦੂਜੇ ਮੁਲਕਾਂ ਦੀਆਂ ਤਾਨਾਸ਼ਾਹੀਆਂ, ਗ਼ੈਰ-ਜਮਹੂਰੀ ਸਰਕਾਰਾਂ ਅਤੇ ਨਾਪਸੰਦ ਨਿਜ਼ਾਮਾਂ ਨੂੰ ਪਲਟਾਉਣ ਵਿਚ 'ਮਨੁੱਖੀ ਦਖ਼ਲਅੰਦਾਜ਼ੀ' ਜ਼ਰੂਰੀ ਹੈ। ਇਸ ਤੋਂ ਤੈਅ ਹੋ ਗਿਆ ਹੈ ਕਿ ਹੁਣ ਸਾਮਰਾਜੀ ਜੰਗੀ ਮੁਹਿੰਮਾਂ ਜ਼ਿਆਦਾ ਬੇਕਿਰਕੀ ਨਾਲ ਦੂਰੋਂ ਚਲਾਈਆਂ ਜਾਣਗੀਆਂ ਅਤੇ ਇਨ੍ਹਾਂ ਦਾ ਸਿੱਧਾ ਪ੍ਰਸਾਰਨ ਵ੍ਹਾਇਟ ਹਾਊਸ ਵਿਚ ਦੇਖਿਆ ਜਾ ਸਕੇਗਾ। ਇਸ ਦਾ ਚੋਣਵਾਂ ਹਿੱਸਾ ਹਰ ਘਰ ਪਹੁੰਚਦਾ ਕੀਤਾ ਜਾ ਸਕੇਗਾ। ਇਹ ਮੌਜੂਦਾ ਦੌਰ ਵਿਚ ਗ਼ੁਲਾਮੀ ਦੀ ਧਾਰਨਾ ਦਾ ਕਰੂਰ ਪ੍ਰਗਟਾਵਾ ਹੈ। ਜੰਗੀ ਮੁਹਿੰਮਾਂ ਵਿਚ ਮਰਨ ਵਾਲੇ ਨਾਟੋ ਮੁਲਕਾਂ ਦੇ ਸ਼ਹਿਰੀਆਂ ਦੇ ਮੁਕਾਬਲੇ ਦੋਇਮ ਦਰਜ਼ੇ ਦੇ 'ਇਨਸਾਨ' ਹਨ। ਉਨ੍ਹਾਂ ਨੂੰ ਭਾੜੇ ਦੇ ਕਾਤਲ ਸੀਲ ਖ਼ਪਤਕਾਰ ਬਣਾ ਸਕਦੇ ਹਨ ਜਿਨ੍ਹਾਂ ਦੀ ਸਰਪ੍ਰਸਤੀ ਹਵਾਈ ਜਹਾਜ਼, ਡਰੋਨ ਅਤੇ ਮਿਜ਼ਾਇਲਾਂ ਕਰ ਸਕਦੀਆਂ ਹਨ।

ਇਸ ਮਾਹੌਲ ਵਿਚ ਨਾਟੋ ਮੁਲਕਾਂ ਨਾਲ ਇਸਰਾਈਲੀ ਭਾਈਵਾਲੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਦੋਂ ਇਸਰਾਈਲ ਨੇ ਲਿਬਨਾਨ ਉੱਤੇ ਹਮਲਾ ਕੀਤਾ ਤਾਂ ਕੋਂਡੋਲੀਜ਼ਾ ਰਾਈਸ ਨੇ ਇਸ ਨੂੰ 'ਨਵੇਂ ਮੱਧ-ਪੂਰਬ ਦੀ ਜਨਮ ਪੀੜਾ' ਕਰਾਰ ਦਿੱਤਾ ਸੀ। ਪੂਰੀ ਦੁਨੀਆਂ ਦਾ ਤਿੰਨ ਚੌਥਾਈ ਹਿੱਸਾ ਫਲਸਤੀਨ ਉੱਤੇ ਇਸਰਾਈਲੀ ਕਬਜ਼ੇ ਦੇ ਖ਼ਿਲਾਫ਼ ਹੈ ਪਰ ਅਮਰੀਕਾ ਦੀ ਹਮਾਇਤ ਨਾਲ ਸਾਰੇ ਕੌਮਾਂਤਰੀ ਅਦਾਰੇ ਇਸ ਮਾਮਲੇ ਵਿਚ ਨਿਕੰਮੇ ਸਾਬਤ ਹੋਏ ਹਨ। ਵਿਜੇ ਪ੍ਰਸਾਦ ਦੀ ਦਲੀਲ ਦਾ ਦੂਜਾ ਪਾਸਾ ਇਹ ਹੈ ਕਿ ਨਾਟੋ ਨੇ ਲਿਬੀਆ ਵਿਚ ਇਸਰਾਈਲ ਵਿਰੋਧੀ ਅਤੇ ਗੁੱਟ-ਨਿਰਲੇਪ ਲਹਿਰ ਦੇ ਅਹਿਮ ਆਗੂ ਨੂੰ ਮਰਵਾਇਆ ਹੈ। ਇਸ ਨਾਲ ਅਮਰੀਕੀ-ਇਸਰਾਈਲੀ ਸਰਦਾਰੀ ਮਜ਼ਬੂਤ ਹੋਈ ਹੈ। ਜੇ ਯੂਰਪੀ ਮੁਲਕਾਂ ਨੇ ਇਰਾਕ



***ਨਾਟੋ ਦੇ ਜੰਗੀ ਪ੍ਰਚਾਰ ਦੀ ਮੂੰਹ ਬੋਲਦੀ ਤਸਵੀਰ ਜੋ 'ਗਾਰਡੀਅਨ' ਅਖਬਾਰ ਵਿਚ ਛਾਪੀ ਗਈ ਹੈ। ਇਸ ਤਸਵੀਰ ਵਿਚ ਵਰ੍ਹਦੀਆਂ ਗੋਲੀਆਂ 'ਚ ਗਿਟਾਰ ਵਜਾ ਰਹੇ ਬੰਦੇ ਦੀ ਤਸਵੀਰ ਜੋੜ ਕੇ ਇਹ ਆਖਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਲੋਕ ਜੰਗ ਦੇ ਜਸ਼ਨ ਮਨਾ ਰਹੇ ਹਨ!***

ਤੋਂ ਸਿੱਖੇ ਸਬਕ ਲਿਬੀਆ ਵਿਚ ਲਾਗੂ ਕੀਤੇ ਹਨ ਤਾਂ ਅਮਰੀਕਾ ਨੇ ਵੀ ਇਨ੍ਹਾਂ ਸਬਕਾਂ ਨੂੰ ਲਾਗੂ ਕਰਦੇ ਹੋਏ ਯੂਰਪੀਆਂ ਨੂੰ ਜੰਗੀ ਮੁਹਿੰਮਾਂ ਦੀ ਘੇਰਾਬੰਦੀ ਵਿਚ ਕਰ ਲਿਆ ਹੈ। ਇਰਾਕ ਅਤੇ ਅਫ਼ਗਾਨਿਸਤਾਨ ਵਿਚੋਂ ਹੱਥ ਪਿਛਾਂਹ ਖਿੱਚਣ ਵਾਲੇ ਮੁਲਕ ਲਿਬੀਆ ਵਿਚ ਅਗਵਾਨ ਬਣ ਗਏ ਹਨ। ਮਨੁੱਖੀ ਹਕੂਕ ਦੀ ਅਲੰਬਰਦਾਰੀ ਕਰਨ ਵਾਲੇ ਮੁਲਕਾਂ ਨੂੰ ਗੱਦਾਫ਼ੀ ਦੀ ਮੌਤ ਅਤੇ ਉਸ ਦੀ ਲਾਸ਼ ਦੀ ਨੁਮਾਇਸ਼ ਵਿਚ ਕੌਮਾਂਤਰੀ ਕਾਨੂੰਨਾਂ ਦਾ ਉਲੰਘਣ ਨਜ਼ਰ ਨਹੀਂ ਆਉਂਦਾ। ਕਤਲਾਂ ਦੀ ਅਮਰੀਕੀ-ਇਸਰਾਈਲੀ ਵਿਰਾਸਤ ਹੁਣ ਕੌਮਾਂਤਰੀ ਸਿਆਸਤ ਦਾ ਮੂੰਹਜ਼ੋਰ ਰੁਝਾਨ ਬਣ ਗਈ ਹੈ। ਇਸਰਾਈਲ ਦੀ ਸਰਵਉੱਚ ਅਦਾਲਤ ਨੇ 2006 ਦੇ ਇਕ ਫ਼ੈਸਲੇ ਵਿਚ ਲਿਖਿਆ ਹੈ, "ਅਸੀਂ ਇਹ ਪਹਿਲਾਂ ਤੈਅ ਨਹੀਂ ਕਰ ਸਕੇ ਕਿ ਸਾਰੇ ਕਤਲ (ਟਾਰਗੈੱਟ ਕਿਲਿੰਗ) ਕੌਮਾਂਤਰੀ ਕਾਨੂੰਨ ਦਾ ਉਲੰਘਣ ਹਨ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਸਾਰੇ ਕਤਲ ਕੌਮਾਂਤਰੀ ਕਾਨੂੰਨ ਦੇ ਘੇਰੇ ਵਿਚ ਆਉਂਦੇ ਹਨ।" ਇਸ ਫ਼ੈਸਲੇ ਨਾਲ ਇਸਰਾਈਲੀ ਅਦਾਲਤ ਨੇ ਕਤਲ ਨੂੰ ਕਾਨੂੰਨ ਦੇ ਘੇਰੇ ਵਿਚ ਰੱਖ ਲਿਆ ਅਤੇ ਦੂਜੀ ਧਿਰ ਦੀਆਂ ਅਜਿਹੀਆਂ ਕਾਰਵਾਈਆਂ ਦੀ ਮਨਮਰਜ਼ੀ ਦੀ ਗੁੰਜਾਇਸ਼ ਵੀ ਕਾਇਮ ਰੱਖ ਲਈ। ਗੱਦਾਫ਼ੀ ਦਾ ਕਤਲ ਇਸੇ ਰੁਝਾਨ ਦੀ ਕੜੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਗਟਨ ਆਪਣੇ ਮੁਲਕ ਦੇ ਮੁਲਾਜ਼ਮ ਵੱਲੋਂ ਪਾਕਿਸਤਾਨ ਵਿਚ ਸ਼ਰ੍ਹੇਆਮ ਕਤਲ ਕਰਨ ਲਈ ਕੌਮਾਂਤਰੀ ਕਾਨੂੰਨ ਦਾ ਹਵਾਲਾ ਦਿੰਦੀ ਹੈ ਪਰ ਗੱਦਾਫ਼ੀ ਦੇ ਕਤਲ ਉੱਤੇ ਖ਼ੁਸ਼ੀ ਦਾ ਇਜ਼ਹਾਰ ਕਰਦੀ ਹੈ।

ਭਾਰਤ ਵਰਗੇ ਮੁਲਕਾਂ ਦਾ ਨਾਟੋ ਦੀਆਂ ਜੰਗੀ ਮੁਹਿੰਮਾਂ ਦੀ ਹਮਾਇਤ ਕਰਨਾ ਵਕਤੀ ਤੌਰ ਉੱਤੇ ਵਿਕਾਸ ਦਰ ਦੇ ਉਛਾਲ ਦਾ ਸਬੱਬ ਬਣ ਸਕਦਾ ਹੈ ਪਰ ਇਸ ਦੇ ਚਿਰਕਾਲੀ ਨਤੀਜੇ ਘਾਤਕ ਹੋ ਸਕਦੇ ਹਨ। ਹੁਣ ਸਾਮਰਾਜ ਜ਼ਮੀਨੀ ਲੜਾਈਆਂ ਦੀ ਥਾਂ ਘਰੇਲੂ ਨੀਤੀਆਂ ਵਿਚ ਲੋੜੀਂਦੀਆਂ ਤਬਦੀਲੀਆਂ ਰਾਹੀਂ ਪਸਾਰਾ ਕਰ ਰਿਹਾ ਹੈ। ਨਤੀਜੇ ਵਜੋਂ ਨਵੀਂ ਆਲਮੀ ਪਾਲਾਬੰਦੀ ਵਿਚ ਰਵਾਇਤੀ ਦੋਸਤ ਆਪਣੇ ਪਾਲੇ ਬਦਲ ਰਹੇ ਹਨ। ਕਦੇ ਭਾਰਤ ਦੇ ਅਫ਼ਗਾਨਿਸਤਾਨ, ਇਰਾਕ, ਇਰਾਨ ਅਤੇ ਲਿਬੀਆ ਨਾਲ ਕਰੀਬੀ ਰਿਸ਼ਤੇ ਰਹੇ ਹਨ। ਲਿਬੀਆ ਵਿਚ ਭਾਰਤੀ ਪਰਵਾਸੀਆਂ ਦੀ ਵੱਡੀ ਗਿਣਤੀ ਹੋਣ ਕਾਰਨ ਉੱਥੇ ਸੈਂਟਰਲ ਬੋਰਡ ਆਫ਼ ਸਕੂਲ ਐਜੂਕੇਸ਼ਨ (ਸੀ.ਬੀ.ਐਸ.ਈ.) ਦੀ ਮਾਨਤਾ ਵਾਲੇ ਸਕੂਲ ਤੱਕ ਬਣਾਏ ਗਏ ਸਨ। ਭਾਰਤ ਦੀਆਂ ਮੌਜੂਦਾ ਨੀਤੀਆਂ ਸਾਮਰਾਜ ਦੇ ਮੌਕਾਪ੍ਰਸਤ ਖ਼ਾਸੇ ਨਾਲ ਮੇਲ ਖਾਂਦੀਆਂ ਹਨ। ਇਸੇ ਮੌਕਾਪ੍ਰਸਤੀ ਦੇ ਨਤੀਜੇ ਵਜੋਂ ਅਸੀਂ ਗੱਦਾਫ਼ੀ ਦੇ ਕਾਤਲਾਂ ਵਿਚ ਸ਼ੁਮਾਰ ਹਾਂ। ਸਵਾਲ ਕੀਤਾ ਜਾਂਦਾ ਹੈ ਕਿ ਗੱਦਾਫ਼ੀ ਦੀ ਤਾਨਾਸ਼ਾਹੀ ਦੌਰਾਨ ਹੋਏ ਜਬਰ-ਜ਼ੁਲਮ ਦਾ ਅਜਿਹਾ ਅੰਤ ਜਾਇਜ਼ ਕਿਉਂ ਨਹੀਂ ਹੈ? ਇਹ ਸਵਾਲ ਦਾ ਜਵਾਬ ਇਨ੍ਹਾਂ ਦੋਵਾਂ ਧਿਰਾਂ ਵਿਚ ਭੁਗਤਣ ਤੱਕ ਮਹਿਦੂਦ ਕਿਉਂ ਹੈ? ਦਰਅਸਲ ਸਵਾਲ ਇਹ ਪੁੱਛਣਾ ਬਣਦਾ ਹੈ ਕਿ ਦੁਨੀਆਂ ਭਾੜੇ ਦੇ ਕਾਤਲਾਂ ਅਤੇ ਤਾਨਾਸ਼ਾਹੀਆਂ ਵਿਚ ਵੰਡੀ ਹੋਈ ਨਹੀਂ ਹੈ। ਤਾਨਾਸ਼ਾਹੀਆਂ ਦੀ ਥਾਂ ਉਸਾਰੀ ਖੁੱਲ੍ਹੀ ਮੰਡੀ ਅਵਾਮ ਨੂੰ ਸੀਲ ਸ਼ਹਿਰੀ ਤੋਂ ਸੀਲ ਖ਼ਪਤਕਾਰ ਹੋਣ ਦੇ ਰਾਹ ਪਾਉਣ ਤੋਂ ਵਧੇਰੇ ਕੀ ਕਰ ਰਹੀ ਹੈ?

# ਪੀੜ੍ਹੀ ਉਤੇ ਬਹਿ ਕੇ ਸੁਣੀਂ ਗੱਲ ਬਾਬਲਾ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਤਿੰਨ ਕੁ ਸਾਲ ਪਹਿਲਾਂ ਮੈਨੂੰ ਕੈਲੀਫੋਰਨੀਆ ਦੇ ਬੇਏਰੀਏ ਤੋਂ ਛਪਦੇ ਇਕ ਪੰਦਰਾ ਰੋਜ਼ਾ ਪੰਜਾਬੀ ਅਖ਼ਬਾਰ ਦੀ ਵਰ੍ਹੇਗੰਢ ਉਤੇ ਕੁਝ ਮਿੰਟ ਬੋਲਣ ਦਾ ਸਮਾਂ ਮਿਲਿਆ। ਸਟੇਜ ਤੋਂ ਫਤਿਹ ਬੁਲਾਉਣ ਮਗਰੋਂ ਆਪਣੇ ਸਮੇਂ ਦੇ ਦਾਇਰੇ ਵਿਚ ਰਹਿੰਦਿਆਂ ਜਦੋਂ ਮੈਂ ਬੋਲ ਰਿਹਾ ਸੀ, ਤਾਂ ਮੇਰੀ ਨਜ਼ਰ ਬਾਈ ਤਰਲੋਚਨ ਸਿੰਘ ਦੁਪਾਲਪੁਰ 'ਤੇ ਪਈ। ਸਮੇਂ ਦੀ ਸਮਾਪਤੀ 'ਤੇ ਸੰਪਾਦਕ ਸਾਹਿਬ ਨੇ ਆਪਣੇ ਵੱਲੋਂ ਹੁਕਮ ਅਤੇ ਬੇਨਤੀ ਕਰਦਿਆਂ ਆਪਣਾ ਸਨਮਾਨ ਚਿੰਨ੍ਹ ਲੈ ਕੇ ਜਾਣ ਲਈ ਆਖਿਆ। ਮੈਨੂੰ ਸਨਮਾਨ ਚਿੰਨ੍ਹ ਨਾਲੋਂ ਬਾਈ ਜੀ ਨੂੰ ਮਿਲਣ ਦੀ ਜ਼ਿਆਦਾ ਤਾਂਘ ਹੋ ਰਹੀ ਸੀ। ਦਿਲ ਵਿਚ ਡਰ ਵੀ ਸੀ ਕਿ ਮੈਂ ਸਨਮਾਨ ਚਿੰਨ੍ਹ ਲੈਣ ਦੇ ਚੱਕਰਾਂ ਵਿਚ ਪੈ ਜਾਵਾਂ, ਤੇ ਬਾਈ ਜੀ ਕਿਤੇ ਤਿੱਤਰ ਉਡਾਰੀ ਨਾ ਮਾਰ ਜਾਣ, ਤੇ ਮੇਰੀ ਮਿਲਣ ਦੀ ਰੀਝ, ਰੀਝ ਹੀ ਬਣ ਕੇ ਰਹਿ ਜਾਵੇ।

ਸੰਪਾਦਕ ਸਾਹਿਬ ਤੋਂ ਆਗਿਆ ਲੈ ਕੇ ਮੈਂ ਸਿੱਧਾ ਬਾਈ ਜੀ ਦੀ ਕੁਰਸੀ ਵੱਲ ਅਹੁਲ ਪਿਆ। ਫਤਿਹ ਬੁਲਾਈ ਤੇ ਆਪਣੀ ਜਾਣ-ਪਛਾਣ ਕਰਵਾਈ। ਬਾਈ ਜੀ ਨੇ ਕੁਰਸੀ ਤੋਂ ਉਠ ਕੇ ਗਲਵੱਕੜੀ ਵਿਚ ਲੈ ਲਿਆ ਜਿਵੇਂ ਮਾਂ ਪਰਦੇਸੀ ਪੁੱਤ ਨੂੰ ਘੁੱਟ ਕੇ ਪਿਆਰ ਦਿੰਦੀ ਹੈ, ਇਸ ਤਰ੍ਹਾਂ ਬਾਈ ਜੀ ਨੇ ਮੈਨੂੰ ਪਿਆਰ ਦਿੱਤਾ। ਨਾਲ ਦੀ ਕੁਰਸੀ 'ਤੇ ਬੈਠਣ ਸਾਰ ਹੀ ਸਾਡੀਆਂ ਦਸਤਾਰਾਂ ਨੇ ਵੀ ਇਕ-ਦੂਜੀ ਦੇ ਗਲ ਲੱਗ ਕੇ ਪਿਆਰ ਦਾ ਨਿੱਘਾ ਸਬੂਤ ਦਿੱਤਾ।

ਬਾਈ ਜੀ ਨੇ ਸੋਹਣੀ ਬੰਨ੍ਹੀ ਦਸਤਾਰ ਦੀ ਤਾਰੀਫ਼ ਕੀਤੀ, ਤੇ ਮੈਂ ਉਨ੍ਹਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਅਗਲੇ ਹਫ਼ਤੇ 'ਪੰਜਾਬ ਟਾਈਮਜ਼' ਵਿਚ ਇਸ ਦਸਤਾਰ ਬਾਬਤ ਲੇਖ ਆਵੇਗਾ ਜੋ ਮੇਰੀ ਜ਼ਿੰਦਗੀ ਦੀ ਸੱਚੀ ਘਟਨਾ 'ਤੇ ਆਧਾਰਿਤ ਹੋਵੇਗਾ। ਫਿਰ ਉਹ ਲੇਖ 'ਪੰਜਾਬ ਟਾਈਮਜ਼' ਵਿਚ 'ਸੋਹਣੀ ਪੱਗ ਤੇ ਮਾਰਤੀਓ ਨਾਂ ਦੀ ਬਰਾਜ਼ੀਲੀ ਕੁੜੀ' ਦੇ ਸਿਰਲੇਖ ਹੇਠ ਛਪਿਆ। ਇਸ ਲੇਖ ਨੇ ਮੈਨੂੰ 'ਪੰਜਾਬ ਟਾਈਮਜ਼' ਦੇ ਕਾਫ਼ਲੇ ਵਿਚ ਵੜਨ ਲਈ ਥਾਂ ਦਿੱਤੀ ਸੀ ਤੇ ਪਾਠਕਾਂ ਨੇ ਬਹੁਤ ਪਿਆਰ ਬਖ਼ਸ਼ਿਆ। 'ਪੰਜਾਬ ਟਾਈਮਜ਼' ਦੇ ਸੰਪਾਦਕ ਬਾਈ ਜੀ ਅਮੋਲਕ ਸਿੰਘ ਨੇ ਮੇਰੀ ਝੋਲੀ 'ਮੂੰਹ ਆਈ ਬਾਤ' ਨਾਂ ਦਾ ਕਾਲਮ ਪਾ ਦਿੱਤਾ ਤੇ ਆਪਣੇ ਕਾਫ਼ਲੇ ਵਿਚ ਥਾਂ ਹੀ ਨਹੀਂ ਦਿੱਤੀ ਸਗੋਂ ਮੇਰੀ ਸੋਚ ਤੋਂ ਕਿਤੇ ਵੱਧ ਮਾਣ-ਸਨਮਾਨ ਮੈਨੂੰ ਬਖ਼ਸ਼ਿਆ। ਵੱਡੇ ਬਾਈ ਜੀ ਅਸ਼ੋਕ ਭੌਰੇ ਦਾ ਕਹਿਣਾ ਹੈ, "ਕੁਲਾਰ, ਪਾਠਕਾਂ ਦਾ ਜਿੰਨਾ ਘੇਰਾ ਤੂੰ 'ਪੰਜਾਬ ਟਾਈਮਜ਼' ਰਾਹੀਂ ਬਣਾ ਲਿਆ ਹੈ, ਸ਼ਾਇਦ ਇਤਨਾ ਘੇਰਾ ਤੂੰ ਦੂਜੇ ਅਖ਼ਬਾਰਾਂ ਰਾਹੀਂ ਸਾਰੀ ਉਮਰ ਲਿਖ ਕੇ ਵੀ ਨਹੀਂ ਬਣਾ ਸਕਦਾ ਸੀ।" ਇਹ ਗੱਲ ਸੋਲਾਂ ਆਨੇ ਸੱਚੀ ਹੈ।

ਮੇਰੀ ਅਤੇ ਬਾਈ ਦੁਪਾਲਪੁਰ ਦੀਆਂ ਗੱਲਾਂ ਦੀ ਲੜੀ ਟੁੱਟਣ ਦਾ ਨਾਂ ਨਹੀਂ ਸੀ ਲੈ ਰਹੀ। ਅਸੀਂ ਗੱਲਾਂ ਵਿਚ ਪੂਰੇ ਮਗਨ ਸੀ ਕਿ ਸਟੇਜ ਤੋਂ ਫਿਰ ਮੇਰਾ ਨਾਂ ਅਨਾਊਂਸ ਹੋ ਗਿਆ। ਮੈਂ ਆਪਣਾ ਸਨਮਾਨ ਚਿੰਨ੍ਹ ਲੈ ਕੇ ਵਾਪਸ ਬਾਈ ਜੀ ਕੋਲ ਬੈਠ ਗਿਆ।

ਬਾਈ ਜੀ ਕਹਿੰਦੇ, "ਆਹ ਨਾਲ ਵਾਲੀ ਕੁਰਸੀ 'ਤੇ ਮੇਰਾ ਭਾਣਜਾ ਮਨਜੀਤ ਸਿੰਘ ਬੈਠਾ ਹੈ। ਤੁਹਾਡੇ ਜਾਣ ਤੋਂ ਬਾਅਦ ਮੈਨੂੰ ਪੁੱਛਦਾ ਸੀ- ਮਾਮਾ ਜੀ, ਇਸ ਬੰਦੇ ਨੂੰ ਕਦੋਂ ਤੋਂ ਜਾਣਦੇ ਹੋ। ਮੈਂ ਕਿਹਾ-ਬੱਸ ਆਹੀ ਘੰਟੇ ਡੇਢ ਘੰਟੇ ਤੋਂ।"

"ਪਰ ਮਾਮਾ ਜੀ, ਤੁਸੀਂ ਤਾਂ ਉਸ ਨਾਲ ਸਿਰ ਜੋੜ ਕੇ ਇਸ ਤਰ੍ਹਾਂ ਗੱਲਾਂ ਕਰ ਰਹੇ ਸੀ ਜਿਵੇਂ ਨਾਨਕ ਛੱਕ ਆਈਆਂ ਮਾਮੀਆਂ ਸਿਰ ਜੋੜ ਕੇ ਸ਼ਗਨਾਂ ਦੇ ਗੀਤ ਗਾਉਂਦੀਆਂ ਨੇ, ਤੇ ਤੁਸੀਂ ਬਹੁਤ ਸਮੇਂ ਤੋਂ ਇਕ-ਦੂਜੇ ਨੂੰ ਜਾਣਦੇ ਹੋਵੋ।" ਮਨਜੀਤ ਨੇ ਹੱਸਦਿਆਂ ਕਿਹਾ।

"ਇਹ ਸਭ ਪਿਆਰ ਤੇ ਸਤਿਕਾਰ ਦੀਆਂ ਗੱਲਾਂ ਨੇ। ਆਪਸ ਵਿਚ ਵਿਚਾਰਾਂ ਦਾ ਮਿਲਣਾ ਤੇ ਉਚੀ ਸੋਚ ਦਾ ਹਾਣੀ ਹੀ ਸੱਚਾ ਮਿੱਤਰ ਅਖਵਾਉਂਦਾ ਹੈ।" ਬਾਈ ਜੀ ਨੇ ਮਨਜੀਤ ਨੂੰ ਜਵਾਬ 'ਚ ਆਖਿਆ।

ਸੱਚੀਂ, ਇਹ ਬਾਈ ਜੀ ਨਾਲ ਪਹਿਲੀ ਮਿਲਣੀ ਸੀ, ਜਿੱਥੇ ਅਸੀਂ ਮਿਲ ਕੇ ਖੰਡ-ਖੀਰ ਹੋ ਗਏ ਹੋਈਏ। ਇਸੇ ਤਰ੍ਹਾਂ ਦੀ ਇਕ ਹੋਰ ਮਿਲਣੀ ਸੁਣਾਉਂਦਾ ਹਾਂ ਤੇ ਨਾਲ ਹੀ ਉਨ੍ਹਾਂ ਦੀ ਹੱਡ-ਬੀਤੀ ਸਾਂਝੀ ਕਰਾਂਗਾ।

ਪੰਜਾਬੀਆਂ ਦੀ ਸੰਘਣੀ ਵੱਸੋਂ ਅਤੇ ਬਾਗਾਂ ਵਿਚ ਘਿਰੇ ਹੋਏ ਸ਼ਹਿਰ ਯੂਬਾ ਸਿਟੀ ਤੋਂ 'ਪੰਜਾਬ ਟਾਈਮਜ਼' ਦੇ ਪੁਰਾਣੇ ਪਾਠਕ ਪਿਛਲੇ ਐਤਵਾਰ ਸਾਡੇ ਘਰ ਆਏ। ਮੈਂ ਉਨ੍ਹਾਂ ਨੂੰ ਪੂਰੇ ਪਿਆਰ ਸਤਿਕਾਰ ਨਾਲ ਜੀ ਆਇਆਂ ਨੂੰ ਕਿਹਾ, ਤੇ ਉਹ ਵੀ ਮਿਲ ਕੇ ਪੂਰੇ ਖੁਸ਼ ਹੋਏ। ਪਿਛਲੇ ਦੋ ਸਾਲਾਂ ਤੋਂ ਮੈਂ ਬਾਈ ਕੁਲਵੰਤ ਸਿੰਘ ਨਾਲ ਤਕਰੀਬਨ ਹਰ ਹਫ਼ਤੇ ਆਪਣੇ ਵਿਚਾਰ ਸਾਂਝੇ ਕਰਦਾ ਆ ਰਿਹਾ ਹਾਂ। ਮੇਰਾ ਲੇਖ ਪੜ੍ਹ ਕੇ ਪਹਿਲੀ ਕਾਲ ਬਾਈ ਜੀ ਕੁਲਵੰਤ ਸਿੰਘ ਦੀ ਹੁੰਦੀ ਹੈ। ਬਾਈ ਜੀ ਨਾਲ ਉਨ੍ਹਾਂ ਦੀ ਪਤਨੀ ਸ਼ਰਨ ਕੌਰ ਵੀ ਸੀ। ਉਨ੍ਹਾਂ ਨੂੰ ਮਿਲ ਕੇ ਇਸ ਤਰ੍ਹਾਂ ਲੱਗਿਆ ਕਿ ਜਿਵੇਂ ਉਹ ਮੇਰੇ ਆਪਣੇ ਸਕੇ ਹੋਣ ਅਤੇ ਸਾਡਾ ਖ਼ੂਨ ਦਾ ਰਿਸ਼ਤਾ ਹੋਵੇ। ਪਹਿਲੀ ਹੀ ਮਿਲਣੀ ਵਿਚ ਇਤਨਾ ਪਿਆਰ ਤੇ ਆਪਣਾਪਨ ਮਹਿਸੂਸ ਹੋਇਆ ਕਿ ਇਨਸਾਨੀਅਤ ਵਿਚ ਪਿਆਰ ਅਤੇ ਵਿਸ਼ਵਾਸ ਦੀ ਮਿਸਾਲ ਮਿਲ ਗਈ।

ਇਮੀਗਰੇਸ਼ਨ ਦੀਆਂ ਕੁਝ ਮੁਸ਼ਕਲਾਂ ਕਰਕੇ ਮੇਰਾ ਬਾਗ-ਪਰਿਵਾਰ ਅਜੇ ਪਿੰਡ ਹੀ ਹੈ। ਇਥੇ ਇਕੱਲਾ ਹੋਣ ਕਰਕੇ ਭੈਣ ਜੀ ਸ਼ਰਨ ਕੌਰ ਨੇ ਆਪਣੇ ਹੱਥੀਂ ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ ਪਕਾ ਕੇ ਖਵਾਈ। ਰੋਟੀ ਖਾਂਦਿਆਂ ਮਾਤਾ ਦਾ ਤੌੜ੍ਹੀ ਵਾਲਾ ਸਾਗ ਯਾਦ ਆ ਗਿਆ। ਜਿੰਨਾ ਕੌਲੀ ਵਿਚ ਸਾਗ ਹੋਣਾ, ਉਨਾ ਹੀ ਮਾਤਾ ਨੇ ਮੱਖਣ ਪਾ ਦੇਣਾ। ਅਦਰਕ ਦਾ ਅਚਾਰ ਹੋਣਾ ਤੇ ਫਿਰ ਰੱਜਣ ਦਾ ਨਾਂ ਨਹੀਂ ਸੀ ਲੈਂਦੇ ਹੁੰਦੇ। ਘਰ ਦੀ ਬੀਜੀ ਮੱਕੀ ਹੋਣੀ ਤੇ ਘਰਾਟਾਂ ਤੋਂ ਜਾ ਕੇ ਆਟਾ ਪਿਸਾ ਕੇ ਲਿਆਉਣਾ ਤੇ ਮੱਕੀ ਦੀਆਂ ਰੋਟੀਆਂ ਤਵੇ 'ਤੇ ਫੁੱਲ ਫੁੱਲ ਕੇ ਲਹਿਣੀਆਂ। ਮੱਕੀ ਦੇ ਟਾਂਡੇ ਸਿਆਲਾਂ ਵਿਚ ਕੁਤਰ ਕੇ ਪਸ਼ੂਆਂ ਨੂੰ ਪਾਉਣੇ ਤੇ ਮੱਕੀ ਦੇ ਗੁੱਲ ਮਾਤਾ ਨੇ ਚੁੱਲ੍ਹੇ ਵਿਚ ਸਿੱਟ ਅੱਗ ਮਚਾ ਲੈਣੀ। ਪਸ਼ੂਆਂ ਨੇ ਜਿੰਨੇ ਕੁਤਰੇ ਟਾਂਡੇ ਖੁਰਲੀ ਵਿਚ ਛੱਡ ਦੇਣੇ, ਉਹ ਸਾਰੇ ਰਾਤ ਨੂੰ ਉਨ੍ਹਾਂ ਦੇ ਥੱਲੇ ਸੁੱਕ ਵਾਸਤੇ ਖਿੰਡਾ ਦੇਣੇ ਤੇ ਸਾਰੀ ਰਾਤ ਪਸ਼ੂਆਂ ਨੂੰ ਨਿੱਘ ਮਿਲਦਾ ਰਹਿਣਾ। ਉਹ ਸੁੱਕ ਗੋਹੇ ਰਾਹੀਂ ਪਾਥੀਆਂ ਵਿਚ ਪੱਥੀ ਜਾਣੀ ਤੇ ਮੁੜ ਮਾਤਾ ਨੇ ਚੁੱਲ੍ਹੇ ਡਾਹ ਦੇਣੀ। ਮਾਤਾ ਦੇ ਹੱਥਾਂ ਦੀ ਪੰਜੀਰੀ ਤੇ ਖੋਆ ਸ਼ਾਇਦ ਮਰ ਕੇ ਵੀ ਨਾ ਭੁੱਲੇ। ਅੱਜ ਜੀਨ ਦੀ ਪੈਂਟ ਦੀਆਂ ਜੇਬਾਂ ਵਿਚ ਡਾਲਰ ਤਾਂ ਹਨ ਪਰ ਪਿੰਡ ਵਾਲਾ ਕੁੜਤੇ ਦਾ ਖੀਸਾ ਮਾਤਾ ਦੇ ਪਿਆਰ ਬਿਨਾ ਖਾਲੀ ਹੈ।

ਰੋਟੀ ਛਕਣ ਤੋਂ ਬਾਅਦ ਕੰਡੇਦਾਰ ਚਾਹ ਬਣਾਈ ਤੇ ਚਾਹ ਪੀਂਦਿਆਂ ਬਾਈ ਕੁਲਵੰਤ ਸਿੰਘ ਨੇ ਅਮਰੀਕਾ ਪਹੁੰਚਣ ਦੀ ਆਪਣੀ ਹੱਡ-ਬੀਤੀ ਫਿਰ ਇਸ ਤਰ੍ਹਾਂ ਸੁਣਾਈ,

ਬਾਈ ਕੁਲਾਰ, ਮੈਂ ਚਾਰ ਭੈਣਾਂ ਦਾ ਇਕੱਲਾ ਭਰਾ ਹਾਂ। ਦੋ ਮੇਰੇ ਨਾਲੋਂ ਵੱਡੀਆਂ ਤੇ ਦੋ ਮੇਰੇ ਨਾਲੋਂ ਛੋਟੀਆਂ। ਬਾਪੂ ਹੋਰੀਂ ਪਾਕਿਸਤਾਨੋਂ ਉਜੜ ਕੇ ਆਏ ਹੋਣ ਕਰਕੇ ਸਾਨੂੰ ਪਿੰਡ ਵਾਲੇ 'ਬਾਰ ਵਾਲੇ' ਕਹਿ ਕੇ ਸੱਦਦੇ ਹਨ। ਸਾਡੇ ਤਾਏ ਨੇ ਚੰਗੀ ਜ਼ਮੀਨ ਆਪ ਰੱਖ ਲਈ ਤੇ ਮਾੜੀ ਜ਼ਮੀਨ ਬਾਪੂ ਗਲ ਮੜ੍ਹ ਦਿੱਤੀ। ਇਕੱਲੇ ਬਾਪੂ ਦੀ ਕਮਾਈ ਨੇ ਸਾਨੂੰ ਪਾਲਿਆ। ਮੈਂ ਵੀ ਦਸ ਜਮਾਤਾਂ ਪੜ੍ਹ ਕੇ ਬਾਪੂ ਨਾਲ ਖੇਤੀ ਵਿਚ ਹੱਥ ਵਟਾਉਣ ਲੱਗ ਪਿਆ। ਦੋਵਾਂ ਵੱਡੀਆਂ ਭੈਣਾਂ ਨੇ ਵੀ ਬਾਪੂ ਨਾਲ ਕੰਮ ਕਰਵਾਇਆ। ਦੋਵਾਂ ਭੈਣਾਂ ਨੂੰ ਥਾਂ-ਟਿਕਾਣੇ ਵਧੀਆ ਮਿਲ ਗਏ ਤੇ ਉਹ ਆਪਣੇ ਘਰ ਰੰਗੀਂ ਵੱਸਦੀਆਂ ਹਨ। ਫਿਰ ਬੇਬੇ ਬਾਪੂ ਨੇ ਮੇਰਾ ਵਿਆਹ ਕਰਨ ਦੀ ਜ਼ਿੱਦ ਫੜ ਲਈ। ਮੈਂ ਵਿਆਹ ਘਰ ਪਾ ਕੇ ਕਰਵਾਉਣਾ ਚਾਹੁੰਦਾ ਸੀ ਪਰ ਬੇਬੇ ਤਾਂ ਪਾਣੀ ਵਾਰ ਕੇ, ਪੀ ਕੇ ਹੀ ਹਟੀ।

ਜ਼ਮੀਨ ਤਾਂ ਪੰਜਾਹ ਬਿੱਘੇ ਸੀ ਪਰ ਮਾੜੀ ਭੋਇੰ ਕਰਕੇ ਜਿਣਸ ਘੱਟ ਹੀ ਹੁੰਦੀ। ਨਰਮਾ, ਕਪਾਹ, ਮੱਕੀ ਬੀਜ ਕੇ ਸਿਰ-ਢਕਣ ਜਿਹਾ ਕਰੀ ਜਾਂਦੇ। ਹੁਣ ਛੋਟੀਆਂ ਭੈਣਾਂ ਵੀ ਵਿਆਹੁਣ ਵਾਲੀਆਂ ਹੋ ਗਈਆਂ। ਇਕ ਭੈਣ ਦਾ ਅਜੇ ਵਿਆਹ ਕੀਤਾ ਹੀ ਸੀ ਕਿ ਮੇਰੇ ਜੌੜੀਆਂ ਧੀਆਂ ਹੋ ਗਈਆਂ। ਮੇਰੀ ਬੇਬੇ ਦੇ ਤਾਂ ਗਸ਼ ਪੈ ਗਿਆ ਕਿ 'ਅਸੀਂ ਤਾਂ ਕੁੜੀਆਂ ਵਿਆਹੁੰਦੇ ਹੀ ਮਰ ਜਾਵਾਂਗੇ।' ਬਾਪੂ ਦਮੇ ਦਾ ਮਰੀਜ਼ ਹੋਣ ਕਰਕੇ ਆਪਣੀ ਸੰਸਾਰਕ ਯਾਤਰਾ ਛੇਤੀ ਪੂਰੀ ਕਰ ਗਿਆ। ਹੁਣ ਕਬੀਲਦਾਰੀ ਦਾ ਸਾਰਾ ਭਾਰ ਬੇਬੇ ਦੇ ਸਿਰ ਆ ਗਿਆ। ਚਾਰ ਫ਼ਸਲਾਂ ਵਧੀਆ ਲੱਗ ਗਈਆਂ, ਮੈਂ ਬਾਪੂ ਵਾਲਾ ਘਰ ਢਾਹ ਕੇ ਨਵਾਂ ਮਕਾਨ ਬਣਾ ਲਿਆ। ਪੁਰਾਣੇ ਘਰ ਦੇ ਇੱਟਾ-ਬਾਲਿਆਂ ਨਾਲ ਰਾਹ ਉਪਰ ਚਾਰ ਦੁਕਾਨਾਂ ਬਣਾ ਦਿੱਤੀਆਂ ਕਿ ਚਲੋ ਕਿਰਾਇਆ ਆਵੇਗਾ। ਚੌਥੀ ਭੈਣ ਦੇ ਹੱਥ ਪੀਲੇ ਕੀਤੇ, ਬਾਪੂ ਦੀ ਕਬੀਲਦਾਰੀ ਦਾ ਸਿਰੋਂ ਭਾਰ ਉਤਾਰ ਦਿੱਤਾ। ਆਪਣੀਆਂ ਦੋਵੇਂ ਧੀਆਂ ਸਕੂਲੇ ਪੜ੍ਹਨ ਲਾ ਦਿੱਤੀਆਂ। ਸ਼ਰਨੀ ਦਾ ਫਿਰ ਪੈਰ ਭਾਰਾ ਹੋ ਗਿਆ। ਬੇਬੇ ਤਾਂ ਰੋਮ ਪਾਉਂਦੀ ਫਿਰੇ ਕਿ ਐਤਕੀਂ ਪੁੱਤ ਦੀ ਜੜ੍ਹ ਲੱਗ ਜਾਵੇ। ਅਸੀਂ ਤਾਂ ਥੰਮ੍ਹਲਿਆਂ ਵਿਚ ਕਿੱਲ ਗਡਾਈ ਫਿਰਦੇ ਹਾਂ ਕਿ ਜਦੋਂ ਇਨ੍ਹਾਂ ਨਾਲ ਨਿੰਮ ਲਟਕਾਈਏ।

ਬੇਬੇ ਦੇ ਬਹੁਤਾ ਜ਼ੋਰ ਪਾਉਣ 'ਤੇ ਅਸੀਂ ਜਗਰਾਉਂ ਸ਼ਰਨੀ ਨੂੰ ਚੈਕ ਕਰਵਾਇਆ ਤੇ ਨਰਸ ਨੇ ਦੱਸਿਆ ਕਿ ਗਰਭ ਵਿਚ ਕੁੜੀ ਹੈ। ਬੇਬੇ ਸੁਣ ਕੇ ਖੇਸ ਲੈ ਕੇ ਪੈ ਗਈ ਕਿ ਮੈਂ ਨਹੀਂ ਪੋਤੇ ਦਾ ਮੂੰਹ ਦੇਖਣਾ। ਬੇਬੇ ਕਹੇ ਪੱਥਰ ਨੂੰ ਸਿੱਟ ਦਿਓ। ਸ਼ਰਨੀ ਢਿੱਡ 'ਤੇ ਹੱਥ ਰੱਖ ਕੇ ਰੋਂਦੀ। ਮੈਂ ਵੀ ਦੋਚਿੱਤੀ ਵਿਚ। ਕਦੇ ਬੇਬੇ ਦੀ ਗੱਲ ਸੱਚੀ ਲੱਗਦੀ, ਕਦੇ ਸ਼ਰਨੀ ਦੀ ਮਮਤਾ ਅੱਖਾਂ ਅੱਗੇ ਆ ਜਾਂਦੀ। ਕੁਲਾਰ ਬਾਈ! ਸੱਚ ਜਾਣੀਂ ਗਰਭਪਾਤ ਕਰਵਾਉਣ ਵਿਚ ਜਨਾਨੀਆਂ ਦਾ ਹੱਥ ਜ਼ਿਆਦਾ ਹੈ। ਔਰਤ ਹੀ ਔਰਤ ਦੀ ਦੁਸ਼ਮਣ ਹੈ। ਇਹ ਗੱਲ ਮੈਨੂੰ ਉਦੋਂ ਸਮਝ ਵਿਚ ਆਈ, ਜਦੋਂ ਦੋਵੇਂ ਵੱਡੀਆਂ ਭੈਣਾਂ ਨੇ ਮੈਨੂੰ ਕੁੱਖ ਵਿਚ ਧੀ ਦਾ ਕਤਲ ਕਰਨ ਲਈ ਆਖਿਆ। ਮੈਂ ਬਹੁਤ ਸਮਝਾਇਆ ਕਿ ਜਿਵੇਂ ਅਸੀਂ ਤੁਹਾਡਾ ਚਾਰਾਂ ਦਾ ਵਿਆਹ ਕੀਤਾ ਹੈ, ਇਸੇ ਤਰ੍ਹਾਂ ਮੈਂ ਇਨ੍ਹਾਂ ਤਿੰਨਾਂ ਦਾ ਵਿਆਹ ਕਰ ਦੇਵਾਂਗਾ ਪਰ ਭੈਣਾਂ ਨਾ ਮੰਨੀਆਂ।

ਨਰਸ ਨਾਲ ਦਿਨ ਤੇ ਸਮਾਂ ਤੈਅ ਕਰਕੇ ਧੀ ਦਾ ਕਤਲ ਕਰਵਾਉਣ ਲਈ ਮੈਂ ਤੇ ਸ਼ਰਨੀ ਨੇ ਸਕੂਟਰ ਕੱਢ ਲਿਆ। ਸਾਰੇ ਰਾਹ ਕੁਝ ਨਾ ਬੋਲੇ। ਜਦੋਂ ਨਹਿਰ 'ਤੇ ਪਹੁੰਚੇ ਤਾਂ ਸਕੂਟਰ ਬੰਦ ਹੋ ਗਿਆ। ਨਾ ਅੱਗੇ ਹੋਵੇ, ਨਾ ਪਿੱਛੇ... ਤੇ ਸ਼ਰਨੀ ਕਹਿਣ ਲੱਗੀ ਕਿ 'ਮੈਂ ਨਹੀਂ ਜਗਰਾਉਂ ਜਾਣਾ। ਮੈਂ ਨਹਿਰ ਵਿਚ ਛਾਲ ਮਾਰ ਦੇਣੀ ਹੈ। ਕੁੱਖ ਵਿਚਲੀ ਧੀ ਮੈਨੂੰ ਮੁੜ-ਮੁੜ ਕਹਿ ਰਹੀ ਹੈ ਕਿ ਮਾਂ ਇਹ ਪਾਪ ਨਾ ਕਮਾ, ਮੈਨੂੰ ਜੱਗ ਦਿਖਾ, ਮੈਂ ਤੇਰੇ ਘਰ ਆ ਕੇ ਪੁੱਤਰਾਂ ਨਾਲੋਂ ਵੀ ਵੱਧ ਸੁੱਖ ਦੇਊਂਗੀ। ਮਾਂ ਬਣ ਕੇ ਮੁੜ ਜਾ ਇੱਥੋਂ, ਤੇ ਮੇਰੇ ਆਉਣ ਦਾ ਇੰਤਜ਼ਾਰ ਕਰ।' ਸ਼ਰਨੀ ਦੀਆਂ ਇਨ੍ਹਾਂ ਗੱਲਾਂ ਨੇ ਮੇਰਾ ਮਨ ਪਿਘਲਾ ਦਿੱਤਾ। ਰੱਬ ਦੇ ਕੌਤਕ...ਪਿੱਛੇ ਮੁੜਨ ਦੀ ਸਲਾਹ ਬਣਾ ਕੇ ਸਕੂਟਰ ਨੂੰ ਕਿੱਕ ਮਾਰੀ ਤਾਂ ਉਹ ਝੱਟ ਸਟਾਰਟ ਹੋ ਗਿਆ। ਘਰ ਵਿਚ ਬੜਾ ਕੁਝ ਵਾਪਰਿਆ ਪਰ ਸ਼ਰਨੀ ਨੇ ਧੀ ਜੰਮੀ, ਜਿਵੇਂ ਅਸਮਾਨੋਂ ਕੋਈ ਪਰੀ ਉਤਰੀ ਹੋਵੇ ਤੇ ਨਾਂ ਰੱਖ ਦਿੱਤਾ ਲਵਦਿਲਜੀਤ ਕੌਰ। ਪਿਆਰ ਨਾਲ ਦਿਲ ਜਿੱਤਣ ਵਾਲੀ ਕੁੜੀ।

ਦੋ ਸਾਲ ਤਾਂ ਭੈਣਾਂ ਨੇ ਵੀ ਮੂੰਹ ਮੋਟਾ ਕਰੀ ਰੱਖਿਆ ਪਰ ਹੌਲੀ-ਹੌਲੀ ਸਭ ਠੀਕ ਹੋ ਗਿਆ। ਦਿਨ ਚੜ੍ਹ ਜਾਂਦਾ ਤੇ ਛਿਪ ਜਾਂਦਾ। ਪਤਾ ਨਾ ਲੱਗਿਆ ਕਦੋਂ ਲਵਲੀ ਪਲੱਸ-ਟੂ ਵਿਚ ਹੋ ਗਈ। ਮੈਂ ਦੋਵਾਂ ਵੱਡੀਆਂ ਧੀਆਂ ਨੂੰ ਪੜ੍ਹਾ ਕੇ ਚੰਗੇ ਘਰਾਂ ਦੇ ਮੁੰਡਿਆਂ ਦੀ ਭਾਲ ਵਿਚ ਸੀ। ਛੋਟੀ ਲਵਦਿਲਜੀਤ ਜਿਸ ਨੂੰ ਪਿਆਰ ਨਾਲ ਲਵਲੀ ਕਹਿੰਦੇ ਸੀ, ਬੜੀ ਸੋਹਣੀ ਤੇ ਸੁਨੱਖੀ ਮੁਟਿਆਰ ਬਣ ਗਈ। ਫਿਰ ਉਹ ਦਿਨ ਆ ਗਿਆ ਜਿਸ ਦਿਨ ਲੋਹਾ ਪਾਰਸ ਨਾਲ ਖਹਿ ਕੇ ਸੋਨਾ ਬਣ ਗਿਆ।

ਮੇਰੀਆਂ ਪਾਈਆਂ ਦੁਕਾਨਾਂ ਵਿਚ ਇਕ ਦੁਕਾਨ ਟਾਇਰਾਂ ਦੀ ਸੀ। ਇਕ ਪਰਿਵਾਰ ਸੂਮੋ ਵਿਚ ਬੈਠਾ ਤੇ ਦੁਕਾਨ ਤੋਂ ਟਾਇਰ ਪੈਂਚਰ ਲਗਵਾਉਣ ਲਈ ਰੁਕਿਆ। ਦੁਕਾਨ ਵਾਲੇ ਨੇ ਮੈਨੂੰ 'ਵਾਜ ਮਾਰ ਦਿੱਤੀ ਕਿ 'ਚਾਚਾ ਜੀ! ਇਕ ਮੰਜਾ ਦਿਓ।' ਸੂਮੋ ਵਾਲੇ ਬਾਹਰਲੇ ਮੁਲਕੋਂ ਆਏ ਲੱਗਦੇ ਸੀ। ਮੈਂ ਅੱਗੇ ਹੋ ਕੇ ਉਨ੍ਹਾਂ ਨੂੰ ਘਰ ਅੰਦਰ ਬੈਠਣ ਦੀ ਬੇਨਤੀ ਕਰ ਦਿੱਤੀ। ਤਿੰਨ ਜਨਾਨੀਆਂ, ਦੋ ਬੰਦੇ ਤੇ ਬਾਈ-ਤੇਈ ਸਾਲ ਦਾ ਮੁੰਡਾ। ਉਹ ਸਾਰੇ ਜਣੇ ਅੰਦਰ ਆ ਕੇ ਬੈਠ ਗਏ।

ਉਨ੍ਹਾਂ ਨੂੰ ਬੜੇ ਮਾਣ-ਸਤਿਕਾਰ ਨਾਲ ਚਾਹ-ਪਾਣੀ ਪਿਲਾਇਆ। ਬਾਈ-ਤੇਈ ਸਾਲ ਵਾਲੇ ਮੁੰਡੇ ਦੀ ਨਿਗ੍ਹਾ ਲਵਲੀ 'ਤੇ ਪੈ ਗਈ। ਉਹ ਲਵਲੀ ਨੂੰ ਦੇਖ ਕੇ ਨਾਲ ਵਾਲੀਆਂ ਜਨਾਨੀਆਂ ਨਾਲ ਗੱਲੀਂ ਲੱਗ ਗਿਆ। ਫਿਰ ਇਕ ਬੰਦੇ ਨੇ ਦੱਸਿਆ ਕਿ 'ਅਸੀਂ ਅਮਰੀਕਾ ਤੋਂ ਆਪਣੇ ਬੇਟੇ ਵਾਸਤੇ ਲੜਕੀ ਦੇਖਣ ਆਏ ਸੀ। ਲੜਕੀ ਸਾਡੇ ਪਸੰਦ ਨਹੀਂ ਆਈ। ਜੇ ਤੁਸੀਂ ਬੁਰਾ ਨਾ ਮਨਾਇਓ ਤਾਂ ਔਹ ਕੁੜੀ ਦਾ ਰਿਸ਼ਤਾ ਸਾਨੂੰ ਦੇ ਦਿਓ।' ਉਥੇ ਹੀ ਦੇਖ-ਦਿਖਾਈ ਹੋ ਗਈ। ਮੁੰਡੇ ਨੂੰ ਲਵਲੀ ਪਸੰਦ ਆ ਗਈ ਤੇ ਮਹੀਨੇ ਵਿਚ ਲਵਲੀ ਦਾ ਵਿਆਹ ਹੋ ਗਿਆ। ਜਿਸ ਦਿਨ ਲਵਲੀ ਨੇ ਅਮਰੀਕਾ ਆਉਣਾ ਸੀ, ਉਸ ਦਿਨ ਮੇਰੀ ਮਾਂ ਤੇ ਭੈਣਾਂ ਲਵਲੀ ਨੂੰ ਚੁੰਬੜ-ਚੁੰਬੜ ਕੇ ਰੋਂਦੀਆਂ ਸੀ ਕਿ 'ਸਾਨੂੰ ਮੁਆਫ਼ ਕਰ ਦੇਈਂ ਧੀਏ।' ਲਵਲੀ ਦੇ ਇੱਥੇ ਆਉਣ ਨਾਲ ਦੂਜੀਆਂ ਦੋਵੇਂ ਵੀ ਇੱਥੇ ਵਿਆਹੀਆਂ ਗਈਆਂ। ਮੇਰੀ ਮਾਂ ਵੀ ਜਹਾਜ਼ ਦੇ ਝੂਟੇ ਲੈ ਕੇ ਤੁਰ ਗਈ। ਜ਼ਮੀਨ ਮਾੜੀ ਮਿਲੀ ਸੀ ਪਰ ਉਸ ਵਿਚੀਂ ਸੜਕ ਨਿਕਲ ਗਈ। ਉਹ ਪੰਜਾਹ ਲੱਖ ਦਾ ਕਿੱਲਾ ਹੋ ਗਈ। ਜਵਾਈਆਂ ਨੇ ਸਾਂਝੀ ਕੋਠੀ ਪਾ ਕੇ ਦਿੱਤੀ ਹੈ। ਮੈਂ ਤੇ ਸ਼ਰਨੀ ਦੋਹਤਿਆਂ ਨੂੰ ਲੈ ਕੇ ਪਿੰਡ ਦੋ ਮਹੀਨੇ ਲਾ ਆਉਂਦੇ ਹਾਂ ਤੇ ਉਸ ਨਹਿਰ 'ਤੇ ਬੈਠ ਕੇ ਬੀਤੇ ਦਿਨ ਯਾਦ ਕਰਕੇ ਮਨ ਹੌਲਾ ਕਰ ਲੈਂਦੇ ਹਾਂ ਜਿੱਥੇ ਲਵਲੀ ਦੀ ਜਾਨ ਬਖ਼ਸ਼ੀ ਗਈ ਸੀ ਤੇ ਮੈਨੂੰ ਕਤਲ ਦੇ ਜੁਰਮ ਵਿਚੋਂ ਆਪ ਪਰਮਾਤਮਾ ਨੇ ਬਚਾਇਆ ਸੀ।

ਅਖੀਰ ਵਿਚ ਬਾਈ ਕਹਿੰਦਾ, "ਕੁਲਾਰ ਬਾਈ! ਜੇ ਇਕ ਹੋਰ ਲਵਲੀ ਜੰਮੀ ਹੁੰਦੀ ਤਾਂ ਤੈਨੂੰ ਆਪਣਾ ਮੈਂ ਕੁੜਮ ਬਣਾਉਣਾ ਸੀ ਕਿਉਂਕਿ ਵਿਚਾਰਾਂ ਦੀ ਸਾਂਝ ਹੀ ਨਵੀਂ ਰਿਸ਼ਤੇਦਾਰੀ ਨੂੰ ਜਨਮ ਦਿੰਦੀ ਹੈ। ਚੰਗੀ ਸੋਚ ਦੇ ਹਾਣੀ ਹੀ ਉਮਰਾਂ ਦਾ ਸਾਥ ਨਿਭਾਉਂਦੇ ਹਨ। ਇਹ ਜ਼ਰੂਰੀ ਨਹੀਂ ਕਿ ਖ਼ੂਨ ਦੇ ਰਿਸ਼ਤੇ ਹੀ ਆਪਣੇ ਹੁੰਦੇ ਹਨ।" ਬਾਈ ਦੇ ਜਾਣ ਲੱਗਿਆਂ ਬੱਸ ਇਹੀ ਮੂੰਹੋਂ ਨਿਕਲਿਆ, "ਬਾਈ ਜੀ, ਦੱਸੋ ਹੁਣ ਫਿਰ ਕਦੋਂ ਮਿਲੋਗੇ।" ਫਿਰ ਮਿਲਣ ਦਾ ਵਾਅਦਾ ਕਰਕੇ ਉਹ ਚਲੇ ਗਏ।



## ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦਾ ਕੰਨੜ ਭਾਸ਼ਾ 'ਚ ਤਰਜਮਾ

**ਚੰਡੀਗੜ੍ਹ:** ਸ੍ਰੀ ਜਪੁਜੀ ਸਾਹਿਬ ਤੇ ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਕੰਨੜ ਭਾਸ਼ਾ ਵਿਚ ਕਰਨਾਟਕ ਸੂਬੇ ਦੇ ਘਰ-ਘਰ 'ਚ ਪਹੁੰਚਾਈ ਜਾਵੇਗੀ। ਚੰਡੀਗੜ੍ਹ ਵਿਚ ਕਰਨਾਟਕ ਸੂਬੇ ਦੇ ਸੰਤ ਸਰਵਦਨਯ ਦੀ ਪੰਜਾਬੀ ਭਾਸ਼ਾ ਵਿਚ ਅਨੁਵਾਦਿਤ ਆਪਣੀ ਪੁਸਤਕ ਨੂੰ ਰਿਲੀਜ਼ ਕਰਨ ਮੌਕੇ ਸਥਾਨਕ ਸਰਕਾਰੀ ਕਾਲਜ ਸੈਕਟਰ 46 ਵਿਚ ਸਮਾਜ ਵਿਗਿਆਨ ਦੇ ਪ੍ਰੋਫੈਸਰ ਪੰਡਿਤਰਾਓ ਧਰੇਨਵਰ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਨ੍ਹਾਂ ਦੋਵੇਂ ਬਾਣੀਆਂ ਦਾ ਕੰਨੜ ਭਾਸ਼ਾ ਵਿਚ ਤਰਜਮਾ ਕਰ ਦਿੱਤਾ ਗਿਆ ਹੈ ਤੇ ਹੁਣ ਇਹ ਦੋਵੇਂ ਬਾਣੀਆਂ ਕਰਨਾਟਕ ਦੇ ਛੇ ਕਰੋੜ ਲੋਕਾਂ ਤੱਕ ਪਹੁੰਚਾਉਣੀਆਂ ਹਨ।

ਚੇਤੇ ਰਹੇ ਕਿ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੇ ਪ੍ਰੋ. ਧਰੇਨਵਰ ਨੂੰ ਕਰਨਾਟਕਾ ਦੇ ਲੋਕਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਕੰਨੜ ਭਾਸ਼ਾ ਵਿਚ ਤਰਜਮਾ ਕਰਨ ਲਈ ਕਿਹਾ ਸੀ ਜਿਸ ਤੋਂ ਬਾਅਦ ਪ੍ਰੋ. ਧਰੇਨਵਰ ਨੇ ਇਹ ਕਾਰਜ ਵੀ ਆਰੰਭਿਆ ਹੋਇਆ ਹੈ। ਪ੍ਰੋ. ਧਰੇਨਵਰ ਦੀ ਪੁਸਤਕ ਭਾਰਤੀ ਪੰਜਾਬੀ ਸੁਸਾਇਟੀ ਦੇ ਸੰਸਥਾਪਕ ਐਸ.ਪੀ. ਸਿੰਘ ਓਬਰਾਏ ਤੇ ਸ. ਸੁਖਨੈਬ ਸਿੰਘ ਸਿੱਧੂ ਵੱਲੋਂ ਰਿਲੀਜ਼ ਕੀਤੀ ਗਈ।

## ਰੈਣਿ ਸੁਹਾਵੜੀ ਦਿਨਸੁ ਸੁਹੇਲਾ॥

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ 5
ਰੈਣਿ ਸੁਹਾਵੜੀ ਦਿਨਸੁ ਸੁਹੇਲਾ॥
ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ॥
ਘੜੀ ਮੂਰਤ ਸਿਮਰਤ ਪਲ ਵੰਞਹਿ
ਜੀਵਣੁ ਸਫਲੁ ਤਿਥਾਈ ਜੀਉ॥
ਸਿਮਰਤ ਨਾਮੁ ਦੋਖ ਸਭਿ ਲਾਥੇ॥
ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ॥
ਭੈ ਭਉ ਭਰਮ ਖੋਇਆ ਗੁਰਿ ਪੂਰੈ
ਦੇਖਾ ਸਭਨੀ ਜਾਈ ਜੀਉ॥
ਪ੍ਰਭੁ ਸਮਰਥੁ ਵਡ ਊਚ ਅਪਾਰਾ॥
ਨਉ ਨਿਧਿ ਨਾਮੁ ਭਰੇ ਭੰਡਾਰਾ॥
ਆਦਿ ਅੰਤਿ ਮਧਿ ਪ੍ਰਭੁ ਸੋਈ
ਦੂਜਾ ਲਵੈ ਨ ਲਾਈ ਜੀਉ॥
ਕਰਿ ਕਿਰਪਾ ਮੇਰੇ ਦੀਨ ਦਇਆਲਾ॥
ਜਾਚਿਕੁ ਜਾਚੈ ਸਾਧ ਰਵਾਲਾ॥
ਦੇਹਿ ਦਾਨੁ ਨਾਨਕ ਜਨੁ ਮਾਗੈ
ਸਦਾ ਸਦਾ ਹਰਿ ਧਿਆਈ ਜੀਉ॥

ਗੁਰੂ ਅਰਜਨ ਦੇਵ ਪਿਤਾ ਉਚਾਰਨ ਕਰਦੇ ਹਨ ਕਿ ਭਾਵੇਂ ਦਿਨ ਹੋਵੇ ਤੇ ਭਾਵੇਂ ਰਾਤ, ਜਦੋਂ ਵੀ ਸੰਤਾਂ ਦੀ ਸੰਗਤ ਮਿਲ ਜਾਵੇ ਰੈਣਿ ਭਾਵ ਰਾਤ ਵੀ ਸੁਖਦਾਈ ਅਤੇ ਸੁਹਾਵਣੀ ਬੀਤਦੀ ਹੈ ਅਤੇ ਦਿਨ ਭੀ ਸੁਹੇਲਾ, ਭਾਵ ਸੌਖਾ ਲੰਘ ਜਾਂਦਾ ਹੈ। ਜਿਹੜੇ ਪਲ ਘੜੀਆਂ ਉਸ ਵਾਹਿਗੁਰੂ ਅਕਾਲ ਪੁਰਖ ਦਾ ਸਿਮਰਨ ਕਰਦਿਆਂ ਲੰਘ ਜਾਣ, ਸਾਡੇ ਇਸ ਜੀਵਨ ਦਾ ਉਹ ਸਮਾਂ ਸਫ਼ਲ ਹੋ ਜਾਂਦਾ ਹੈ।

ਸਿਮਰਤ ਨਾਮੁ ਦੋਖ ਸਭਿ ਲਾਥੇ॥
ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ॥
ਭੈ ਭਉ ਭਰਮ ਖੋਇਆ ਗੁਰਿ ਪੂਰੈ
ਦੇਖਾ ਸਭਨੀ ਜਾਈ ਜੀਉ॥

ਹੇ ਭਾਈ! ਉਸ ਪ੍ਰਭੂ ਜੀ ਦਾ ਨਾਮ ਸਿਮਰਨ ਕਰਨ ਕਰਕੇ ਹੀ ਸਾਡੇ ਦੋਖ, ਭਾਵ ਪਾਪ ਉਤਰ ਜਾਂਦੇ ਹਨ ਅਤੇ ਉਸ ਜੀਵ ਨੂੰ ਫਿਰ ਆਪਣੇ ਅੰਦਰ ਤੇ ਬਾਹਰ ਇਸ ਸੰਸਾਰ ਵਿਚ ਹਰ ਥਾਂ ਹੀ ਉਹ ਮਾਲਕ ਸੁਆਮੀ ਆਪਣੇ ਨਾਲ ਦਿਖਾਈ ਦਿੰਦਾ ਹੈ ਅਤੇ ਉਸ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਉਣ ਕਰਕੇ ਹੁਣ ਪੂਰੇ ਗੁਰੂ ਨੇ ਮੇਰਾ ਡਰ-ਭਰਮ ਦੂਰ ਕਰ ਦਿੱਤਾ ਹੈ ਅਤੇ ਹੁਣ ਮੈਂ ਪ੍ਰਭੂ ਨੂੰ ਸਭ ਥਾਂ ਹੀ ਦੇਖਦਾ ਹਾਂ।

ਪ੍ਰਭੁ ਸਮਰਥੁ ਵਡ ਊਚ ਅਪਾਰਾ॥
ਨਉ ਨਿਧਿ ਨਾਮੁ ਭਰੇ ਭੰਡਾਰਾ॥
ਆਦਿ ਅੰਤਿ ਮਧਿ ਪ੍ਰਭੁ ਸੋਈ
ਦੂਜਾ ਲਵੈ ਨ ਲਾਈ ਜੀਉ॥

ਹੇ ਭਾਈ! ਉਹ ਪ੍ਰਭੂ ਤਾਂ ਸਭ ਤਾਕਤਾਂ ਦਾ ਮਾਲਕ ਹੈ, ਸਮਰੱਥ ਹੈ, ਸਭ ਤੋਂ ਵੱਡਾ ਹੈ, ਸਭ ਤੋਂ ਉਚਾ ਹੈ ਅਤੇ ਬੇਅੰਤ ਭੀ ਹੈ। ਉਸ ਪ੍ਰਭੂ ਦਾ ਨਾਮ ਹੀ ਨਉ ਨਿਧ, ਭਾਵ ਨੌਂ ਖ਼ਜ਼ਾਨੇ ਹਨ ਅਤੇ ਨਾਮ ਧਨ ਨਾਲ ਹੀ ਉਸ ਮਾਲਕ ਦੇ ਭੰਡਾਰ ਭੀ ਭਰੇ ਹੋਏ ਹਨ। ਹੇ ਭਾਈ! ਜਦੋਂ ਇਸ ਜਗਤ ਦੀ, ਭਾਵ ਸ੍ਰਿਸ਼ਟੀ ਦੀ ਰਚਨਾ ਹੋਈ, ਉਦੋਂ ਭੀ ਉਹ ਪ੍ਰਭੂ ਆਪ ਹੀ ਸੀ ਅਤੇ ਇਸ ਸ੍ਰਿਸ਼ਟੀ ਦੇ ਅੰਤ ਵਿਚ ਭੀ ਉਹ ਆਪ ਹੀ ਹੋਵੇਗਾ, ਤੇ ਹੁਣ ਇਸ ਜਗਤ ਦੇ ਮਧਿ ਵਿਚ, ਭਾਵ ਵਰਤਮਾਨ ਵਿਚ ਭੀ ਉਹ ਪ੍ਰਮੇਸ਼ਵਰ ਪ੍ਰਭੂ ਆਪ ਹੀ ਆਪ ਹੈ ਕਿਉਂਕਿ ਉਸ ਦੇ ਬਰਾਬਰ ਦੂਜਾ ਹੋਰ ਕੋਈ ਨਹੀਂ ਹੈ।

### ਗੁਰਬਾਣੀ ਗਿਆਨ

ਕਰਿ ਕਿਰਪਾ ਮੇਰੇ ਦੀਨ ਦਇਆਲਾ॥
ਜਾਚਿਕੁ ਜਾਚੈ ਸਾਧ ਰਵਾਲਾ॥
ਦੇਹਿ ਦਾਨੁ ਨਾਨਕ ਜਨੁ ਮਾਗੈ
ਸਦਾ ਸਦਾ ਹਰਿ ਧਿਆਈ ਜੀਉ॥

ਸ਼ਬਦ ਦੇ ਅਖੀਰ 'ਤੇ ਗੁਰਦੇਵ ਅਕਾਲ ਪੁਰਖ ਅੱਗੇ ਬੇਨਤੀ ਅਰਦਾਸ ਕਰਦੇ ਹਨ ਕਿ ਹੇ ਦਇਆ ਦੇ ਸਾਗਰ, ਦੀਨਾਂ 'ਤੇ ਦਿਆ ਕਰਨ ਵਾਲੇ ਪ੍ਰਭੂ ਜੀਉ! ਮੇਰੇ 'ਤੇ ਆਪਣੀ ਕ੍ਰਿਪਾ ਕਰੋ ਅਤੇ ਆਪ ਦਾ ਇਹ ਜਾਚਕ, ਭਾਵ ਆਪ ਦੇ ਦਰ ਦਾ ਇਹ ਮੰਗਤਾ ਆਪ ਤੋਂ ਗੁਰੂ ਦੇ ਚਰਨਾਂ ਦੀ ਰਵਾਲ, ਭਾਵ ਧੂੜ ਦੀ ਯਾਚਨਾ ਕਰਦਾ ਹੈ ਅਤੇ ਹੇ ਮੇਰੇ ਮਿਹਰਬਾਨ ਪਿਤਾ ਜੀਉ! ਆਪ ਦਾ ਇਹ ਦਾਸ ਨਾਨਕ ਆਪ ਤੋਂ ਇਹ ਦਾਨ ਭੀ ਮੰਗਦਾ ਹੈ ਕਿ ਹੇ ਮੇਰੇ ਮਾਲਿਕ! ਮੈਂ ਸਦਾ ਸਦਾ, ਭਾਵ ਸਵਾਸ ਸਵਾਸ ਹੀ ਆਪ ਜੀ ਦੇ ਨਾਮ ਦਾ ਸਿਮਰਨ ਕਰਦਾ ਰਹਾਂ। ਸੋ, ਪ੍ਰਭੂ ਮੈਨੂੰ ਇਹੋ ਦਾਨ ਦੇਵੋ ਜੀ।

ਗੁਰੂ ਪਿਆਰਿਓ! ਆਓ ਸ਼ਬਦ ਗੁਰੂ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਪੰਜਾਬ 'ਚ ਹੈਰਾਨੀ ਵਾਲੇ ਨਤੀਜੇ ਕੱਢ ਸਕਦਾ ਹੈ ਤੀਜਾ ਮੋਰਚਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ

ਪੰਜਾਬ ਹੁਣ ਵਿਧਾਨ ਸਭਾ ਚੋਣਾਂ ਦੇ ਗੇਅਰ ਵਿਚ ਪੈ ਚੁੱਕਾ ਹੈ। ਪਿਛਲੀਆਂ ਕਈ ਵਾਰੀਆਂ ਤੋਂ ਲੜਾਈ ਦੋ-ਧਿਰੀ ਹੁੰਦੀ ਸੀ ਪਰ ਇਸ ਵਾਰੀ ਵੱਡੀਆਂ ਧਿਰਾਂ ਭਾਵੇਂ ਅਜੇ ਤੱਕ ਨਹੀਂ ਮੰਨ ਰਹੀਆਂ, ਖਿੱਚੋਤਾਣ ਲਈ ਤਿੰਨ ਬਾਕਾਇਦਾ ਧਿਰਾਂ ਮੈਦਾਨ ਵਿਚ ਨਿੱਖਰ ਚੁੱਕੀਆਂ ਹਨ। ਇਕ ਤਾਂ ਹਾਕਮ ਅਕਾਲੀ-ਭਾਜਪਾ ਗੱਠਜੋੜ ਹੈ ਜਿਸ ਨੇ ਗੱਦੀ ਬਚਾਉਣ ਲਈ ਲੜਨਾ ਹੈ। ਦੂਜੀ ਕਾਂਗਰਸ ਪਾਰਟੀ ਹੈ ਜਿਸ ਦੇ ਲੀਡਰ ਇਹ ਸੋਚ ਕੇ ਚੱਲ ਰਹੇ ਹਨ ਕਿ ਕੰਮ ਕਰੀਏ ਜਾਂ ਨਾ ਕਰੀਏ, ਲੋਕਾਂ ਕੋਲ ਸਾਨੂੰ ਵੋਟਾਂ ਪਾਉਣ ਤੋਂ ਬਿਨਾਂ ਹੋਰ ਚਾਰਾ ਹੀ ਨਹੀਂ ਹੈ, ਇਸ ਲਈ ਅਸੀਂ ਕੁਰਸੀ ਸੰਭਾਲ ਹੀ ਲੈਣੀ ਹੈ। ਤੀਜੀ ਧਿਰ, ਚਾਰ ਪਾਰਟੀਆਂ ਦਾ ਉਹ ਸਾਂਝਾ ਮੋਰਚਾ ਹੈ ਜਿਸ ਵਿਚ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਵੀ ਹੈ, ਦੋਵੇਂ ਕਮਿਊਨਿਸਟ ਪਾਰਟੀਆਂ ਪਹਿਲਾਂ ਉਸ ਨਾਲ ਜੁੜ ਗਈਆਂ ਸਨ ਅਤੇ ਹੁਣ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠਲਾ ਲੌਂਗੋਵਾਲ ਅਕਾਲੀ ਦਲ ਵੀ ਆਣ ਰਲਿਆ ਹੈ। ਇਹ ਮੋਰਚਾ ਛੇ ਨਵੰਬਰ ਦੀ 'ਇੱਜ਼ਤ ਸੰਭਾਲ ਰੈਲੀ' ਤੋਂ ਚੋਣ ਮੁਹਿੰਮ ਦਾ ਅਸਲੀ ਆਗਾਜ਼ ਕਰੇਗਾ।

ਜਿੱਥੋਂ ਤੱਕ ਕਾਂਗਰਸ ਪਾਰਟੀ ਦੇ ਲੀਡਰਾਂ ਦੀ ਇਸ ਸੋਚ ਦਾ ਸਵਾਲ ਹੈ ਕਿ ਅਸੀਂ ਹੀ ਜਿੱਤਣਾ ਹੈ, ਲੋਕਾਂ ਕੋਲ ਹੋਰ ਕੋਈ ਬਦਲ ਹੀ ਨਹੀਂ; ਜਿਸ ਕਿਸੇ ਨੂੰ ਇਹ ਵਹਿਮ ਪੈ ਜਾਵੇ, ਉਸ ਦਾ ਪਾਰ ਲੰਘਣਾ ਸ਼ੱਕੀ ਹੋ ਜਾਂਦਾ ਹੈ। ਪਿਛਲੀ ਵਾਰੀ ਵੀ ਕਾਂਗਰਸ ਪਾਰਟੀ ਦੀ ਹਾਰ ਦਾ ਇਕ ਕਾਰਨ ਇਸੇ ਤਰ੍ਹਾਂ ਦਾ ਵਹਿਮ ਬਣਿਆ ਸੀ। ਉਦੋਂ ਪਾਰਟੀ ਦੇ ਅਗਵਾਨੂੰ ਧੜੇ ਨੂੰ ਇਹ ਜਾਪਦਾ ਸੀ ਕਿ ਮਾਲਵਾ ਅਸੀਂ ਹੂੰਝ ਲੈਣਾ ਹੈ ਤੇ ਦੋਆਬਾ ਸਾਡੀ ਜੇਬ ਵਿਚ ਪਹਿਲਾਂ ਹੈ; ਇਸ ਲਈ ਪਾਰਟੀ ਅੰਦਰਲੇ ਵਿਰੋਧੀ ਧੜੇ ਨੂੰ ਵੇਲੇ ਸਿਰ ਛਾਂਗ ਲਈਏ। ਛਾਂਗਣ ਦੀ ਇਸ ਖੇਡ ਵਿਚ ਦੋਵਾਂ ਧਿਰਾਂ ਨੇ ਇੰਨੀਆਂ ਸੀਟਾਂ ਇਕ ਦੂਜੇ ਦੀਆਂ ਹਰਾ ਦਿੱਤੀਆਂ ਕਿ ਨਤੀਜੇ ਵਜੋਂ ਦੋਵੇਂ ਧਿਰਾਂ ਕੁਰਸੀਆਂ ਤੇ ਝੰਡੀ ਵਾਲੀਆਂ ਕਾਰਾਂ ਗੁਆ ਕੇ ਸੜਕ ਸਵਾਰ ਹੋ ਗਈਆਂ ਸਨ। ਇਸ ਵਾਰ ਵੀ ਦੋਵੇਂ ਧੜੇ ਇਹੋ ਕੁਝ ਕਰ ਰਹੇ ਹਨ। ਗੁਆਂਢੀ ਸੂਬੇ ਹਰਿਆਣੇ ਵਿਚ ਹਿਸਾਰ ਲੋਕ ਸਭਾ ਹਲਕੇ ਦੀ ਚੋਣ ਵਿਚ ਕਾਂਗਰਸ ਦੀ ਹਾਰ ਤੋਂ ਬਾਅਦ ਉਥੋਂ ਵਾਲੇ ਕਾਂਗਰਸੀ ਇਕ-ਦੂਜੇ ਦੀਆਂ ਸ਼ਿਕਾਇਤਾਂ ਲੈ ਕੇ ਸੋਨੀਆ ਗਾਂਧੀ ਵੱਲ ਇੰਜ ਦੌੜ ਰਹੇ ਹਨ ਜਿਵੇਂ ਪ੍ਰਾਇਮਰੀ ਸਕੂਲ ਦੇ ਬੱਚੇ ਕਿਸੇ ਟੀਚਰ ਵੱਲ ਦੌੜਦੇ ਦੇਖੇ ਜਾਂਦੇ ਹਨ। ਹੁਣ ਵਾਲੀ ਹਾਲਤ ਬਣੀ ਰਹੀ ਤਾਂ ਅਗਲੇ ਸਾਲ ਪੰਜਾਬ ਦੇ ਕਾਂਗਰਸੀ ਵੀ ਦਿੱਲੀ ਨੂੰ ਇਹੋ ਦੌੜਾਂ ਲਾਉਂਦੇ ਦਿੱਸਣਗੇ।

ਇਸ ਪਾਰਟੀ ਦੀ ਗੁੱਟਬੰਦੀ ਦਾ ਇਕ ਪ੍ਰਗਟਾਵਾ ਇਹ ਸੀ ਕਿ ਜਲੰਧਰ ਦੇ ਇਕ ਨਿਗੂਣੇ ਜਿਹੇ ਕਾਂਗਰਸੀ ਨੇ ਕਿਸੇ ਗੈਰ-ਸਿੱਖ, ਫਿਰ ਸਿੱਧੇ ਸ਼ਬਦਾਂ ਵਿਚ 'ਹਿੰਦੂ' ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਏ ਜਾਣ ਦੀ ਗੱਲ ਤੋਰ ਦਿੱਤੀ। ਪੰਜਾਬ ਵਿਚ ਪਾਰਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਡਿਸਿਪਲਿਨ ਦਾ ਡੰਡਾ ਚੁੱਕਿਆ ਤਾਂ ਉਸ ਜਲੰਧਰੀਏ ਕਾਂਗਰਸੀ ਨੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਦੇ ਸਿਰ ਭਾਂਡਾ ਭੰਨ ਦਿੱਤਾ ਕਿ ਉਸ ਨੇ ਇਹ ਬਿਆਨ ਦਿਵਾਇਆ ਹੈ। ਫਿਰ ਦਿੱਲੀ ਤੋਂ ਆ ਕੇ ਬੂਟਾ ਸਿੰਘ ਨੇ ਇਹ ਬਿਆਨ ਦਾਗ ਦਿੱਤਾ ਕਿ ਕਿਸੇ ਦਲਿਤ ਨੂੰ ਅਗਲੀ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਾਉਣਾ ਚਾਹੀਦਾ ਹੈ। ਆਪਣੇ ਆਪ ਨੂੰ ਦਲਿਤਾਂ ਦਾ ਸਭ ਤੋਂ ਵੱਡਾ ਕਾਂਗਰਸੀ ਲੀਡਰ ਮੰਨਣ ਵਾਲੇ ਬੂਟਾ ਸਿੰਘ ਨੂੰ ਦਲਿਤਾਂ ਦੀ ਭਲਾਈ ਵਾਲੇ ਕਮਿਸ਼ਨ ਦਾ ਚੇਅਰਮੈਨ ਲਾਇਆ ਗਿਆ ਤਾਂ ਉਸ ਦਾ ਪੁੱਤਰ ਇਸ ਗੱਲ ਵਿਚ ਗ੍ਰਿਫਤਾਰ ਹੋ ਗਿਆ ਸੀ ਕਿ ਉਹ ਬਾਪ ਕੋਲ ਆਈਆਂ ਸ਼ਿਕਾਇਤਾਂ ਦੇ ਨਿਬੇੜੇ ਦੇ ਕਰੋੜਾਂ ਦੇ ਸੌਦੇ ਆਪ ਮਾਰ ਲੈਂਦਾ ਸੀ। ਹੁਣ ਬੂਟਾ ਸਿੰਘ ਦੀ ਮੰਗ ਦਲਿਤ ਨੂੰ ਮੁੱਖ ਮੰਤਰੀ ਬਣਾਉਣ ਤੋਂ ਤੁਰਨੀ ਹੈ ਤੇ ਫਿਰ ਆਪਣੇ ਦੋ ਜਾਂ ਤਿੰਨ ਪੱਕੇ ਬੰਦਿਆਂ ਲਈ ਸੀਟਾਂ ਮੰਗਣ ਉੱਤੇ ਪਹੁੰਚ ਕੇ ਮੁੱਕ ਜਾਣੀ ਹੈ ਪਰ ਇਸ ਨਾਲ ਪਾਰਟੀ ਅੱਗੇ ਕੰਡੇ ਬੀਜਣ ਦਾ ਕੰਮ ਸ਼ੁਰੂ ਹੋ ਗਿਆ ਹੈ।

ਕਮਿਊਨਿਸਟਾਂ ਨੂੰ ਨਾਲ ਲੈ ਕੇ ਤੁਰੇ ਹੋਏ ਮਨਪ੍ਰੀਤ ਸਿੰਘ ਬਾਦਲ ਦੀ ਸੁਰਜੀਤ ਸਿੰਘ ਬਰਨਾਲਾ ਨਾਲ ਢੋਅ ਜੁੜਨ ਦਾ ਪੰਜਾਬ ਦੀ ਰਾਜਨੀਤੀ ਉੱਤੇ ਇਕ ਦਮ ਚੋਖਾ ਅਸਰ ਪਿਆ ਹੈ। ਇਹ ਧਿਰ ਹੁਣ ਹਰ ਕਿਸੇ ਨੂੰ ਮੁਕਾਬਲੇ ਵਿਚ ਦਿਸ ਰਹੀ ਹੈ। ਛੇ ਨਵੰਬਰ ਨੂੰ ਇਸ ਵੱਲੋਂ ਵੱਡੀ ਰੈਲੀ ਢੁੱਡੀਕੇ ਵਿਚ ਕੀਤੀ ਜਾਣੀ ਹੈ ਜਿਹੜਾ ਲਾਲਾ ਲਾਜਪਤ ਰਾਏ ਦਾ ਪਿੰਡ ਹੈ। ਦੋ ਵੱਡੀਆਂ ਰੈਲੀਆਂ ਕਰ ਕੇ ਆਪਣੀ ਤਾਕਤ ਦਾ ਦਿਖਾਵਾ ਮਨਪ੍ਰੀਤ ਸਿੰਘ ਬਾਦਲ ਪਹਿਲਾਂ ਕਰ ਚੁੱਕਾ ਹੈ। ਮੁਕਤਸਰ ਵਿਚ ਮਾਘੀ ਦੇ ਮੇਲੇ ਮੌਕੇ ਉਸ ਨੇ ਆਪਣਾ ਪੰਡਾਲ ਅਕਾਲੀ-ਭਾਜਪਾ ਦੇ ਬਿਲਕੁਲ ਸਾਹਮਣੇ ਲਾਇਆ ਸੀ ਤੇ ਇਸ ਦੀ ਭੀੜ ਉਨ੍ਹਾਂ ਤੋਂ ਵੱਧ ਸਾਰੀਆਂ ਅਖਬਾਰਾਂ ਦੇ ਪੱਤਰਕਾਰਾਂ ਨੇ ਮੰਨੀ ਸੀ। ਸ਼ਾਇਦ ਇਸ ਭੀੜ ਦਾ ਅਸਰ ਹੀ ਸੀ ਕਿ ਉਸ ਮੌਕੇ ਸਭ ਤੋਂ ਉੱਖੜੀ ਹੋਈ ਤਕਰੀਰ ਸੁਖਬੀਰ ਸਿੰਘ ਬਾਦਲ ਦੀ ਸੁਣੀ ਗਈ ਸੀ। ਤਕਰੀਰ ਕਰਦਾ ਉਹ ਇੰਨਾ ਉੱਖੜ ਗਿਆ ਕਿ ਤਿੰਨ ਵਾਰੀ ਉਸ ਦੇ ਮੂੰਹੋਂ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਲਈ 'ਪਿਤਾ ਜੀ' ਦੀ ਬਜਾਏ 'ਪਿਤਾ ਸਮਾਨ' ਕਿਹਾ ਗਿਆ। ਪਿੱਛੋਂ ਜਦੋਂ ਖੁਦ ਬਾਦਲ ਸਾਹਿਬ ਤਕਰੀਰ ਕਰਨ ਆਏ ਤਾਂ ਉਨ੍ਹਾਂ ਨੇ ਹਾਸੇ ਦੇ ਰੌਂਅ ਵਿਚ ਇਹ ਕਹਿ ਕੇ ਗੱਲ ਟਾਲੀ ਸੀ ਕਿ 'ਸੁਖਬੀਰ ਸਿੰਹਾਂ, ਮੈਂ ਪਿਤਾ ਸਮਾਨ ਨਹੀਂ, ਮੈਂ ਤੇਰਾ ਪਿਤਾ ਹੀ ਹਾਂ।' ਉਸ ਦੇ ਪਿੱਛੋਂ ਤੇਈ ਮਾਰਚ ਆ ਗਈ ਜਿਸ ਮੌਕੇ ਖਟਕੜ ਕਲਾਂ ਵਿਚ ਅਕਾਲੀ-ਭਾਜਪਾ ਦੇ ਮੁਕਾਬਲੇ ਕਾਂਗਰਸ ਪਾਰਟੀ ਦੀ ਰੈਲੀ ਵੱਡੀ ਸੀ ਪਰ ਮਨਪ੍ਰੀਤ ਸਿੰਘ ਬਾਦਲ ਦੀ ਜਿਹੜੀ ਰੈਲੀ ਚਾਰ ਦਿਨ ਪਿੱਛੋਂ ਕੀਤੀ ਗਈ, ਉਹ ਇਨ੍ਹਾਂ ਦੋਵਾਂ ਦੇ ਜੋੜ ਨਾਲੋਂ ਵੀ ਢਾਈ ਗੁਣੀ ਵੱਡੀ ਹੋ ਗਈ ਸੀ। ਜਿੰਨਾ ਥਾਂ ਉਸ ਨੇ ਰੈਲੀ ਵਾਸਤੇ ਲਿਆ ਸੀ, ਉਸ ਦੇ ਨਾਲ ਦੇ ਖੇਤਾਂ ਵਿਚ ਇਕ ਦਿਨ ਪਹਿਲਾਂ ਪਾਣੀ ਵੀ ਛਡਵਾ ਦਿੱਤਾ ਗਿਆ ਸੀ ਪਰ ਇਸ ਨਾਲ ਲੋਕਾਂ ਦੇ ਜੋਸ਼ ਨੂੰ ਫਰਕ ਨਹੀਂ ਸੀ ਪਿਆ ਸਗੋਂ ਰੋਸ ਹੋਰ ਵੱਧ ਭਰ ਗਿਆ ਸੀ। ਹੁਣ ਜਦੋਂ ਉਹ ਢੁੱਡੀਕੇ ਵਿਚ ਰੈਲੀ ਕਰਨ ਜਾ ਰਹੇ ਹਨ, ਪਾਰਟੀ ਵੀ ਇਕ ਨਹੀਂ, ਚਾਰ ਹੋ ਗਈਆਂ ਹਨ, ਤਾਂ ਇਸ ਦੇ ਇਕੱਠ ਬਾਰੇ ਹੁਣੇ ਤੋਂ ਅੰਦਾਜ਼ੇ ਇਹੋ ਜਿਹੇ ਲਾਏ ਜਾ ਰਹੇ ਹਨ ਕਿ ਇਸ ਨੇ ਦੋਵਾਂ ਦੂਜੀਆਂ ਰਾਜਸੀ ਧਿਰਾਂ ਦੀ ਨੀਂਦ ਉਡਾ ਦਿੱਤੀ ਹੈ।

ਕਾਂਗਰਸ ਪਹਿਲਾਂ ਇਹ ਸਮਝਦੀ ਸੀ ਕਿ ਇਹ ਤੀਸਰੀ ਧਿਰ ਸਿਰਫ ਰਾਜ ਕਰਦੇ ਗੱਠਜੋੜ ਨੂੰ ਖੋਰਾ ਲਾਵੇਗੀ। ਦੂਜੇ ਪਾਸੇ ਅਕਾਲੀ-ਭਾਜਪਾ ਦੇ ਕੁਝ ਆਗੂ, ਖਾਸ ਕਰ ਕੇ ਸੁਖਬੀਰ ਸਿੰਘ ਬਾਦਲ ਅਤੇ ਉਸ ਦੇ ਜੋਟੀਦਾਰ, ਇਸ ਸੋਚ ਨਾਲ ਖੁਸ਼ ਸਨ ਕਿ ਜਿੰਨੇ ਕੁ ਲੋਕ ਸਾਥੋਂ ਨਾਰਾਜ਼ ਸਨ, ਉਹ ਕਾਂਗਰਸ ਦੇ ਖਾਤੇ ਨਹੀਂ ਪੈਣਗੇ ਤੇ ਨਵੀਂ ਧਿਰ ਪਿੱਛੇ ਜਾਣ ਦਾ ਓਨਾ ਨੁਕਸਾਨ ਸਾਨੂੰ ਨਹੀਂ ਹੋਣ ਲੱਗਾ ਜਿੰਨਾ ਕਾਂਗਰਸ ਪਾਰਟੀ ਨੂੰ ਹੋ ਜਾਣਾ ਹੈ। ਕਾਂਗਰਸ ਨੂੰ ਸਾਡੇ ਵੱਲੋਂ ਮੋੜਾ ਕੱਟ ਰਹੀ ਵੋਟ ਨਹੀਂ ਮਿਲ ਸਕਣੀ ਤੇ ਇੱਧਰ ਦੀ ਪਾਸੇ-ਪਾਸੇ ਨਿਕਲ ਜਾਣੀ ਹੈ। ਹੁਣ ਦੋਵਾਂ ਪਾਸਿਆਂ ਦੇ ਆਗੂ ਮੰਨਣ ਲੱਗ ਪਏ ਹਨ ਕਿ ਤਲਵਾਰ ਦੋ-ਧਾਰੀ ਹੈ ਅਤੇ ਇਸ ਨੇ ਇਕ ਦਾ ਆਧਾਰ ਨਹੀਂ ਖੋਹਣਾ, ਦੋਵਾਂ ਤੋਂ ਹਿੱਸਾ ਵੰਡਾ ਲੈਣਾ ਹੈ।

ਇਸ ਦਾ ਕਾਰਨ ਸਮਝਣਾ ਚਾਹੀਦਾ ਹੈ। ਬਹੁਤ ਸਾਰੇ ਲੋਕ ਪੰਜਾਬ ਵਿਚ ਇਹੋ ਜਿਹੇ ਹਨ ਜਿਨ੍ਹਾਂ ਦੇ ਹੱਡਾਂ ਵਿਚ ਕਾਂਗਰਸ ਦਾ ਵਿਰੋਧ ਸਮਾਇਆ ਹੋਣ ਕਰ ਕੇ ਕਿਸੇ ਵੀ ਹਾਲਤ ਉਸ ਦੇ ਹੱਕ ਵਿਚ ਭੁਗਤਣ ਦੀ ਥਾਂ ਉਸ ਦੇ ਹਰ ਵਿਰੋਧੀ ਵੱਲ ਉੱਲਰ ਜਾਂਦੇ ਹਨ। ਉਹ ਕਾਂਗਰਸ ਵਿਰੋਧੀ ਮਾਨਸਿਕਤਾ ਦੇ ਤਾਂ ਹਨ ਪਰ ਅਕਾਲੀ-ਭਾਜਪਾ ਦੇ ਪੱਕੇ ਸਮੱਰਥਕ ਨਹੀਂ। ਇਸ ਕਰ ਕੇ ਇਸ ਵਾਰੀ ਉਧਰ ਜਾਣ ਦੀ ਬਜਾਏ ਤੀਜੇ ਪਾਸੇ ਵੱਲ ਮੁੜਨ ਦਾ ਪ੍ਰਭਾਵ ਦੇ ਰਹੇ ਹਨ। ਇੰਜ ਹੀ ਕਈ ਲੋਕ ਦੂਜੇ ਪਾਸੇ ਵੀ ਹਨ ਜਿਹੜੇ ਫਿਰਕਾਪ੍ਰਸਤੀ ਦੇ ਦੋਸ਼ਾਂ ਕਾਰਨ ਨਾ ਸਾਰੀ ਉਮਰ ਅਕਾਲੀ ਦਲ ਨੂੰ ਵੋਟ ਪਾ ਸਕੇ ਹਨ, ਨਾ ਭਾਰਤੀ ਜਨਤਾ ਪਾਰਟੀ ਨੂੰ ਤੇ ਕਾਂਗਰਸ ਪਾਰਟੀ ਨਾਲ ਭੁਗਤਣਾ ਉਨ੍ਹਾਂ ਦੀ ਮਜਬੂਰੀ ਬਣਿਆ ਰਿਹਾ ਹੈ। ਇਸ ਵਾਰੀ ਉਨ੍ਹਾਂ ਨੂੰ ਵੀ ਇਕ ਇਹੋ ਜਿਹਾ ਬਦਲ ਲੱਭਣ ਵਾਲਾ ਹੈ ਜਿਹੜਾ ਫਿਰਕੂ ਸੋਚ ਨੂੰ ਕਾਂਗਰਸ ਵਾਂਗ ਆਪਣੇ ਹਿੱਤਾਂ ਲਈ ਵਰਤਣ ਵਾਲਾ ਨਹੀਂ ਹੋਵੇਗਾ। ਨਤੀਜੇ ਵਜੋਂ ਇਸ ਵਾਰੀ ਦਾ ਚੋਣ ਘੋਲ ਪੰਜਾਬ ਦੇ ਲੋਕਾਂ ਨੂੰ ਬੜੇ ਵੱਖਰੇ ਰੰਗ ਵਿਚ ਕਤਾਰਬੰਦ ਹੁੰਦਾ ਪੇਸ਼ ਕਰ ਸਕਦਾ ਹੈ। ਜਿਹੜੀ ਗੱਲ ਪੰਜਾਬ ਦੇ ਘਰ-ਘਰ ਵਿਚ ਮਹਿਸੂਸ ਕੀਤੀ ਜਾ ਰਹੀ ਹੈ ਤੇ ਕਾਂਗਰਸੀ ਅਤੇ ਅਕਾਲੀ-ਭਾਜਪਾ ਵਾਲੇ ਸਾਰੇ ਆਗੂ ਅੱਖੋਂ ਪਰੋਖੇ ਕਰਦੇ ਰਹੇ ਹਨ, ਉਹ ਬਦਅਮਨੀ ਤੇ ਨਸ਼ਿਆਂ ਦਾ ਤੇਜ਼ ਹੋਇਆ ਵਹਿਣ ਹੈ। ਦੋਵਾਂ ਦੇ ਮਾਮਲੇ ਵਿਚ ਦੋਵੇਂ ਧਿਰਾਂ ਇਕੋ ਜਿਹੀਆਂ ਜ਼ਿੰਮੇਵਾਰ ਮੰਨੀਆਂ ਜਾਂਦੀਆਂ ਹਨ। ਲੋਕ ਜਾਣਦੇ ਹਨ ਕਿ ਅਕਾਲੀ-ਭਾਜਪਾ ਦੇ ਰਾਜ ਵਿਚ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਬੰਦੇ ਇਨ੍ਹਾਂ ਦੀਆਂ ਝੰਡੀ ਵਾਲੀਆਂ ਕਾਰਾਂ ਵਿਚ ਮਾਲ ਲਈ ਫਿਰਦੇ ਹਨ ਤੇ ਜਦੋਂ ਰਾਜ ਕਾਂਗਰਸ ਦਾ ਹੋਵੇ ਤਾਂ ਕਾਂਗਰਸੀ ਵਜ਼ੀਰਾਂ ਦੀ ਉਨ੍ਹਾਂ ਨਾਲ ਸਾਂਝ ਹੁੰਦੀ ਹੈ। ਇਹੋ ਜਿਹੇ ਲੋਕ ਆਪਣਾ ਧੰਦਾ ਚਲਾਉਂਦੇ ਹੋਏ ਦੋਵਾਂ ਮੁੱਖ ਧਿਰਾਂ ਲਈ ਦਸਵੰਧ ਕੱਢਦੇ ਹਨ, ਪਰ ਫਰਕ ਇੰਨਾ ਕੁ ਹੁੰਦਾ ਹੈ ਕਿ ਰਾਜ ਕਰਨ ਵਾਲੀ ਧਿਰ ਦੇ ਆਗੂ ਨੂੰ ਉਸ ਦਸਵੰਧ ਵਿਚੋਂ ਸੱਠ ਫੀਸਦੀ ਹਿੱਸਾ ਭੇਜਿਆ ਜਾਂਦਾ ਹੈ ਤੇ ਵਿਰੋਧੀ ਧਿਰ ਵਾਲੇ ਦਾ ਚਾਲੀ ਫੀਸਦੀ ਭੇਜ ਕੇ ਇਹ ਆਸ ਰੱਖੀ ਜਾਂਦੀ ਹੈ ਕਿ ਜੇ ਕੱਲ੍ਹ ਨੂੰ ਇਨ੍ਹਾਂ ਦੀ ਸਰਕਾਰ ਆ ਗਈ ਤਾਂ ਕੰਮ ਕਰਵਾਈ ਜਾਵੇਗਾ। ਮੂੰਹ ਖਾਂਦਾ ਤੇ ਅੱਖਾਂ ਸ਼ਰਮਾਉਂਦੀਆਂ ਹੋਣ ਕਰ ਕੇ ਇਨ੍ਹਾਂ ਦੋਵਾਂ ਪਾਰਟੀਆਂ ਦੇ ਲੀਡਰ ਜਿਨ੍ਹਾਂ ਬਿਮਾਰੀਆਂ ਨੂੰ ਫੈਲਾਉਣ ਵਾਲਾ ਕੰਮ ਕਰੀ ਜਾਂਦੇ ਹਨ, ਉਹ ਅਜੇ ਤੱਕ ਤੀਜੀ ਧਿਰ ਵਾਲਿਆਂ ਵਿਚੋਂ ਕਿਸੇ ਦੇ ਨਾਂ ਨਹੀਂ ਲੱਗੀਆਂ।

ਕਤਲ ਦੇ ਕੇਸ ਪਿਛਲੇ ਸਮੇਂ ਵਿਚ ਬਹੁਤ ਵਧ ਗਏ ਹਨ ਜਿਨ੍ਹਾਂ ਦਾ ਇਕ ਪੱਖ ਇਹ ਹੈ ਕਿ ਇਨ੍ਹਾਂ ਦੀ ਜ਼ਿੰਮੇਵਾਰੀ ਇਸ ਵਕਤ ਰਾਜਸੀ ਧਿਰਾਂ ਉੱਤੇ ਪੈਣ ਲੱਗੀ ਹੈ। ਕਈ ਕਤਲ ਰਾਜਸੀ ਪਰਵਾਰਾਂ, ਵਿਧਾਇਕਾਂ ਦੇ ਘਰਾਂ ਦੇ ਜੀਆਂ ਜਾਂ ਹੋਰ ਅਹੁਦੇਦਾਰਾਂ ਵੱਲੋਂ ਕੀਤੇ ਗਏ ਹਨ ਪਰ ਪੁਲਿਸ ਨੇ ਠੋਸ ਕਾਰਵਾਈ ਇਸ ਲਈ ਨਹੀਂ ਕੀਤੀ ਕਿ ਕਾਤਲਾਂ ਦਾ ਸਬੰਧ ਰਾਜ ਕਰਦੀ ਧਿਰ ਨਾਲ ਜੁੜਦਾ ਸੀ। ਜਿੱਥੇ ਕਾਰਵਾਈ ਕੀਤੀ ਵੀ ਗਈ, ਅੱਧੇ ਮਨੋਂ ਕੀਤੀ ਗਈ ਹੈ। ਪੰਜਾਬ ਦੇ ਲੋਕਾਂ ਨੂੰ ਇਹ ਗੱਲ ਚੁਭਦੀ ਹੈ ਪਰ ਰਾਜ ਕਰਨ ਵਾਲੀ ਧਿਰ ਨੂੰ ਇਨ੍ਹਾਂ ਕਾਤਲਾਂ ਦਾ ਅਪਰਾਧੀ ਹੋਣਾ ਬੁਰਾ ਮਹਿਸੂਸ ਨਹੀਂ ਹੁੰਦਾ ਸਗੋਂ ਇਹ ਸਮਝਿਆ ਜਾ ਰਿਹਾ ਹੈ ਕਿ 'ਬੰਦੇ ਜੁਰਅੱਤ ਵਾਲੇ ਹਨ, ਚੋਣਾਂ ਵਿਚ ਕੰਮ ਆਉਣਗੇ।'

ਇਸ ਵਕਤ ਜੇ ਕਿਸੇ ਧਿਰ ਦਾ ਦੂਜੀਆਂ ਸਾਰੀਆਂ ਨਾਲੋਂ ਲੋਕਾਂ ਵਿਚ ਮਾੜਾ ਅਕਸ ਹੈ ਤਾਂ ਉਹ ਅਕਾਲੀ-ਭਾਜਪਾ ਗੱਠਜੋੜ ਹੀ ਹੈ। ਆਏ ਦਿਨ ਕਚਹਿਰੀਆਂ ਵਿਚ ਇਸ ਦੇ ਸਕੈਂਡਲ ਪੇਸ਼ ਕੀਤੇ ਜਾ ਰਹੇ ਹਨ। ਰਾਜ ਦੀ ਟਰਾਂਸਪੋਰਟ ਨੀਤੀ, ਮੁੱਖ ਮੰਤਰੀ ਦੇ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਦੀ ਕਮਾਈ ਵਧਾਉਣ ਲਈ ਜਿਵੇਂ ਛਾਂਗੀ ਗਈ ਹੈ, ਉਸ ਦਾ ਜਵਾਬ ਦੇਣਾ ਇਨ੍ਹਾਂ ਲਈ ਔਖਾ ਹੋਇਆ ਪਿਆ ਹੈ। ਪੁਲਿਸ ਵਿਚ ਈਮਾਨਦਾਰ ਬੰਦੇ ਖੂੰਜੇ ਲਾ ਕੇ ਦਾਗੀ ਅਤੇ ਅਦਾਲਤਾਂ ਤੋਂ ਸਜ਼ਾ ਹੋ ਚੁੱਕੇ, ਪੁਲਿਸ ਅਫਸਰ ਜਿਵੇਂ ਮਲਾਈਦਾਰ ਕੁਰਸੀਆਂ ਉੱਤੇ ਬਿਠਾਏ ਹੋਏ ਹਨ, ਉਹ ਵੀ ਇਸ ਗੱਠਜੋੜ ਨੂੰ ਲੋਕਾਂ ਦੀ ਕਚਹਿਰੀ ਵਿਚ ਸ਼ਰਮਿੰਦਾ ਕਰਨ ਦਾ ਕਾਰਨ ਬਣ ਰਹੇ ਹਨ। ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਜਿਵੇਂ ਰੋਜ਼ ਕੁਟਾਪਾ ਚਾੜ੍ਹਿਆ ਜਾ ਰਿਹਾ ਹੈ ਅਤੇ ਕਈ ਥਾਂ ਪੁਲਿਸ ਨੂੰ ਪਿੱਛੇ ਕਰ ਕੇ ਜਾਣੇ-ਪਛਾਣੇ ਅਕਾਲੀ ਜਥੇਦਾਰਾਂ ਨੇ ਆਪ ਇਹ 'ਕਾਰਜ' ਸਿਰੇ ਚਾੜ੍ਹਿਆ ਹੈ, ਉਸ ਤੋਂ ਵੀ ਲੋਕਾਂ ਵਿਚ ਰੋਹ ਪੈਦਾ ਹੋ ਰਿਹਾ ਹੈ। ਬਠਿੰਡੇ ਵਿਚ ਇਕ ਸਮਾਗਮ ਮੌਕੇ ਮੁਜ਼ਾਹਰਾ ਕਰ ਰਹੀਆਂ ਕੁੜੀਆਂ ਨੂੰ ਚਪੇੜਾਂ ਮਾਰਦਾ ਇਕ ਸਾਬਕਾ ਅਕਾਲੀ ਮੰਤਰੀ ਅਗਲੇ ਦਿਨ ਦੀਆਂ ਅਖਬਾਰਾਂ ਦੇ ਪਹਿਲੇ ਸਫੇ ਉੱਤੇ ਛਪ ਚੁੱਕਾ ਹੈ। ਬੀਤੇ ਹਫਤੇ ਇਕ ਅਕਾਲੀ ਸਰਪੰਚ ਨੇ ਆਪਣੇ ਕਿਰਦਾਰ ਦੀ ਕਾਲਖ ਛੁਪਾਉਣ ਲਈ ਇਕ ਅਧਿਆਪਕ ਨੂੰ ਫੜ ਕੇ ਉਸ ਦੇ ਗਲ਼ ਛਿੱਤਰਾਂ ਦਾ ਹਾਰ ਪਾ ਕੇ ਕੁੱਟ-ਮਾਰ ਕਰਦਿਆਂ ਪਿੰਡ ਵਿਚ ਘੁੰਮਾਉਣਾ ਸ਼ੁਰੂ ਕੀਤਾ ਤਾਂ ਪਿੰਡ ਅਤੇ ਆਸ-ਪਾਸ ਦੇ ਲੋਕਾਂ ਨੇ ਲੜ ਕੇ ਛੁਡਾਇਆ ਸੀ। ਲੋਕਾਂ ਨੇ ਰੋਸ ਵਜੋਂ ਸਰਪੰਚ ਦੀ ਕਾਰ ਵੀ ਸਾੜ ਦਿੱਤੀ ਸੀ। ਇਸ ਦੇ ਪਿੱਛੋਂ ਵੀ ਪੁਲਿਸ ਨੇ ਓਨੀ ਦੇਰ ਤੱਕ ਉਸ ਸਰਪੰਚ ਨੂੰ ਹੱਥ ਨਹੀਂ ਸੀ ਪਾਇਆ, ਜਿੰਨੀ ਦੇਰ ਸਰਕਾਰ ਦੇ ਵੱਡੇ ਪਰਿਵਾਰ ਤੋਂ ਇਸ ਦੀ ਹਰੀ ਝੰਡੀ ਨਹੀਂ ਸੀ ਲੈ ਲਈ। ਕੀ ਇਹ ਸਾਰਾ ਕੁਝ ਲੋਕ ਨਹੀਂ ਦੇਖਦੇ? ਤੀਜੇ ਮੋਰਚੇ ਨੇ ਜਦੋਂ ਢੁੱਡੀਕੇ ਪਿੰਡ ਦੀ ਰੈਲੀ ਦਾ ਨਾਂ 'ਇੱਜ਼ਤ ਸੰਭਾਲ ਰੈਲੀ' ਰੱਖਿਆ ਹੈ ਤਾਂ ਇਹ ਨਾਹਰਾ ਉਨ੍ਹਾਂ ਸਭ ਲੋਕਾਂ ਨੂੰ ਖਿੱਚ ਪਾ ਰਿਹਾ ਹੈ ਜਿਨ੍ਹਾਂ ਦੀ ਅਣਖ ਨੂੰ ਇਸ ਸਰਕਾਰ ਦੌਰਾਨ ਪੁਲਿਸ ਜਾਂ ਨੀਲੀ ਦਸਤਾਰ ਵਾਲਿਆਂ ਨੇ ਇਸ ਤਰ੍ਹਾਂ ਚੋਟ ਪਹੁੰਚਾਈ ਹੈ।

ਅਜੇ ਚੋਣਾਂ ਦਾ ਐਲਾਨ ਨਹੀਂ ਹੋਇਆ ਪਰ ਇਹ ਸਵਾਲ ਹੁਣੇ ਪੁੱਛਿਆ ਜਾਣ ਲੱਗਾ ਹੈ ਕਿ ਅਗਲੀ ਵਾਰੀ ਸਰਕਾਰ ਬਣਾ ਲੈਣ ਦਾ ਦਾਅਵਾ ਜਿਵੇਂ ਅਕਾਲੀ-ਭਾਜਪਾ ਗੱਠਜੋੜ ਵੱਲੋਂ ਕੀਤਾ ਜਾ ਰਿਹਾ ਹੈ, ਉਸ ਵਿਚ ਕਿੰਨਾ ਕੁ ਦਮ ਮੰਨਿਆ ਜਾਣਾ ਚਾਹੀਦਾ ਹੈ? ਇਸ ਸਬੰਧ ਵਿਚ ਇਕ ਪੈਮਾਨਾ ਵਰਤਿਆ ਜਾ ਸਕਦਾ ਹੈ। ਅਕਾਲੀ ਦਲ ਨੇ ਭਾਵੇਂ ਇੱਦਾਂ ਦਾ ਕੋਈ ਵੀ ਕੰਮ ਨਹੀਂ ਕੀਤਾ ਕਿ ਪਿਛਲੀ ਵਾਰੀ ਦੀਆਂ ਪੰਜਤਾਲੀ ਸੀਟਾਂ ਨੂੰ ਖੋਰਾ ਲੱਗਣ ਤੋਂ ਬਚਿਆ ਰਹੇ, ਪਰ ਜੇ ਫਿਰ ਵੀ ਇਹ ਮੰਨ ਲਿਆ ਜਾਵੇ ਕਿ ਉਸ ਦੀਆਂ ਪੰਜਤਾਲੀ ਸੀਟਾਂ ਕਾਇਮ ਰਹਿ ਜਾਣਗੀਆਂ ਤਾਂ ਪੰਜਤਾਲੀ ਨਾਲ ਸਰਕਾਰ ਨਹੀਂ ਬਣਦੀ ਹੁੰਦੀ। ਸਰਕਾਰ ਬਣਾਉਣ ਲਈ ਉਨਾਹਠ ਵਿਧਾਇਕ ਚਾਹੀਦੇ ਹਨ ਤੇ ਪਿਛਲੀ ਵਾਰੀ ਉਹ ਭਾਜਪਾ ਦੇ ਉੱਨੀ ਵਿਧਾਇਕ ਜੋੜ ਕੇ ਬਣੇ ਸਨ। ਇਸ ਵਾਰੀ ਭਾਜਪਾ ਵਾਲੇ ਆਪ ਮੰਨਦੇ ਹਨ ਕਿ ਦੋ ਸੀਟਾਂ ਤੋਂ ਵੱਧ ਦੀ ਉਨ੍ਹਾਂ ਨੂੰ ਉਮੀਦ ਨਹੀਂ ਜਾਪਦੀ। ਫਿਰ ਉਨਾਹਠ ਸੀਟਾਂ ਕਿੱਥੋਂ ਹੋਣੀਆਂ ਹਨ ਤੇ ਸਰਕਾਰ ਕਾਹਦੇ ਨਾਲ ਬਣਨੀ ਹੈ? ਜਦੋਂ ਇਹੋ ਜਿਹਾ ਹਾਲ ਸਰਕਾਰ ਚਲਾਉਣ ਵਾਲਿਆਂ ਦਾ ਹੋਵੇ ਅਤੇ ਉਨ੍ਹਾਂ ਦੇ ਵਿਰੋਧ ਦੀ ਮੁੱਖ ਧਿਰ ਕਾਂਗਰਸ ਪਾਰਟੀ ਘਰ ਦੇ ਕਲੇਸ਼ ਵਿਚ ਇਕ ਦੂਜੇ ਦੇ ਗਿੱਟੇ ਸੇਕਣ ਰੁੱਝੀ ਹੋਈ ਹੋਵੇ, ਉਦੋਂ ਨਵੇਂ ਉੱਸਰ ਰਹੇ ਮੋਰਚੇ ਤੋਂ ਲੋਕਾਂ ਦਾ ਨਵੀਂ ਉਡਾਣ ਦੀ ਆਸ ਰੱਖਣਾ ਹੈਰਾਨੀਜਨਕ ਨਤੀਜੇ ਵੀ ਪੇਸ਼ ਕਰ ਸਕਦਾ ਹੈ।



# ਸਾਮਰਾਜੀਆਂ ਲਈ ਵੰਗਾਰ ਬਣੇ ਤਾਨਾਸ਼ਾਹ ਗਦਾਫ਼ੀ ਦਾ ਅੰਤ

**ਸਿਰਤੇ:** ਅਮਰੀਕਾ ਨੂੰ ਵੰਗਾਰਨ ਵਾਲਾ ਗੱਦੀਓਂ ਲੱਥਾ ਤਾਨਾਸ਼ਾਹ ਸ਼ਾਸਕ ਕਰਨਲ ਮੁਅੱਮਰ ਗਦਾਫ਼ੀ ਜਿਸ ਨੇ ਚਾਰ ਦਹਾਕਿਆਂ ਤੋਂ ਵੱਧ ਸਮਾਂ ਦੇਸ਼ 'ਤੇ ਹਕੂਮਤ ਕੀਤੀ, ਆਖਿਰਕਾਰ ਬਾਗੀਆਂ ਨਾਲ ਚੱਲੀ ਕਈ ਹਫਤਿਆਂ ਦੀ ਲੜਾਈ ਤੋਂ ਬਾਅਦ ਆਪਣੇ ਗ੍ਰਹਿ ਨਗਰ ਸਿਰਤੇ ਵਿਖੇ ਮਾਰਿਆ ਗਿਆ। ਨੈਸ਼ਨਲ ਟਰਾਂਜ਼ਿਸ਼ਨਲ ਕੌਂਸਲ (ਐਨ.ਟੀ.ਸੀ.) ਅਨੁਸਾਰ ਗਦਾਫ਼ੀ ਦੇ ਪੁੱਤਰ ਮੁਤਾਸਿਮ ਦੀ ਲਾਸ਼ ਵੀ ਸਿਰਤੇ 'ਚੋਂ ਮਿਲੀ। ਐਨ.ਟੀ.ਸੀ.ਦੇ ਬੁਲਾਰੇ ਅਬਦੇਲ ਹਾਫਿਜ਼ ਘੋਗਾ ਨੇ ਕਿਹਾ ਇਹ ਇਤਿਹਾਸਕ ਦਿਨ ਹੈ ਤੇ ਜ਼ੁਲਮ ਤੇ ਤਾਨਾਸ਼ਾਹੀ ਦਾ ਖਾਤਮਾ ਹੋ ਗਿਆ ਹੈ।

ਗਦਾਫ਼ੀ ਦਾ ਸੈਨਾ ਮੁਖੀ ਅੱਬੂ ਬਾਕਰ ਯੂਨਸ ਜ਼ਾਬਰ ਵੀ ਸਿਰਤੇ 'ਚ ਹੀ ਮਾਰਿਆ ਗਿਆ। ਗਦਾਫ਼ੀ ਜਿਸ ਨੇ ਸੈਨਾ ਦਾ ਮਹਿਜ਼ ਕਪਤਾਨ ਹੁੰਦਿਆਂ 1969 'ਚ ਤਖ਼ਤਾ ਪਲਟ ਕੇ ਦੇਸ਼ ਦੀ ਸੱਤਾ ਹਥਿਆਈ ਤੇ 42 ਸਾਲ ਲੀਬੀਆ 'ਤੇ ਹਕੂਮਤ ਕੀਤੀ, ਨੂੰ ਬਾਗੀਆਂ ਨੇ ਬੁਰੀ ਤਰ੍ਹਾਂ ਮਾਰਿਆ। ਸਿਰਤੇ ਕੋਲ 1942 'ਚ ਜਨਮੇ ਮੁਅੱਮਰ ਗਦਾਫ਼ੀ ਨੇ 27 ਸਾਲ ਦੀ ਉਮਰ 'ਚ ਰਾਜੇ ਇਦਰੀਸ ਦਾ ਤਖ਼ਤਾ ਪਲਟਾ ਕੇ ਸੱਤਾ ਹਥਿਆਈ ਤੇ ਖਾੜੀ ਦੇਸ਼ਾਂ ਤੇ ਅਫਰੀਕਾ 'ਚ ਸਭ ਤੋਂ ਲੰਮਾਂ ਸਮਾਂ ਹਕੂਮਤ ਕਰਨ ਵਾਲਾ ਨੇਤਾ ਬਣਿਆ। 1969 'ਚ ਦੇਸ਼ ਦੀ ਸੱਤਾ ਸੰਭਾਲਣ ਤੋਂ ਬਾਅਦ ਉਹ ਵੱਖ-ਵੱਖ ਤਰਾਂ ਦੇ ਪਹਿਰਾਵੇ ਤੇ ਆਪਣੀਆਂ ਮਹਿਲਾ ਅੰਗ ਰੱਖਿਅਕਾਂ ਕਰਕੇ ਖਾਸ ਤੌਰ 'ਤੇ ਪਛਾਣਿਆਂ ਜਾਣ ਲੱਗਾ। ਵਿਸ਼ਵ ਨਾਲ



ਉਸ ਦੇ ਸਬੰਧ ਕਈ ਵਾਰ ਬਹੁਤ ਖਰਾਬ ਰਹੇ।।ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਰੋਨਾਲਡ ਰੀਗਨ ਨੇ ਇਕ ਵਾਰ ਉਸ ਨੂੰ 'ਮੈਡ ਡਾਗ' (ਪਾਗਲ ਕੁੱਤਾ) ਕਿਹਾ ਸੀ।

ਗਦਾਫ਼ੀ ਨੇ ਇਕ ਵਾਰ ਭਾਰਤ ਲਈ ਵੱਡੀ ਕੂਟਨੀਤਕ ਉਲਝਣ ਖੜੀ ਕਰ ਦਿੱਤੀ ਸੀ ਜਦੋਂ ਉਸ ਨੇ ਕਸ਼ਮੀਰ ਨੂੰ ਆਜ਼ਾਦ ਰਾਜ ਦਾ ਦਰਜ਼ਾ ਦੇਣ ਦੇ ਵਿਚਾਰ ਦਾ ਸਮਰਥਨ ਕਰਦਿਆਂ ਕਿਹਾ ਕਿ ਇਸ ਨੂੰ ਭਾਰਤ ਤੇ ਪਾਕਿਸਤਾਨ ਦਰਮਿਆਨ ਸੁਤੰਤਰ ਰਾਜ ਬਣਾ ਦੇਣਾ ਚਾਹੀਦਾ ਹੈ। ਹਾਲ ਹੀ ਦੇ ਸਮਿਆਂ 'ਚ ਉਹ ਭਾਰਤੀ ਉਪ ਮਹਾਦੀਪ ਤੋਂ ਬਾਹਰ ਦਾ ਪਹਿਲਾ ਮੁਸਲਿਮ ਨੇਤਾ ਸੀ ਜਿਸ ਨੇ ਭਾਰਤ ਤੇ ਪਾਕਿਸਤਾਨ ਤੋਂ ਅਲੱਗ ਕਸ਼ਮੀਰ ਨੂੰ ਸੁਤੰਤਰ ਰਾਜ ਬਣਾਉਣ ਦੀ ਵਕਾਲਤ ਕੀਤੀ। 2009 'ਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ 'ਚ ਆਪਣੇ ਪਹਿਲੇ ਭਾਸਣ ਦੌਰਾਨ ਗਦਾਫ਼ੀ ਨੇ ਅਜਿਹਾ ਕਿਹਾ ਸੀ।

ਵਿਸ਼ਵ ਦੇ ਨੇਤਾਵਾਂ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ, ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ, ਇਟਲੀ ਦੇ ਪ੍ਰਧਾਨ ਮੰਤਰੀ ਸਿਲਵੀਓ ਬਰਲੂਸਕੋਨੀ ਨੇ ਲੀਬੀਆ ਦੇ ਤਾਨਾਸ਼ਾਹ ਗੱਦਾਫ਼ੀ ਦੀ ਮੌਤ ਦਾ ਸਵਾਗਤ ਕੀਤਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਲੀਬੀਆ ਦੇ ਤਾਨਾਸ਼ਾਹ ਗਦਾਫ਼ੀ ਦੀ ਮੌਤ ਨੂੰ ਦੇਸ਼ ਲਈ ਇਤਿਹਾਸਕ ਤਬਦੀਲੀ ਦੀ ਸ਼ੁਰੂਆਤ ਕਰਾਰ ਦਿੱਤਾ ਹੈ। ਉਨ੍ਹਾਂ ਲੀਬੀਆ ਦੇ ਲੋਕਾਂ ਨੂੰ ਹੁਣ ਹਥਿਆਰ ਸੁੱਟ ਦੇਣ ਦੀ ਨਸੀਅਤ ਦਿੰਦਿਆਂ ਆਖਿਆ ਕਿ ਹੁਣ ਉਨ੍ਹਾਂ ਨੂੰ ਦੇਸ਼ ਦੇ ਪੁਨਰਨਿਰਮਾਣ ਵਿਚ ਏਕਤਾ ਨਾਲ ਜੁੱਟ ਜਾਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਹੁਣ ਲੀਬੀਆ ਦੇ ਲੋਕਾਂ ਦਾ ਰਸਤਾ ਸਿੱਧਾ ਨਹੀਂ ਹੈ ਸਗੋਂ ਉਨ੍ਹਾਂ ਨੂੰ ਵੱਡੀਆਂ ਚੁਣੌਤੀਆਂ ਨਾਲ ਦੋ-ਚਾਰ ਹੋਣਾ ਪਵੇਗਾ। ਉਨ੍ਹਾਂ ਆਖਿਆ ਕਿ ਲੀਬੀਆ ਦੇ ਲੋਕਾਂ ਦੀ ਮਦਦ ਲਈ ਸੰਯੁਕਤ ਰਾਸ਼ਟਰ ਤਿਆਰ ਹੈ ਪਰ ਉਨ੍ਹਾਂ ਨੂੰ ਖ਼ੁਦ ਆਪਣੀ ਊਰਜਾ ਸਿਰਜਣਾਤਮਕ ਪਾਸੇ ਲਾਉਣੀ ਪਵੇਗੀ।

## ਗਦਾਫ਼ੀ ਦੀ ਮੌਤ ਬਾਰੇ ਭੇਤ ਬਰਕਰਾਰ

**ਤ੍ਰਿਪੋਲੀ:** ਤਾਨਾਸ਼ਾਹ ਮੁਅੱਮਰ ਗਦਾਫ਼ੀ ਨੂੰ ਲੀਬੀਆ ਦੀ ਅੰਤ੍ਰਿਮ ਸਰਕਾਰ ਮਾਰਨਾ ਨਹੀਂ ਚਾਹੁੰਦੀ ਸੀ। ਸ਼ਾਇਦ ਇਸੇ ਕਰਕੇ ਉਸ ਨੂੰ ਜਿਊਂਦਾ ਫੜ ਲਿਆ ਗਿਆ ਪਰ ਫਿਰ ਵੀ ਉਹ ਬੜੀ ਬੇਰਹਿਮੀ ਨਾਲ ਮਾਰਿਆ ਗਿਆ। ਗਦਾਫ਼ੀ ਚੀਕਦਾ ਰਿਹਾ ਕਿ ਉਸ ਨੂੰ ਗੋਲੀ ਨਾ ਮਾਰੀ ਜਾਵੇ। ਇਸ ਦੌਰਾਨ ਆਖ਼ਰ ਉਸ ਨੂੰ ਗੋਲੀ ਕਿਸ ਨੇ ਮਾਰੀ? ਤਾਨਾਸ਼ਾਹੀ ਦੇ ਅੰਤ ਤੋਂ ਬਾਅਦ ਉੱਠਣ ਵਾਲੇ ਇਹ ਸਵਾਲ ਹੁਣ ਗਦਾਫ਼ੀ ਦੀ ਮੌਤ ਨੂੰ ਰਹੱਸਮਈ ਬਣਾ ਰਹੇ ਹਨ ਤੇ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਰਹੇ ਹਨ।



ਇਸ ਦੌਰਾਨ ਗਦਾਫੀ ਦੀ ਮੌਤ ਦੀ ਜਾਂਚ ਦੀ ਮੰਗ ਉੱਠਣ ਲੱਗੀ ਹੈ ਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਦਫਤਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਗਦਾਫੀ ਦੀ ਮੌਤ ਦੀ ਪੂਰੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਦੂਜੇ ਪਾਸੇ ਲੀਬੀਆ ਦੀ ਅੰਤ੍ਰਿਮ ਸਰਕਾਰ ਦੇ ਅਧਿਕਾਰੀਆਂ ਨੇ ਕਿਹਾ ਕਿ ਗਦਾਫ਼ੀ ਨੂੰ ਜਾਣਬੁੱਝ ਕੇ ਨਹੀਂ ਮਾਰਿਆ। ਜਦੋਂ ਸਿਰਤੇ ਨੇੜੇ ਗਦਾਫ਼ੀ ਨੂੰ ਫੜ ਲਿਆ ਗਿਆ ਤਾਂ ਉਸ ਨੂੰ ਮਾਰਨ ਦੇ ਹੁਕਮ ਨਹੀਂ ਸੀ ਦਿੱਤੇ। ਗਦਾਫ਼ੀ ਨੂੰ ਫੜਨ ਦੀ ਵੀਡੀਓ ਬਾਗ਼ੀਆਂ ਵਿਚ ਹੀ ਖੜ੍ਹੇ ਕਿਸੇ ਵਿਅਕਤੀ ਨੇ ਬਣਾ ਲਈ ਜੋ ਬਾਅਦ ਵਿਚ ਟੈਲੀਵੀਜ਼ਨ ਵਿਚ ਵਿਖਾਈ ਗਈ। ਵੀਡੀਓ ਅਨੁਸਾਰ ਫੜੇ ਜਾਣ ਵੇਲੇ ਗਦਾਫ਼ੀ ਬਹੁਤ ਹੀ ਘਬਰਾਇਆ ਤੇ ਬੁਰੀ ਤਰ੍ਹਾਂ ਲਹੂ-ਲੁਹਾਨ ਹੋਇਆ ਸੀ। ਉਸ ਨੂੰ ਵਾਲਾਂ ਤੋਂ ਫੜ ਕੇ ਘਸੀਟਿਆ ਗਿਆ ਤੇ ਕੁੱਟਿਆ ਗਿਆ। ਭੀੜ ਵਿਚ ਕਈ ਚੀਕ ਰਹੇ ਸਨ, 'ਉਸ ਨੂੰ ਜਿਊਂਦਾ ਰੱਖੋ। ਜਿਊਂਦਾ ਰੱਖੋ।' ਵੀਡੀਓ ਵਿਚ ਕਰਨਲ ਗਦਾਫ਼ੀ ਦੇ ਫੜੇ ਜਾਣ ਬਾਅਦ ਜਦੋਂ ਉਸ ਦੇ ਸਮੱਰਥਕਾਂ ਤੇ ਬਾਗ਼ੀਆਂ ਵਿਚਾਲੇ ਲੜਾਈ ਛਿੜ ਪਈ ਤਾਂ ਉਸੇ ਦੌਰਾਨ ਉਸ ਦੀ ਮੌਤ ਹੋ ਗਈ। ਗਦਾਫ਼ੀ ਦੀ ਮੌਤ ਦੀ ਪੁਸ਼ਟੀ ਬਾਅਦ ਉਸ ਦੀ ਲਾਸ਼ ਦਾ ਪੋਸਟ ਮਾਰਟਮ ਕਰਨ ਵਾਲੇ ਡਾਕਟਰ ਅਨੁਸਾਰ ਗਦਾਫ਼ੀ ਦੀ ਮੌਤ ਪੇਟ ਵਿਚ ਗੋਲੀ ਲੱਗਣ ਕਾਰਨ ਹੋਈ।

## ਲੀਬੀਆ ਤੋਂ ਪਿਛੋਂ ਸੀਰੀਆ ਦੀ ਵਾਰੀ: ਫਰਾਂਸ

**ਨਵੀਂ ਦਿੱਲੀ:** ਨਾਟੋ ਕਾਰਵਾਈਆਂ ਨਾਲ ਲੀਬੀਆ 'ਚ ਮੁਅੱਮਰ ਗਦਾਫ਼ੀ ਦੀ ਮੌਤ ਹੋ ਜਾਣ ਪਿਛੋਂ ਹੁਣ ਸੀਰੀਆ ਦੀ ਵਾਰੀ ਹੈ। ਫਰਾਂਸ ਨੇ ਕਿਹਾ ਹੈ ਕਿ ਸੰਯੁਕਤ ਰਾਸ਼ਟਰ ਵੱਲੋਂ ਜ਼ਿੰਮੇਵਾਰੀ ਲੈਣ ਤੇ ਖ਼ੂਨੀ ਜ਼ਬਰ ਨੂੰ ਸਖ਼ਤੀ ਨਾਲ ਦਬਾਉਣ ਦੀ ਜਿਵੇਂ ਹੀ ਇਜਾਜ਼ਤ ਮਿਲਦੀ ਹੈ ਤਾਂ ਅਗਲਾ ਨਿਸ਼ਾਨਾ ਸੀਰੀਆ ਹੋਵੇਗਾ। ਫਰਾਂਸ ਦੇ ਵਿਦੇਸ਼ ਮੰਤਰੀ ਅਲੇਨ ਜੁਪੇ ਨੇ ਕਿਹਾ ਕਿ ਫਰਾਂਸ ਦੀ ਇਕਪਾਸੜਾ ਫੌਜੀ ਕਾਰਵਾਈ ਕਰਨ ਦੀ ਨੀਅਤ ਨਹੀਂ ਹੈ ਪਰ ਉਹ ਇਸ ਬਾਰੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਕਰੇਗਾ।

ਉਨ੍ਹਾਂ ਕਿਹਾ ਕਿ ਗਦਾਫ਼ ਦੀ ਮੌਤ ਦੇ ਨਾਲ ਨਾਟੋ ਦੀਆਂ ਕਾਰਵਾਈਆਂ ਤਕਰੀਬਨ ਉਥੇ ਬੰਦ ਹੋ ਗਈਆਂ ਹਨ ਤੇ ਹੁਣ ਦੇਸ਼ ਨਵੀਂ ਸਰਕਾਰ ਦੇ ਕੰਟਰੋਲ 'ਚ ਹੈ। ਇਥੇ ਫਰਾਂਸ ਦੇ ਦੂਤਘਰ 'ਚ ਉਨ੍ਹਾਂ ਕਿਹਾ ਕਿ ਉਹ ਆਸ ਕਰਦਾ ਹਨ ਕਿ ਛੇਤੀ ਹੀ ਬਹੁਦੇਸ਼ੀ ਕਾਰਵਾਈ ਲਈ ਸਮਝੌਤਾ ਕੀਤਾ ਜਾਵੇਗਾ ਤਾਂ ਜੋ ਸੀਰੀਆ ਸ਼ਾਸ਼ਨ 'ਤੇ ਦਬਾਅ ਵਧਾਉਣ ਲਈ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਜਦੋਂ ਫਰਾਂਸ ਤੇ ਇਸ ਦੇ ਭਾਈਵਾਲੀ ਵਾਲੇ ਦੇਸ਼ ਫੌਜੀ ਕਾਰਵਾਈ ਕਰਨਗੇ ਤਾਂ ਇਹ ਕਾਰਵਾਈ ਅੰਤਰਰਾਸ਼ਟਰੀ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਦੇ ਹੋਏ ਕੀਤੀ ਜਾਵੇਗੀ। ਗਦਾਫ਼ੀ ਨੂੰ ਮਾਰੇ ਜਾਣ 'ਤ ਉਨ੍ਹਾਂ ਕਿਹਾ ਕਿ ਗਦਾਫ਼ੀ ਨੂੰ ਮਾਰਨਾ ਉਨ੍ਹਾਂ ਦਾ ਟੀਚਾ ਨਹੀਂ ਸੀ ਅਸੀਂ ਉਸ ਨੂੰ ਸੱਤਾ ਤਿਆਗਣ ਲਈ ਕਿਹਾ ਸੀ।

### ਲੀਬੀਆ ਲਈ ਇਤਿਹਾਸਿਕ ਦਿਨ: ਓਬਾਮਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਤਾਨਾਸ਼ਾਹ ਮੁਅੱਮਰ ਗਦਾਫ਼ੀ ਦਾ ਮਾਰਿਆ ਜਾਣਾ ਲੀਬੀਆ ਦੇ ਇਤਿਹਾਸ ਵਿਚ ਇਤਿਹਾਸਕ ਦਿਨ ਵਜੋਂ ਯਾਦ ਕੀਤਾ ਜਾਂਦਾ ਰਹੇਗਾ।

ਵਾਈਟ ਹਾਊਸ ਦੇ ਰੋਜ਼ ਗਾਰਡਨ ਤੋਂ ਟੈਲੀਵੀਜ਼ਨ 'ਤੇ ਦਿੱਤੇ ਬਿਆਨ ਵਿਚ ਓਬਾਮਾ ਨੇ ਕਿਹਾ, 'ਅੱਜ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਗਦਾਫ਼ੀ ਸ਼ਾਸਨ ਦਾ ਖਾਤਮਾ ਹੋ ਗਿਆ ਹੈ। ਲੀਬੀਆ ਵਿਚ ਅਤਿਆਚਾਰ ਰੂਪੀ ਘੁੱਪ ਹਨ੍ਹੇਰਾ ਖਤਮ ਹੋ ਗਿਆ ਹੈ।'

# ਗਦਾਫ਼ੀ ਦੇ ਹਥਿਆਰਾਂ ਬਾਰੇ ਕਈ ਮੁਲਕ ਫਿਕਰਮੰਦ

**ਲੰਡਨ:** ਲਿਬੀਆ ਦੀ ਕੌਮੀ ਆਰਜ਼ੀ ਕੌਂਸਲ (ਐਨ.ਟੀ.ਸੀ.) ਦੇ ਸੀਨੀਅਰ ਆਗੂ ਨੇ ਕਿਹਾ ਹੈ ਕਿ ਬਾਗੀਆਂ ਹੱਥੋਂ ਮਾਰੇ ਗਏ ਮੁਲਕ ਦੇ ਸਾਬਕਾ ਹਾਕਮ ਮੁਅੱਮਰ ਗਦਾਫੀ ਦਾ ਇਕ ਪੁੱਤਰ ਸੈਫ ਅਲ-ਇਸਲਾਮ ਆਪਣੇ ਜੱਦੀ ਸ਼ਹਿਰ ਸਿਰਤੇ ਤੋਂ ਭੱਜਣ ਵਿਚ ਕਾਮਯਾਬ ਰਿਹਾ ਹੈ ਤੇ ਮੁਲਕ ਤੋਂ ਬਾਹਰ ਜਾਣ ਦੀ ਕੋਸ਼ਿਸ਼ ਵਿਚ ਹੈ। ਦੂਜੇ ਪਾਸੇ ਗਦਾਫੀ ਦੀ ਮੌਤ ਤੋਂ ਬਾਅਦ ਦੁਨੀਆ ਭਰ ਵਿਚ ਇਸ ਗੱਲ ਨੂੰ ਲੈ ਕੇ ਫਿਕਰ ਹੈ ਕਿ ਉਸ ਦੇ ਅਸਲਾਖਾਨਿਆਂ ਵਿਚੋਂ ਵੱਡੇ ਪੱਧਰ 'ਤੇ ਹਥਿਆਰ ਤੇ ਗੋਲਾ-ਬਾਰੂਦ ਮੁਲਕ ਦੀ ਸਰਹੱਦ ਤੋਂ ਬਾਹਰ ਪਹੁੰਚਾ ਦਿੱਤਾ ਗਿਆ ਹੈ ਤੇ ਇਸ ਦੇ ਦਹਿਸ਼ਤਗਰਦਾਂ ਦੇ ਹੱਥ ਲੱਗ ਜਾਣ 'ਤੇ ਵੱਡੀ ਸਮੱਸਿਆ ਖੜ੍ਹੀ ਹੋ ਸਕਦੀ ਹੈ।

ਐਲ.ਟੀ.ਸੀ. ਦੇ ਆਗੂ ਅਬਦੁਲ ਮਜੀਦ ਮਲੇਗਤਾ ਨੇ ਦੱਸਿਆ ਕਿ ਸੈਫ ਸਿਰਤੇ ਤੋਂ ਭੱਜ ਕੇ ਦੇਸ਼ ਦੇ ਦੱਖਣ ਵੱਲ ਜਾ ਰਿਹਾ ਹੈ। ਸਮਝਿਆ ਜਾਂਦਾ ਹੈ ਕਿ ਮੁਲਕ ਤੋਂ ਬਚ ਨਿਕਲਣ ਦੀ ਕੋਸ਼ਿਸ਼ ਕਰ ਰਹੇ ਤਿੰਨ ਹਥਿਆਰਬੰਦ ਵਾਹਨਾਂ ਦੇ ਕਾਫਲੇ ਵਿਚ ਸ਼ਾਮਲ ਹੈ। ਉਨ੍ਹਾਂ ਕਿਹਾ, ''ਅਸੀਂ ਉਸ ਦੀ ਤਲਾਸ਼ ਵਿਚ ਹਾਂ।ਤੇ ਉਸ ਖਿੱਤੇ ਵਿਚਲੇ ਜੰਗਜੂ ਪੂਰੀ ਤਰ੍ਹਾਂ ਚੌਕਸ ਹਨ।'' ਗੌਰਤਲਬ



ਹੈ ਕਿ ਉਸ ਦੇ ਤੀਜੇ ਪੁੱਤਰ ਸਾਦੀ ਤੇ ਹੋਰ ਅਨੇਕਾਂ ਵਫਾਦਾਰਾਂ ਨੇ ਬੀਤੇ ਮਹੀਨੇ ਗੁਆਂਢੀ ਮੁਲਕ ਨਾਈਜਰ ਪੁੱਜ ਕੇ ਉਥੋਂ ਦੀ ਰਾਜਧਾਨੀ ਨਿਆਮੀ 'ਚ ਪਨਾਹ ਲੈ ਲਈ ਸੀ।

ਇਸ ਵੇਲੇ ਆਲਮੀ ਪੱਧਰ 'ਤੇ ਵਧੇਰੇ ਚਿੰਤਾ ਗਦਾਫੀ ਦੇ ਉਨ੍ਹਾਂ ਹਥਿਆਰਾਂ ਨੂੰ ਲੈ ਕੇ ਬਣੀ ਹੋਈ ਹੈ ਜੋ ਪਹਿਲਾਂ ਹੀ ਸਰਹੱਦ ਤੋਂ ਪਾਰ ਵੱਖ-ਵੱਖ ਥਾਈਂ ਪਹੁੰਚਾ ਦਿੱਤੇ ਗਏ ਹਨ। ਲਿਬੀਆ ਵਿਚ ਸੰਯੁਕਤ ਰਾਸ਼ਟਰ (ਯੂ.ਐਨ.) ਦੇ ਸਫੀਰ ਇਆਨ ਮਾਰਟਿਨ ਦਾ ਕਹਿਣਾ ਹੈ ਕਿ ਇਨ੍ਹਾਂ ਹਥਿਆਰਾਂ ਵਿਚ ਮੋਢੇ ਤੋਂ ਦਾਗੀਆਂ ਜਾ ਸਕਣ ਵਾਲੀਆਂ ਮਿਜ਼ਾਈਲਾਂ ਤੋਂ ਲੈ ਕੇ ਮਸ਼ੀਨਗੰਨਾਂ ਤੱਕ ਸ਼ਾਮਲ ਹਨ। ਦੱਸਿਆ ਜਾਂਦਾ ਹੈ ਕਿ ਇਹ ਹਥਿਆਰ ਗੱਦਾਫੀ ਨੂੰ ਗੱਦੀਓਂ ਲਾਹੁਣ ਵਾਲੇ ਬਾਗੀਆਂ ਨੇ ਹੀ ਆਪਣੇ ਕਬਜ਼ੇ ਵਿਚ ਲੈ ਲਏ ਸਨ। ਹੁਣ ਇਨ੍ਹਾਂ ਵਿਚੋਂ ਬਹੁਤਾ ਮਸਲਾ ਗੁਆਂਢੀ ਮੁਲਕ ਸੂਡਾਨ ਦੇ ਦਾਰਫਰ ਖਿੱਤੇ ਦੇ ਬਾਗੀਆਂ, ਉੱਤਰੀ ਅਫਰੀਕਾ ਵਿਚਲੇ ਅਲਕਾਇਦਾ ਦਹਿਸ਼ਤਗਰਦਾਂ ਤੇ ਹੋਰ ਅਤਿਵਾਦੀ ਗਰੁੱਪਾਂ ਨੂੰ ਪਹੁੰਚਾ ਦਿੱਤੇ ਜਾਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ।

ਸੂਡਾਨ ਦੇ ਯੂ.ਐਨ. ਵਿਚ ਸਫੀਰ ਦਾਫਾ-ਆਲਾ ਇਲਹਾਗ ਅਲੀ ਉਸਮਲ ਦਾ ਕਹਿਣਾ ਹੈ ਕਿ ਇਸ ਸੰਭਾਵਨਾ ਤੋਂ ਨਾਂਹ ਨਹੀਂ ਕੀਤਾ ਜਾ ਸਕਦੀ ਕਿ ਕੁਝ ਹਥਿਆਰ ਲਿਬੀਆ ਤੋਂ ਸਰਹੱਦ ਪਾਰ ਦਾਰਫਰ ਪਹੁੰਚਾ ਦਿੱਤੇ ਗਏ ਹਨ। ਇਨ੍ਹਾਂ ਹਥਿਆਰਾਂ ਦੇ ਹੋਰ ਅਫਰੀਕੀ ਮੁਲਕਾਂ ਚਾਡ, ਮਾਲੀ, ਨਾਈਜਰ ਤੇ ਮੌਰੀਟੇਨੀਆ ਵਿਚ ਪਹੁੰਚਣ ਦਾ ਵੀ ਖਦਸ਼ਾ ਹੈ।

## ਗਦਾਫੀ ਦੇ ਪੁੱਤਰ ਸੈਫ ਵੱਲੋਂ ਬਦਲਾ ਲੈਣ ਦੀ ਧਮਕੀ

**ਤ੍ਰਿਪੋਲੀ:** ਲਿਬੀਆ ਦੇ ਸਾਬਕਾ ਤਾਨਾਸ਼ਾਹ ਮੁਅੱਮਰ ਗਦਾਫੀ ਦੀ ਪੋਸਟਮਾਰਟਮ ਰਿਪੋਰਟ ਤੋਂ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਉਸ ਦੀ ਮੌਤ ਸਿਰ ਵਿਚ ਗੋਲੀ ਲੱਗਣ ਕਾਰਨ ਹੋਈ ਸੀ। ਇਸੇ ਦੌਰਾਨ ਗਦਾਫੀ ਦੇ ਪੁੱਤਰ ਸੈਫ-ਅਲ ਇਸਲਾਮ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਦੀ ਧਮਕੀ ਦਿੱਤੀ ਹੈ। ਲਿਬੀਆ ਦੇ ਮੁੱਖ ਪਾਥੋਲੋਜਿਸਟ ਡਾ. ਓਤਹਮਨ ਅਲ ਜ਼ਿਨਤਨੀ ਨੇ ਇਹ ਨਹੀਂ ਦੱਸਿਆ ਕਿ ਲਾਸ਼ ਦੀ ਹਾਲਤ ਕਿਹੋ ਜਿਹੀ ਸੀ, ਉਨ੍ਹਾਂ ਕਿਹਾ ਕਿ ਉਹ ਆਪਣੀ ਰਿਪੋਰਟ ਅਟਾਰਨੀ ਜਨਰਲ ਨੂੰ ਸੌਂਪ ਦੇਣਗੇ।

ਸਵਿਟਜ਼ਰਲੈਂਡ ਨੇ ਕਿਹਾ ਹੈ ਕਿ ਗਦਾਫੀ ਦੀ ਮੌਤ ਤੋਂ ਬਾਅਦ ਉੱਥੇ ਲੜਾਈ ਖਤਮ ਹੋ ਗਈ ਹੈ ਤੇ ਉਨ੍ਹਾਂ ਦਾ ਮੁਲਕ ਉਥੋਂ ਦੇ ਲੋਕਾਂ ਤੋਂ ਹਥਿਆਰ ਵਾਪਸ ਲੈਣ ਲਈ ਸਥਾਨਕ ਪ੍ਰਸ਼ਾਸਨ ਦੀ ਮਦਦ ਕਰੇਗਾ ਤੇ ਬਾਰੂਦੀ ਸੁਰੰਗਾਂ ਹਟਾਏਗਾ। ਇਸ ਤੋਂ ਇਲਾਵਾ ਲਿਬੀਆ ਦੀ 30 ਕਰੋੜ ਡਾਲਰ ਦੀ ਸੰਪਤੀ ਵੀ ਛੇਤੀ ਰਿਲੀਜ਼ ਕਰ ਦਿੱਤੀ ਜਾਵੇਗੀ।

### ਸੰਯੁਕਤ ਰਾਸ਼ਟਰ ਵੱਲੋਂ ਜਾਂਚ ਦੀ ਮੰਗ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਦਫ਼ਤਰ ਦੇ ਬੁਲਾਰੇ ਰੁਪਰਟ ਕੋਲਵਿਲੇ ਨੇ ਕਿਹਾ ਕਿ ਲੀਬੀਆ ਦੇ ਨੇਤਾ ਮੁਅੱਮਰ ਗਦਾਫ਼ੀ ਦੀ ਮੌਤ ਦੀ ਜਾਂਚ ਹੋਣੀ ਚਾਹੀਦੀ ਹੈ। ਸ੍ਰੀ ਕੋਲਵਿਲੇ ਨੇ ਕਿਹਾ, 'ਅਜੇ ਸਪੱਸ਼ਟ ਨਹੀਂ ਕਿ ਗਦਾਫ਼ੀ ਦੀ ਮੌਤ ਕਿਵੇਂ ਹੋਈ। ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਸਿਰਤੇ ਵਿਚ ਗ੍ਰਿਫ਼ਤਾਰ ਹੋਣ ਪਿਛੋਂ ਗਦਾਫ਼ੀ ਦੀਆਂ ਪਹਿਲਾਂ ਜ਼ਖ਼ਮੀ ਹਾਲਤ ਵਿਚ ਤੇ ਫਿਰ ਮਾਰੇ ਜਾਣ ਦੀਆਂ ਵੀਡੀਓ ਰਾਹੀਂ ਸਾਹਮਣੇ ਆਈਆਂ ਤਸਵੀਰਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਤੋਂ ਗੜਬੜੀ ਹੋਣ ਦਾ ਪਤਾ ਲੱਗਦਾ ਹੈ।

ਲੀਬੀਆ ਵਿਚ ਹੋਈਆਂ ਹੱਤਿਆਵਾਂ ਤੇ ਤਸ਼ੱਦਦ ਢਾਹੁਣ ਦੀਆਂ ਘਟਨਾਵਾਂ ਦੀ ਕੌਮਾਂਤਰੀ ਕਮਿਸ਼ਨ ਵੱਲੋਂ ਪਹਿਲਾਂ ਹੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਉਕਤ ਜਾਂਚ ਟੀਮ ਗਦਾਫ਼ੀ ਦੀ ਮੌਤ ਹੋਣ ਵੇਲੇ ਵਾਪਰੇ ਘਟਨਾਕ੍ਰਮ ਦੀ ਜਾਂਚ ਕਰੇਗੀ। ਉਨ੍ਹਾਂ ਕਿਹਾ ਕਿ ਕੌਮਾਂਤਰੀ ਕਾਨੂੰਨ ਤਹਿਤ ਗੰਭੀਰ ਅਪਰਾਧ ਕਰਨ ਵਾਲੇ ਦੋਸ਼ੀਆਂ ਖਿਲਾਫ਼ ਮੁਕੱਦਮਾ ਚਲਾਇਆ ਜਾ ਸਕਦਾ ਹੈ।

### ਗਦਾਫ਼ੀ ਦੀ ਭਿਅੰਕਰ ਮੌਤ ਦੀ ਆਲੋਚਨਾ

**ਕੇਪਟਾਊਨ:** ਦੱਖਣੀ ਅਫਰੀਕਾ ਦੇ ਸ਼ਾਂਤੀ ਦੂਤ ਡੈਸਮੰਡ ਟੂਟੂ ਨੇ ਗਦਾਫ਼ੀ ਦੀ ਖੌਫਨਾਕ ਮੌਤ ਦੀ ਆਲੋਚਨਾ ਕਰਦਿਆਂ ਕਿਹਾ ਕਿ ਲਿਬੀਆਈ ਲੋਕਾਂ ਨੂੰ ਤਾਨਾਸ਼ਾਹ ਸਾਸ਼ਕ ਨਾਲੋਂ ਚੰਗੀਆਂ ਕਦਰਾਂ-ਕੀਮਤਾਂ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਸੀ। ਆਪਣੇ ਬਿਆਨ ਵਿਚ 80 ਸਾਲਾ ਨੋਬਲ ਪੁਰਸਕਾਰ ਜੇਤੂ ਡੈਸਮੰਡ ਨੇ ਕਿਹਾ ਕਿ ਭੀੜ ਵੱਲੋਂ ਕੀਤਾ ਨਿਆਂ ਤੇ ਹਿੰਸਾ ਹਮੇਸ਼ਾ ਹੀ ਨਿੰਦਣਯੋਗ ਹੁੰਦੀ ਹੈ।


ਉਨ੍ਹਾਂ ਕਿਹਾ ਕਿ ਕਿਸੇ ਵੀ ਮਨੁੱਖ ਦੀ ਮੌਤ 'ਤੇ ਜਸ਼ਨ ਨਹੀਂ ਮਨਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੀ ਵੀ ਗਦਾਫ਼ੀ ਦੀ ਮੌਤ ਦੀ ਭਵਿੱਖਬਾਣੀ ਕਰਨ ਲਈ ਖੁਸ਼ ਹੋਣ ਦੀ ਆਲੋਚਨਾ ਕੀਤੀ। ਇਸ ਤੋਂ ਇਲਾਵਾ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਜੈਕਬ ਜ਼ੂਮਾ ਨੇ ਕਿਹਾ ਕਿ ਗਦਾਫ਼ੀ ਨੂੰ ਫੜਨ ਤੋਂ ਬਾਅਦ ਕੌਮਾਂਤਰੀ ਅਪਰਾਧ ਅਦਾਲਤ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਸੀ। ਸ੍ਰੀਲੰਕਾ ਨੇ ਲਿਬੀਆ ਦੇ ਹਾਕਮ ਮੁਅੱਮਰ ਗਦਾਫੀ ਨੂੰ ਮਾਰੇ ਜਾਣ ਦੀ ਆਲੋਚਨਾ ਕਰਦਿਆਂ ਕਿਹਾ ਕਿ ਜਿਹੜੇ ਹਾਲਾਤ ਵਿਚ ਉਸ ਨੂੰ ਮਾਰਿਆ ਗਿਆ ਹੈ, ਉਸ ਦੀ ਜਾਂਚ ਕਰਵਾਈ ਜਾਵੇ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸ੍ਰੀਲੰਕਾ ਸਰਕਾਰ ਚਾਹੁੰਦੀ ਹੈ ਕਿ ਜਿਹੜੇ ਹਾਲਾਤ ਵਿਚ ਮੁਅੱਮਰ ਗੱਦਾਫੀ ਦੀ ਮੌਤ ਹੋਈ ਉਸ ਦਾ ਵਰਨਣ ਕੀਤਾ ਜਾਵੇ। ਗਦਾਫੀ 1976 ਵਿਚ ਸ੍ਰੀਲੰਕਾ ਆਇਆ ਸੀ ਤੇ ਦੇਸ਼ ਦੇ ਰਾਸ਼ਟਰਪਤੀ ਮਹਿੰਦਾ ਰਾਜਪਾਕਸੇ ਤੇ ਉਨ੍ਹਾਂ ਦੇ ਪੁੱਤਰ ਨਮਲ ਨੇ ਸਾਲ 2007 ਵਿਚ ਲਿਬੀਆ ਦਾ ਦੌਰਾ ਕੀਤਾ ਸੀ।

# ਵਾਸ਼ਿੰਗਟਨ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਦਾ ਚੋਲਾ ਚੋਰੀ

**ਨਿਊ ਯਾਰਕ:** ਅਮਰੀਕੀ ਰਾਸ਼ਟਰਪਤੀ ਦੇ ਨਿਵਾਸ ਵਾਈਟ ਹਾਊਸ ਤੋਂ ਥੋੜ੍ਹੀ ਦੂਰ ਸਥਿਤ ਨੈਸ਼ਨਲ ਗੁਰਦੁਆਰਾ 'ਚ ਕਿਸੇ ਸ਼ਰਾਰਤੀ ਅਨਸਰ ਨੇ ਨਿਸ਼ਾਨ ਸਾਹਿਬ ਦਾ ਚੋਲਾ ਹੀ ਚੋਰੀ ਕਰ ਲਿਆ। ਅਮਰੀਕਾ ਵਿਚ ਕਿਸੇ ਗੁਰੂਘਰ ਦੀ ਬੇਅਦਬੀ ਦੀ ਇਸ ਤਰ੍ਹਾਂ ਦੀ ਇਹ ਪਹਿਲੀ ਘਟਨਾ ਹੈ। ਸੁਰੱਖਿਆ ਪੱਖੋਂ ਇਹ ਬਹੁਤ ਹੀ ਸੰਵੇਦਨਸ਼ੀਲ ਤੇ ਸੁਰੱਖਿਅਤ ਇਲਾਕਾ ਹੈ ਪਰ ਇਸ ਘਟਨਾ ਨੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ।


ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਬਖਸ਼ੀਸ਼ ਸਿੰਘ ਨੇ ਕਿਹਾ ਕਿ ਇਹ ਘਟਨਾ ਨਾ ਸਿਰਫ ਦੁਖਦਾਈ ਹੈ ਬਲਕਿ ਚਿੰਤਾਜਨਕ ਵੀ ਹੈ। ਨਾਰਥ ਕੈਰੋਲਾਈਨਾ ਸਥਿਤ ਸ਼ਾਰਲਟ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਗੁਰਮੀਤ ਸਿੰਘ ਬੇਦੀ ਨੇ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਹੈ।

Noble Dental Care

Family and Cosmetic Dentistry
ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Shital Shah, DDS
Up to 50% off Cash Patients. Senior and Student Discounts
*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children
*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ
ਵਿਆਜ ਰਹਿਤ ਪੇਮੈਂਟ ਪਲੈਨ
Invisalign

Starting at $2,550*
*Limitided time offer may end without notice. Restrictions apply. Not valid with any other offer.
Emergency Patients Welcome
Evening/Saturday Appointments Available
State of the Art Dental Technology
Most Dental PPO Plans Accepted
Interest Free Payment Plans Available
Ph:510-493-2130
www.1nobledentalcare.com
34603 Alvarado Niles Rd., Union City, CA (Alvarado Niles & Decoto Rd., Behind Taco Bell)

Desi World Radio
Pure desi Entertainment

ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜੀ,ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।
ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਸੁਣੋ ਸਿਰਫ ਦੇਸੀ ਵਰਲਡ ਰੇਡੀਓ ਦੇ ਚੈਨਲ ਨੰ. 1 'ਤੇ
ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ
ਅਸੀਂ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ
Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento,Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,
WWW.desiworldradio.com
Email-Info@desiworldradio.com
Toll Free Number 1-800-604-6024
ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ

ਦਿਵਾਲੀ ਦੀਆਂ ਲੱਖ ਲੱਖ ਵਧਾਈਆਂ
Follow Us
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਖੁਸ਼ੀ ਦੇ ਮੌਕੇ 'ਤੇ ਹਰ ਕਿਸਮ ਦੀਆਂ ਮਿਠਾਈਆਂ ਲਈ ਰਾਜਾ ਸਵੀਟਸ ਨੂੰ ਹਮੇਸ਼ਾ ਯਾਦ ਰੱਖੋ।



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
CHAT CORNER

Special Chat Items
- Raja Special Chat
- Samosa Chat
- Papri Chat
- Bhel Poori
- Gol Gappe
- Amritsari Bhatoore
- Paneer Bhatoore
- Raaj Kachori
- Punjabi Sweet Lassi / Jeera Lassi / Mango Lassi

Additional Services:
- Warmers
- Chaffing Dishes
- China & Silverware
- Linen Rental
- Waiters & Bartenders

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Union City Location
31853 Alvarado Blvd Union City, CA 94587
Ph. (510) 489-9100
Hayward Location
1275 W Winton Ave. Hayward CA 94545
Ph. (510) 264-9300

Order Online For Pickup at Union City Location
Call Makhan Bains or Ravinder Singh For Your Next Catering
1-800-FOR-RAJA or (510) 489-9100
www.RajaSweets.com

# Sunny Truck & RV Wash

ਫੋਨ:559-834-6200 ਫੈਕਸ:559-834-1577

## ਸਭਨਾਂ ਨੂੰ ਦੀਵਾਲੀ ਮੁਬਾਰਕ

ਸੰਨੀ ਟਰੱਕ ਵਾਸ਼ 'ਤੇ ਆਪਣਾ ਟਰੱਕ ਧੁਆਓ,
ਟਰੱਕ ਨੂੰ ਨਵਾਂ ਰੰਗ ਰੂਪ ਦਿਓ





## ਬਹੁਤ ਹੀ ਵਾਜਬ ਰੇਟ

ਟਰੱਕ ਵਾਸ਼ $30.00
ਟਰੱਕ ਤੇ ਟਰੇਲਰ ਵਾਸ਼ $55.00
ਟਰੇਲਰ ਵਾਸ਼ $30.00
ਟਰੇਲਰ ਵਾਸ਼ਆਊਟ $25.00
ਅੰਡਰ ਕੈਰੀਏਜ $90.00
ਟੈਂਕਰ ਵਾਸ਼ਆਊਟ $100.00
ਇੰਜਨ ਵਾਸ਼ $15.00





ਲਾ ਦਿੱਤਾ ਬਈ ਰੋਪੜੀਆ ਜਿੰਦਾ ਤੀਰਥ ਗਾਖਲ ਨੇ

## ਤੁਹਾਡੇ ਮਨ ਪਸੰਦ ਕਬੱਡੀ ਖਿਡਾਰੀ ਤੀਰਥ ਗਾਖਲ ਦਾ ਟਰੱਕ ਵਾਸ਼

## ਤੁਹਾਡੀ ਸਹੂਲਤ ਲਈ ਦੋ ਲੋਕੇਸ਼ਨਾਂ

2713 Vineyard Place, Fowler, Ca 93625
**Ph: 559-834-6200**

**Open**
Monday to Friday 6AM to 9PM
Saturday-Sunday 7AM to 7PM

From Hwy 99 > Take E manning Ave. exit 121, right turn at first light.

*Mini Mart*
*Featuring Hot & Cold Foods and Beverages*

2255 F St. Livingston, CA 95334
**Ph: 209-394-8880**

**Open**
Monday to Saturday 7AM to 7PM
Sunday 8AM to 5PM

From Hwy 99 > take Hammatt Ave. exit 201, turn west on Hammatt ave. left at F st.

Ad sponsored by Amolak Singh Gakhal

# NAWAN SHAHR NIGHT 2011

## ਨਵਾਂ ਸ਼ਹਿਰ ਨਾਈਟ



**Saturday Oct. 29, 2011**

**6.00 PM. Sharp**

(ਵਕਤ ਸਿਰ)




ਪਹਿਲੀ ਵਾਰ ਕੈਲੇਫੋਰਨੀਆ ਵਿਚ ਜ਼ਿਲ੍ਹਾ ਨਵਾਂ ਸ਼ਹਿਰ ਨਿਵਾਸੀਆਂ ਵੱਲੋਂ ਨਾਈਟ ਮਨਾਈ ਜਾ ਰਹੀ ਹੈ। ਜਿਸ ਵਿਚ ਰੰਗਾਰੰਗ ਪ੍ਰੋਗਰਾਮ ਦੇ ਨਾਲ ਨਾਲ ਇਸ ਇਲਾਕੇ ਦੇ ਪਤਵੰਤੇ ਸੱਜਣਾਂ ਨੂੰ ਇਕ ਦੂਸਰੇ ਨਾਲ ਵਾਕਫ਼ੀਅਤ ਕਰਨ ਦਾ ਸੁਨਹਿਰੀ ਮੌਕਾ ਦਿੱਤਾ ਜਾਵੇਗਾ। ਗੀਤ ਸੰਗੀਤ ਦੇ ਪਰੋਗਰਾਮ ਵਿਚ ਤੁਹਾਡਾ ਭਰਪੂਰ ਮਨੋਰੰਜਨ ਵੀ ਕੀਤਾ ਜਾਵੇਗਾ। ਆਪਣੇ ਪਰਿਵਾਰਾਂ ਨਾਲ ਪਹੁੰਚ ਕੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਇਸ ਪਹਿਲੇ ਪਰੋਗਰਾਮ ਨੂੰ ਕਾਮਯਾਬ ਬਣਾਓ। ਜ਼ਿਲ੍ਹਾ ਨਵਾਂ ਸ਼ਹਿਰ ਦੀ ਕੋਈ ਵੀ ਧੀ ਜੇਕਰ ਕਿਸੇ ਵੀ ਹੋਰ ਜਿਲ੍ਹੇ ਵਿਚ ਵਿਆਹੀ ਹੋਈ ਹੈ ਤਾਂ ਉਹ ਵੀ ਇਸ ਪਰੋਗਰਾਮ ਵਿਚ ਪਰਿਵਾਰ ਸਮੇਤ ਹਿੱਸਾ ਲੈ ਸਕਦੇ ਹਨ।

ਟਿਕਟ **$60** (ਸੱਠ ਡਾਲਰ)

12 ਸਾਲ ਤੋਂ ਛੋਟੇ ਬੱਚੇ ਮੁਫਤ ਦਾਖਲਾ ਲੈ ਸਕਣਗੇ।

**ਪ੍ਰਸਿੱਧ ਲੋਕ ਗਾਇਕ ਬਲਵੀਰ ਸੂਫੀ ਵੀ ਇਸ ਪਰੋਗਰਾਮ ਵਿਚ ਆਪਣੀ ਕਲਾ ਦੇ ਜੌਹਰ ਦਿਖਾਉਣਗੇ**



ਗਾਇਕ ਬਲਵੀਰ ਸੂਫੀ

President : Surinder S. Uppal (Rana) 707-217-8357
Chairman : Surinder Singh Atwal 209-321-5476
VP. Registeration : Kulbir S. Dusanjh 707-484-9212
VP. General Admin : Makhan S. Bains 510-715-1619
VP. Public Relations (Media) : Balbir Singh MA 510-938-7771
General Stage Secretary : Prof. Jaspal Singh Saini 408-393-9505
Treasurer : Sh. Raj Bhanot 408-687-1955
Joint Treasurer : Jatinder S. Bhangu 408-623-4383
Public-Relations : Avter Singh Tari 510-750-5152
Joint Public-Relations : Pankaj Ansel 408-515-3178

# Raja Sweets

1275, W Winton Ave Hayward, California



ਕਲਗੀਧਰ ਟਰਸਟ ਬੜੂ ਸਾਹਿਬ ਦੇ ਪ੍ਰਧਾਨ ਬਾਬਾ ਇਕਬਾਲ ਸਿੰਘ ਜਿਲ੍ਹਾ ਬਰਨਾਲਾ ਦੇ ਪਿੰਡ ਮਨਾਲ ਵਿਚ 87ਵੀਂ ਅਕਾਲ ਅਕਾਦਮੀ ਦਾ ਨੀਂਹ ਪੱਥਰ ਰੱਖਣ ਵੇਲੇ ਪ੍ਰਭੂ ਚਰਨਾਂ ਵਿਚ ਅਰਦਾਸ ਕਰਦੇ ਹੋਏ। ਇਸ ਅਕਾਦਮੀ ਲਈ ਤਿੰਨ ਏਕੜ ਜ਼ਮੀਨ ਖਰੀਦਣ ਵਾਸਤੇ ਸ਼ਿਕਾਗੋ ਦੇ ਬਿਜਨਸਮੈਨ ਮੇਜਰ ਗੁਰਚਰਨ ਸਿੰਘ ਝੱਜ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਆਪਣੀ ਵੱਡੀ ਭੈਣ ਬੀਬੀ ਕਰਤਾਰ ਕੌਰ ਗਿੱਲ ਦੀ ਯਾਦ ਵਿਚ ਇਕ ਕਰੋੜ ਰੁਪਏ ਦੀ ਭੇਟਾ ਕੀਤੀ ਗਈ।

# ਬਾਬਾ ਹਰਨਾਮ ਸਿੰਘ ਨੇ ਸੰਗਤਾਂ ਨੂੰ ਸੁਚੇਤ ਕੀਤਾ

**ਅੰਮ੍ਰਿਤਸਰ:** ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਹੈ ਕਿ ਕੁਝ ਲੋਕ ਆਪ ਲਾਹਾ ਲੈਣ ਲਈ ਬਿਨਾ ਵਜ੍ਹਾ ਉਨ੍ਹਾਂ ਨੂੰ ਬਦਨਾਮ ਕਰਨ ਦਾ ਯਤਨ ਕਰ ਰਹੇ ਹਨ। ਇੱਥੇ ਜਾਰੀ ਬਿਆਨ ਵਿਚ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਅਕਾਲੀ ਦਲ ਅਤੇ ਸੰਤ ਸਮਾਜ ਨੇ ਰਲ ਕੇ ਲੜੀਆਂ ਹਨ। ਇਸ ਚੋਣ ਪ੍ਰਚਾਰ ਦੌਰਾਨ ਦੋਹਾਂ ਧਿਰਾਂ ਨੇ ਸਾਂਝੀਆਂ ਚੋਣ ਰੈਲੀਆਂ ਵੀ ਕੀਤੀਆਂ। 15 ਸਤੰਬਰ ਨੂੰ ਮਲੇਰਕੋਟਲਾ ਹਲਕੇ ਵਿਚ ਚੋਣ ਲੜ ਰਹੇ ਉਮੀਦਵਾਰਾਂ ਦੇ ਹੱਕ ਵਿਚ ਉਥੇ ਅਨਾਜ ਮੰਡੀ ਵਿਖੇ ਚੋਣ ਰੈਲੀ ਵਿਚ ਉਹ ਹਾਜ਼ਰ ਹੋਏ ਸਨ।

ਇਨ੍ਹਾਂ ਰੈਲੀਆਂ ਵਿਚ ਜਾਣਾ ਅਤੇ ਚੋਣਾਂ ਲਈ ਸਿੱਖ ਸੰਗਤਾਂ ਨੂੰ ਬੇਨਤੀਆਂ ਕਰਨੀਆਂ ਉਨ੍ਹਾਂ ਦਾ ਫਰਜ਼ ਸੀ ਪਰ ਕੁਝ ਸ਼ਰਾਰਤੀ ਅਨਸਰਾਂ, ਖਾਸ ਕਰ ਖਾਲਸਾ ਪੰਥ ਵਿਰੋਧੀ ਅਖ਼ਬਾਰ 'ਸਪੋਕਸਮੈਨ' ਨੇ ਸਹੀ ਤੱਥ ਲੁਕੋ ਕੇ ਮਨਘੜਤ ਖ਼ਬਰ ਲਾਈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਿੱਖ ਪੰਥ ਦੇ ਸੰਘਰਸ਼ ਦੌਰਾਨ ਜਿਨ੍ਹਾਂ ਪੁਲਿਸ ਅਫ਼ਸਰਾਂ ਨੇ ਖਾਲਸਾ ਪੰਥ ਦੇ ਨਿਰਦੋਸ਼ ਨੌਜਵਾਨਾਂ ਨੂੰ ਸ਼ਹੀਦ ਕੀਤਾ ਹੈ, ਉਨ੍ਹਾਂ ਅਜਿਹੇ ਕਾਤਲਾਂ ਖ਼ਿਲਾਫ਼ ਹਮੇਸ਼ਾ ਆਵਾਜ਼ ਉਠਾਈ ਹੈ। ਸਾਬਕਾ ਪੁਲਿਸ ਅਫ਼ਸਰ ਇਜ਼ਹਾਰ ਆਲਮ ਵੀ ਪੰਥ ਦੇ ਨਿਰਦੋਸ਼ ਨੌਜਵਾਨਾਂ ਨੂੰ ਸ਼ਹੀਦ ਕਰਨ ਵਾਲਾ ਦੋਸ਼ੀ ਅਫ਼ਸਰ ਹੈ। ਅਜਿਹੇ ਬੰਦੇ ਨਾਲ ਉਨ੍ਹਾਂ ਦੀ ਫੋਟੋ ਬਣਾ ਕੇ ਲਾਉਣ ਦੀ ਘਟੀਆ ਹਰਕਤ ਕੀਤੀ ਗਈ ਹੈ। ਉਨ੍ਹਾਂ ਨੇ ਅਜਿਹਾ ਗੁੰਮਰਾਹਕੁਨ ਪ੍ਰਚਾਰ ਕਰਨ ਵਾਲੇ ਲੋਕਾਂ ਤੋਂ ਦੇਸ਼-ਵਿਦੇਸ਼ਾਂ ਦੀਆਂ ਸੰਗਤਾਂ ਨੂੰ ਸਾਵਧਾਨ ਰਹਿਣ ਲਈ ਬੇਨਤੀ ਕੀਤੀ ਹੈ।

## ਮਨੀਲਾ 'ਚ ਪੰਜਾਬੀ ਨੌਜਵਾਨ ਕਤਲ

**ਕਪੂਰਥਲਾ**: ਪਿੰਡ ਟਿੱਬਾ ਦੇ ਨੌਜਵਾਨ ਨੂੰ ਮਨੀਲਾ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਭੁਪਿੰਦਰ ਸਿੰਘ (27) ਪੁੱਤਰ ਕੁਲਵੰਤ ਸਿੰਘ ਤਿੰਨ ਸਾਲ ਪਹਿਲਾ ਮਨੀਲਾ ਗਿਆ ਸੀ। ਇਸੇ ਪਿੰਡ ਦੇ ਬੁਹਤ ਸਾਰੇ ਹੋਰ ਮੁੰਡੇ ਵੀ ਮਨੀਲਾ ਗਏ ਹੋਏ ਹਨ। ਪਰਿਵਾਰਕ ਮੈਂਬਰਾਂ ਮੁਤਾਬਕ ਜਦੋਂ ਮਨੀਲਾ 'ਚ ਉਹ ਘਰੋਂ ਕੰਮ 'ਤੇ ਗਿਆ ਤਾਂ ਰਸਤੇ 'ਚ ਕੁਝ ਅਣਪਛਾਤੇ ਬੰਦਿਆਂ ਨੇ ਉਸ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ।









To Advertise with us call: 847-359-0746






# ਬੱਚਨ ਖਿਲਾਫ ਕਤਲ ਦਾ ਮੁਕੱਦਮਾ ਦਾਇਰ ਕੀਤੇ ਜਾਣ ਦੀ ਮੰਗ

**ਨਵੀਂ ਦਿੱਲੀ (ਬਿਊਰੋ):** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਸਿੱਖਸ ਫਾਰ ਜਸਟਿਸ ਅਤੇ ਨੈਸਨਲ 1984 ਵਿਕਟਿਮਸ ਜਸਟਿਸ ਐਂਡ ਵੈਲਫੇਅਰ ਸੁਸਾਇਟੀ ਨੇ ਮੰਗ ਕੀਤੀ ਹੈ ਕਿ ਨਵੰਬਰ 1984 ਵਿਚ ਭਾਰਤ ਦੀ ਸਿੱਖ ਆਬਾਦੀ 'ਤੇ ਯੋਜਨਾਬਧ ਹਮਲੇ ਕਰਵਾਉਣ, ਸਿੱਖ ਨਸਲਕੁਸ਼ੀ ਦੀ ਸਾਜਿਸ਼ ਰਚਣ ਅਤੇ ਇਸ ਨੂੰ ਸ਼ਹਿ ਦੇਣ ਦੇ ਦੋਸ਼ਾਂ ਤਹਿਤ ਫਿਲਮ ਐਕਟਰ ਅਮਿਤਾਭ ਬੱਚਨ ਦੇ ਖਿਲਾਫ ਕਤਲ ਦੇ ਦੋਸ਼ ਦਾਇਰ ਕੀਤੇ ਜਾਣ।



ਇਥੇ ਜਾਰੀ ਇਕ ਬਿਆਨ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਐਲਾਨ ਕੀਤਾ ਕਿ ਹੋਂਦ ਚਿਲੜ ਤੋਂ ਭਾਰਤ ਦੇ ਸੁਪਰੀਮ ਕੋਰਟ ਤੱਕ ਇਨਸਾਫ ਯਾਤਰਾ ਕੱਢੀ ਜਾਵੇਗੀ। ਉਨ੍ਹਾਂ ਕਿਹਾ ਕਿ ਬੀਤੇ 27 ਸਾਲਾਂ ਤੋਂ ਪੀੜਤਾਂ ਨੂੰ ਇਨਸਾਫ ਤੋਂ ਇਨਕਾਰ ਕਰਨ ਅਤੇ ਸਮੁੱਚੇ ਭਾਰਤ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਹੋਈਆਂ ਮੌਤਾਂ ਲਈ ਸੁਪਰੀਮ ਕੋਰਟ ਤੋਂ ਆਪਣੇ ਤੌਰ 'ਤੇ ਕਾਰਵਾਈ ਕਰਨ ਦੀ ਮੰਗ ਨੂੰ ਲੈ ਕੇ 31 ਅਕਤੂਬਰ ਨੂੰ ਹੋਂਦ ਚਿਲੜ ਤੋਂ ਸੁਪਰੀਮ ਕੋਰਟ ਤੱਕ ਇਨਸਾਫ ਯਾਤਰਾ ਕੱਢੀ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ 31 ਅਕਤੂਬਰ 1984 ਨੂੰ ਬੱਚਨ ਨੇ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ' ਅਤੇ 'ਇੰਦਰਾ ਜੀ ਦੇ ਖ਼ੂਨ ਦੇ ਧੱਬੇ ਸਿੱਖਾਂ ਦੇ ਘਰਾਂ ਤਕ ਪਹੁੰਚਣੇ ਚਾਹੀਦੇ ਹਨ' ਦੇ ਨਾਅਰੇ ਲਗਾਏ ਜਿਨ੍ਹਾਂ ਨੂੰ ਦੂਰਦਰਸ਼ਨ ਤੇ ਆਲ ਇੰਡੀਆ ਰੇਡੀਓ 'ਤੇ ਪ੍ਰਸਾਰਿਤ ਕੀਤਾ ਗਿਆ ਜਿਸ ਪਿਛੋਂ ਸਮੁੱਚੇ ਭਾਰਤ ਵਿਚ ਸਿੱਖ ਭਾਈਚਾਰੇ ਖਿਲਾਫ ਵਿਆਪਕ ਤੇ ਯੋਜਨਾਬਧ ਤਰੀਕੇ ਨਾਲ ਹਮਲੇ ਕੀਤੇ ਗਏ ਜਿਨ੍ਹਾਂ ਵਿਚ ਕੇਵਲ ਚਾਰ ਦਿਨਾਂ ਵਿਚ ਹੀ 30,000 ਤੋਂ ਵਧ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ।

ਨਵੰਬਰ 1984 ਕੇਸ ਦੀ ਮੁੱਖ ਗਵਾਹ ਬੀਬੀ ਜਗਦੀਸ਼ ਕੌਰ, ਜਿਸ ਦਾ ਪਤੀ, ਪੁੱਤਰ ਤੇ 3 ਭਰਾ 1984 ਦੇ ਕਤਲੇਆਮ ਵਿਚ ਮਾਰੇ ਗਏ ਸੀ, ਨੇ ਕਿਹਾ ਕਿ ਮੈਂ ਇਸ ਦਾ ਦੂਰਦਰਸ਼ਨ 'ਤੇ ਸਿਧਾ ਪ੍ਰਸਾਰਣ ਵੇਖਿਆ ਸੀ ਜਿਸ ਵਿਚ ਅਮਿਤਾਭ ਬੱਚਨ ਬਾਂਹ ਚੁਕ ਕੇ ਦੋ ਵਾਰ ਨਾਅਰੇ ਲਗਾ ਰਿਹਾ ਸੀ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ'। ਨੈਸ਼ਨਲ 1984 ਵਿਕਟਿਮਸ ਜਸਟਿਸ ਐਂਡ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਾਬੂ ਸਿੰਘ ਦੁਖੀਆ ਨੇ ਵੀ ਕਿਹਾ ਕਿ ਉਸ ਨੇ ਬੱਚਨ ਨੂੰ ਦੂਰਦਰਸ਼ਨ ਤੇ ਆਲ ਇੰਡੀਆ ਰੇਡੀਓ 'ਤੇ 'ਖ਼ੂਨ ਦਾ ਖ਼ੂਨ' ਦੇ ਨਾਅਰੇ ਲਗਾਉਂਦੇ ਵੇਖਿਆ ਸੀ।

ਨਿਊ ਯਾਰਕ ਤੋਂ ਜਾਰੀ ਇਕ ਬਿਆਨ ਵਿਚ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ 1984 ਵਿਚ ਬੱਚਨ ਨੇ ਹਿੰਸਾ ਭੜਕਾਉਣ ਲਈ ਆਪਣੇ ਸੁਪਰ ਸਟਾਰ ਦੇ ਰੁਤਬੇ ਨੂੰ ਵਰਤਿਆ ਤੇ ਗਾਂਧੀ ਪਰਿਵਾਰ ਨਾਲ ਨੇੜਤਾ ਕਾਰਨ ਉਹ ਪਿਛਲੇ 27 ਸਾਲਾਂ ਤੋਂ ਜਾਂਚ ਅਤੇ ਮੁਕੱਦਮੇ ਤੋਂ ਬਚਦਾ ਆ ਰਿਹਾ ਹੈ। ਅਟਾਰਨੀ ਪੰਨੂ ਨੇ ਕਿਹਾ ਕਿ ਸਮਾਂ ਲੰਘਣ ਨਾਲ ਅਪਰਾਧ ਖਤਮ ਨਹੀਂ ਹੋ ਜਾਂਦਾ ਇਸ ਲਈ ਜਦੋਂ ਵੀ ਗਵਾਹ ਤੇ ਸਬੂਤ ਮੌਜੂਦ ਹੋਣ ਕਤਲ ਦਾ ਮੁਕੱਦਮਾ ਦਾਇਰ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਬੀਤੀ 17 ਅਕਤੂਬਰ ਨੂੰ ਸਿੱਖਸ ਫਾਰ ਜਸਟਿਸ ਨੇ 1995 ਦੇ ਕ੍ਰਿਮੀਨਲ ਕੋਡ ਐਕਟ ਤਹਿਤ ਆਸਟਰੇਲੀਆ ਦੇ ਕਾਮਵੈਲਥ ਡਾਇਰੈਕਟਰ ਆਫ ਪਬਲਿਕ ਪ੍ਰੋਸੀਕਿਉਸ਼ਨਸ ਕੋਲ ਬੱਚਨ ਦੇ ਖਿਲਾਫ ਅਪਰਾਧਕ ਸ਼ਿਕਾਇਤ ਦਰਜ ਕਰਵਾਈ ਸੀ। ਇਸ ਐਕਟ ਵਿਚ ਮਨੁੱਖਤਾ ਦੇ ਖਿਲਾਫ ਅਪਰਾਧ ਲਈ ਮੁਕੱਦਮਾ ਚਲਾਉਣ ਦੀ ਵਿਵਸਥਾ ਹੈ, ਬੇਸ਼ਕ ਅਜਿਹੇ ਅਪਰਾਧ ਆਸਟਰੇਲੀਆ ਤੋਂ ਬਾਹਰ ਹੀ ਕਿਉਂ ਨਾ ਹੋਏ ਹੋਣ।

# ਗੁਰਦੇ ਖ਼ਰਾਬ ਹੋ ਜਾਣ ਵਾਲੇ ਅਮਰਜੀਤ ਦੀ ਮਦਦ ਲਈ ਪੁਕਾਰ

**ਫਰਿਜ਼ਨੋ (ਐਸ. ਅਸ਼ੋਕ ਭੌਰਾ):** ਪੰਜਾਬੀ ਪੁੰਨ-ਦਾਨ ਅਤੇ ਮੁਸੀਬਤਾਂ 'ਚ ਕੰਮ ਆਉਣ ਲਈ ਹਮੇਸ਼ਾ ਮੋਹਰੀ ਮੰਨੇ ਜਾਂਦੇ ਹਨ ਤੇ ਇਸ ਵੇਲੇ ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਲਾਗੇ ਪੈਂਦੇ ਪਿੰਡ ਚੱਕ ਕਲਾਲ ਦਾ 36 ਵਰ੍ਹਿਆਂ ਦਾ ਨੌਜਵਾਨ ਅਮਰਜੀਤ ਸਿੰਘ ਦੋਵੇਂ ਗੁਰਦੇ ਖਰਾਬ ਹੋ ਜਾਣ ਨਾਲ ਮੌਤ ਅਤੇ ਜ਼ਿੰਦਗੀ ਦਰਮਿਆਨ ਲੜਾਈ ਤਾਂ ਲੜ ਹੀ ਰਿਹਾ ਹੈ, ਬਲਕਿ ਗਰੀਬੀ ਕਾਰਨ ਇਸ ਲਾ-ਇਲਾਜ ਬਿਮਾਰੀ ਨਾਲ ਜੂਝਣਾ ਹੋਰ ਵੀ ਅਸੰਭਵ ਹੋ ਗਿਆ ਹੈ। ਸ਼ੂਗਰ ਵਧਣ ਕਾਰਨ ਖਰਾਬ ਹੋਏ ਦੋਵੇਂ ਗੁਰਦਿਆਂ ਕਾਰਨ ਡਾਇਲਸਿਸ 'ਤੇ ਵੀ ਖਰਚ ਕਰਨ ਲਈ ਉਸ ਕੋਲ ਕੋਈ ਪੈਸਾ ਨਹੀਂ ਹੈ।

ਉਸ ਦੀਆਂ ਨਿੱਕੀਆਂ-ਨਿੱਕੀਆਂ ਤਿੰਨ ਧੀਆਂ ਅਤੇ ਪਤਨੀ ਮਨਜੀਤ ਕੌਰ ਉਪਰ ਵਾਲੇ ਦੇ ਨਾਲ-ਨਾਲ ਕਿਸੇ ਦੇਸ਼-ਵਿਦੇਸ਼ ਵਿਚ ਰਹਿੰਦੇ ਮਹਾਨ ਪੰਜਾਬੀ ਦੇ ਹੱਥਾਂ ਵੱਲ ਵੀ ਦੇਖ ਰਹੇ ਹਨ ਕਿ ਦੁੱਖ ਦੀ ਇਸ ਘੜੀ ਵਿਚ ਉਨ੍ਹਾਂ ਦਾ ਕੋਈ ਸਾਥ ਦੇਵੇ। ਕੋਈ ਜ਼ਮੀਨ ਜਾਇਦਾਦ ਤੇ ਕਮਾਈ ਦਾ ਸਾਧਨ ਵੀ ਨਹੀਂ ਹੈ। ਪੰਜ ਲੱਖ ਰੁਪਏ ਖਰਚ ਹੋ ਗਏ ਹਨ। ਉਸ ਦੀ ਪਤਨੀ ਗੁਰਦਾ ਤਾਂ ਦੇਣ ਲਈ ਤਿਆਰ ਹੈ ਪਰ ਇੰਨੇ ਕੁ ਪੈਸੇ ਹੀ ਗੁਰਦਾ ਬਦਲਣ ਲਈ ਕੀਤੇ ਜਾਣ ਵਾਲੇ ਅਪ੍ਰੇਸ਼ਨ ਲਈ ਚਾਹੀਦੇ ਹਨ। ਬੁੱਢੇ ਮਾਂ-ਬਾਪ ਕੋਲ ਵੀ ਧਾਹਾਂ ਤੋਂ ਵੱਧ ਕੁਝ ਨਹੀਂ। ਕੋਈ ਰਹਿਮ ਦਿਲ ਇਨਸਾਨ ਅਮਰਜੀਤ ਦੀ ਮੱਦਦ ਲਈ ਫੋਨ ਨੰਬਰ 0091-98724-80302 'ਤੇ ਅਮਰਜੀਤ ਸਿੰਘ ਜਾਂ ਉਸ ਦੇ ਪਰਿਵਾਰ ਨਾਲ ਸੰਪਰਕ ਕਰ ਸਕਦਾ ਹੈ ਤਾਂ ਕਿ ਇਸ ਲਾਚਾਰ ਇਨਸਾਨ ਦੀ ਸਹੀ ਅਰਥਾਂ ਵਿਚ ਮੱਦਦ ਹੋ ਸਕੇ।



## ਸਪਸ਼ਟੀਕਰਨ


**ਫਰੀਮਾਂਟ (ਬਿਊਰੋ):** ਪੰਜਾਬ ਟਾਈਮਜ਼ ਦੇ 15 ਅਕਤੂਬਰ ਦੇ ਅੰਕ ਵਿਚ ਸਫਾ 4 ਉਤੇ ਛਪੀ "ਯੂਨੀਅਨ ਸਿਟੀ ਵਿਚ ਗੁਰਮਤਿ ਵਿਚਾਰ ਗੋਸ਼ਟੀ" ਰਿਪੋਰਟ ਦੇ ਹਵਾਲੇ ਨਾਲ ਸ. ਜਸਦੀਪ ਸਿੰਘ (ਗੋਲਡ ਕੈਬ) ਨੇ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਇਸ ਗੋਸ਼ਟੀ ਦੌਰਾਨ ਇਹ ਬਿਲਕੁਲ ਨਹੀਂ ਕਿਹਾ ਕਿ ਅਜੋਕੇ ਪ੍ਰਬੰਧਕ ਏਨੇ ਹੰਕਾਰੀ ਹੋ ਚੁੱਕੇ ਹਨ ਕਿ ਪ੍ਰਚਾਰ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਵਿਦਵਾਨਾਂ ਨੂੰ ਗੁਰੂ ਘਰ ਦੀ ਸਟੇਜ ਤੇ ਸਮਾਂ ਨਹੀਂ ਦਿੰਦੇ ਅਤੇ ਡੇਰੇਦਾਰਾਂ ਨੂੰ ਘੰਟਾ-ਘੰਟਾ ਸਮਾਂ ਦਿੱਤਾ ਜਾਂਦਾ ਹੈ। ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਉਨ੍ਹਾਂ ਕਿਹਾ ਹੈ ਕਿ ਇਸ ਰਿਪੋਰਟ ਵਿਚ ਉਨ੍ਹਾਂ ਦੇ ਹਵਾਲੇ ਨਾਲ ਇਹ ਗਲਤ ਬਿਆਨ ਦਿੱਤਾ ਗਿਆ ਹੈ।

## ਗੁਰੂਘਰ ਕਮੇਟੀ ਤੇ ਸਾਬਕਾ ਗ੍ਰੰਥੀ ਸਿੰਘ ਦਰਮਿਆਨ ਸੁਲ੍ਹਾ

**ਫਰਿਜ਼ਨੋ (ਐਸ. ਅਸ਼ੋਕ ਭੌਰਾ):** ਸ੍ਰੀ ਗੁਰੂ ਰਵਿਦਾਸ ਸਭਾ, ਸੈਲਮਾ ਅਤੇ ਉਥੇ ਸੇਵਾ ਕਰਦੇ ਰਹੇ ਗ੍ਰੰਥੀ ਸਿੰਘ ਭਾਈ ਗੁਰਮੇਲ ਸਿੰਘ ਵਿਚਾਲੇ ਪਿਛਲੇ ਸਮੇਂ ਤੋਂ ਚੱਲ ਰਹੇ ਕੁਝ ਮਤਭੇਦਾਂ ਤੇ ਗਲਤ ਫਹਿਮੀਆਂ ਦਾ ਉਸ ਵੇਲੇ ਨਿਬੇੜਾ ਹੋ ਗਿਆ ਜਦੋਂ ਸੈਂਟਰਲ ਵੈਲੀ ਦੀਆਂ ਨਾਮਵਰ ਸਿੱਖ ਸ਼ਖ਼ਸੀਅਤਾਂ ਤੇ ਮੁਅੱਜਜ਼ ਹਸਤੀਆਂ ਨੇ ਵਿਚ ਪੈ ਕੇ ਦੋਹਾਂ ਧਿਰਾਂ ਦਰਮਿਆਨ ਸਮਝੌਤਾ ਕਰਵਾ ਦਿੱਤਾ। ਦੋਹਾਂ ਧਿਰਾਂ ਵੱਲੋਂ ਫੈਸਲਾ ਕੀਤਾ ਗਿਆ ਕਿ ਕੋਈ ਵੀ ਇਕ-ਦੂਜੇ ਵਿਰੁਧ ਬਿਆਨਬਾਜ਼ੀ ਨਹੀਂ ਕਰੇਗਾ।

ਇਸ ਮੌਕੇ 'ਤੇ ਜਸਵੀਰ ਸਿੰਘ, ਗੁਰਪ੍ਰੀਤ ਸਿੰਘ ਨਿੱਝਰ, ਸਰਪੰਚ ਭਰੂਪਰ ਸਿੰਘ, ਦੇਵਰਾਜ ਸਿੰਘ, ਮਾਸਟਰ ਗੁਰਬਚਨ ਸਿੰਘ, ਰਾਜਵੀਰ ਸਿੰਘ ਪੰਨੂ, ਮਲਕੀਤ ਬਾਸੀ, ਵਨ ਸਟਾਪ ਦੇ ਲਖਵਿੰਦਰ ਸਿੰਘ ਸੰਧੂ, ਤਰਲੋਕ ਰੰਧਾਵਾ, ਲਖਵਿੰਦਰ ਸਿੰਘ, ਸੁਖਪਾਲ ਸਿੰਘ ਤੇ ਨਾਮਵਰ ਰੇਡੀਓ ਹੋਸਟ ਹਰਨੀਤ ਸਿੰਘ ਹਾਜ਼ਰ ਸਨ।


C.V.R.C
Central Valley Registration & Computer Repair Services



Ravinder S. Brar
Cell:209-402-5747

ਟਰੱਕਿੰਗ ਸਨਅਤ ਨਾਲ ਸਬੰਧਤ ਸੇਵਾਵਾਂ ਤੋਂ ਲੈ ਕੇ ਕੰਪਿਊਟਰ ਠੀਕ ਕਰਨ ਤੱਕ ਸਾਰੀਆਂ ਸੇਵਾਵਾਂ ਇਕੋ ਛੱਤ ਥੱਲੇ

IFTA Decal & Fuel Tax Return • CA #, ICC, MC, DOT, MCP, UCR Permits
NM. OR, NY, KY, Permits • IRP License Plate • VIN Verification

Immigration & Notary Services
Corporation, LLC # BOC-3
Licensed & Bonded

A+ Certified
25 Years Experience

*ਇਮੀਗ੍ਰੇਸ਼ਨ ਅਤੇ ਨੋਟਰੀ ਸੇਵਾਵਾਂ

ਕੰਪਿਊਟਰ ਖਰਾਬ ਹੈ? ਚਿੰਤਾ ਨਾ ਕਰੋ, ਸਾਡੇ ਕੋਲ ਲੈ ਕੇ ਆਓ






Virus/Spyware/Trojan Removal
Operating System Install/Repair
Hardware Repair
Data Backup/Recovery
Hard Drive Replacement/Imaging
Ram (memory) upgrade
Networking (LAN & Wi-Fi) Setup
And many more services…
On-site Repair Services

Office: 209-538-7383
Fax: 855-214-1828, cenval.reg@gmail.com
1400 Mitchell Rd., Suite#5, Modesto, CA 95351
Located on the corner of Mitchell & Hatch rd. next to PMZ realestate building

# ਡਾ. ਮਹਿੰਦਰ ਕੌਰ ਗਿੱਲ ਤੇ ਪ੍ਰੇਮ ਪ੍ਰਕਾਸ਼ ਨੂੰ ਸਾਹਿਤ ਰਤਨ ਐਵਾਰਡ



ਪ੍ਰੇਮ ਪ੍ਰਕਾਸ਼ ਕੁਲਦੀਪ ਮਾਣਕ ਹਰਭਜਨ ਸਿੰਘ ਭਾਟੀਆ ਸੁਰਿੰਦਰ ਗਿੱਲ ਸੁਰਜੀਤ ਹਾਂਸ ਜਰਨੈਲ ਸਿੰਘ ਟੋਰਾਂਟੋ ਅਮਰਜੀਤ ਗੁਰਦਾਸਪੁਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬੀ ਸਹਿਤਕਾਰ ਤੇ ਸ਼੍ਰੋਮਣੀ ਪੱਤਰਕਾਰ ਐਵਾਰਡਾਂ ਦਾ ਐਲਾਨ ਕਰਦਿਆਂ ਪੰਜਾਬੀ ਸਾਹਿਤ ਰਤਨ ਐਵਾਰਡ ਲਈ ਡਾ. ਮਹਿੰਦਰ ਕੌਰ ਗਿੱਲ, ਪ੍ਰੇਮ ਪ੍ਰਕਾਸ਼ ਖੰਨਵੀ ਤੇ ਸ਼੍ਰੋਮਣੀ ਪੱਤਰਕਾਰਾਂ ਵਿਚ ਅਜੀਤ ਅਖ਼ਬਾਰ ਦੇ ਬਠਿੰਡਾ ਤੋਂ ਸਟਾਫ਼ ਰਿਪੋਰਟਰ ਹੁਕਮ ਚੰਦ ਸ਼ਰਮਾ ਦੀ ਚੋਣ ਕੀਤੀ ਹੈ। ਕਲੀਆਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਕੁਲਦੀਪ ਮਾਣਕ ਤੇ ਕਵੀਸ਼ਰ ਜੋਗਾ ਸਿੰਘ ਜੋਗੀ ਵੀ ਸ਼੍ਰੋਮਣੀ ਐਵਾਰਡ ਹਾਸਲ ਕਰਨ ਵਾਲੀਆਂ ਸ਼ਖ਼ਸੀਅਤਾਂ ਹਨ। ਸਾਹਿਤਕਾਰ ਸੁਰਜੀਤ ਹਾਂਸ ਤੇ ਡਾ. ਤੇਜਵੰਤ ਸਿੰਘ ਮਾਨ ਨੂੰ ਸ਼੍ਰੋਮਣੀ ਸਾਹਿਤਕਾਰ ਦਾ ਐਵਾਰਡ ਦਿੱਤਾ ਜਾਵੇਗਾ।

ਸਿੱਖਿਆ ਤੇ ਭਾਸ਼ਾਵਾਂ ਬਾਰੇ ਵਿਭਾਗ ਦੇ ਮੰਤਰੀ ਸੇਵਾ ਸਿੰਘ ਸੇਖਵਾਂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਸਾਲ 2010 ਤੇ 2011 ਦੇ ਐਵਾਰਡਾਂ ਲਈ 15 ਵਰਗਾਂ ਲਈ ਵੱਖ-ਵੱਖ ਖੇਤਰਾਂ ਵਿਚ ਮੋਹਰੀ ਸ਼ਖ਼ਸੀਅਤਾਂ ਦੀ ਚੋਣ ਕੀਤੀ ਗਈ। ਇਸ ਮੀਟਿੰਗ ਦੌਰਾਨ ਤਿੰਨ ਵਿਸ਼ੇਸ਼ ਸਨਮਾਨ ਦੇਣ ਦਾ ਵੀ ਫੈਸਲਾ ਕੀਤਾ ਗਿਆ ਹੈ। ਸ. ਸੇਵਾ ਸਿੰਘ ਸੇਖਵਾਂ ਨੇ ਦੱਸਿਆ ਕਿ ਪੰਜਾਬੀ ਸਾਹਿਤ ਰਤਨ ਲਈ ਪੰਜ-ਪੰਜ ਲੱਖ ਰੁਪਏ, ਸ਼ਾਲ, ਮੈਡਲ ਤੇ ਪਲੇਕ, ਸ਼੍ਰੋਮਣੀ ਪੁਰਸਕਾਰਾਂ ਲਈ ਢਾਈ-ਢਾਈ ਲੱਖ ਰੁਪਏ, ਸ਼ਾਲ, ਮੈਡਲ ਤੇ ਪਲੇਕ ਪ੍ਰਦਾਨ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਵਿਚ ਪਾਏ ਯੋਗਦਾਨ ਲਈ ਕ੍ਰਿਪਾਲ ਸਿੰਘ ਬਡੂੰਗਰ ਤੇ ਹਰਵਿੰਦਰ ਸਿੰਘ ਖ਼ਾਲਸਾ ਨੂੰ ਡੇਢ-ਡੇਢ ਲੱਖ ਰੁਪਏ ਤੇ ਗੁਲਜ਼ਾਰ ਸਿੰਘ ਸ਼ੌਂਕੀ ਨੂੰ ਇਕ ਲੱਖ ਰੁਪਏ ਵਿਸ਼ੇਸ਼ ਸਨਮਾਨ ਵਜੋਂ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਹਿੰਦੀ ਸਾਹਿਤਕਾਰ ਪੁਰਸਕਾਰ ਲਈ ਗੁਰਬਚਨ ਸਿੰਘ ਤੇ ਕ੍ਰਿਸ਼ਨ ਕੁਮਾਰ ਰੱਤੂ, ਸ਼੍ਰੋਮਣੀ ਉਰਦੂ ਸਾਹਿਤਕਾਰ ਪੁਰਸਕਾਰ ਲਈ ਸਰਦਾਰ ਅੰਜੁਮ ਤੇ ਡਾ. ਰੁਬੀਨਾ ਸ਼ਬਨਮ, ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਪੁਰਸਕਾਰ ਲਈ ਸ਼ਿਵ ਪ੍ਰਸ਼ਾਦ ਭਾਰਦਵਾਜ ਤੇ ਡਾ. ਮਹੇਸ਼ ਚੰਦਰ ਸ਼ਰਮਾ ਗੌਤਮ ਦੀ ਚੋਣ ਕੀਤੀ ਗਈ।

ਇਸੇ ਤਰ੍ਹਾਂ ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ ਸੁਰਿੰਦਰ ਗਿੱਲ ਤੇ ਸੁਰਜੀਤ ਜੱਜ, ਸ਼੍ਰੋਮਣੀ ਪੰਜਾਬੀ ਆਲੋਚਕ ਪੁਰਸਕਾਰ ਲਈ ਹਰਭਜਨ ਸਿੰਘ ਭਾਟੀਆ ਤੇ ਸ਼੍ਰੋਮਣੀ ਗਿਆਨ ਸਾਹਿਤਕਾਰ ਪੁਰਸਕਾਰ ਲਈ ਸਰੂਪ ਸਿੰਘ ਅਲੱਗ, ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਪੁਰਸਕਾਰ ਲਈ ਵੀਨਾ ਵਰਮਾ ਤੇ ਜਰਨੈਲ ਸਿੰਘ ਟੋਰਾਂਟੋ, ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ) ਦਰਸ਼ਨ ਸਿੰਘ ਭਾਊ ਤੇ ਹਰਭਜਨ ਸਿੰਘ ਕੋਮਲ, ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ ਲਈ ਸੁਖਦੇਵ ਸਿੰਘ ਗਰੇਵਾਲ ਤੇ ਕਮਲਜੀਤ ਨੀਲੋਂ, ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ ਲਈ ਗੁਰਵਿੰਦਰ ਸਿੰਘ ਧਾਲੀਵਾਲ ਤੇ ਜਗਦੀਸ਼ ਸਿੰਘ ਵਰਿਆਮ, ਸ਼੍ਰੋਮਣੀ ਰਾਗੀ/ਢਾਡੀ/ਕਵੀਸ਼ਰ ਪੁਰਸਕਾਰ ਲਈ ਕਵੀਸ਼ਰ ਜੋਗਾ ਸਿੰਘ ਜੋਗੀ ਤੇ ਨਿਰਮਲ ਸਿੰਘ ਖ਼ਾਲਸਾ, ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਥੀਏਟਰ ਪੁਰਸਕਾਰ ਲਈ ਜਤਿੰਦਰ ਕੌਰ ਤੇ ਕੇਸਰ ਸਿੰਘ (ਫਿਲਮਸਾਜ਼), ਸ਼੍ਰੋਮਣੀ ਪੰਜਾਬੀ ਗਾਇਕ/ਸੰਗੀਤਕਾਰ ਪੁਰਸਕਾਰ ਲਈ ਅਮਰਜੀਤ ਗੁਰਦਾਸਪੁਰੀ ਲੜੀਵਾਰ ਸਾਲ 2010 ਤੇ ਸਾਲ 2011 ਦੇ ਪੁਰਸਕਾਰਾਂ ਲਈ ਚੁਣੇ ਗਏ ਹਨ।

## ਬਾਦਲਾਂ ਦੀ ਟਰਾਂਸਪੋਰਟ ਬਾਰੇ ਸੀ ਬੀ ਆਈ ਜਾਂਚ ਮੰਗੀ

**ਚੰਡੀਗੜ੍ਹ:** ਹਾਈ ਕੋਰਟ ਵਿਚ ਪੰਜਾਬ ਦੀ ਟਰਾਂਸਪੋਰਟ ਨੀਤੀ 'ਤੇ ਪਟੀਸ਼ਨਰ ਹਿੰਮਤ ਸਿੰਘ ਸ਼ੇਰਗਿੱਲ ਤੇ ਰਾਜ ਦੇ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਵਿਚਾਲੇ ਭਖਵੀਂ ਬਹਿਸ ਦੌਰਾਨ ਹਿੰਮਤ ਸਿੰਘ ਨੇ ਖੁੱਲ੍ਹੇਆਮ ਕਿਹਾ ਕਿ ਉਸ ਵੱਲੋਂ ਦਾਇਰ ਪਟੀਸ਼ਨ ਭ੍ਰਿਸ਼ਟਾਚਾਰ ਵਿਰੁੱਧ ਖੁੱਲ੍ਹਾ ਐਲਾਨ ਹੈ। ਰਾਜ ਸਰਕਾਰ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਤੇ ਉਸ ਦੇ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਬਾਰੇ ਵੇਰਵੇ ਦੇਣੇ ਚਾਹੀਦੇ ਹਨ। ਅਦਾਲਤ ਵਿਚ ਮਾਹੌਲ ਉਦੋਂ ਗਰਮਾ ਗਿਆ ਜਦੋਂ ਸ੍ਰੀ ਅਗਰਵਾਲ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਪਟੀਸ਼ਨ ਰਾਜਸੀ ਲਾਭ ਲਈ ਦਾਇਰ ਕੀਤੀ ਗਈ ਹੈ।

ਸ੍ਰੀ ਸ਼ੇਰਗਿੱਲ ਨੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਜਾਂ ਹਾਈ ਕੋਰਟ ਦੇ ਜੱਜ ਕੋਲੋਂ ਕਰਵਾਉਣ ਦੀ ਮੰਗ ਕੀਤੀ। ਇਸ ਮਾਮਲੇ ਵਿਚ ਸਰਕਾਰ ਨੇ ਪਹਿਲਾਂ ਟਰਾਂਸਪੋਰਟ ਕਮਿਸ਼ਨਰ ਰਾਹੀਂ ਮੁੱਖ ਸਕੱਤਰ ਤੇ ਪ੍ਰਿੰਸੀਪਲ ਸਕੱਤਰ ਵੱਲੋਂ ਸਟੇਟਸ ਰਿਪੋਰਟ ਜਾਰੀ ਕੀਤੀ ਹੋਈ ਹੈ।

ਸਰਕਾਰ ਵੱਲੋਂ ਜਦੋਂ ਸ੍ਰੀ ਅਗਰਵਾਲ ਨੇ ਸ. ਸ਼ੇਰਗਿੱਲ ਉਤੇ ਤੱਥਾਂ ਤੇ ਅੰਕੜਿਆਂ ਨਾਲ ਛੇੜਛਾੜ ਕਰਨ ਦਾ ਦੋਸ਼ ਲਾਇਆ ਤਾਂ ਸ਼ੇਰਗਿੱਲ ਨੇ ਸਖ਼ਤ ਪ੍ਰਕਿਰਿਆ ਜ਼ਾਹਰ ਕੀਤੀ। ਸ. ਸ਼ੇਰਗਿੱਲ ਨੇ ਕਿਹਾ ਕਿ ਸਰਕਾਰ ਨੇ ਸ. ਬਾਦਲ ਤੇ ਉਨ੍ਹਾਂ ਦੇ ਪਰਿਵਾਰ ਦੀਆਂ ਕੰਪਨੀਆਂ ਬਾਰੇ ਰਣਨੀਤਕ ਚੁੱਪ ਧਾਰਨ ਕੀਤੀ ਹੋਈ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 2 ਨਵੰਬਰ 'ਤੇ ਪਾ ਦਿੱਤੀ ਹੈ।

## ਸ਼੍ਰੋਮਣੀ ਬਾਲ ਪੁਰਸਕਾਰ ਮਿਲਣ 'ਤੇ

# ਬੱਚਿਆਂ ਦਾ ਮਾਣੋ ਬਿੱਲੀ ਅੰਕਲ-ਕਮਲਜੀਤ ਨੀਲੋਂ

**ਐਸ. ਅਸ਼ੋਕ ਭੌਰਾ**

ਬੱਚਿਆਂ ਨੂੰ ਆਪਣੇ ਹਾਣ ਦੀਆਂ ਗੱਲਾਂ ਸੁਣਨ ਵਿਚ ਹੀ ਵਧੇਰੇ ਦਿਲਚਸਪੀ ਹੁੰਦੀ ਹੈ। ਦਾਦੀ ਅਤੇ ਨਾਨੀ ਮਾਂ ਦੀਆਂ ਬਾਤਾਂ ਉਨ੍ਹਾਂ ਨੂੰ ਇਸ ਕਰਕੇ ਵੀ ਪਿਆਰੀਆਂ ਲਗਦੀਆਂ ਹਨ ਕਿਉਂਕਿ ਉਹ ਮਨ ਦੇ ਸੱਚੇ ਹੀ ਨਹੀਂ, ਸਮਾਜ ਦੀਆਂ ਚਲਾਕੀਆਂ ਤੋਂ ਵੀ ਅਣਭੋਲ ਹੁੰਦੇ ਹਨ। ਕਮਲਜੀਤ ਨੀਲੋਂ ਪੰਜਾਹਵਿਆਂ ਨੂੰ ਢੁੱਕ ਗਿਆ ਹੋਵੇ, ਵੱਖਰੀ ਗੱਲ ਹੈ ਪਰ ਉਹਦਾ ਬਚਪਨ ਹਾਲੇ ਤੀਕਰ ਇਸ ਕਰਕੇ ਨਹੀਂ ਗੁਆਚਿਆ ਕਿਉਂਕਿ ਉਹ ਬੱਚਿਆਂ ਵਾਂਗ ਵਿਚਰਦਾ ਹੀ ਨਹੀਂ, ਉਨ੍ਹਾਂ ਨੂੰ ਖਿਡਾਉਣਾ, ਹਸਾਉਣਾ, ਨਚਾਉਣਾ ਤੇ ਸੁਣਾਉਣਾ ਸਿਰਫ਼ ਨੀਲੋਂ ਨੂੰ ਹੀ ਆਉਂਦਾ ਹੈ। ਕਮਲਜੀਤ ਨੇ ਬੱਚਿਆਂ ਬਾਰੇ ਲਿਖਿਆ ਹੀ ਨਹੀਂ, ਗਾਇਆ ਵੀ ਹੈ; ਬਾਲ ਵਰਕਸ਼ਾਪਾਂ ਲਗਾ ਕੇ ਉਨ੍ਹਾਂ ਨੂੰ ਬਚਪਨ ਦਾ ਅਨੰਦ ਵੀ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਇਸ ਵਾਰ ਉਹਨੂੰ ਬਾਲ ਸਾਹਿਤ ਪੁਰਸਕਾਰ ਦੇ ਕੇ ਚਿਰਾਂ ਦਾ ਅਧੂਰਾ ਪਿਆ ਫਰਜ਼ ਪੂਰਾ ਹੀ ਕੀਤਾ ਹੈ। ਮਾਣ ਨਾਲ ਕਹਾਂਗਾ ਕਿ ਅਸੀਂ ਉਹਦੇ ਕਾਰਜਾਂ ਵਿਚ ਵਧ-ਚੜ੍ਹ ਕੇ ਯੋਗਦਾਨ ਪਾਇਆ ਹੈ।

ਜਲੰਧਰ ਦੂਰਦਰਸ਼ਨ 'ਤੇ ਅਮਿਤੋਜ ਵੱਲੋਂ ਪੇਸ਼ ਕੀਤਾ ਜਾਣ ਵਾਲਾ ਪ੍ਰੋਗਰਾਮ 'ਕੱਚ ਦੀਆਂ ਮੁੰਦਰਾਂ' ਆਪਣੇ ਵੇਲੇ ਠੰਢੂ ਰਾਮ ਹੋਰਾਂ ਦੇ ਦਿਹਾਤੀ ਪ੍ਰੋਗਰਾਮ ਤੋਂ ਵੀ ਕਿਤੇ ਵੱਧ ਪੇਂਡੂ ਲੋਕਾਂ ਲਈ ਹਰਮਨ ਪਿਆਰਾ ਹੋਇਆ ਸੀ। 1986 ਵਿਚ ਜਦੋਂ ਅਮਿਤੋਜ ਨੇ ਉਹਨੂੰ ਇਸੇ ਪ੍ਰੋਗਰਾਮ ਵਿਚ 'ਸੌਂ ਜਾ ਬੱਬੂਆ, ਮਾਣੋ ਬਿੱਲੀ ਆਈ ਐ' ਰਾਹੀਂ ਪੇਸ਼ ਕੀਤਾ ਤਾਂ ਨੀਲੋਂ ਅਤੇ ਗੀਤ ਰਾਤੋ-ਰਾਤ ਸਟਾਰ ਬਣ ਗਏ। ਹੁਣ ਤੀਕਰ ਨੀਲੋਂ ਨੇ ਭਾਵੇਂ ਬੱਚਿਆਂ ਲਈ ਬਹੁਤ ਕੁਝ ਕੀਤਾ ਹੈ, ਪਰ 'ਮੀਤੇ ਵੀਰ ਨੂੰ ਖਿਡਾ ਵੀਰ ਰੋ ਰਿਹੈ' ਵਾਲੇ ਸੰਵਾਦ



*ਮੇਰਾ ਵੱਡਾ ਮੁੰਡਾ ਮਨਵੀਰ ਹੁਣ ਸੁੱਖ ਨਾਲ ਗੱਭਰੂ ਐ ਪਰ ਉਹ 11 ਦਿਨਾਂ ਦਾ ਸੀ ਜਦੋਂ ਮੇਰੇ ਭਾਣਜੇ-ਭਾਣਜੀਆਂ, ਭਤੀਜੇ-ਭਤੀਜੀਆਂ 'ਚ ਮੇਰੇ ਘਰ 'ਸੌਂ ਜਾ ਬੱਬੂਆ' ਨਾਲ ਨੀਲੋਂ ਸਾਰਾ ਦਿਨ ਮਹਿਫਲ ਲਾਈ ਬੈਠਾ ਰਿਹਾ। ਕੁੱਛੜ ਚੁੱਕਿਆ ਮਨਵੀਰ ਹੀ ਹੈ।*

ਨਾਲ ਸ਼ੁਰੂ ਹੋਣ ਵਾਲਾ ਇਹ ਗੀਤ ਹਮੇਸ਼ਾ ਉਹਦੀ ਪਛਾਣ ਬਣਿਆ ਰਹੇਗਾ। ਸਾਲ 1989 'ਚ ਅਸੀਂ ਸ਼ੌਂਕੀ ਮੇਲਾ ਸ਼ੁਰੂ ਕੀਤਾ ਤਾਂ ਉਹ ਮੇਰੇ ਸੱਦੇ 'ਤੇ ਮਾਹਿਲਪੁਰ ਆਇਆ। ਇਹ ਗੱਲ ਤਾਂ ਖਾਸ ਨਹੀਂ ਸੀ, ਪਰ ਖਾਸ ਇਹ ਸੀ ਕਿ ਸਰਦੂਲ, ਨੂਰੀ, ਸੁਰਿੰਦਰ ਕੌਰ, ਸਦੀਕ-ਰਣਜੀਤ ਲਗਭਗ ਡੇਢ ਦਰਜਨ ਗਾਇਕਾਂ ਵਿਚੋਂ ਨੀਲੋਂ ਮੇਲੇ 'ਚ ਬਾਜ਼ੀ ਮਾਰ ਗਿਆ ਸੀ। ਫਿਰ ਸਾਡੀ ਸਾਂਝ ਬਣ ਗਈ। ਅਗਲੇ ਵਰ੍ਹੇ 1990 ਵਿਚ ਅਸੀਂ ਬਾਲ ਦਿਵਸ 'ਤੇ ਬਾਲ ਮੇਲਾ ਲਾਇਆ ਤਾਂ ਇਕ ਵਾਰ ਫਿਰ ਸ਼ੌਂਕੀ ਮੇਲੇ ਜਿੱਡਾ 'ਕੱਠ ਕਰ ਦਿੱਤਾ। ਰਮਾ ਰਤਨ ਤੇ ਕਮਲਜੀਤ ਨੀਲੋਂ ਨੇ ਬਾਲ ਕਾਫ਼ਲਿਆਂ ਦਾ ਜਿਹੜਾ ਦੌਰ ਸ਼ੁਰੂ ਕੀਤਾ ਸੀ, ਉਹਦੀ ਪਹਿਲੇ ਦੋ ਸਾਲ ਨੁਮਾਇੰਦਗੀ ਅਤੇ ਪਹਿਲਕਦਮੀ ਅਸੀਂ ਸ਼ੌਂਕੀ ਟਰੱਸਟ ਵੱਲੋਂ ਮਾਹਿਲਪੁਰੋਂ ਕੀਤੀ ਸੀ। ਪਹਿਲਾ ਰੂਟ ਸੀ ਚੱਬੇਵਾਲ, ਹੁਸ਼ਿਆਰਪੁਰ, ਆਦਮਪੁਰ, ਜਲੰਧਰ ਤੇ ਅਜੀਤ ਭਵਨ ਤੀਕਰ। ਇਕ-ਇਕ ਮਹੀਨਾ ਉਹ ਅਗਾਊਂ ਵਰਕਸ਼ਾਪ ਲਾਉਂਦਾ ਅਤੇ ਬੱਚਿਆਂ ਨੂੰ ਮੁਕੰਮਲ ਕਲਾਕਾਰ ਬਣਾ ਕੇ ਨਾਲ ਤੋਰਦਾ। ਮੈਂ ਮਾਣ ਨਾਲ ਕਹਾਂਗਾ ਕਿ ਅਸੀਂ ਕਾਫ਼ਲਿਆਂ ਜ਼ਰੀਏ ਫਿਰ ਪੰਜਾਬ ਦੇ ਭਾਸ਼ਾ ਤੇ ਸਭਿਆਚਾਰ ਵਿਭਾਗ ਨੂੰ ਹਲੂਣ ਦਿੱਤਾ ਸੀ ਕਿ ਆਹ ਕੰਮ ਸਿਰਫ਼ ਸਾਨੂੰ ਕਰਨਾ ਆਉਂਦੈ।

ਕਮਲਜੀਤ ਨੀਲੋਂ ਮਰਹੂਮ ਸ਼ਾਇਰ ਕੁਲਵੰਤ ਨੀਲੋਂ ਦਾ ਪੁੱਤਰ ਹੈ। ਮਾਂ ਨਛੱਤਰ ਕੌਰ ਨੂੰ ਸ਼ਾਇਦ ਮਾਂਵਾਂ ਵਰਗਾ ਪਿਆਰ ਨੀਲੋਂ ਤੋਂ ਵੱਧ ਕੋਈ ਨਾ ਕਰਦਾ ਹੋਵੇ। ਚਰਨਜੀਤ ਅਹੂਜਾ ਨੇ ਉਹਨੂੰ ਆਪ ਬੁਲਾ ਕੇ 'ਸੌਂ ਜਾ ਬੱਬੂਆ' ਕੈਸਿਟ ਰਿਕਾਰਡ ਕੀਤੀ ਸੀ ਜਿਸ ਨੂੰ ਜੈਟ ਕੰਪਨੀ ਨੇ 90 'ਚ ਰਿਲੀਜ਼ ਕੀਤਾ ਸੀ। ਕਮਲਜੀਤ ਦੀ ਪਤਨੀ ਦਾ ਨਾਂ ਪਰਮਜੀਤ ਕੌਰ ਹੈ, ਬੇਟੀ ਮਹਿਕਪ੍ਰੀਤ ਤੇ ਬੇਟਾ ਕੰਵਰ ਕੁਲਜੋਤ ਸਿੰਘ; ਪਰ ਸਾਨੂੰ ਬਹੁਤ ਵਰ੍ਹੇ ਇੰਦਾਂ ਲਗਦਾ ਰਿਹੈ ਕਿ ਸ਼ਾਇਦ ਉਹ ਵਿਆਹ ਕਰਵਾਏਗਾ ਹੀ ਨਹੀਂ, ਜੇ ਹੋ ਗਿਆ ਤਾਂ ਸ਼ਾਇਦ ਸਫ਼ਲ ਨਾ ਹੋ ਸਕੇ ਕਿਉਂਕਿ ਉਹ ਵੱਡਾ ਤਾਂ ਹੋ ਗਿਆ ਸੀ, ਪਰ ਬਚਪਨ 'ਚੋਂ ਨਿਕਲ ਨਹੀਂ ਸੀ ਰਿਹਾ। ਆਦਤਾਂ ਬੱਚਿਆਂ ਵਰਗੀਆਂ। ਬਾਂਹ 'ਚ ਲਟਕਦੇ ਲੰਬੇ ਝੋਲੇ 'ਚ ਜਾਂ ਤਾਂ ਭੁੱਜੇ ਛੋਲੇ ਹੁੰਦੇ ਤੇ ਜਾਂ ਮੂੰਗਫਲੀ। ...ਤੇ ਇਹ ਆਦਤ ਹਾਲੇ ਤੀਕਰ ਉਹਦੇ ਨਾਲ ਪ੍ਰਛਾਂਵੇਂ ਵਾਂਗ ਬਣ ਕੇ ਤੁਰੀ ਆਉਂਦੀ ਐ। ਉਹਨੂੰ ਇਕ ਵਾਰ ਮੈਂ ਪੁੱਛ ਵੀ ਲਿਆ ਸੀ, "ਨੀਲੋਂ ਤੈਨੂੰ ਪਤਾ ਵਿਆਹ ਕੀ ਹੁੰਦੈ ਤੇ ਗ੍ਰਿਹਸਥ ਕੀਹਨੂੰ ਕਹਿੰਦੇ ਨੇ?" ਉਹਦਾ ਆਪਣੇ ਮਜ਼ਾਕੀਆ ਲਹਿਜੇ ਵਾਲਾ ਉੱਤਰ ਸੀ, "ਤੂੰ ਕੈਂਪ ਲਗਾ ਕੇ ਵਿਆਹ ਕਰਵਾਇਆ ਸੀ?" ਪਰ ਯਕੀਨ ਸਾਨੂੰ ਉਦੋਂ ਹੀ ਹੋਇਆ ਜਦੋਂ ਉਹਦੇ ਵਿਆਹ 'ਤੇ ਭੰਗੜਾ ਪਾ ਲਿਆ ਸੀ। ਫਿਰ ਲੋਹੜੀ 'ਤੇ ਵੀ ਜਾ ਆਏ ਸੀ। ਨੀਲੋਂ ਨੇ ਕਦੇ ਵੀ ਘੁੱਟ ਮੂੰਹ ਨੂੰ ਲਗਾਈ। ਉਹਦੇ ਵਿਆਹ ਦੀ ਪਾਰਟੀ 'ਤੇ ਨੀਲੋਂ ਪਿੰਡ 'ਚ ਤਿੰਨ ਦਰਜਨ ਗਾਇਕ ਪੁੱਜੇ। ਮੇਰੇ ਕੰਨ 'ਚ ਕਹਿਣ ਲੱਗਾ, "ਚਾਰ ਕੁ ਸ਼ੀਸ਼ੀਆਂ ਨਾਲ ਸਰ ਜੂ?" ਕਮਲਜੀਤ ਸੱਚੀਂ ਸਿਆਣਾ ਭੋਲਾ ਐ!

ਉਹ ਆਪਣੀਆਂ ਬਾਲ ਰਚਨਾਵਾਂ ਨਾਲ ਆਪ ਚਿੱਤਰ ਬਣਾ ਲੈਂਦਾ ਹੈ। ਬਲਜਿੰਦਰ ਮਾਨ ਦੇ ਮਾਹਿਲਪੁਰੋਂ ਛਪਦੇ 'ਕਰੂੰਬਲਾਂ' ਰਸਾਲੇ ਲਈ ਉਹ ਚਿੱਤਰਾਂ ਸਮੇਤ ਲਗਾਤਾਰ ਲਿਖ ਤੇ ਛਪ ਰਿਹਾ ਹੈ। ਇਕਬਾਲ ਮਾਹਲ ਦਾ ਨੀਲੋਂ ਰੱਜ ਕੇ ਸਤਿਕਾਰ ਕਰਦਾ ਹੈ। ਮਾਹਲ ਤੋਂ ਪੁੱਛ ਕੇ ਦੇਖਿਓ ਕਿ ਕੈਨੇਡਾ 'ਚ ਰਹਿ ਕੇ ਜੋ ਬੱਚਿਆਂ ਲਈ ਨੀਲੋਂ ਕਰ ਸਕਦਾ ਹੈ, ਹੋਰ ਕੋਈ ਨਹੀਂ। ਵਰਕਸ਼ਾਪ ਤੋਂ ਪਿੱਛੋਂ ਵੀ ਬੱਚੇ ਮਾਪਿਆਂ ਕੋਲ ਜਾਣ ਨਾਲੋਂ ਨੀਲੋਂ ਨਾਲ ਰਹਿਣਾ ਪਸੰਦ ਕਰਦੇ ਸਨ। ਬਾਲ ਸਾਹਿਤ ਦੇ ਨਾਲ-ਨਾਲ ਉਹਨੇ ਵੱਡਿਆਂ ਲਈ ਵੀ ਲਿਖਿਆ ਹੈ, ਕਮਾਲ ਦਾ ਲਿਖਿਆ ਹੈ:

ਦਿਲ ਦੀ ਕਿਤਾਬ ਉਤੇ ਲਿਖਿਆ ਗਿਆ
ਹਾਏ ਅੰਮੀਏ ਨੀ ਆਪੇ ਸੱਜਣਾਂ ਦਾ ਨਾਂ
ਘੂਰਦੀ ਤੂੰ ਮੈਨੂੰ ਮੇਰੇ ਵੱਸ ਹੁੰਦਾ ਤਾਂ...

ਤੇ ਨੂੰਹ ਸੱਸ ਦੀਆਂ ਰੁਮਾਂਟਿਕ ਬੋਲੀਆਂ 'ਚ ਕਦੇ ਟੱਕਰੇ ਤਾਂ ਫਰਮਾਇਸ਼ ਜ਼ਰੂਰ ਕਰਿਓ:

ਨੂੰਹ: ਫਿਰ ਹੱਥ ਜੋੜਦੀ ਫਿਰਦੀ ਸੀ
ਜਦ ਮੈਂ ਆਈ 'ਤੇ ਆਈ।
ਸੱਸ: ਕਦੇ ਮੈਂ ਵੀ ਤੇਰੇ ਵਰਗੀ ਸਾਂ
ਜਦ ਮੁੜਦੀ ਗੱਡੀ ਲਾਹੀ ਸੀ।

ਉਹਦੀ 'ਫੱਟੀ ਕਿਉਂ ਮਾਰੀ?' ਸਕਿੱਟ ਨੂੰ ਮੈਂ ਦਰਜਨਾਂ ਵਾਰ ਸੁਣਿਆ ਹੈ। ਸਾਡੇ ਪਰਿਵਾਰ ਦੇ ਹਰ ਸਮਾਗਮ 'ਚ ਨੀਲੋਂ ਦੀ ਕਲਾ ਸਿਰ ਚੜ੍ਹ ਕੇ ਬੋਲਦੀ ਐ। ਮੇਰੀ ਪਤਨੀ ਕਸ਼ਮੀਰ ਨੂੰ ਉਹ 'ਮਹਾਨ ਭਾਬੀ' ਨਾਲ ਹਮੇਸ਼ਾ ਸੰਬੋਧਤ ਹੁੰਦਾ ਹੈ। ਉਹਦੇ ਸੁਭਾਅ ਦੀ ਵੰਨਗੀ ਦੇਖੋ ਕਿ ਸਮਝ ਨਹੀਂ ਆਉਂਦਾ ਕਿ ਨੀਲੋਂ ਹੈ ਕੀ? ਕਈ ਵਾਰ ਉਹ ਉਦਾਸ ਚਿਹਰਿਆਂ 'ਤੇ ਝੱਟ ਦੇਣੀ ਰੌਣਕ ਲੈ ਆਉਂਦਾ ਹੈ। ਕੁਝ ਵਰ੍ਹੇ ਪਹਿਲਾਂ ਜਦੋਂ ਮੇਰੀ ਮਾਂ ਤੁਰ ਗਈ ਤਾਂ ਸਾਰਾ ਟੱਬਰ ਸਦਮੇ 'ਚ ਸੀ। ਉਹਦਾ ਅਫ਼ਸੋਸ ਵਾਲਾ ਫੋਨ ਆਇਆ ਤਾਂ ਭਰਾਵਾਂ ਨਾਲ ਗੱਲ ਕਰਾਉਣ ਲਈ ਮੇਰੀ ਪਤਨੀ ਨੇ ਸਪੀਕਰ ਲਗਾ ਦਿੱਤਾ। ਉਹਦੀ ਦੁੱਖ ਜ਼ਾਹਿਰ ਕਰਨ ਦੀ ਪਹਿਲੀ ਸਤਰ 'ਅੱਛਾ! ਮਾਈ ਫਿਰ ਰੁਕੀ ਨੀਂ?' ਨੇ ਮੱਲੋਜ਼ੋਰੀ ਸਾਰਿਆਂ ਦੇ ਮੂੰਹੋਂ ਹਾਸਾ ਕਢਾ ਦਿੱਤਾ।

ਗੱਲਾਂ ਭਾਵੇਂ ਕਹਿਣ ਨੂੰ ਹੋਣ, ਕਮਲਜੀਤ ਸਾਧ, ਫੱਕਰ, ਮਲੰਗ ਤੇ ਉਦਾਹਰਣਾਂ ਵਰਗਾ ਮਿੱਤਰ ਹੈ। ਨੌਕਰੀ ਤਾਂ ਉਹ ਡਾਕ ਤਾਰ ਵਿਭਾਗ 'ਚ ਲੁਧਿਆਣੇ ਕਰਦੈ ਪਰ ਮੇਰੇ ਵਾਂਗ ਉਹ ਜਿਨ੍ਹਾਂ ਦਾ ਹੈ, ਜਾਗਦਿਆਂ ਦੇ ਵੀ ਸੁਪਨੇ 'ਚ ਆ ਜਾਂਦੈ। ਕਦੇ ਮੋਰਿੰਡਾ ਤੋਂ ਲੁਧਿਆਣੇ ਜਾ ਰਹੇ ਹੋਵੋ ਤਾਂ ਨੀਲੋਂ ਪੁਲ ਤੋਂ ਪਹਿਲਾਂ ਨੀਲੋਂ 'ਚ ਨੀਲੋਂ ਨੂੰ ਜ਼ਰੂਰ ਮਿਲਿਓ। ਪਰਿਵਾਰ 'ਚ ਬਹਿ ਕੇ ਗੀਤ ਸੁਣਨੇ ਹੋਏ, ਰੱਜ ਕੇ ਮਨੋਰੰਜਨ ਕਰਨਾ ਹੋਇਆ ਤਾਂ ਕਮਲਜੀਤ ਨੂੰ ਇਕ ਬੇਨਤੀ ਜ਼ਰੂਰ ਕਰਿਓ, ਤੁਸੀਂ ਜ਼ਰੂਰ ਆਖੋਗੇ-'ਐਵੇਂ ਹਨ੍ਹੇਰੇ 'ਚ ਹੀ ਘੁੰਮਦੇ ਰਹੇ?'

ਨੀਲੋਂ ਨੂੰ ਪੁਰਸਕਾਰ ਮਿਲਣ 'ਤੇ "ਵਧਾਈਆਂ" ਸ਼ਬਦ ਛੋਟਾ ਲੱਗਦੈ ਕਿਉਂਕਿ ਉਹਨੂੰ ਬਣਨ ਅਤੇ ਬਣਾਉਣ 'ਚ ਅਸੀਂ ਵੀ ਬਣਦਾ ਹਿੱਸਾ ਪਾਇਆ ਹੈ।

ਹਾਲੇ ਤੀਕਰ ਮੈਨੂੰ ਵੀ ਸੋਝੀ ਨੀਂ ਆਈ ਕਿ ਕਮਲਜੀਤ ਨੂੰ ਬਾਗ ਕਹਾਂ ਕਿ ਗੁਲਦਸਤਾ?




ਕਮਲਜੀਤ ਨੀਲੋਂ ਦੇ ਕੈਨੇਡਾ ਵਿਚਲੇ ਪ੍ਰੋਗਰਾਮ ਦਾ ਕਾਵਿਕ ਪੋਸਟਰ

# ਕਬੱਡੀ ਦੇ ਵੱਡੇ ਮੇਲੇ ਦਾ ਸੁਪਨਾ ਦਿਲ 'ਚ ਲੈ ਕੇ ਹੀ ਤੁਰ ਗਿਆ-ਅਮਨਦੀਪ ਧਾਰਨੀ

**ਅਮੋਲਕ ਸਿੰਘ ਜੰਮੂ**

**ਸਿਨਸਿਨੈਟੀ, ਓਹਾਇਓ:** 15 ਅਕਤੂਬਰ ਨੂੰ ਮੈਨੂੰ ਅਮਨਦੀਪ ਧਾਰਨੀ ਦਾ ਫੋਨ ਆਇਆ ਕਿ ਜਗਰੂਪ ਸਿੰਘ ਤੂਰ ਨਾਲ ਮਿਲ ਕੇ ਉਨ੍ਹਾਂ ਪੰਜਾਬ ਵਿਚ ਕਬੱਡੀ ਟਰੇਨਿੰਗ ਅਕੈਡਮੀ ਖੋਲ੍ਹੀ ਹੈ ਅਤੇ ਉਸ ਬਾਰੇ ਮੈਂ ਅਖਬਾਰ ਵਿਚ ਕੁਝ ਲਿਖਾਂ। ਮੈਂ ਅਮਨ ਤੋਂ ਉਸ ਦੇ ਖੇਡ ਜੀਵਨ ਬਾਰੇ ਕੁਝ ਗੱਲਾਂ ਪੁੱਛੀਆਂ, ਫਿਰ ਉਸ ਨੇ ਕੁਝ ਹੋਰ ਗੱਲਾਂ ਮੈਨੂੰ ਈ-ਮੇਲ ਰਾਹੀਂ ਲਿਖ ਭੇਜੀਆਂ। ਅਮਨ ਨੇ ਮੈਨੂੰ ਕੁਝ ਫੋਟੋਆਂ ਵੀ ਭੇਜਣ ਦਾ ਵਾਅਦਾ ਕੀਤਾ ਸੀ, ਜੋ ਨਾ ਮਿਲਣ 'ਤੇ ਮੈਂ ਫੋਨ ਕੀਤਾ ਪਰ ਉਸ ਦਾ ਕੋਈ ਜਵਾਬ ਨਾ ਆਇਆ। ਇਸ ਸਨਿਚਰਵਾਰ ਯਾਨਿ 22 ਅਕਤੂਬਰ ਨੂੰ ਦੁਪਹਿਰੇ ਮੈਂ ਅਜੇ ਸੋਚ ਹੀ ਰਿਹਾ ਸਾਂ ਕਿ ਅਮਨ ਨੂੰ ਫੋਟੋਆਂ ਬਾਬਤ ਫੋਨ ਕਰਾਂ ਕਿ ਇੰਨੇ ਨੂੰ ਇਕ ਜਾਣਕਾਰ ਦਾ ਫੋਨ ਆ ਗਿਆ ਅਤੇ ਉਸ ਅਮਨਦੀਪ ਨਾਲ ਹੋਈ ਵਾਪਰੀ ਬਾਰੇ ਖਬਰ ਦਿੱਤੀ। ਇਸ ਨੂੰ ਹੋਣੀ ਦੀ ਖੇਡ ਹੀ ਸਮਝੋ ਕਿ ਅੱਜ ਇਹ ਸਾਰਾ ਕੁਝ ਅਮਨਦੀਪ ਦੀ ਸ਼ਰਧਾਂਜਲੀ ਦੇ ਕੰਮ ਆ ਰਿਹਾ ਹੈ। ਜਿਵੇਂ ਹੋਣੀ ਨੇ ਉਸ ਨੂੰ ਪਹਿਲਾਂ ਹੀ ਸਭ ਕੁਝ ਦੱਸ ਦਿੱਤਾ ਹੋਵੇ।

ਅਮਨਦੀਪ ਧਾਰਨੀ ਨੂੰ ਗੋਲੀ ਮਾਰਨ ਵਾਲਾ ਕੋਈ ਹੋਰ ਨਹੀਂ ਖੁਦ ਉਸ ਦੇ ਆਪਣੇ ਹੀ ਮਾਮੇ ਦਾ ਪੁੱਤਰ ਜਗਦੀਪ ਸੀ। ਇਸ ਨੂੰ ਵੀ ਹੋਣੀ ਦੀ ਖੇਡ ਹੀ ਆਖ ਲਓ ਕਿ ਜਗਦੀਪ ਨੇ ਅਮਨਦੀਪ ਨੂੰ ਤਾਂ ਇਸ ਜਹਾਨੋਂ ਤੁਰਦਾ ਕੀਤਾ ਹੀ ਪਰ ਖੁਦ ਵੀ ਉਸ ਦੇ ਮਗਰੇ ਮਗਰ (ਖੁਦਕੁਸ਼ੀ ਕਰਕੇ) ਤੁਰ ਗਿਆ। ਖਬਰ ਹੈ ਕਿ ਇਸ ਖੂਨ ਖਰਾਬੇ ਪਿਛੇ ਪੈਸੇ ਦਾ ਲੈਣ-ਦੇਣ ਹੀ ਸੀ ਅਤੇ ਪੈਸੇ ਬਾਰੇ ਸਿਆਣਿਆਂ ਦਾ ਕਿਹਾ ਕਦੀ ਝੂਠਾ ਸਾਬਤ ਨਹੀਂ ਹੋਇਆ ਕਿ ਇਹ ਕਦੇ ਕਿਸੇ ਦਾ ਮਿੱਤ ਨਹੀਂ ਬਣਿਆ।

ਆਪਣੇ ਮੁਲਕ ਤੋਂ ਹਜ਼ਾਰਾਂ ਮੀਲ ਦੂਰ ਵਸਦਿਆਂ ਆਪਣੇ ਸਭਿਆਚਾਰ ਅਤੇ ਵਿਰਸੇ ਦੀ ਯਾਦ ਰੂਹ ਵਾਲੇ ਹਰ ਸ਼ਖਸ ਨੂੰ ਸਤਾਉਂਦੀ ਹੈ। ਆਪਣੇ ਸਭਿਆਚਾਰ ਤੇ ਵਿਰਸੇ ਪ੍ਰਤੀ ਇਹੋ ਦਰਦ ਕਈ ਪੰਜਾਬੀਆਂ ਨੂੰ ਖੇਡਾਂ ਨਾਲ ਜੋੜ ਦਿੰਦਾ ਹੈ। ਅਮਨਦੀਪ ਧਾਰਨੀ ਵੀ ਅਜਿਹਾ ਹੀ ਰੂਹ ਵਾਲਾ ਪੰਜਾਬੀ ਸੀ। ਉਸ ਦਾ ਸਾਥ ਇਸੇ ਸ਼ਹਿਰ ਵਸਦੇ ਇਕ ਹੋਰ ਰੂਹ ਵਾਲੇ ਪੰਜਾਬੀ ਜਗਰੂਪ ਤੂਰ ਨੇ ਦਿੱਤਾ। ਇਨ੍ਹਾਂ ਦੋਹਾਂ ਨੇ ਪਿਛਲੇ ਕੁਝ ਸਮੇਂ ਵਿਚ ਤੂਰ ਪੈਟਰੋਲੀਅਮ ਅਤੇ ਧਾਰਨੀ ਪੈਟਰੋਲੀਅਮ ਦੇ ਪਰਚਮ ਥੱਲੇ ਕਬੱਡੀ, ਵਾਲੀਬਾਲ ਅਤੇ ਹੋਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਪੱਲਿਓਂ ਹਜ਼ਾਰਾਂ ਡਾਲਰ ਖਰਚ ਕੇ ਕਈ ਹੰਭਲੇ ਮਾਰੇ। ਹੁਣ ਇਹ ਦੋਵੇਂ ਪੰਜਾਬ ਵਿਚ ਹੋ ਰਹੇ ਦੂਜੇ ਵਿਸ਼ਵ ਕੱਪ ਕਬੱਡੀ ਮੇਲੇ ਲਈ ਅਮਰੀਕਾ ਤੋਂ ਟੀਮ ਭੇਜਣ ਲਈ ਸਰਗਰਮ ਸਨ। ਅਮਨਦੀਪ ਧਾਰਨੀ ਨੂੰ ਹੋਣੀ ਨੇ ਸਨਿਚਰਵਾਰ 11:25 'ਤੇ ਇਸ ਜਹਾਨੋਂ ਚੁੱਕ ਲਿਆ। ਇਸ ਵਾਰਦਾਤ ਦੇ ਵਾਪਰਨ ਤੋਂ ਪੰਜ ਮਿੰਟ ਪਹਿਲਾਂ ਹੀ ਜਗਰੂਪ ਸਿੰਘ ਤੂਰ ਇਥੋਂ ਦੀ ਸਬਰਬ ਲਿਬਰਟੀ ਟਾਊਨਸ਼ਿਪ ਵਿਚ ਅਮਨਦੀਪ ਦੇ ਘਰ ਅੱਗਿਓਂ ਦੀ ਕਾਰ ਵਿਚ ਲੰਘਿਆ ਸੀ ਅਤੇ ਉਸ ਅਮਨਦੀਪ ਨੂੰ ਆਪਣੇ ਘਰ ਦੇ ਬਾਹਰ ਕਿਸੇ ਨਾਲ ਗੱਲਾਂ ਕਰਦਿਆਂ ਵੀ ਵੇਖਿਆ ਸੀ। ਅੱਜ ਜਗਰੂਪ ਕਹਿੰਦਾ ਹੈ ਕਿ ਪਲ ਦੀ ਪਲ ਉਸ ਦੇ ਮਨ ਵਿਚ ਆਇਆ ਕਿ ਉਹ ਅਮਨਦੀਪ ਕੋਲੇ ਰੁਕ ਜਾਵੇ ਪਰ ਫਿਰ ਇਹ ਸੋਚ ਕੇ ਅੱਗੇ ਨਿਕਲ ਗਿਆ ਕਿ ਫੋਨ ਕਰਦਾ ਹਾਂ। ਅੱਜ ਜਗਰੂਪ ਦੇ ਹੱਥ ਉਹ ਸਮਾਂ ਨਹੀਂ ਆ ਰਿਹਾ। ਉਸ ਨੂੰ ਪਛਤਾਵਾ ਹੈ ਕਿ ਜੇ ਰੁਕ ਜਾਂਦਾ ਤਾਂ ਸ਼ਾਇਦ...।



*ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਵਲੋਂ ਕਰਵਾਏ ਗਏ 2011 ਦੇ ਕਬੱਡੀ ਕੱਪ ਦੀ ਜੇਤੂ ਆਪਣੀ ਟੀਮ ਨਾਲ ਅਮਨਦੀਪ ਧਾਰਨੀ (ਖੱਬਿਓਂ ਸੱਤਵਾਂ, ਕਾਲੀ ਕਮੀਜ ਵਿਚ)*

ਸਿਨਸਿਨੈਟੀ ਅਤੇ ਮਿਡਵੈਸਟ ਦੀਆਂ ਹੋਰ ਸਟੇਟਾਂ ਵਿਚ ਵਸਦੇ ਹਰ ਉਮਰ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਉਨ੍ਹਾਂ ਨੂੰ ਉਸਾਰੂ ਪਾਸੇ ਲਾਉਣਾ ਜਗਰੂਪ ਅਤੇ ਅਮਨ-ਦੋਹਾਂ ਦਾ ਸ਼ੌਕ ਸੀ। ਦੋਹਾਂ ਦਾ ਸਾਂਝਾ ਸੁਪਨਾ ਸੀ ਕਿ ਨਾ ਸਿਰਫ ਪੰਜਾਬੀ ਸਭਿਆਚਾਰ ਨੂੰ ਹੀ ਸਾਂਭਿਆ ਜਾਵੇ ਸਗੋਂ ਨਵੀਂ ਪੀੜ੍ਹੀ ਨੂੰ ਖੇਡਾਂ ਨਾਲ ਜੋੜ ਕੇ ਉਨ੍ਹਾਂ ਦੀ ਸ਼ਕਤੀ ਨੂੰ ਪੰਜਾਬੀ ਭਾਈਚਾਰੇ ਦਾ ਮਾਣ ਬਣਾਇਆ ਜਾਵੇ।

39 ਸਾਲਾ ਅਮਨਦੀਪ ਧਾਰਨੀ ਵੀ ਜਗਰੂਪ ਦੇ ਹੀ ਜ਼ਿਲੇ ਯਾਨਿ ਫਤਿਹਗੜ੍ਹ ਸਾਹਿਬ ਦਾ ਜੰਮਪਲ ਸੀ। ਉਸ ਦਾ ਜਨਮ ਇਤਿਹਾਸਕ ਨਗਰ ਬਸੀ ਪਠਾਣਾਂ ਵਿਚ ਮਾਤਾ ਹਰਦੀਪ ਕੌਰ ਧਾਰਨੀ ਦੀ ਕੁੱਖੋਂ ਪਿਤਾ ਹਰਪ੍ਰੀਤ ਸਿੰਘ ਧਾਰਨੀ ਦੇ ਘਰ ਹੋਇਆ। ਅਮਨਦੀਪ ਦੀਆਂ ਦੋ ਧੀਆਂ-ਨੌਂ ਸਾਲ ਦੀ ਅਵਨੀਤ ਅਤੇ ਛੇ ਸਾਲ ਦੀ ਆਰੀਆ ਧਾਰਨੀ ਹਨ। ਜਿਸ ਸਮੇਂ ਇਹ ਹੋਣੀ ਵਾਪਰੀ ਦੋਵੇਂ ਕੋਲ ਹੀ ਖੇਡਦੀਆਂ ਪਈਆਂ ਸਨ। ਅਮਨਦੀਪ ਦੇ ਦਾਦਾ ਮਾਸਟਰ ਮੱਘਰ ਸਿੰਘ ਅਤੇ ਦਾਦੀ ਰਾਜਿੰਦਰ ਕੌਰ ਨੇ ਉਸ ਨੂੰ ਹਮੇਸ਼ਾ ਪੰਜਾਬੀ ਸਭਿਆਚਾਰ ਅਤੇ ਵਿਰਸੇ ਨਾਲ ਜੁੜੇ ਰਹਿਣ ਲਈ ਉਤਸ਼ਾਹਿਤ ਕੀਤਾ। ਆਪਣੇ ਬਚਪਨ ਤੋਂ ਹੀ ਅਮਨ ਖੇਡਾਂ-ਖਾਸ ਕਰਕੇ ਹੈਂਡਬਾਲ, ਵਾਲੀਬਾਲ ਅਤੇ ਕਬੱਡੀ ਵੱਲ ਰੁਚਿਤ ਰਿਹਾ ਅਤੇ ਉਸ ਨੇ ਕਈ ਇਨਾਮ ਵੀ ਜਿੱਤੇ। ਡੀ ਏ ਵੀ ਕਾਲਜ, ਜਲੰਧਰ ਦਾ ਵਿਦਿਆਰਥੀ ਹੁੰਦਿਆਂ ਉਹ ਨੈਸ਼ਨਲ ਹੈਂਡਬਾਲ ਟੀਮ ਵਿਚ ਵੀ ਖੇਡਿਆ। ਬਾਅਦ ਵਿਚ ਅਮਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵਿਦਿਆਰਥੀ ਹੁੰਦਿਆਂ ਹੈਂਡਬਾਲ ਦੇ ਇਕ ਅਹਿਮ ਖਿਡਾਰੀ ਵਜੋਂ ਕੁਲ ਹਿੰਦ ਇੰਟਰ ਯੂਨੀਵਰਸਿਟੀ ਟੀਮ ਲਈ ਵੀ ਖੇਡਿਆ ਅਤੇ ਆਪਣੀ ਯੂਨੀਵਰਸਿਟੀ ਦੀ ਨੁਮਾਇੰਦਗੀ ਕੀਤੀ।

ਪੜ੍ਹਾਈ ਪੂਰੀ ਕਰਨ ਉਪਰੰਤ ਅਮਨ 1994 ਵਿਚ ਅਮਰੀਕਾ ਆ ਵੱਸਿਆ ਅਤੇ 1999 ਵਿਚ ਸਿਨਸਿਨੈਟੀ, ਓਹਾਇਓ ਆ ਵੱਸਣ ਤੋਂ ਪਹਿਲਾਂ ਛੇ ਸਾਲ ਨਿਊ ਯਾਰਕ ਸਿਟੀ ਹੀ ਰਿਹਾ। ਓਹਾਇਓ ਵਿਚ ਅਮਨ ਨੇ ਪੂਰੀ ਮਿਹਨਤ ਕਰਕੇ ਗੈਸ ਸਟੇਸ਼ਨਾਂ ਅਤੇ ਘਰਾਂ ਦਾ ਬਿਜਨਸ ਕਰਨ ਉਪਰੰਤ ਇਕ ਪੈਟਰੋਲੀਅਮ ਕੰਪਨੀ ਬਣਾਉਣ ਵਿਚ ਕਾਮਯਾਬੀ ਹਾਸਲ ਕੀਤੀ। ਸੰਨ 2010 ਵਿਚ ਅਮਨ ਨੇ ਵਾਲੀਬਾਲ ਦੀ ਖੇਡ ਨੂੰ ਉਤਸ਼ਾਹਿਤ ਕਰਨਾ ਅਤੇ ਟੂਰਨਾਮੈਂਟ ਕਰਾਉਣੇ ਸ਼ੁਰੂ ਕੀਤੇ। ਅਮਨ ਨੇ ਸਿਨਸਿਨੈਟੀ ਵਿਚ ਦੂਜਾ ਇੰਟਰਨੈਸ਼ਨਲ ਇੰਡੋ-ਪਾਕਿ ਵਾਲੀਬਾਲ ਟੂਰਨਾਮੈਂਟ ਕਰਾਉਣ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਇਸ ਟੀਮ ਵਿਚ ਉਸ ਦੀ ਆਪਣੀ ਵਾਲੀਬਾਲ ਟੀਮ ਨੇ ਪਹਿਲਾ ਇਨਾਮ ਜਿੱਤਿਆ। ਉਦੋਂ ਤੋਂ ਉਸ ਦੀ ਟੀਮ ਮਿਡਵੈਸਟ ਦੇ ਕਈ ਖੇਡ ਮੇਲਿਆਂ ਵਿਚ ਜਿੱਤਾਂ ਹਾਸਲ ਕਰ ਚੁਕੀ ਹੈ।

ਇਸ ਸਾਲ ਦੇ ਅਰੰਭ ਵਿਚ ਅਮਨਦੀਪ ਧਾਰਨੀ ਅਤੇ ਜਗਰੂਪ ਸਿੰਘ ਤੂਰ ਨੇ ਖੇਡਾਂ ਨੂੰ ਰਲ ਕੇ ਉਤਸ਼ਾਹਤ ਕਰਨ ਲਈ ਸਿਰ ਜੋੜਿਆ

## ਸ਼ਰਧਾਂਜਲੀ

ਅਤੇ "ਧਾਰਨੀ ਤੇ ਤੂਰ ਪੈਟਰੋਲੀਅਮ" ਦੇ ਨਾਂ ਹੇਠ ਕਬੱਡੀ ਟੀਮ ਬਣਾਈ। ਉਨ੍ਹਾਂ ਦੀ ਸਾਂਝੀ ਟੀਮ ਹੁਣ ਤੱਕ 5 ਅਹਿਮ ਖੇਡ ਮੇਲਿਆਂ ਵਿਚ ਪਹਿਲਾ ਇਨਾਮ ਤੇ ਟਰਾਫੀ ਜਿੱਤ ਚੁਕੀ ਹੈ। ਇਨ੍ਹਾਂ ਵਿਚ ਕਲੀਵਲੈਂਡ ਕੱਪ, ਕਲੀਵਲੈਂਡ (ਓਹਾਇਓ), ਮਿਸ਼ੀਗਨ ਕੱਪ, ਡਿਟਰਾਇਟ, ਸ਼ਿਕਾਗੋ ਕੱਪ, ਸ਼ਿਕਾਗੋ, ਨਿਊ ਯਾਰਕ ਵਿਸ਼ਵ ਕੱਪ, ਨਿਊ ਯਾਰਕ ਅਤੇ ਸਿਨਸਿਨੈਟੀ ਕੱਪ, ਸਿਨਸਿਨੈਟੀ (ਓਹਾਇਓ) ਸ਼ਾਮਲ ਹਨ।

ਹਾਲ ਹੀ ਵਿਚ ਜਗਰੂਪ ਅਤੇ ਅਮਨਦੀਪ ਨੇ ਕਬੱਡੀ ਦੀ ਖੇਡ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਵਿਚ ਧਾਰਨੀ ਐਂਡ ਤੂਰ ਕਬੱਡੀ ਟਰੇਨਿੰਗ ਸੈਂਟਰ ਨਾਂ ਦਾ ਇਕ ਕਬੱਡੀ ਸਿਖਲਾਈ ਕੇਂਦਰ ਖੋਲ੍ਹਿਆ ਸੀ ਜਿਥੇ ਕਬੱਡੀ ਖਿਡਾਰੀਆਂ ਨੂੰ ਕਬੱਡੀ ਦੀ ਖੇਡ ਲਈ ਟਰੇਨਿੰਗ ਦਿੱਤੀ ਜਾਇਆ ਕਰੇਗੀ। ਅਮਨਦੀਪ ਨੇ ਹਾਲ ਹੀ ਵਿਚ ਆਪਣੇ ਇਕ ਦੋਸਤ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਦੇ ਸਾਬਕਾ ਪ੍ਰਧਾਨ ਅਮਰਦੇਵ ਸਿੰਘ ਬਦੇਸ਼ਾ ਕੋਲ ਆਪਣੇ ਮਨ ਦੀ ਇਛਾ ਜਾਹਰ ਕੀਤੀ ਸੀ ਕਿ ਉਹ ਮਿਡਵੈਸਟ 'ਚ ਇਨਡੋਰ ਸਟੇਡੀਅਮ 'ਚ ਕਬੱਡੀ ਮੇਲਾ ਕਰਵਾਉਣਾ ਚਾਹੁੰਦਾ ਹੈ। ਉਸ ਦੇ ਇਸ ਸੁਪਨੇ ਨੂੰ ਅਮਲੀ ਜਾਮਾ ਪਹਿਨਾਉਣਾ ਹੀ ਉਸ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਅਮਨ ਦੇ ਇੰਜ ਅਚਾਨਕ ਤੁਰ ਜਾਣ ਨੇ ਨਾ ਸਿਰਫ ਮਿਡਵੈਸਟ ਦੀਆਂ ਖੇਡ ਕਲੱਬਾਂ 'ਚ ਹੀ ਸੋਗ ਦੀ ਲਹਿਰ ਪੈਦਾ ਕਰ ਦਿੱਤੀ ਹੈ ਸਗੋਂ ਅਮਰੀਕਾ ਦੀਆਂ ਹੋਰਨਾਂ ਸਟੇਟਾਂ ਅਤੇ ਕੈਨੇਡਾ ਦੀਆਂ ਕਲੱਬਾਂ 'ਚ ਵੀ, ਜਿਨ੍ਹਾਂ ਨਾਲ ਪਿਛਲੇ ਕੁਝ ਸਮੇਂ 'ਚ ਉਸ ਨੇ ਨੇੜਲਾ ਰਿਸ਼ਤਾ ਬਣਾ ਲਿਆ ਸੀ।




## ਗੁਰਦੁਆਰਾ ਪੈਲਾਟਾਈਨ (ਸ਼ਿਕਾਗੋ)

### ਕੀਰਤਨੀ ਜਥੇ ਦੀ ਲੋੜ ਹੈ

**ਮਿਡਵੈਸਟ ਦੇ ਸਭ ਤੋਂ ਵੱਡੇ ਅਤੇ ਪੁਰਾਣੇ ਗੁਰੂ ਘਰ ਗੁਰਦੁਆਰਾ ਪੈਲਾਟਾਈਨ ਲਈ ਕੀਰਤਨੀ ਜਥੇ ਦੀ ਲੋੜ ਹੈ ਜਿਸ ਵਾਸਤੇ ਅਰਜੀਆਂ 25 ਅਕਤੂਬਰ 2011 ਤੋਂ 25 ਨਵੰਬਰ 2011 ਤੱਕ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਪਹੁੰਚ ਜਾਣੀਆਂ ਚਾਹੀਦੀਆਂ ਹਨ।**

**ਯੋਗਤਾ: ਜਥੇ ਦੇ ਸਾਰੇ ਮੈਂਬਰ ਘੱਟੋ ਘੱਟ ਹਾਈ ਸਕੂਲ ਪਾਸ ਹੋਣ, ਜਥੇ ਕੋਲ ਘੱਟੋ ਘੱਟ ਪੰਜ ਸਾਲ ਦਾ ਕੀਰਤਨ ਕਰਨ ਦਾ ਤਜ਼ਰਬਾ ਹੋਵੇ ਅਤੇ ਜਥੇ ਦੇ ਸਾਰੇ ਮੈਂਬਰਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਸ਼ੁਧ ਪਾਠ ਕਰਨਾ ਆਉਂਦਾ ਹੋਵੇ।**

*ਸੰਪਰਕ ਕਰੋ*

ਬੀਬੀ ਸੁਖਦੇਵ ਕੌਰ ਘੁਮਾਣ ਫੋਨ 224-595-8924
ਹਰਕੀਰਤ ਸਿੰਘ ਸੰਧੂ (ਮੁੱਖ ਸੇਵਾਦਾਰ) ਫੋਨ 630-870-9319
ਈਮੇਲ: *nsandhu@comcast.net*

**Sikh Religious Society, Chicago**
1280 W. Winnetka St., Palatine, IL 60067
Ph: 847-358-1117, Fax: 847-358-1701

# ਨੀ ਡਰ ਲੱਗਦੈ ਭਾਬੀ ਤੋਂ...

## ਸਿਹਤ ਵਿਗਿਆਨ

ਹਰਬੰਸ ਕੌਰ ਦਿਓਲ

"ਵਾਹ ਬਈ ਵਾਹ! ਅੱਜ ਤਾਂ ਸਾਡੀ ਭਾਬੀ ਲਾਡੋ ਵੀ ਘਰ ਈ ਮਿਲ ਗਈ," ਕਹਿ ਕੇ ਚੰਨੀ, ਪਰੀਤ ਵੱਲ ਵਧੀ ਤੇ ਗਾਉਣ ਲੱਗੀ,

"ਨੀ ਆ ਜਾ ਭਾਬੀ ਝੂਟ ਲੈ,
ਪੀਂਘ ਹੁਲਾਰੇ ਲੈਂਦੀ
ਨੀ ਆ ਜਾ ਭਾਬੀ ਝੂਟ ਲੈ।"

ਪਰੀਤ ਬਿਨਾ ਕੁਝ ਬੋਲੇ ਅੰਦਰ ਜਾ ਵੜੀ। ਵਿਹੜੇ ਵਿਚ ਬੈਠੀ ਚਾਚੀ ਵੱਲ ਦੇਖ ਕੇ ਚੰਨੀ ਨੇ ਕਿਹਾ, "ਭਾਬੀ ਪਰੀਤ ਨੂੰ ਕੀ ਹੋਇਐ। ਚਾਚੀ ਇਹ ਸੁੱਜੀ ਕਿਉਂ ਫਿਰਦੀ ਏ ਭਤੋਲੇ ਵਾਂਗੂ।"

"ਸ਼ੁਕਰ ਏ ਰੱਬ ਦਾ ਤੈਨੂੰ ਚਾਚੀ ਵੀ ਦਿਸ ਗਈ। ਮੈਂ ਇੱਧਰ ਫੱਟੜ ਹੋਈ ਪਈ ਆਂ, ਸਭ ਕੁਝ ਟੁੱਟਿਆ ਭੱਜਿਆ ਪਿਐ। ਇਹ ਨਹੀਂ ਕਿ ਚਾਚੀ ਦੀ ਖਬਰ ਹੀ ਲੈ ਲਵੇ ਕਿ ਹੁਣ ਚੂਲੇ ਦਾ ਕੀ ਹਾਲ ਐ।"

"ਰੱਬ ਝੂਠ ਨਾ ਬੁਲਾਵੇ ਚਾਚੀ। ਆਈ ਤਾਂ ਤੇਰੀ ਈ ਸਾਰ ਲਈ ਸੀ ਪਰ ਭਾਬੀ ਨੂੰ ਦੇਖ ਕੇ ਚਾਅ ਜਿਹਾ ਚੜ੍ਹ ਜਾਂਦੈ। ਸ਼ੀ ਇਜ਼ ਸੋ ਨਾਈਸ। ਆਹੋ ਬਈ ਹਾਣ ਨੂੰ ਹਾਣ ਪਿਆਰਾ ਹੁੰਦੈ।"

"ਚੰਨੀਏ, ਹਾ ਕੀ ਆਖਿਆ ਈ, ਨੈਸ ਨੁਸ ਜਿਹਾ! ਉਹ ਹੁਣ ਪਹਿਲਾਂ ਵਾਲੀ ਨਹੀਂ ਰਹੀ ਜੋ ਤੂੰ ਕਹਿੰਦੀ ਐਂ। ਇਸ ਮਰਜਾਣੀ ਨੇ ਤਾਂ ਨੱਕ ਵਿਚ ਦਮ ਕੀਤਾ ਹੋਇਐ। ਕਦੇ ਕਦੇ ਤਾਂ ਇਸ ਤੋਂ ਡਰ ਵੀ ਲੱਗਦਾ ਏ।"

"ਚਾਚੀ, ਕੀ ਹੋ ਗਿਆ ਭਾਬੀ ਨੂੰ?"

"ਤੇਰੇ ਤੋਂ ਕੀ ਲੁਕਾ ਏ। ਮਹੀਨੇ ਕੁ ਬਾਅਦ ਪਰੀਤ ਨੂੰ ਤਾਂ ਦੌਰਾ ਜਿਹਾ ਪੈ ਜਾਂਦੈ। ਬੱਸ ਗਿਰਗਟ ਵਾਂਗ ਰੰਗ ਬਦਲ ਲੈਂਦੀ ਐ ਜਿਵੇਂ ਭੂਤ ਜਿਹਾ ਚੰਬੜ ਗਿਆ ਹੋਵੇ। ਕਦੇ ਰੋਣ ਲੱਗ ਪੈਂਦੀ ਐ, ਕਦੇ ਕਹਿੰਦੀ ਐ ਮੇਰਾ ਦਿਲ ਨਹੀਂ ਲੱਗਦਾ, ਸਿਰ ਦੁਖਦੈ। ਜੁਆਕਾਂ ਨੂੰ ਵੀ ਵਢੂੰ ਖਾਊਂ ਕਰਨ ਲੱਗ ਪੈਂਦੀ ਐ। ਕਿਸੇ ਦਾ ਲਿਹਾਜ ਨਹੀਂ ਕਰਦੀ। ਟੱਬਰ ਦੇ ਕਿਸੇ ਬੰਦੇ ਦੀ ਹਿੰਮਤ ਨਹੀਂ ਪੈਂਦੀ ਮਖਿਆਲ ਦੇ ਖੱਖਰ ਨੂੰ ਛੇੜਨ ਦੀ। ਮੈਂ ਤਾਂ ਬਈ ਪਾਸਾ ਜਿਹਾ ਈ ਵੱਟ ਲੈਨੀ ਆਂ ਉਨ੍ਹਾਂ ਦਿਨਾਂ ਵਿਚ। ਬਾਕੀ ਸਾਰੇ ਦਿਨ ਤਾਂ ਚੰਗੀ ਹੱਸਦੀ ਮਜ਼ਾਕ ਕਰਦੀ ਰਹਿੰਦੀ ਐ। ਮੇਰਾ ਤਾਂ ਕਈ ਵਾਰੀ ਜੀ ਕਰਦੈ ਉਨ੍ਹਾਂ ਦਿਨਾਂ ਵਿਚ ਬਿਜਲੀ ਦੇ ਖੰਬੇ ਵਾਂਗੂੰ ਇਸ 'ਤੇ ਵੀ ਖਤਰੇ ਦਾ ਨਿਸ਼ਾਨ ਲਾ ਛੱਡੀਏ ਬਾਕੀਆਂ ਦੇ ਬਚਾ ਲਈ। ਮੈਂ ਸੋਚਿਆ ਕਿਸੇ ਦੀ ਨਜ਼ਰ ਲੱਗ ਗਈ ਹੋਵੇਗੀ, ਮਰਜਾਣੀ ਸੋਹਣੀ ਵੀ ਬੜੀ ਐ। ਸੁੱਤੀ ਪਈ ਦੀ ਲਾਲ ਮਿਰਚਾਂ ਨਾਲ ਨਜ਼ਰ ਵੀ ਉਤਾਰ ਕੇ ਦੇਖ ਲਈ, ਕੋਈ ਫਰਕ ਨਹੀਂ ਪਿਆ। ਮੈਨੂੰ ਤਾਂ ਸ਼ੱਕ ਐ ਕਿ ਮੇਰੀ ਗੁਆਂਢਣ ਸ਼ਾਂਤੀ ਮੇਰੇ ਨਾਲ ਬਹੁਤ ਲੱਗਦੀ ਹੁੰਦੀ ਸੀ, ਉਹਦੀ ਰੂਹ ਇਸ ਵਿਚ ਆਉਂਦੀ ਹੈ ਮੈਥੋਂ ਬਦਲਾ ਲੈਣ ਲਈ। ਕਈ ਵਾਰੀ ਸੋਚੀਏ ਕਿ ਡੇਰੇ ਵਾਲੇ ਸਾਈਂ ਕੋਲ ਜਾਵਾਂ ਪਰ ਤੇਰੇ ਚਾਚੇ ਤੋਂ ਡਰ ਲੱਗਦੈ।"

"ਚਾਚੀ, ਤੂੰ ਤਾਂ ਗੁਰੂਆਂ ਦੀ ਸਿੱਖਿਆ 'ਤੇ ਪਾਣੀ ਈ ਫੇਰ ਦਿੱਤਾ। ਅਜੇ ਵੀ ਭੂਤਾਂ ਪਰੇਤਾਂ ਤੇ ਰੂਹਾਂ ਵਿਚ ਯਕੀਨ ਕਰਦੀ ਐਂ? ਉਹ ਤਾਂ ਪੁਰਾਣੇ ਜ਼ਮਾਨੇ ਦੀ ਅੰਧ ਵਿਸ਼ਵਾਸੀ ਸੀ। ਇਨ੍ਹਾਂ ਸਾਈਆਂ, ਮਹੰਤਾਂ ਨੇ ਲੋਕਾਂ ਨੂੰ ਲੁੱਟਣ ਦੇ ਢਕਵੰਜ ਬਣਾਏ ਹੋਏ ਸੀ। ਭਾਬੀ ਨੂੰ ਜ਼ਰੂਰ ਹੋਰ ਕੋਈ ਬਿਮਾਰੀ ਹੋਣੀ ਐ। ਤੁਸੀਂ ਇਸ ਦਾ ਡਾਕਟਰ ਕੋਲੋਂ ਚੈੱਕਅੱਪ ਕਰਾਉਣਾ ਸੀ।"

"ਨੀ ਚੰਨੀਏ, ਇਹ ਚਕੱ'ਪ ਕੀ ਹੁੰਦਾ ਏ?"

"ਚਾਚੀ, ਮੇਰਾ ਮਤਲਬ ਸੀ ਇਸ ਨੂੰ ਡਾਕਟਰ ਕੋਲ ਦਿਖਾਣਾ ਚਾਹੀਦਾ ਏ।"

"ਦਿਖਾਇਆ ਸੀ। ਕਹਿੰਦੈ, ਸਾਰਾ ਕੁਝ ਠੀਕ ਹੈ। ਇਕ ਦਵਾਈ ਦਿੱਤੀ ਸੀ, ਉਹਦੇ ਨਾਲ ਸਾਰਾ ਦਿਨ ਸੁੱਤੀ ਰਹਿੰਦੀ ਸੀ। ਨਾਲੇ ਭਾਰ ਵੀ ਵਧ ਗਿਐ। ਫਿਰ ਦਵਾਈ ਬੰਦ ਕਰ ਦਿੱਤੀ। ਹੋਰ ਨਾ ਕਿਤੇ ਕੁੱਪਾ ਜਿਹਾ ਬਣ ਜਾਵੇ ਭੋਲੀ ਵਾਂਗ।"

ਉਨੀ ਦੇਰ ਵਿਚ ਪਰੀਤ ਬਾਹਰ ਵਾਪਸ ਆ ਗਈ।

"ਮੈਂ ਤਾਂ ਬੈਠੀ ਥੱਕ ਗਈ। ਜਾ ਕੇ ਅੰਦਰ ਪੈਨੀ ਆਂ। ਤੁਸੀਂ ਕੁੜੀਆਂ ਕਰੋ ਗੱਲਾਂ। ਮੈਂ ਚਾਹ ਭੇਜਦੀ ਆਂ ਰਾਮੂ ਦੇ ਹੱਥ।" ਇਹ ਕਹਿ ਕੇ ਚਾਚੀ ਤਾਂ ਖਿਸਕ ਗਈ।

"ਸੌਰੀ ਦੀਦੀ, ਮੇਰਾ ਅੱਜ ਮੂਡ ਖਰਾਬ ਹੈ।"

"ਚੱਲ ਕੋਈ ਨਹੀਂ। ਕਦੇ ਕਦੇ ਸਾਡੀ ਭਾਬੀ ਨੂੰ ਮੂਡ ਖਰਾਬ ਕਰਨ ਦੀ ਇਜਾਜ਼ਤ ਦੇ ਦਿਨੇ ਆਂ। ਤੀਆਂ ਦੇ ਮੇਲੇ ਵਿਚ ਤੈਨੂੰ ਨਹੀਂ ਸੀ ਦੇਖਿਆ, ਸੋਚਿਆ ਦੇਖ ਕੇ ਆਉਨੀ ਆਂ। ਵੀਰੇ ਨੇ ਤੈਨੂੰ ਕਿਹੜੀ ਡੱਬੀ 'ਚ ਬੰਦ ਕਰਕੇ ਰੱਖਿਐ। ਤੇਰੇ ਬਿਨਾਂ ਬਈ ਰੌਣਕ ਜਿਹੀ ਨਹੀਂ ਸੀ ਤੀਆਂ ਦੇ ਮੇਲੇ ਵਿਚ।"

"ਚੰਨੀ ਦੀਦੀ, ਮੈਨੂੰ ਪਤਾ ਨਹੀਂ ਕੀ ਹੋ ਜਾਂਦੈ ਮਹੀਨੇ ਕੁ ਬਾਅਦ। ਮੈਂ ਜਿਵੇਂ ਆਪੇ ਤੋਂ ਬਾਹਰ ਹੋ ਜਾਂਦੀ ਆਂ। ਦਿਲ ਨਹੀਂ ਲੱਗਦਾ, ਉਦਾਸੀ ਹੋ ਜਾਂਦੀ ਐ ਤੇ ਗੁੱਸਾ ਬਹੁਤ ਆਉਂਦੈ। ਐਵੇਂ ਰੋਣ ਆਈ ਜਾਂਦੈ। ਸੁਸਤੀ ਵੀ ਪੈ ਜਾਂਦੀ ਐ। ਸਿਰ ਦਰਦ ਵੀ ਹੋਣ ਲੱਗ ਪੈਂਦੈ। ਭਾਰ ਕਈ ਪੌਂਡ ਵਧ ਜਾਂਦੈ। ਗਲਤ ਖਾਣੇ ਵਾਲੀਆਂ ਚੀਜ਼ਾਂ ਖਾਣ ਨੂੰ ਜੀ ਕਰਦੈ। ਮੂੰਹ 'ਤੇ ਫਿੰਸੀਆਂ ਵੀ ਨਿਕਲ ਆਉਂਦੀਆਂ। ਲੱਗਦਾ ਏ ਜਿਵੇਂ ਮੇਰਾ ਆਪਣੇ ਆਪ 'ਤੇ ਕਾਬੂ ਜਿਹਾ ਨਹੀਂ ਰਹਿੰਦਾ। ਉਨ੍ਹਾਂ ਦਿਨਾਂ ਵਿਚ ਮੈਨੂੰ ਬਹੁਤ ਬੁਰਾ ਲੱਗਦਾ ਏ ਜਦ ਮੈਂ ਕਿਸੇ ਨਾਲ ਰੁੱਖਾ ਬੋਲਦੀ ਆਂ। ਬੱਚੇ ਵੀ ਸਹਿਮ ਜਾਂਦੇ ਨੇ। ਮੈਨੂੰ ਲੱਗਦੈ ਸਾਰੇ ਜਣੇ ਜਿਵੇਂ ਕਹਿ ਰਹੇ ਹੋਣ-ਸਾਵਧਾਨ! ਹੋਸ਼ਿਆਰ!! ਪਰੀਤ ਦਾ ਭੂਸਰਿਆ ਹੋਇਆ ਹਾਥੀ ਆ ਰਿਹਾ ਏ। ... ਥੋੜ੍ਹੇ ਦਿਨਾਂ ਬਾਅਦ ਮਹੀਨਾ ਆਉਣ ਤੋਂ ਬਾਅਦ ਇਕ ਦਮ ਫਿਰ ਵਾਪਸ ਆਪਣੇ ਆਪ ਜਿਹੀ ਮਹਿਸੂਸ ਕਰਨ ਲੱਗ ਪੈਂਦੀ ਆਂ। ਗੱਲ ਸੁਣ ਦੀਦੀ, ਇਹ ਕਿਹੜੀ ਬਿਮਾਰੀ ਏ? ਪਿਛਲੇ ਕੁਛ ਮਹੀਨਿਆਂ ਤੋਂ ਤਾਂ ਬਹੁਤਾ ਹੀ ਕੰਮ ਖਰਾਬ ਹੋ ਗਿਐ। ਪਤਾ ਨਹੀਂ ਲੱਗਦਾ ਕੀ ਕਰਾਂ? ਛੇਤੀ ਛੇਤੀ ਇਸ ਦਾ ਕੁਝ ਇਲਾਜ ਦੱਸੋ, ਨਹੀਂ ਤਾਂ ਤੁਹਾਡੇ ਵੀਰੇ ਨੇ ਮੈਨੂੰ ਘਰੋਂ ਕੱਢ ਦੇਣੈ।"



"ਭਾਬੀ ਇਸ ਨੂੰ ਪੀ.ਐਮ.ਐਸ. ਕਹਿੰਦੇ ਨੇ। ਕਾਫੀ ਕੌਮਨ ਹੈ ਇਹ। ਆਮ ਤੌਰ 'ਤੇ ਮਹੀਨੇ ਤੋਂ 2-14 ਦਿਨ ਪਹਿਲਾਂ ਜਿਹੜੇ ਲੱਛਣ ਤੁਸੀਂ ਦੱਸੇ ਹਨ, ਹੋਣੇ ਸ਼ੁਰੂ ਹੋ ਜਾਂਦੇ ਨੇ। ਇਹ ਜ਼ਿਆਦਾਤਰ 35 ਸਾਲ ਦੀ ਉਮਰ ਤੋਂ ਬਾਅਦ ਹੁੰਦਾ ਏ। ਕਈ ਵਾਰੀ ਇਸ ਤੋਂ ਵੀ ਘੱਟ ਉਮਰ ਵਿਚ ਵੀ ਅਜਿਹਾ ਹੋ ਸਕਦਾ ਏ। ਹਾਰਮੋਨਲ ਤਬਦੀਲੀ ਕਰਕੇ ਸਰੀਰ ਵਿਚ ਤਰਲ (ਫਲੂਇਡ) ਜਮ੍ਹਾਂ ਹੋਣਾ ਸ਼ੁਰੂ ਹੋ ਜਾਂਦੈ। ਇਸੇ ਕਰਕੇ ਹੀ ਸਾਰੀਆਂ ਤਕਲੀਫਾਂ ਹੁੰਦੀਆਂ ਨੇ।"

"ਦੀਦੀ, ਇਸ ਦਾ ਇਲਾਜ ਕੀ ਐ?"

"ਸੌਖਾ ਈ ਐ। ਬੱਸ, ਮੈਨੂੰ ਆਪਣਾ ਗੁਰੂ ਧਾਰ ਲਵੋ। ਦਖਸ਼ਣਾ ਵੀ ਦੇਣੀ ਪੈਣੀ ਐ। ਥੋੜ੍ਹਾ ਡਿਸਕਾਊਂਟ ਵੀ ਦੇ ਦਿਆਂਗੇ। ਗੁਰੂ ਭਲੀ ਕਰੇਗਾ ਬੱਚਾ!"

"ਤੈਨੂੰ ਦੀਦੀ ਮਖੌਲ ਸੁੱਝਦੇ ਨੇ, ਮੇਰੀ ਜਾਨ ਨੂੰ ਬਣੀ ਐ। ਦੱਸੋ ਨਾ ਇਲਾਜ ਛੇਤੀ।"

"ਲੈ ਫੜ ਗੁਰੂ ਦੇ ਚਰਨ, ਸੰਤਾਂ ਦੀ ਸੇਵਾ ਕਰ, ਖੁਸ਼ ਹੋ ਕੇ ਸੰਤ ਮਿਹਰ ਕਰਨਗੇ ਬੀਬੀ।"

ਐਨੇ ਨੂੰ ਚਾਚੀ ਆ ਗਈ।

"ਚਾਚੀ ਤੈਥੋਂ ਅਰਾਮ ਨਹੀਂ ਹੁੰਦਾ?"

"ਨੀ ਕੁੜੀਓ! 'ਕੱਲੀ ਦਾ ਦਿਲ ਨਹੀਂ ਲੱਗਿਆ ਅੰਦਰ, ਸੋਚਿਆ ਕੁੜੀਆਂ-ਚਿੜੀਆਂ ਦੀਆਂ ਗੱਲਾਂ ਈ ਸੁਣ ਲੈਂਦੇ ਆਂ। ਸੱਚ ਪੁੱਛੋ ਤਾਂ ਇਹਨੂੰ ਉਦਾਸ ਦੇਖ ਕੇ ਮੇਰਾ ਮਨ ਵੀ ਘਾਊਂ-ਮਾਊਂ ਜਿਹਾ ਹੋ ਜਾਂਦੈ।"

"ਪਰੀਤ ਭਾਬੀ ਦੇ ਇਲਾਜ ਦੀਆਂ ਈ ਗੱਲਾਂ ਕਰ ਰਹੇ ਸੀ।"

"ਅੱਛਾ, ਦੱਸ ਫਿਰ?"

"ਲੈ, ਫਿਰ ਸੁਣ ਭਾਬੀ: ਆਪਾਂ ਨੇ ਡਾਕਟਰ ਤੋਂ ਤਾਂ ਚੈੱਕਅੱਪ ਕਰਾ ਈ ਲਿਆ ਏ, ਪਤਾ ਲੱਗ ਗਿਆ ਕਿ ਕੋਈ ਸੀਰੀਅਸ ਬਿਮਾਰੀ ਨਹੀਂ ਹੈ, ਜਾਂ ਕਿਸੇ ਹੋਰ ਦਵਾਈ ਦਾ ਸਾਈਡ ਇਫੈਕਟ ਨਹੀਂ ਹੈ, ਨਾ ਹੀ ਥਾਇਰਾਇਡ ਦੀ ਬਿਮਾਰੀ ਹੈ। ਹੁਣ ਆਪਾਂ ਸ਼ੁਰੂ ਕਰਦੇ ਆਂ ਐਕਸਰਸਾਈਜ਼ ਯਾਨਿ ਕਸਰਤ ਤੋਂ। ਸੁਣ...

ਪਹਿਲੀ ਗੱਲ, ਐਕਸਰਸਾਈਜ਼ ਬੇਹੱਦ ਜ਼ਰੂਰੀ ਹੈ। ਹਰ ਰੋਜ਼ ਅੱਧੇ ਤੋਂ ਇਕ ਘੰਟੇ ਤੱਕ ਐਕਸਰਸਾਈਜ਼ ਕਰੋ ਜਿਹਦੇ ਨਾਲ ਪਸੀਨਾ ਆ ਕੇ ਜਿਹੜਾ ਪਾਣੀ ਸਰੀਰ ਵਿਚ ਜਮ੍ਹਾਂ ਹੋਇਆ ਹੈ, ਉਹ ਨਿਕਲ ਜਾਵੇ। ਐਕਸਰਸਾਈਜ਼ ਸਵੇਰ ਵੇਲੇ ਕਰੋ ਤਾਂ ਜ਼ਿਆਦਾ ਚੰਗਾ ਹੈ।

ਦੂਜੀ ਗੱਲ, ਆਪਣੀ ਖੁਰਾਕ ਬਦਲਨੀ ਪਏਗੀ। ਇਹ ਰੋਜ਼ ਜੋ ਮਠਿਆਈ ਤੇ ਅੰਬ ਬੈਠ ਕੇ ਖਾਈ ਜਾਨੀ ਐਂ, ਉਹ ਘੱਟ ਕਰੋ। ਰੀਫਾਈਂਡ ਸ਼ੂਗਰ ਤੇ ਰੀਫਾਈਂਡ ਕਾਰਬਜ਼, ਕੈਫੀਨ ਜਿਹੜੀ ਚਾਹ, ਕੌਫੀ, ਚੌਕਲੇਟ ਤੇ ਕੋਕ ਵਗੈਰਾ ਵਿਚ ਹੁੰਦੀ ਐ, ਸ਼ਰਾਬ ਅਤੇ ਜ਼ਿਆਦਾ ਨਮਕ ਵਾਲੀਆਂ ਚੀਜ਼ਾਂ ਆਦਿ।...ਸ਼ਰਾਬ ਦੇ ਨਾਂ 'ਤੇ ਮੇਰੇ ਵੱਲ ਕੌੜੀ ਕੌੜੀ ਕੀ ਦੇਖਣ ਲੱਗ ਪਈ ਏਂ? ਮੈਨੂੰ ਪਤੈ, ਤੂੰ ਤਾਂ ਨਹੀਂ ਪੀਂਦੀ ਪਰ ਹੋ ਸਕਦਾ ਏ ਕਿਸੇ ਹੋਰ ਸੁਣਨ ਜਾਂ ਪੜ੍ਹਨ ਵਾਲੀ ਨੂੰ ਫਾਇਦਾ ਹੋ ਜਾਵੇ।

ਤੀਜੀ ਗੱਲ, ਇਹ ਚੀਜ਼ਾਂ ਜ਼ਿਆਦਾ ਖਾਣੀਆਂ ਸ਼ੁਰੂ ਕਰੋ: ਹਰੀਆਂ ਸਬਜ਼ੀਆਂ, ਫਲ ਜਿਹੜੇ ਜ਼ਿਆਦਾ ਮਿੱਠੇ ਨਾ ਹੋਣ ਜਿਵੇਂ ਸੇਬ, ਨਾਸ਼ਪਾਤੀ, ਵੱਖ ਵੱਖ ਬੇਰੀਆਂ, ਸੰਤਰੇ, ਅੰਗੂਰ ਆਦਿ। ਪ੍ਰੋਟੀਨ ਵਾਲਾ ਪੌਸ਼ਟਿਕ ਖਾਣਾ ਜ਼ਰੂਰੀ ਹੈ। ਦੁੱਧ ਵਾਲੀਆਂ ਚੀਜ਼ਾਂ ਘੱਟ ਈ ਰੱਖੀਆਂ ਪਰ ਜੇ ਮੀਟ, ਚਿਕਨ, ਮੱਛੀ ਆਦਿ ਨਹੀਂ ਖਾਂਦੇ ਤਾਂ ਦੁੱਧ ਤੋਂ ਬਣੀਆਂ ਖਾਣ ਵਾਲੀਆਂ ਵਸਤੂਆਂ ਲੈ ਲੈਣੀਆਂ, ਪਰ ਯਾਦ ਰੱਖਣਾ ਘੱਟ ਥਿੰਦੇ ਵਾਲੀਆਂ ਹੋਣ।"

"ਬਈ, ਹੁਣ ਤੱਕ ਤਾਂ ਕੰਮ ਸੌਖਾ ਈ ਐ," ਚਾਚੀ ਬੋਲੀ।

"ਦੀਦੀ, ਜੇ ਫਿਰ ਵੀ ਬਹੁਤਾ ਫਰਕ ਨਾ ਪਿਆ?"

"ਤਾਂ ਫਿਰ ਸਪਲੀਮੈਂਟ ਲੈਣੇ ਸ਼ੁਰੂ ਕਰ ਦੇਣਾ। ਸਾਰਾ ਕੁਝ ਇਕੋ ਦਮ ਲੈਣ ਦੀ ਜ਼ਰੂਰਤ ਨਹੀਂ। ਪਹਿਲੀਆਂ 3-4 ਚੀਜ਼ਾਂ ਟਰਾਈ ਕਰਨੀਆਂ, ਨਾ ਫਰਕ ਪਿਆ ਤਾਂ ਬਾਕੀ ਦੀਆਂ ਇਕ ਇਕ ਕਰਕੇ ਸ਼ੁਰੂ ਕਰ ਲੈਣੀਆਂ। ਸਪਲੀਮੈਂਟਸ ਇਹ ਹਨ:

1. ਵਿਟਾਮਿਨ ਬੀ.6 100 ਐਮ.ਜੀ. ਅਤੇ ਹਾਈ ਪੋਟੈਂਸੀ ਬੀ.ਕੰਪਲੈਕਸ

2. ਕੈਲਸ਼ੀਅਮ 600 ਐਮ.ਜੀ. ਅਤੇ ਵਿਟਾਮਿਨ ਡੀ. ਨਾਲ ਦਿਨ ਵਿਚ ਦੋ ਵਾਰੀ ਖਾਣੇ ਨਾਲ ਲਓ।

3. ਮੈਗਨੀਸ਼ੀਅਮ 200 ਐਮ.ਜੀ. ਦਿਨ ਵਿਚ ਦੋ ਵਾਰੀ ਖਾਣੇ ਨਾਲ।

4. ਵਿਟਾਮਿਨ ਈ. 400 ਐਮ.ਜੀ. ਹਰ ਰੋਜ਼ (ਟੋਟਲ)

5. ਈਵਨਿੰਗ ਪਰਿਮਰੋਜ਼ ਆਇਲ।

ਜੇ 2-3 ਮਹੀਨੇ ਤੋਂ ਬਾਅਦ ਵੀ ਕੰਮ ਖਰਾਬ ਈ ਐ ਤਾਂ ਫਿਰ ਆਪਣੇ ਡਾਕਟਰ ਦੀ ਸਲਾਹ ਲੈ ਲੈਣੀ ਚਾਹੀਦੀ ਹੈ। ਹੋ ਸਕਦਾ ਹੈ ਕਿ ਤੁਹਾਨੂੰ ਹਾਰਮੋਨਲ ਕੁਰੈਕਸ਼ਨ ਕਰਵਾਉਣੀ ਪਵੇ ਜਾਂ ਟ੍ਰਿਪਟੋਫੈਨ ਦੀ ਪ੍ਰਿਸਕਰਿਪਸ਼ਨ ਦੀ ਜ਼ਰੂਰਤ ਹੋਵੇ।"

"ਸੁਣ ਲਿਐ ਪਰੀਤ, ਮੈਨੂੰ ਤਾਂ ਸਭ ਜਾਣੇ ਨਾਂ ਪੱਲੇ ਹੀ ਨਹੀਂ ਪਏ ਪਰ ਤੂੰ ਸਾਰਾ ਕੁਝ ਚੰਗੀ ਤਰ੍ਹਾਂ ਲਿਖ ਲੈ, ਭੁੱਲ ਨਾ ਜਾਈਂ।" ਚਾਚੀ ਨੇ ਕਿਹਾ। ਫਿਰ ਉਹ ਚੰਨੀ ਵੱਲ ਮੁੜੀ, "ਤੇਰੇ ਨੁਸਖੇ ਕੰਮ ਕਰ ਜਾਣ ਤੇ ਪਰੀਤ ਫਿਰ ਪਟੜੀ 'ਤੇ ਆ ਜਾਵੇ ਤਾਂ ਮੈਂ ਤੇਰਾ ਅਹਿਸਾਨ ਨਹੀਂ ਭੁੱਲਾਂਗੀ।"

"ਚਾਚੀ, ਅਹਿਸਾਨ ਕਾਹਦਾ?... ਅੱਛਾ ਮੈਂ ਚੱਲਦੀ ਆਂ। ਫਿਰ ਆਵਾਂਗੀ ਕਿਸੇ ਦਿਨ ਤੇਰੀ ਅਤੇ ਭਾਬੀ ਦੀ ਖ਼ਬਰ ਨੂੰ। ਸਤਿ ਸ੍ਰੀ ਅਕਾਲ।"

# ਕਾਂਗਰਸ ਵੱਲੋਂ ਅਕਾਲੀ ਦਲ ਨੂੰ ਚਾਰੇ ਪਾਸਿਓਂ ਘੇਰਨ ਦੀ ਤਿਆਰੀ

## ਪਹਿਲੀ ਨਵੰਬਰ ਤੋਂ ਪੰਜਾਬ ਬਚਾਓ ਯਾਤਰਾ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ ਫਰਵਰੀ 2012 ਵਿਚ ਹੋਣ ਵਾਲੀਆਂ ਚੋਣਾਂ ਨੂੰ ਮੁੱਖ ਰੱਖ ਕੇ ਅਕਾਲੀ ਦਲ ਵੱਲੋਂ ਮਗਰਲੇ ਕੁਝ ਸਮੇਂ ਤੋਂ ਵਿਖਾਈ ਜਾ ਰਹੀ ਸਰਗਰਮੀ ਦੇ ਮੱਦੇਨਜ਼ਰ ਪੰਜਾਬ ਕਾਂਗਰਸ ਵੱਲੋਂ ਵੀ ਚੋਣ ਮੁਹਿੰਮ ਵਿਚ ਕੁੱਦਣ ਦਾ ਫੈਸਲਾ ਕੀਤਾ ਗਿਆ ਹੈ। ਕਾਂਗਰਸ ਵੱਲੋਂ ਸੱਤਾਧਾਰੀ ਅਕਾਲੀ ਦਲ ਨੂੰ ਚਾਰੇ ਪਾਸਿਓਂ ਘੇਰਨ ਦੀ ਤਿਆਰੀ ਕੀਤੀ ਜਾ ਰਹੀ ਹੈ ਤੇ ਇਸ ਲਈ ਪਹਿਲੀ ਨਵੰਬਰ ਤੋਂ ਪੰਜਾਬ ਬਚਾਓ ਯਾਤਰਾ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਨੇ ਫੈਸਲਾ ਲਿਆ ਕਿ ਦੀਵਾਲੀ ਦੇ ਤਿਉਹਾਰ ਤੋਂ ਤੁਰੰਤ ਬਾਅਦ 1 ਨਵੰਬਰ ਨੂੰ ਪਾਰਟੀ ਦੀ ਚੋਣ ਮੁਹਿੰਮ ਦੇ ਪਹਿਲੇ ਪੜਾਅ ਵਿਚ ਪੰਜਾਬ ਬਚਾਓ ਯਾਤਰਾ ਦਾ ਆਰੰਭ ਕੀਤਾ ਜਾਵੇਗਾ ਜੋ ਬੁਢਲਾਡਾ ਵਿਖੇ 2 ਦਸੰਬਰ ਨੂੰ ਖਤਮ ਹੋਵੇਗੀ। ਇਹ ਯਾਤਰਾ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਸ਼ੁਰੂ ਕੀਤੀ ਜਾਵੇਗੀ ਜਦੋਂਕਿ ਮਾਲਵੇ ਦੇ ਖੇਤਰਾਂ ਵਿਚ ਚੱਕਰ ਲਾਉਣ ਤੋਂ ਬਾਅਦ ਇਹ ਯਾਤਰਾ ਮਾਝੇ ਦੇ ਖੇਤਰਾਂ ਵਿਚੋਂ ਹੁੰਦਿਆਂ ਦੁਆਬੇ ਵਿਚ ਆਵੇਗੀ।



ਕੋਈ ਇਕ ਮਹੀਨੇ ਤੱਕ ਚੱਲਣ ਵਾਲੀ ਇਸ ਯਾਤਰਾ ਦੀ ਅਗਵਾਈ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਕਰਨਗੇ ਤੇ ਇਸ ਯਾਤਰਾ ਦੌਰਾਨ ਦੋ ਤੋਂ ਤਿੰਨ ਵਿਧਾਨ ਸਭਾ ਹਲਕਿਆਂ ਦੀ ਜਨਤਕ ਰੈਲੀ ਰੱਖੀ ਜਾਵੇਗੀ ਤੇ ਅਜਿਹੀਆਂ ਕੋਈ 40 ਰੈਲੀਆਂ ਨੂੰ ਸੰਬੋਧਨ ਕਰਨ ਲਈ ਪਾਰਟੀ ਵੱਲੋਂ ਦਿੱਲੀ ਤੋਂ ਵੀ ਕੁਝ ਆਗੂ ਸੱਦੇ ਜਾਣਗੇ। ਪਾਰਟੀ ਦੀ ਚੋਣ ਮਨੋਰਥ ਕਮੇਟੀ ਵੱਲੋਂ ਫੈਸਲਾ ਲਿਆ ਗਿਆ ਕਿ ਆਉਂਦਿਆਂ ਚੋਣਾਂ ਲਈ ਦਲਿਤਾਂ, ਪੱਛੜੀਆਂ ਸ਼੍ਰੇਣੀਆਂ ਤੇ ਕਿਸਾਨਾਂ ਨੂੰ ਤਰਜ਼ੀਹ ਦਿੰਦਿਆਂ ਪੇਂਡੂ ਤੇ ਸ਼ਹਿਰੀ ਖੇਤਰਾਂ ਦੇ ਵਿਕਾਸ ਵਿਚਲਾ ਮੌਜੂਦਾ ਪਾੜਾ ਖਤਮ ਕਰਦਿਆਂ ਰਾਜ ਵਿਚ ਵਪਾਰ ਤੇ ਸਨਅੱਤ ਨੂੰ ਉਤਸ਼ਾਹਤ ਕੀਤਾ ਜਾਵੇ।

ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਪੰਜਾਬ ਦੇ ਕਾਂਗਰਸੀਆਂ ਨੂੰ ਕਿਹਾ ਹੈ ਕਿ ਉਹ ਇਕੱਠੇ ਤੇ ਤਕੜੇ ਹੋ ਕੇ ਪੰਜਾਬ ਵਿਧਾਨ ਸਭਾ ਦੀਆਂ ਆਉਂਦੀਆਂ ਚੋਣਾਂ ਲੜਨ ਤੇ ਜਿੱਤ ਹਾਸਲ ਕਰਕੇ ਸੂਬੇ ਦੀ ਵਾਗਡੋਰ ਸੰਭਾਲਣ। ਸੋਨੀਆ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿਚ ਕਿਸੇ ਕਿਸਮ ਦੀ ਕਮੀ ਤੇ ਢਿਲਮੱਠ ਨਹੀਂ ਰਹਿਣੀ ਚਾਹੀਦੀ। ਵਫਦ ਨੇ ਕਿਹਾ ਕਿ ਪੰਜਾਬ ਵਿਚ ਵਿਧਾਨ ਸਭਾ ਹਲਕਿਆਂ ਦੀ ਨਵੀਂ ਹੱਦਬੰਦੀ ਹੋਣ ਕਾਰਨ ਹਾਲਤ ਕਾਫੀ ਬਦਲ ਚੁੱਕੀ ਹੈ। ਇਸ ਕਰਕੇ ਸਾਰੇ ਹਲਕਿਆਂ ਵਿਚ ਟਿਕਟਾਂ ਲਈ ਉਮੀਦਵਾਰਾਂ ਬਾਰੇ ਜਲਦੀ ਫੈਸਲਾ ਕੀਤਾ ਜਾਵੇ। ਪਾਰਟੀ ਪ੍ਰਧਾਨ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਇਸ ਬਾਰੇ ਵਿਚਾਰ ਕਰਕੇ ਜਲਦੀ ਕਾਰਵਾਈ ਕੀਤੀ ਜਾਵੇਗੀ।

ਹਾਸਲ ਜਾਣਕਾਰੀ ਅਨੁਸਾਰ ਇਹ ਨਿਰਦੇਸ਼ ਕਾਂਗਰਸ ਪ੍ਰਧਾਨ ਨੇ ਉਸ ਸਮੇਂ ਦਿੱਤਾ ਜਦੋਂ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਦਾ ਵਫਦ ਪੰਜਾਬ ਕਾਂਗਰਸ ਦੇ ਮਾਮਲਿਆਂ ਦੇ ਇੰਚਾਰਜ ਗੁਲਚੈਨ ਸਿੰਘ ਚਰਕ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਨੂੰ ਮਿਲਿਆ। ਵਫਦ ਵਿਚ ਕਾਂਗਰਸ ਵਿਧਾਇਕ ਦਲ ਦੀ ਨੇਤਾ ਤੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਆਲ ਇੰਡੀਆ ਕਾਂਗਰਸ ਕਮੇਟੀ ਦੀ ਕਾਰਜਕਾਰਨੀ ਦੇ ਇਨਵਾਇਟੀ ਮੈਂਬਰ ਜਗਮੀਤ ਬਰਾੜ ਵੀ ਸ਼ਾਮਲ ਸਨ। ਵਫਦ ਨੇ ਕਾਂਗਰਸ ਪ੍ਰਧਾਨ ਨੂੰ ਅਗਲੀਆਂ ਚੋਣਾਂ ਤੇ ਸੂਬੇ ਦੀ ਰਾਜਨੀਤਕ, ਆਰਥਕ ਤੇ ਸਮਾਜਕ ਹਾਲਤ ਤੋਂ ਜਾਣੂ ਕਰਵਾਇਆ।

ਕਾਂਗਰਸ ਪ੍ਰਧਾਨ ਨੂੰ ਮਿਲਣ ਤੋਂ ਬਾਅਦ ਸ੍ਰੀ ਚਰਕ ਨੇ ਦੱਸਿਆ ਕਿ ਪਹਿਲੀ ਨਵੰਬਰ ਤੋਂ ਸੂਬੇ ਵਿਚ ਪਰਿਵਰਤਨ ਯਾਤਰਾ ਤੇਜ਼ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਰਿਵਰਤਨ ਯਾਤਰਾ ਦੇ ਨਾਲ ਹੀ ਸਾਰੇ ਵਿਧਾਨ ਸਭਾ ਹਲਕਿਆਂ ਤੇ ਜ਼ਿਲ੍ਹਿਆਂ ਵਿਚ ਪਾਰਟੀ ਦੀ ਚੋਣ ਮੁਹਿੰਮ ਤੇਜ਼ ਕੀਤੀ ਜਾਵੇਗੀ। ਚੋਣ ਮੈਨੀਫੈਸਟੋ ਤਿਆਰ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਤੇ ਜਲਦੀ ਹੀ ਮੈਨੀਫੈਸਟੋ ਤਿਆਰ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਸੂਬੇ ਦੇ ਆਗੂਆਂ ਨੂੰ ਕਿਹਾ ਗਿਆ ਹੈ ਕਿ ਹੇਠਲੇ ਪੱਧਰ ਦੇ ਵਰਕਰਾਂ ਨੂੰ ਸਰਗਰਮ ਕਰਨ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਕਿਹਾ ਕਿ ਪਾਰਟੀ ਦੇ ਕੌਮੀ ਪੱਧਰ ਦੇ ਨੇਤਾ ਤੇ ਵਜ਼ੀਰ ਅਗਲੇ ਦਿਨਾਂ ਵਿਚ ਪੰਜਾਬ ਦਾ ਦੌਰਾ ਕਰਨਗੇ ਤੇ ਲੋਕਾਂ ਨੂੰ ਜਾਗਰੂਕ ਕਰਨਗੇ।

## ਭਾਰਤੀ ਮੂਲ ਦੇ ਤਿੰਨ ਅਮਰੀਕੀ ਵਿਗਿਆਨੀਆਂ ਦਾ ਸਨਮਾਨ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਅਸਾਧਾਰਨ ਕੰਮ ਕਰਨ 'ਤੇ ਭਾਰਤੀ ਮੂਲ ਦੇ ਤਿੰਨ ਵਿਗਿਆਨੀਆਂ ਤੇ ਨੌਂ ਹੋਰਾਂ ਨੂੰ ਦੇਸ਼ ਦੇ ਸਰਵਉੱਚ ਸਨਮਾਨ ਨਾਲ ਨਿਵਾਜਿਆ ਹੈ। ਵ੍ਹਾਈਟ ਹਾਊਸ ਵਿਚ ਹੋਏ ਸ਼ਾਨਦਾਰ ਸਮਾਗਮ ਦੌਰਾਨ ਸ੍ਰੀ ਓਬਾਮਾ ਨੇ ਡਾ. ਸ੍ਰੀਨਿਵਾਸ, ਐਸ.ਆਰ. ਵਰਧਨ, ਡਾ. ਰਾਕੇਸ਼ ਅਗਰਵਾਲ ਤੇ ਡਾ. ਬੀ. ਜਯੰਤ ਬਲਿਗਾ ਨੂੰ ਸਨਮਾਨਤ ਕੀਤਾ।

ਡਾ. ਵਰਧਨ ਨਿਊਯਾਰਕ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਹਨ। ਉਨ੍ਹਾਂ ਨੂੰ ਵਿਗਿਆਨ ਦੇ ਖੇਤਰ ਵਿਚ ਵਿਲੱਖਣ ਯੋਗਦਾਨ ਪਾਉਣ 'ਤੇ ਕੌਮੀ ਤਮਗੇ ਨਾਲ ਸਨਮਾਨਤ ਕੀਤਾ। ਡਾ. ਅਗਰਵਾਲ ਜੋ ਇੰਡੀਆਨਾ ਵਿਚਲੀ ਪੁਰਡਿਊ ਯੂਨੀਵਰਸਿਟੀ ਵਿਚ ਹਨ, ਨੂੰ ਤਕਨੀਕ ਦੇ ਖੇਤਰ ਦਾ ਕੌਮੀ ਤਮਗਾ ਤੇ ਡਾ. ਬਲਿਗਾ ਨੂੰ ਵੀ ਇਸੇ ਖੇਤਰ ਵਿਚ ਸ਼ਾਨਦਾਰ ਕੰਮ ਕਰਨ 'ਤੇ ਕੌਮੀ ਤਮਗਾ ਦਿੱਤਾ ਗਿਆ। ਡਾ. ਬਲਿਗਾ ਉੱਤਰੀ ਕੈਰੋਲਿਨਾ ਸਟੇਟ ਯੂਨੀਵਰਸਿਟੀ ਵਿਚ ਤਾਇਨਾਤ ਹਨ।

## ਬਸਪਾ ਵੱਲੋਂ ਸਾਂਝੇ ਮੋਰਚੇ ਨਾਲ ਹੱਥ ਮਿਲਾਉਣ ਤੋਂ ਇਨਕਾਰ

**ਚੰਡੀਗੜ੍ਹ:** ਬਹੁਜਨ ਸਮਾਜ ਪਾਰਟੀ ਦੇ ਜਨਰਲ ਸਕੱਤਰ ਨਰਿੰਦਰ ਕਸ਼ਿਅਪ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਵਿਚ ਕਿਸੇ ਵੀ ਦੂਜੀ ਪਾਰਟੀ ਨਾਲ ਗਠਜੋੜ ਨਹੀਂ ਕਰੇਗੀ ਬਲਕਿ ਸਾਰੀਆਂ ਦੀਆਂ ਸਾਰੀਆਂ 117 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ।

ਇਨ੍ਹਾਂ ਵਿਚੋਂ ਤਕਰੀਬਨ ਅੱਧੇ-ਪਚੱਧੇ ਉਮੀਦਵਾਰਾਂ ਦਾ ਤਾਂ ਐਲਾਨ ਵੀ ਕੀਤਾ ਜਾ ਚੁੱਕਿਆ ਹੈ। ਸ੍ਰੀ ਕਸ਼ਿਅਪ ਨੇ ਕਿਹਾ ਕਿ ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ ਨੇ ਕੁਝ ਸਮਾਂ ਪਹਿਲਾਂ ਆਪਣੇ ਇਸ ਫ਼ੈਸਲੇ ਦਾ ਸਪੱਸ਼ਟ ਸ਼ਬਦਾਂ ਵਿਚ ਐਲਾਨ ਕਰ ਦਿੱਤਾ ਸੀ ਕਿ ਉਨ੍ਹਾਂ ਦੀ ਪਾਰਟੀ ਇਕੱਲਿਆਂ ਹੀ ਚੋਣ ਮੈਦਾਨ ਵਿਚ ਉਤਰੇਗੀ। ਸ੍ਰੀ ਕਸ਼ਿਅਪ ਪੰਜਾਬ ਪੀਪਲਜ਼ ਪਾਰਟੀ ਦੇ ਪ੍ਰਧਾਨ ਤੇ ਭਾਕਪਾ, ਮਾਕਪਾ, ਅਕਾਲੀ ਦਲ ਲੌਂਗੋਵਾਲ ਤੇ ਪੀ.ਪੀ.ਪੀ. ਦੇ ਹੁਣੇ ਜਿਹੇ ਹੋਂਦ ਵਿਚ ਆਏ ਸਾਂਝੇ ਮੋਰਚੇ ਦੇ ਚੇਅਰਮੈਨ ਮਨਪ੍ਰੀਤ ਸਿੰਘ ਬਾਦਲ ਦੇ ਇਸ ਬਿਆਨ 'ਤੇ ਟਿੱਪਣੀ ਕਰ ਰਹੇ ਸਨ ਕਿ ਬਸਪਾ ਨੂੰ ਵੀ ਸਾਂਝੇ ਮੋਰਚੇ ਵਿਚ ਸ਼ਾਮਲ ਕਰਨ ਲਈ ਕੁਮਾਰੀ ਮਾਇਆਵਤੀ ਨਾਲ ਗੱਲਬਾਤ ਕਰਨ ਬਾਰੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ।

ਸ੍ਰੀ ਕਸ਼ਿਅਪ ਦਾ ਕਹਿਣਾ ਸੀ ਕਿ ਬਸਪਾ ਕੌਮੀ ਪਾਰਟੀ ਹੈ ਜਿਸ ਦੀ ਆਪਣੀ ਨੀਤੀ ਤੇ ਪ੍ਰੋਗਰਾਮ ਹੈ ਜਿਸ ਦੇ ਆਧਾਰ 'ਤੇ ਹੀ ਉਹ ਦੇਸ਼ ਦੇ ਹਰ ਹਿੱਸੇ ਵਿਚ ਇਕੱਲਿਆਂ ਹੀ ਚੋਣ ਮੈਦਾਨ ਵਿਚ ਉਤਰਦੀ ਹੈ।

# ਕਬੱਡੀ ਦਾ ਵਿਸ਼ਵ ਕੱਪ:ਕਬੱਡੀ ਪੰਜਾਬੀਆਂ ਦੀ ਮਾਂ ਖੇਡ

**ਪ੍ਰਿੰ. ਸਰਵਣ ਸਿੰਘ**

ਕਬੱਡੀ ਪੰਜਾਬੀਆਂ ਦੀ ਸਦੀਆਂ ਪੁਰਾਣੀ ਦੇਸੀ ਖੇਡ ਹੈ। ਇਸ ਨੂੰ ਉਹ ਆਪਣੀ ਮਾਂ ਖੇਡ ਸਮਝਦੇ ਹਨ। ਦੁਨੀਆਂ ਦੀਆਂ ਸੈਂਕੜੇ ਖੇਡਾਂ ਵਿਚੋਂ ਕਬੱਡੀ ਉਨ੍ਹਾਂ ਨੂੰ ਸਭ ਤੋਂ ਵੱਧ ਖਿੱਚ ਪਾਉਂਦੀ ਹੈ। ਜੇਕਰ ਇਕ ਬੰਨੇ ਓਲੰਪਿਕ ਖੇਡਾਂ ਹੋ ਰਹੀਆਂ ਹੋਣ ਤੇ ਦੂਜੇ ਬੰਨੇ ਕਬੱਡੀ ਤਾਂ ਆਮ ਪੰਜਾਬੀ ਕਬੱਡੀ ਵੇਖਣ ਨੂੰ ਪਹਿਲ ਦੇਣਗੇ। ਸ਼ਾਇਦ ਹੀ ਕੋਈ ਪੰਜਾਬੀ ਹੋਵੇ ਜਿਸ ਨੇ ਕਬੱਡੀ ਖੇਡੀ ਜਾਂ ਵੇਖੀ ਨਾ ਹੋਵੇ। ਕਿਹਾ ਜਾਂਦੈ, ਬੇਸ਼ੱਕ ਝੱਖੜ ਝੁੱਲਦਾ ਹੋਵੇ, ਬਿਜਲੀ ਕੜਕਦੀ ਹੋਵੇ, ਨਦੀ ਚੜ੍ਹੀ ਹੋਵੇ ਤੇ ਸ਼ੀਹਾਂ ਨੇ ਪੱਤਣ ਮੱਲੇ ਹੋਣ ਪਰ ਪਤਾ ਲੱਗ ਜਾਵੇ ਸਹੀ ਕਿ ਨਦੀਓਂ ਪਾਰ ਕਬੱਡੀ ਦਾ ਕਾਂਟੇਦਾਰ ਮੈਚ ਹੋ ਰਿਹੈ, ਫਿਰ ਕਿਹੜਾ ਪੰਜਾਬੀ ਹੈ ਜਿਹੜਾ ਵਗਦੀ ਨੈਂ ਵਿਚ ਨਾ ਠਿੱਲ੍ਹੇ?

ਕਬੱਡੀ ਪੰਜਾਬੀਆਂ ਲਈ ਧਾਵਿਆਂ ਤੇ ਪਕੜਾਂ ਦੀ ਸ਼ਾਇਰੀ ਹੈ। ਜ਼ੋਰਾਵਰ ਜੁੱਸਿਆਂ ਦਾ ਕੌਤਕੀ ਨਜ਼ਾਰਾ। ਹੱਲਿਆਂ ਤੇ ਠੱਲ੍ਹਾਂ ਦੀ ਲੀਲ੍ਹਾ। ਕਬੱਡੀ ਦੀ ਉਪਮਾ ਵਿਚ ਗੀਤ ਰਚੇ ਗਏ ਹਨ, 'ਜੁਗਾਂ ਜੁਗਾਂ ਤੋਂ ਕਰਨ ਪੰਜਾਬੀ ਪਿਆਰ ਕਬੱਡੀ ਨੂੰ', 'ਪਾਉਣੇ ਭੰਗੜੇ ਤੇ ਖੇਡਣੀ ਕਬੱਡੀ ਦੋ ਸ਼ੌਂਕ ਮਿੱਤਰਾਂ ਦੇ', 'ਵਿਚ ਮੈਦਾਨੇ ਭਿੜਨਾ ਹੁੰਦਾ ਕੰਮ ਦਲੇਰਾਂ ਦਾ, ਖੇਡ ਕਬੱਡੀ ਖੇਡਣਾ ਸ਼ੌਂਕ ਪੰਜਾਬੀ ਸ਼ੇਰਾਂ ਦਾ', 'ਹਟ ਕਬੱਡੀ ਯਾਰਾਂ ਦੀ ਇਹ ਖੇਡ ਵੱਡੇ ਸਰਦਾਰਾਂ ਦੀ', 'ਚੁੰਘਦੇ ਆ ਬੂਰੀਆਂ ਤੇ ਖੇਡਦੇ ਕਬੱਡੀਆਂ...।'

ਸਦੀਆਂ ਪਹਿਲਾਂ ਜਦੋਂ ਦੋ ਜਣੇ ਖੜ੍ਹੇ ਖੜੋਤੇ ਜ਼ੋਰ ਅਜ਼ਮਾਈ ਕਰਨ ਲੱਗੇ ਤਾਂ ਕੁਸ਼ਤੀ ਦਾ ਜਨਮ ਹੋਇਆ। ਜਦੋਂ ਭੱਜਦਿਆਂ ਨੱਠਦਿਆਂ ਫੜੋ-ਫੜਾਈ ਹੋਈ ਤਾਂ ਕਬੱਡੀ ਦੀ ਖੇਡ ਨੇ ਜਨਮ ਲਿਆ। ਖੇਡ ਮਨੁੱਖ ਦੇ ਕਿਸੇ ਨਾ ਕਿਸੇ ਕਰਮ ਦੀ ਨਕਲ ਹੀ ਹੁੰਦੀ ਹੈ। ਉਹ ਕਰਮ ਭਾਵੇਂ ਉਹਦੀ ਰੋਟੀ ਰੋਜ਼ੀ ਦੇ ਕੰਮ-ਕਾਰ ਦਾ ਹੋਵੇ, ਭਾਵੇਂ ਸ਼ਿਕਾਰ ਦਾ ਹੋਵੇ ਤੇ ਭਾਵੇਂ ਜੰਗਾਂ ਯੁੱਧਾਂ ਦਾ ਹੋਵੇ। ਖੇਡ-ਖੇਡ 'ਚ ਉਹ ਆਪਣੇ ਆਪ ਨੂੰ ਉਨ੍ਹਾਂ ਕੰਮਾਂ ਲਈ ਤਿਆਰ ਕਰ ਰਿਹਾ ਹੁੰਦੈ, ਜੀਅ ਪਰਚਾ ਰਿਹਾ ਹੁੰਦੈ। ਇਹਦੇ ਵਿਚ ਖੇਡ ਵੇਖਣ ਵਾਲਿਆਂ ਦਾ ਵੀ ਮਨਪਰਚਾਵਾ ਹੁੰਦਾ ਰਹਿੰਦੈ। ਖੇਡਾਂ ਬਾਰੇ ਇਹ ਵੀ ਕਿਹਾ ਜਾਂਦੈ ਕਿ ਕਿਸੇ ਖਿੱਤੇ ਦੀਆਂ ਜਿਹੋ ਜਿਹੀਆਂ ਭੂਗੋਲਿਕ ਹਾਲਤਾਂ ਹੋਣ ਉਥੇ ਉਹੋ ਜਿਹੀਆਂ ਹੀ ਖੇਡਾਂ ਉਗਮ ਪੈਂਦੀਆਂ ਹਨ।

ਪੰਜਾਬ ਭੂਗੋਲਿਕ ਤੌਰ 'ਤੇ ਅਜਿਹੀ ਥਾਂ ਸਥਿਤ ਹੈ ਕਿ ਵਿਦੇਸ਼ੀ ਹਮਲਾਵਰ ਹਿੰਦੁਸਤਾਨ 'ਤੇ ਹਮਲਾ ਕਰਨ ਲਈ ਪੰਜਾਬ ਵਿਚ ਦੀ ਹੀ ਲੰਘ ਸਕਦੇ ਸਨ। ਹਿੰਦੁਸਤਾਨ ਪਹਾੜਾਂ ਤੇ ਸਮੁੰਦਰਾਂ ਵਿਚਕਾਰ ਘਿਰਿਆ ਦੇਸ਼ ਹੈ। ਅੰਗਰੇਜ਼ਾਂ ਤੋਂ ਪਹਿਲਾਂ ਜਿੰਨੇ ਹਮਲਾਵਰ ਆਏ ਉਹ ਉਤਰ ਵੱਲੋਂ ਪਰਬਤੀ ਦੱਰਿਆਂ ਵਿਚ ਦੀ ਲੰਘੇ ਤੇ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਪਹਿਲਾਂ ਉਨ੍ਹਾਂ ਦਾ ਟਾਕਰਾ ਕਰਨਾ ਪਿਆ। ਕਬੱਡੀ ਦੀ ਖੇਡ ਹਮਲਾਵਰਾਂ ਦਾ ਟਾਕਰਾ ਕਰਨ ਦੀ ਨਕਲ ਹੈ।

ਜਿਵੇਂ ਹਮਲਾਵਰ ਹਮਲੇ ਕਰਨ ਆਉਂਦੇ ਸਨ ਉਵੇਂ ਕਬੱਡੀ ਦੀ ਖੇਡ ਵਿਚ ਧਾਵੀ ਧਾਵੇ ਕਰਨ ਲੱਗੇ। ਜਿਵੇਂ ਹਮਲਾਵਰ ਡੱਕੇ ਜਾਂਦੇ ਸਨ ਉਵੇਂ ਰਾਖੇ ਅਥਵਾ ਜਾਫੀ ਧਾਵੀਆਂ ਨੂੰ ਡੱਕਣ ਲੱਗੇ। ਜੇਕਰ ਹਮਲਾਵਰ ਤਕੜਾ ਹੁੰਦਾ ਸੀ ਤਾਂ ਉਹ ਅਗਲਿਆਂ ਨੂੰ ਮਾਰ ਕੁੱਟ ਕੇ ਤੇ ਲੁੱਟ ਖੋਹ ਕੇ ਪਰਤ ਜਾਂਦਾ ਸੀ। ਜੇਕਰ ਕਮਜ਼ੋਰ ਹੁੰਦਾ ਸੀ ਤਾਂ ਅਗਲੇ ਰੋਕ ਲੈਂਦੇ ਜਾਂ ਮਾਰ ਲੈਂਦੇ ਸਨ। ਇਹੋ ਕਰਮ ਕਬੱਡੀ ਦੀ ਖੇਡ ਵਿਚ ਵਾਰ-ਵਾਰ ਦੁਹਰਾਇਐ ਜਾਂਦੈ। ਕਬੱਡੀ ਹਮਲਾ ਕਰਨ ਤੇ ਹਮਲਾ ਰੋਕਣ ਦੇ ਅਭਿਆਸ ਦੀ ਖੇਡ ਹੈ। ਪੰਜਾਬੀ ਲੋਕ ਇਸ ਖੇਡ ਰਾਹੀਂ ਆਪਣਾ ਇਤਿਹਾਸ ਵੇਖਦੇ ਹਨ ਇਸੇ ਲਈ ਇਹ ਉਨ੍ਹਾਂ ਦੀ ਮਾਨਸਿਕਤਾ ਨੂੰ ਵਧੇਰੇ ਟੁੰਬਦੀ ਹੈ।

ਉਂਜ ਵੀ ਉਸ ਖੇਡ ਵਿਚ ਵਧੇਰੇ ਕਸ਼ਿਸ਼ ਹੁੰਦੀ ਹੈ ਜਿਸ ਵਿਚ ਖਿਡਾਰੀ ਦੌੜਨ ਭੱਜਣ, ਝਕਾਨੀਆਂ ਦੇਣ ਤੇ ਜੱਫੋ-ਜੱਫੀ ਹੋਣ। ਕਿਸੇ ਜਗ੍ਹਾ ਦੋ ਜਣੇ ਹੱਥੋਪਾਈ ਹੋ ਜਾਣ ਤੇ ਖਿੱਚ ਧੂਹ ਕਰਨ ਲੱਗ ਪੈਣ ਤਾਂ ਰਾਹ ਜਾਂਦੇ ਲੋਕ ਵੀ ਰੁਕ ਕੇ ਵੇਖਣ ਲੱਗ ਜਾਂਦੇ ਹਨ। ਲੜਾਈ ਵਿਚ ਕੁਦਰਤੀ ਕਸ਼ਿਸ਼ ਹੁੰਦੀ ਹੈ। ਫਿਲਮਾਂ ਵਿਚ ਇਸੇ ਲਈ ਮਾਰ ਧਾੜ ਵਿਖਾਈ ਜਾਂਦੀ ਹੈ। ਕਬੱਡੀ ਵਿਚ ਤਾਂ ਹੈ ਹੀ ਖਿੱਚ ਧੂਹ ਤੇ ਧੱਕਮਧੱਕਾ ਇਸੇ ਕਰਕੇ ਇਸ ਖੇਡ ਵੱਲ ਦਰਸ਼ਕ ਆਮੁਹਾਰੇ ਖਿੱਚੇ ਤੁਰੇ ਆਉਂਦੇ ਹਨ।

ਕਬੱਡੀ ਦੇ ਪਿਛੋਕੜ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦੈ ਕਿ ਇਸ ਦੇ ਅਨੇਕਾਂ ਰੂਪ ਪ੍ਰਚਲਤ ਰਹੇ ਹਨ। ਹਿੰਦੁਸਤਾਨ ਦੇ ਵੱਖ ਵੱਖ ਖਿੱਤਿਆਂ ਵਿਚ ਇਸ ਦੇ ਵੱਖ ਵੱਖ ਨਾਂ ਰੱਖੇ ਜਾਂਦੇ ਰਹੇ। ਦੱਖਣੀ ਭਾਰਤ ਵਿਚ ਇਸ ਨੂੰ ਚੇਡੂ ਗੁਡੂ, ਮਹਾਰਾਸ਼ਟਰ ਵਿਚ ਹੂ-ਟੂ-ਟੂ ਤੇ ਬੰਗਾਲ ਵਿਚ ਡੋ ਡੋ ਕਿਹਾ ਜਾਂਦਾ ਰਿਹਾ। ਕਿਤੇ ਇਸ ਨੂੰ ਖੋ ਖੋ ਤੇ ਅੱਤਯ ਪੱਤਯ ਦੀ ਸੰਗਿਆ ਦਿੱਤੀ ਗਈ ਅਤੇ ਸੂ ਸੂ, ਸਰ ਸਰ ਤੇ ਰਾਮ ਲਖਸ਼ਮਣ ਜਾਨਕੀ ਜੈ ਬੋਲੋ ਹਨੂੰਮਾਨ ਕੀ ਦਾ ਉਚਾਰਣ ਕੀਤਾ ਜਾਂਦਾ ਰਿਹਾ।

ਪੰਜਾਬ ਵਿਚ ਇਸ ਦੇ ਅਨੇਕਾਂ ਨਾਂ ਤੇ ਰੂਪ ਪ੍ਰਚਲਤ ਰਹੇ। ਕੱਚੀ ਸੌਂਚੀ, ਪੱਕੀ ਸੌਂਚੀ, ਗੂੰਗੀ ਕੌਡੀ, ਛੇ ਹੰਧੀ, ਸ਼ਮਲਿਆਂ ਵਾਲੀ, ਪੀਰ ਕੌਡੀ, ਪੜ ਕੌਡੀ, ਬੱਧੀ ਕੌਡੀ, ਬੈਠਵੀਂ ਕੌਡੀ, ਬੁਰਜੀਆਂ ਵਾਲੀ, ਘੋੜ ਕਬੱਡੀ, ਦੋਧੇ, ਜੋੜਾ ਕਬੱਡੀ, ਲੰਮੀ ਕੌਡੀ, ਚੀਰਵੀਂ, ਢੇਰੀ ਵਾਲੀ ਤੇ ਹੁਣ ਦਾਇਰੇ ਵਾਲੀ ਕਬੱਡੀ। ਵੱਖ ਵੱਖ ਇਲਾਕਿਆਂ 'ਚ ਖੇਡੀ ਜਾਂਦੀ ਕਬੱਡੀ ਨੂੰ ਅੰਬਰਸਰੀ, ਫਿਰੋਜ਼ਪੁਰੀ, ਲਾਇਲਪੁਰੀ, ਲਾਹੌਰੀ, ਮੁਲਤਾਨੀ, ਅੰਬਾਲਵੀ ਤੇ ਬਹਾਵਲਪੁਰੀ ਕਿਹਾ ਜਾਂਦਾ ਰਿਹਾ।



*ਪਹਿਲੇ ਵਿਸ਼ਵ ਕਬੱਡੀ ਦੌਰਾਨ ਇਕ ਜਾਫੀ ਦਾ ਲਾਇਆ ਰੋਪੜੀ ਜਿੰਦਾ*

ਕਬੱਡੀ ਦਾ ਮੁੱਢਲਾ ਰੂਪ ਕੱਚੀ ਸੌਂਚੀ ਸੀ। ਇਹ ਇਕ ਕਿਸਮ ਦੀ ਗੂੰਗੀ ਕੌਡੀ ਸੀ ਜਿਸ ਨੂੰ ਅੰਬਰਸਰੀ ਕੌਡੀ ਵੀ ਕਿਹਾ ਜਾਂਦਾ ਸੀ। ਢੇਰੀ ਵਾਲੀ ਇਸ ਕਬੱਡੀ ਵਿਚ ਚਾਟਾਂ ਬਹੁਤ ਪੈਂਦੀਆਂ ਸਨ। ਹਾਲੇ ਵੀ ਇਹ ਮਾਝੇ ਦੇ ਪਿੰਡਾਂ ਵਿਚ ਕਿਤੇ ਕਿਤੇ ਖੇਡੀ ਜਾਂਦੀ ਹੈ। ਅੰਬਾਲਵੀ ਕਬੱਡੀ ਦਾ ਦਾਇਰਾ ਬੜਾ ਤੰਗ ਹੁੰਦਾ ਸੀ। ਧਾਵੀ ਨੂੰ ਇਕ ਜਾਫੀ ਦੇ ਹੱਥੋਂ ਛੁੱਟ ਜਾਣ ਬਾਅਦ ਦੂਜਾ ਜਾਫੀ, ਫੇਰ ਤੀਜਾ, ਚੌਥਾ, ਸਾਰੇ ਜਾਫੀ ਵਾਰੀ ਵਾਰੀ ਜੱਫੇ ਲਾ ਸਕਦੇ ਸਨ। ਲਾਹੌਰੀ ਕੌਡੀ ਵਿਚ ਦਾਇਰਾ ਨਹੀਂ ਸੀ ਹੁੰਦਾ। ਸਿਰਫ਼ ਢੇਰੀਆਂ ਹੁੰਦੀਆਂ ਸਨ। ਜਾਫੀ ਤੇ ਧਾਵੀ ਦੋ ਢੇਰੀਆਂ ਉਤੇ ਖੜ੍ਹ ਜਾਂਦੇ ਤੇ ਧਾਵੀ ਨੇ ਵਿਰੋਧੀ ਧਿਰ ਦੀ ਢੇਰੀ ਨੂੰ ਹੱਥ ਲਾ ਕੇ ਜਾਂ ਉਪਰ ਦੀ ਗੇੜਾ ਕੱਢ ਕੇ ਘਰ ਪਰਤਣਾ ਹੁੰਦਾ ਸੀ।

ਲਾਇਲਪੁਰੀ ਕੌਡੀ ਵਿਚ ਖੇਡ ਦੌਰਾਨ ਪਾਣੀ ਦੀ ਘੁੱਟ ਵੀ ਨਹੀਂ ਸੀ ਭਰਨ ਦਿੱਤੀ ਜਾਂਦੀ। ਫਿਰੋਜ਼ਪੁਰੀ ਕਬੱਡੀ ਵਿਚ ਖਿਡਾਰੀ ਢੇਰੀਆਂ ਉਤੇ ਖੜੋਣ ਦੀ ਥਾਂ ਪਾੜੇ ਉਤੇ ਖੜੋਂਦੇ ਸਨ। ਇੰਜ ਹੀ ਇਕ ਛੇ ਹੰਧੀ ਕਬੱਡੀ ਸੀ ਤੇ ਇਕ ਸ਼ਮਲਿਆਂ ਵਾਲੀ ਕੌਡੀ। ਸ਼ਮਲਿਆਂ ਵਾਲੀ ਕੌਡੀ 'ਚ ਖਿਡਾਰੀ ਸਿਰਾਂ 'ਤੇ ਪੱਗਾਂ ਦੇ ਸ਼ਮਲੇ ਸਜਾ ਕੇ ਖੇਡਦੇ ਤੇ ਸ਼ਮਲੇ ਢਹਿਣ ਨਾ ਦਿੰਦੇ। ਪੀਰ ਕੌਡੀ ਧਨ ਪੋਠੋਹਾਰ ਦੇ ਇਲਾਕੇ ਵਿਚ ਖੇਡੀ ਜਾਂਦੀ ਸੀ। ਇਸ ਕੌਡੀ 'ਚ ਧਾਵੀ ਨੂੰ ਦੋ ਜਣੇ ਅੱਗਿਓਂ ਘੇਰਦੇ ਸਨ। ਬੈਠਵੀਂ ਕਬੱਡੀ, ਘੋੜ ਕਬੱਡੀ, ਚੀਰਵੀਂ, ਲੰਮੀ, ਦੋਧੇ ਤੇ ਬੁਰਜੀਆਂ ਵਾਲੀ ਕੌਡੀ ਆਦਿ ਕਬੱਡੀ ਦੀਆਂ ਥੋੜ੍ਹੇ ਬਹੁਤੇ ਫਰਕ ਵਾਲੀਆਂ ਹੋਰ ਵੰਨਗੀਆਂ ਸਨ। ਹੁਣ ਸਾਰੀਆਂ ਵੰਨਗੀਆਂ ਅਜੋਕੀ ਦਾਇਰੇ ਵਾਲੀ ਕਬੱਡੀ ਵਿਚ ਸਿਮਟ ਗਈਆਂ ਹਨ। ਇਸ ਕਬੱਡੀ ਨੂੰ ਹੁਣ ਸਰਕਲ ਸਟਾਈਲ ਜਾਂ ਪੰਜਾਬ ਸਟਾਈਲ ਕਿਹਾ ਜਾਂਦੈ।

ਭਾਰਤ ਦੇ ਹੋਰਨਾਂ ਇਲਾਕਿਆਂ ਵਿਚ ਖੇਡੀ ਜਾਣ ਵਾਲੀ ਕਬੱਡੀ ਨੈਸ਼ਨਲ ਸਟਾਈਲ, ਸਰਕਲ ਸਟਾਈਲ ਤੋਂ ਵੱਖਰੀ ਹੈ। ਇਸ ਦੀਆਂ ਵੀ ਅੱਗੇ ਤਿੰਨ ਕਿਸਮਾਂ ਹਨ-ਸੰਜੀਵਨੀ, ਜੈਮਨੀ ਤੇ ਅਮਰ। ਸੰਜੀਵਨੀ ਕਬੱਡੀ ਵਿਚ ਖਿਡਾਰੀਆਂ ਦੇ ਸੁਰਜੀਤ ਹੋਣ ਦਾ ਨਿਯਮ ਹੈ। ਵਿਰੋਧੀ ਟੀਮ ਦਾ ਖਿਡਾਰੀ ਮਾਰਨ ਨਾਲ ਦੂਜੀ ਦਾ ਮਰਿਆ ਖਿਡਾਰੀ ਸੁਰਜੀਤ ਹੋ ਜਾਂਦਾ ਹੈ। ਜੈਮਨੀ ਕਿਸਮ ਦੀ ਕਬੱਡੀ ਵਿਚ ਖਿਡਾਰੀ ਸੁਰਜੀਤ ਨਹੀਂ ਹੁੰਦੇ। ਸਾਰੇ ਖਿਡਾਰੀਆਂ ਦੇ ਮਰਨ ਨਾਲ ਖੇਡ ਖ਼ਤਮ ਹੋ ਜਾਂਦੀ ਹੈ। ਅਮਰ ਕਿਸਮ ਦੀ ਖੇਡ ਵਿਚ ਨਾ ਕੋਈ ਖਿਡਾਰੀ ਮਰਦਾ ਹੈ ਤੇ ਨਾ ਸੁਰਜੀਤ ਹੁੰਦਾ ਹੈ। ਜਿੱਤ ਹਾਰ ਅੰਕਾਂ ਦੀ ਗਿਣਤੀ ਨਾਲ ਹੁੰਦੀ ਹੈ।

ਭਾਰਤ ਵਿਚ ਜਿਸ ਖੇਡ ਨੂੰ ਨੈਸ਼ਨਲ ਸਟਾਈਲ ਕਬੱਡੀ ਦਾ ਦਰਜਾ ਦਿੱਤਾ ਗਿਐ ਉਹ ਸੰਜੀਵਨੀ ਕਿਸਮ ਦੀ ਦੱਖਣੀ ਤੇ ਮੱਧ ਭਾਰਤ ਦੀ ਖੇਡ ਹੈ। ਇਹੋ ਕਬੱਡੀ ਏਸ਼ਿਆਈ ਖੇਡਾਂ ਵਿਚ ਖੇਡੀ ਜਾਣ ਲੱਗੀ ਹੈ ਜਦ ਕਿ ਸਰਕਲ ਸਟਾਈਲ ਕਬੱਡੀ ਹਾਲੇ ਤਕ ਏਸ਼ਿਆਈ ਖੇਡਾਂ ਦਾ ਅੰਗ ਨਹੀਂ ਬਣ ਸਕੀ। ਉਂਜ ਸਰਕਲ ਸਟਾਈਲ ਕਬੱਡੀ ਦੇ ਟੂਰਨਾਮੈਂਟ ਐਸੇ ਪੰਦਰਾਂ-ਵੀਹ ਮੁਲਕਾਂ ਵਿਚ ਹੋਣ ਲੱਗ ਪਏ ਹਨ ਜਿਥੇ ਪੰਜਾਬੀਆਂ ਦੀ ਵਸੋਂ ਵਾਹਵਾ ਹੈ।

ਕਬੱਡੀ ਦੇ ਨਾਂ ਬਾਰੇ ਖੇਡ ਲੇਖਕਾਂ ਦੇ ਵੱਖ ਵੱਖ ਵਿਚਾਰ ਹਨ। ਬਲਬੀਰ ਸਿੰਘ ਕੰਵਲ ਅਨੁਸਾਰ ਇਸ ਖੇਡ ਨੂੰ ਕੌਡੀ, ਕਬੱਡੀ ਜਾਂ ਕੋੜੀ ਦਾ ਨਾਂ ਇਸ ਲਈ ਦਿੱਤਾ ਗਿਆ ਕਿਉਂਕਿ ਇਸ ਨੂੰ ਖੇਡਣ ਲਈ ਜਾਂਘੀਏ, ਕੱਛੇ ਜਾਂ ਲੰਗੋਟ ਤੋਂ ਬਿਨਾਂ ਹੋਰ ਕਿਸੇ ਸਾਮਾਨ ਦੀ ਲੋੜ ਨਹੀਂ ਸੀ ਪੈਂਦੀ। ਇਹ ਖੇਡ ਰੜੇ ਮੈਦਾਨ ਜਾਂ ਵਾਹਣ ਵਿਚ ਨੰਗੇ ਧੜ ਖੇਡੀ ਜਾ ਸਕਦੀ ਸੀ। ਇਹਦੇ ਉਤੇ ਕੌਡੀ ਦਾ ਵੀ ਖਰਚ ਨਹੀਂ ਸੀ ਹੁੰਦਾ ਤੇ ਕੋੜੀ ਜਾਂ ਕੌਡੀ ਭਾਨ ਦਾ ਸਭ ਤੋਂ ਛੋਟਾ ਸਿੱਕਾ ਸੀ। ਕੌਡੀਆਂ ਵਰਗੀ ਸਸਤੀ ਖੇਡ ਹੋਣ ਕਾਰਨ ਇਹਦਾ ਨਾਂ ਕੌਡੀ ਜਾਂ ਕਬੱਡੀ ਪਿਆ।

ਬਲਬੀਰ ਸਿੰਘ ਕੰਵਲ ਨੇ 'ਪੰਜਾਬ ਕਬੱਡੀ ਦਾ ਇਤਿਹਾਸ' ਵਿਚ ਲਿਖਿਐ, "ਦੱਸਿਆ ਜਾਂਦਾ ਹੈ ਕਿ ਕਬੱਡੀ ਨੂੰ ਸਭ ਤੋਂ ਪਹਿਲਾਂ 'ਕੌਡ ਕਬੱਡੀ' ਕਿਹਾ ਜਾਂਦਾ ਸੀ, ਜਿਸ ਦਾ ਮਤਲਬ ਸੀ, ਜਾਹਲਾਂ ਦੀ ਜੰਗ। ਅਰਥਾਤ ਬਗੈਰ ਕਿਸੇ ਕਾਰਨ ਲੜਾਈ ਲੜਨੀ। ਅਗਾਂਹ ਫਿਰ ਪੰਜਾਬੀ ਦਾ ਪ੍ਰਸਿੱਧ ਸ਼ਬਦ 'ਕੌਡਾ' ਵੀ ਇਹੋ ਜਿਹੇ ਭੈੜੇ, ਭਿਆਨਕ ਤੇ ਅੱਖੜ ਅਰਥਾਂ ਵਿਚ ਹੀ ਵਰਤਿਆ ਜਾਣ ਲੱਗਾ। ਸ਼ਬਦ ਕਬੱਡ ਜਾਂ ਕੁਬੱਡ ਦੇ ਲਫ਼ਜ਼ੀ ਮਾਅਨੇ ਖਰਾਬ ਜਾਂ ਬੁਰੇ ਸ਼ਹਿਰ ਦੇ ਵਸਨੀਕ ਹਨ। ਦਮ ਜਾਣ ਲੱਗਿਆਂ, ਧਾਵੀ ਆਪਣਾ ਪਾਲਾ ਛੱਡ ਕੇ, ਆਪਣੀ ਹੱਦ ਟੱਪ ਕੇ, ਦੂਜਿਆਂ ਦੀ ਹੱਦ 'ਚ ਜਾ ਹਮਲਾ ਕਰਦਾ, ਜਾਣੋ ਬੇਗਾਨੇ ਦੇਸ਼ 'ਤੇ ਧਾਵਾ ਬੋਲਦਾ, ਨਾਲ ਦੀ ਨਾਲ 'ਕਬੱਡੀ ਕਬੱਡੀ' ਸ਼ਬਦ ਦਾ ਉਚਾਰਨ ਕਰੀ ਜਾਂਦਾ ਹੈ ਜਿਵੇਂ ਕਹਿ ਰਿਹਾ ਹੋਵੇ, ਮੈਂ ਬੁਰਾ ਹਾਂ, ਮੈਥੋਂ ਬਚੋ, ਤੁਹਾਨੂੰ ਢਾਹ ਘੱਤੂੰਗਾ, ਫੇਹ ਸੁਟੂੰਗਾ!"

ਬਲਿਹਾਰ ਸਿੰਘ ਰੰਧਾਵਾ ਆਪਣੀ ਪੁਸਤਕ 'ਕਬੱਡੀ ਦੇ ਅੰਗ ਸੰਗ' ਵਿਚ ਗਿਆਨੀ ਅਰਜਨ ਸਿੰਘ ਤਰੰਗੜ ਦਾ ਹਵਾਲਾ ਦੇ ਕੇ ਲਿਖਦਾ ਹੈ ਕਿ ਕਬੱਡੀ ਸ਼ਬਦ ਕਟਾ-ਵੱਢੀ ਦਾ ਬਦਲਿਆ ਰੂਪ ਹੈ। ਕਟਾ-ਵੱਢੀ ਕਟਾ-ਵੱਢੀ ਵਾਰ ਵਾਰ ਕਹੀ ਜਾਣ ਨਾਲ ਕਬੱਡੀ ਬਣ ਗਈ। ਪੰਜਾਬੀ ਦੇ ਅਲਬੇਲੇ ਸ਼ਾਇਰ ਪ੍ਰੋ. ਪੂਰਨ ਸਿੰਘ ਨੇ ਆਪਣੀ ਕਵਿਤਾ ਵਿਚ ਸ਼ਬਦ ਕੌਡੀਆਂ ਵੀ ਵਰਤਿਆ ਤੇ ਕਬੱਡੀਆਂ ਵੀ,

ਉਹ ਨੇਜ਼ੇਬਾਜ਼ੀਆਂ ਵਿਆਹਾਂ 'ਤੇ,  
ਉਹ ਰੰਗ ਰੰਗ ਦੀਆਂ ਚੋਚਲਾਂ,  
ਉਹ ਖੇਡਾਂ ਉਹ ਕੌਡੀਆਂ,  
ਉਹ ਖੁੱਲ੍ਹੇ ਖੇਤਾਂ ਵਿਚ ਦੌੜਾਂ ਖੁਸ਼ੀ ਦੀਆਂ।  
ਉਹ ਦਰਿਆਵਾਂ ਦਾ ਨਹਾਣ ਜਾਣਾ  
ਢੋਲਕੀਆਂ ਵੱਜਦੇ,  
ਉਹ ਸੌਂਚੀਆਂ, ਉਹ ਕੁਸ਼ਤੀਆਂ,  
ਅਖਾੜੇ ਤੇ ਕਬੱਡੀਆਂ।  
...ਸਭ ਜੀਣ ਦਾ ਚਾਅ ਹੋਣ ਦਾ ਮਾਣ,  
ਥੀਣ ਦਾ ਨਸ਼ਾ ਕਿਥੇ!

ਬਲਿਹਾਰ ਸਿੰਘ ਲਿਖਦਾ ਹੈ, "ਹਜ਼ਾਰਾਂ ਵਰ੍ਹਿਆਂ ਦੇ ਅੱਥਰੇ ਲਫੇੜਿਆਂ, ਸਿਆਲਾਂ-ਹੁਨਾਲਾਂ, ਮੀਹਾਂ-ਝੱਖੜਾਂ ਤੇ ਪਿਆਰ ਮਜਬੂਰੀਆਂ ਨੇ ਜੋ ਪੰਜਾਬੀਆਂ ਦਾ ਸੁਭਾਅ ਬਣਾਇਆ, ਦਾਇਰੇ ਵਾਲੀ ਕਬੱਡੀ ਉਸ ਦੇ ਅਨੁਕੂਲ ਹੈ। 'ਕੱਲੇ ਨੂੰ 'ਕੱਲੇ ਦਾ ਟੱਕਰਨਾ ਤੇ ਉਹ ਵੀ ਸਾਹਮਣਿਓਂ। ਹਿੱਕ ਨੂੰ ਹੱਥ ਲਾ ਕੇ ਗੱਲ ਕਰਨੀ। ਗੁੱਟ ਫੜ ਕੇ ਅਗਲੇ ਨੂੰ ਖੜ੍ਹਾ ਕਰ ਦੇਣਾ। ਥਾਪੀਆਂ ਮਾਰਦੇ ਵਿਰੋਧੀਆਂ ਦੀ ਭੀੜ 'ਚੋਂ ਗਲੀਆਂ ਘੱਤ ਕੇ ਬੁਕਦਿਆਂ ਲੰਘ ਜਾਣਾ। ਦਾਬ ਦੇਂਦਿਆਂ ਦਲਾਂ ਨੂੰ ਭਾਜੜਾਂ ਪਾਉਣੀਆਂ। ਝਕਾਨੀਆਂ ਮਾਰ ਮਾਰ ਅਫਰਾ-ਤਫਰੀ ਮਚਾਉਣੀ। ਹਜ਼ਾਰਾਂ ਵਰ੍ਹਿਆਂ ਤੋਂ ਡਗਰ 'ਤੇ ਵੱਜਦੀ ਆ ਰਹੀ ਡਮਾ-ਡਮ! ਖਗਾ-ਖਗ! ਗਡਾ-ਗਡ! ਤੋਂ ਹੈ ਕਬੱਡੀ ਕਬੱਡੀ। ਕੌਡੀ ਤੋਂ ਬਣੀ ਕਬੱਡੀ ਜਾਂ ਕਟਾ-ਵੱਢੀ ਤੋਂ ਕੁਝ ਵੀ ਸਮਝੋ ਕੋਈ ਫਰਕ ਨਹੀਂ ਪੈਂਦਾ। ਪਰ ਹੈ ਇਹ ਖੇਡ, ਪੰਜਾਬੀਆਂ ਦਾ ਖ਼ਾਸ ਅਮੀਰ ਤੇ ਸ਼ਾਨਾਂਮੱਤਾ ਵਿਰਸਾ।"

ਚੜ੍ਹਦੇ ਤੇ ਲਹਿੰਦੇ ਪੰਜਾਬ ਦਾ ਸ਼ਾਇਦ ਹੀ ਕੋਈ ਪਿੰਡ ਗਰਾਂ ਹੋਵੇ ਜਿਥੇ ਕਬੱਡੀ ਖੇਡੀ ਜਾਂ ਵੇਖੀ ਨਾ ਜਾਂਦੀ ਹੋਵੇ। ਜਿਵੇਂ ਲਾਹੌਰ ਬਾਰੇ ਕਿਹਾ ਜਾਂਦੈ ਕਿ ਜੀਹਨੇ ਲਾਹੌਰ ਨਹੀਂ ਵੇਖਿਆ ਉਹ ਹਾਲੇ ਜੰਮਿਆ ਹੀ ਨਹੀਂ। ਉਵੇਂ ਕਬੱਡੀ ਬਾਰੇ ਵੀ ਕਿਹਾ ਜਾ ਸਕਦੈ ਕਿ ਜੀਹਨੇ ਕਬੱਡੀ ਖੇਡੀ ਜਾਂ ਵੇਖੀ ਨਹੀਂ ਉਹ ਪੰਜਾਬੀ ਹੀ ਨਹੀਂ। ਕਬੱਡੀ ਦੇ ਪਹਿਲੇ ਵਿਸ਼ਵ ਕੱਪ ਨੂੰ ਵੇਖਣ ਲਈ ਜਿਵੇਂ ਲੋਕਾਂ ਦੀਆਂ ਅਥਾਹ ਭੀੜਾਂ ਉਮਡੀਆਂ ਤੇ ਵਿਸ਼ਵ ਭਰ 'ਚ ਖਿਲਰੇ ਪੰਜਾਬੀਆਂ ਨੇ ਹੁੰਗਾਰਾ ਭਰਿਆ ਉਹਦਾ ਕਾਰਨ ਕਬੱਡੀ ਦਾ ਅਮੀਰ ਵਿਰਸਾ ਹੈ। ਪਹਿਲੀ ਨਵੰਬਰ ਤੋਂ 20 ਨਵੰਬਰ ਤਕ ਕਬੱਡੀ ਦਾ ਦੂਜਾ ਵਿਸ਼ਵ ਕੱਪ ਪੰਜਾਬ ਦੇ ਸੋਲਾਂ ਸ਼ਹਿਰਾਂ/ਪਿੰਡਾਂ ਵਿਚ ਹੋ ਰਿਹੈ ਜਿਸ ਨੂੰ ਵੇਖਣ ਤੇ ਮਾਣਨ ਵਾਲਿਆਂ ਦਾ ਅੰਤ ਨਹੀਂ ਆਉਣਾ। ਕੁਲ ਦੁਨੀਆਂ 'ਚ ਵਸੇ ਪੰਜਾਬੀ ਇਹਨੀਂ ਦਿਨੀਂ ਕਬੱਡੀ ਵੱਲ ਰੁਚਿਤ ਹੋਣਗੇ ਤੇ ਕਬੱਡੀ ਦੀ ਜੈ ਜੈ ਕਾਰ ਹੋਵੇਗੀ। ਤਾਂ ਹੀ ਤਾਂ ਕਿਹਾ ਜਾਂਦੈ ਕਿ ਕਬੱਡੀ ਪੰਜਾਬੀਆਂ ਦੇ ਲਹੂ ਵਿਚ ਸਮਾਈ ਹੋਈ ਹੈ। ਕਬੱਡੀ ਦਾ ਪੰਜਾਬੀਆਂ ਨਾਲ ਨਹੁੰ ਮਾਸ ਦਾ ਰਿਸ਼ਤਾ ਹੈ। ਵਿਸ਼ਵ ਕੱਪ ਕਰਾਉਣ ਨਾਲ ਕਬੱਡੀ ਵਿਸ਼ਵ ਭਰ 'ਚ ਪੰਜਾਬੀਆਂ ਦੀ ਪਛਾਣ ਬਣ ਗਈ ਹੈ।

# 'ਆਬਾਦੀ ਬੰਬ' ਬਾਰੇ ਬਣਾਈਆਂ ਮਿੱਥਾਂ ਦੇ ਤੂੰਬੇ ਉਡਾਉਣ ਦੀ ਬੇਲਾ

*(ਸਫਾ 14 ਦੀ ਬਾਕੀ)*

ਦੀ ਵੱਧ ਤੋਂ ਵੱਧ ਗਿਣਤੀ ਹੀ ਹੋ ਸਕਦੀ ਹੈ-ਜਿੰਨੇ ਹੱਥ ਉਨਾ ਕੰਮ; ਉਨੀ ਖਰੀਦ ਸ਼ਕਤੀ ਅਤੇ ਉਨੀਆਂ ਹੀ ਵੱਧ ਸਹੂਲਤਾਂ ਖਰੀਦਣ ਦੀ ਉਮੀਦ!

ਵਧਦੀ ਆਬਾਦੀ ਨਾਲ ਜੁੜੀ ਚੌਥੀ ਮਿੱਥ ਅਨੁਸਾਰ ਇਕ ਤੋਂ ਬਾਅਦ ਦੂਜਾ, ਫਿਰ ਤੀਜਾ ਬੱਚਾ ਜੰਮਣ ਕਾਰਨ ਔਰਤਾਂ, ਖਾਸ ਕਰਕੇ ਪੇਂਡੂ ਤੇ ਦਲਿਤ ਔਰਤਾਂ ਦੀ ਸਿਹਤ ਲਗਾਤਾਰ ਗਿਰਾਵਟ ਵੱਲ ਜਾਂਦੀ ਰਹਿੰਦੀ ਹੈ ਜਿਸ ਕਾਰਨ ਭਾਰਤੀ ਔਰਤਾਂ ਦੀ ਜਣੇਪਾ-ਮੌਤ ਦਰ ਅਤੇ ਨਵ-ਜਨਮੇ ਬੱਚਿਆਂ ਦੀ ਮੌਤ ਦਰ ਸਭ ਤੋਂ ਉੱਚੀ ਹੈ (ਵਿਸ਼ਵ ਸਿਹਤ ਸੰਸਥਾ ਅਨੁਸਾਰ) ਪਰ ਇਹ ਅੱਧਾ ਸੱਚ ਹੈ। ਅਲੱਗ-ਅਲੱਗ ਖੋਜਾਂ ਦੁਆਰਾ ਇਹ ਸਾਬਿਤ ਹੋ ਚੁੱਕਾ ਹੈ ਕਿ ਜਣੇਪੇ ਦੌਰਾਨ ਹੋਈਆਂ ਮੌਤਾਂ ਦੇ ਕਾਰਨ ਕੁਪੋਸ਼ਣ, ਖਾਸ ਕਰਕੇ ਔਰਤਾਂ ਵਿਚ ਸਾਰੀ ਉਮਰ ਖੂਨ ਘੱਟ ਰਹਿਣ, ਲਾਗ ਦੀਆਂ ਬਿਮਾਰੀਆਂ, ਸਿਹਤ ਸਹੂਲਤਾਂ ਤੱਕ ਪਹੁੰਚ ਨਾ ਹੋਣਾ, ਜਣੇਪੇ ਦੌਰਾਨ ਨਿਪੁੰਨ ਤੇ ਤਜਰਬੇਕਾਰ ਜਣੇਪਾ-ਸਹਾਇਕ ਦੀ ਕਮੀ ਅਤੇ ਘਰਾਂ ਵਿਚ ਉਨ੍ਹਾਂ ਨਾਲ ਰੋਜ਼ ਹੁੰਦੀ ਸਰੀਰਿਕ/ਮਾਨਸਿਕ ਹਿੰਸਾ ਹਨ। ਇੱਥੇ ਇਹ ਵੀ ਨੋਟ ਕਰਨ ਵਾਲਾ ਨੁਕਤਾ ਹੈ ਕਿ ਲਗਾਤਾਰ ਅਣਚਾਹੇ ਗਰਭਾਂ ਦਾ ਸਿੱਧਾ ਸਬੰਧ ਮਰਦਾਂ ਦੁਆਰਾ ਗਰਭ-ਨਿਰੋਧਕਾਂ ਸਬੰਧੀ ਕੋਈ ਜ਼ਿੰਮੇਵਾਰੀ ਨਾ ਲੈਣ ਅਤੇ ਵਿਆਹਾਂ ਅੰਦਰ ਹੁੰਦੇ ਬਲਾਤਕਾਰਾਂ ਨਾਲ ਜੁੜਿਆ ਹੋਇਆ ਹੈ। ਨਵੇਂ ਜੰਮੇ ਬੱਚਿਆਂ ਵਿਚ ਮੌਤ ਦਰ ਉੱਚੀ ਹੋਣ ਦਾ ਕਾਰਨ ਮਾਂ ਦੀ ਮਾੜੀ ਸਿਹਤ, ਸਾਹ-ਛੂਤ ਦੀਆਂ ਬਿਮਾਰੀਆਂ, ਹੈਜ਼ਾ, ਮਲੇਰੀਆ, ਕੁਪੋਸ਼ਣ ਅਤੇ ਵੇਲੇ ਸਿਰ ਡਾਕਟਰੀ ਸਹਾਇਤਾ ਨਾ ਮਿਲਣਾ ਹੈ (ਮੌਤ ਦੇ ਕਾਰਨਾਂ ਦਾ ਸਾਰ: 2001-2003, ਭਾਰਤ ਸਰਕਾਰ) ਇੰਦਾਂ ਉੱਚੀ ਮੌਤ ਦਾ ਸਿੱਧਾ ਸਬੰਧ ਗਰੀਬਾਂ ਦੁਆਰਾ ਗਰਭ ਨਿਰੋਧਕ/ਪਰਿਵਾਰ ਨਿਯੋਜਨਾਂ ਦੀ ਅਣਦੇਖੀ ਕਰਨ ਨਾਲ ਘੱਟ, ਪਰ ਜਿਉਣ ਦੀਆਂ ਮਾੜੀਆਂ ਹਾਲਤਾਂ ਨਾਲ ਜ਼ਿਆਦਾ ਜੁੜਦਾ ਹੈ। ਮਿਸਾਲ ਵਜੋਂ ਭਾਰਤ ਵਿਚ ਚਾਲੀ ਲੱਖ ਲੋਕ ਝੁੱਗੀਆਂ ਝੌਂਪੜੀਆਂ ਵਿਚ ਰਹਿੰਦੇ ਹਨ; ਭਾਵ ਪਾਣੀ, ਬਿਜਲੀ, ਡਾਕਟਰੀ ਸਹੂਲਤਾਂ, ਸਿੱਖਿਆ ਅਤੇ ਸਾਫ਼ ਸਫਾਈ ਤੋਂ ਬਿਲਕੁਲ ਵਾਂਝੇ। ਇਨ੍ਹਾਂ ਵਿਚੋਂ ਜ਼ਿਆਦਾਤਰ ਆਪਣੇ ਜੱਦੀ ਪਿੰਡਾਂ ਦੇ ਉਜਾੜੇ ਦਾ ਦਰਦ ਦਿਲਾਂ ਵਿਚ ਸਾਂਭੀ ਬੈਠੇ ਹਨ। ਭਾਰਤ ਦੇ ਗਿਆਰਵੇਂ ਯੋਜਨਾ ਕਮਿਸ਼ਨ ਦੀਆਂ ਰਿਪੋਰਟਾਂ ਅਨੁਸਾਰ ਭਾਰਤੀ ਆਬਾਦੀ ਦੇ ਕਾਮਿਆਂ ਦਾ ਅੱਧ, ਖੇਤੀ ਅਧਾਰਿਤ ਕੰਮਾਂ ਕਾਜਾਂ ਵਿਚ ਲੱਗਿਆ ਹੋਇਆ ਹੈ। ਭਾਰਤੀ ਵਿਕਸ ਮਾਡਲ ਦੀ ਸਭ ਤੋਂ ਵੱਡੀ ਅਸਫ਼ਲਤਾ ਇਨ੍ਹਾਂ ਕਾਮਿਆਂ ਨੂੰ ਉਹ ਸਿੱਖਿਆ ਅਤੇ ਹੁਨਰ ਮੁਹਈਆ ਕਰਵਾਉਣਾ ਹੈ ਜਿਸ ਦੇ ਦਮ 'ਤੇ ਇਹ ਹੋਰ ਖੇਤਰਾਂ ਵਿਚ ਆਪਣਾ ਹੱਥ ਅਜ਼ਮਾ ਸਕਣਾ। ਅੱਜ ਖੇਤੀ ਹੇਠਲਾ ਰਕਬਾ ਲਗਾਤਾਰ ਘਟਣ ਅਤੇ ਖੇਤੀ ਉਤਪਾਦਨ ਦੀਆਂ ਕੀਮਤਾਂ, ਲਾਗਤਾਂ ਲਗਾਤਾਰ ਵਧਣ ਕਾਰਨ (1982 ਵਿਚ 56 ਫੀਸਦ ਪਰਿਵਾਰਾਂ ਕੋਲ ਖੇਤੀ ਰਕਬਾ ਇਕ ਏਕੜ ਤੋਂ ਘੱਟ ਸੀ; 2003-2004 ਤੱਕ ਪਹੁੰਚਦਿਆਂ ਇਹ 70 ਫੀਸਦ ਹੋ ਚੁੱਕਿਆ ਹੈ) ਪਰਿਵਾਰਾਂ ਦੀਆਂ ਔਰਤਾਂ ਅਤੇ ਬੱਚਿਆਂ ਦੀਆਂ ਪੋਸ਼ਣ, ਸਿਹਤ, ਸਿੱਖਿਆ, ਸਾਫ਼ ਸਫਾਈ, ਪੀਣ ਵਾਲੇ ਪਾਣੀ ਬਾਲਣ ਅਤੇ ਮਾਨਸਿਕ ਸੁਤੰਸ਼ਟੀ ਤੇ ਮਾਰੂ ਪ੍ਰਭਾਵ ਪਿਆ ਹੈ। ਦੂਜੇ ਪਾਸੇ ਬੇਰੁਜ਼ਗਾਰੀ ਦੀ ਦਰ ਜਿੱਥੇ 1994-95 ਵਿਚ 6.1 ਫੀਸਦ ਸੀ, ਉਥੇ 2004-05 ਵਿਚ ਵਧ ਕੇ 8.3 ਫੀਸਦ ਹੋ ਚੁੱਕੀ ਹੈ। ਗੈਰ-ਸੰਗਠਿਤ ਅਤੇ ਅਰਧ-ਨਿਪੁੰਨਤਾ ਵਾਲੇ ਕਿੱਤਿਆਂ ਵਿਚ ਜਿੱਥੇ ਰੁਜ਼ਗਾਰ ਵਿਚ ਮਾਮੂਲੀ ਵਾਧਾ ਰਿਕਾਰਡ ਕੀਤਾ ਗਿਆ, ਉਥੇ ਨਿੱਜੀ ਤੇ ਸਰਕਾਰੀ ਅਦਾਰਿਆਂ ਵਿਚ ਰੁਜ਼ਗਾਰ ਦੀ ਦਰ ਘਟੀ ਹੈ; ਮਤਲਬ ਆਬਾਦੀ ਦਾ ਵੱਡਾ ਹਿੱਸਾ ਜਿੱਥੇ ਖੇਤੀ ਖੇਤਰ ਵਿਚੋਂ ਧੱਕਿਆ ਜਾ ਰਿਹਾ ਹੈ, ਉਹ ਅਜਿਹੇ ਖੇਤਰਾਂ ਵਿਚ ਕੰਮ ਕਰਨ ਲਈ ਮਜਬੂਰ ਹੈ ਜਿਹੜੇ ਉਸ ਦੇ ਹੱਥ-ਪੈਰ ਚੱਲਣ ਤੱਕ ਉਕੀ-ਪੁੱਕੀ ਮਜ਼ਦੂਰੀ 'ਤੇ ਉਸ ਨੂੰ ਕੰਮ ਦਿੰਦੇ ਹਨ। ਭਾਰਤੀ ਦੀ ਬਹੁ-ਗਿਣਤੀ ਆਬਾਦੀ ਨੌਜਵਾਨਾਂ ਦੀ ਹੋਣ ਦੇ ਬਾਵਜੂਦ 15-29 ਸਾਲ ਦੇ ਉਮਰ ਵਰਗ ਵਿਚੋਂ ਸਿਰਫ਼ 20 ਫੀਸਦ ਲੋਕਾਂ ਨੇ ਕੋਈ ਕਿੱਤਾ-ਮੁਖੀ ਸਿੱਖਿਆ ਪ੍ਰਾਪਤ ਕੀਤੀ ਹੋਈ ਹੈ। ਉਪਰੋਂ ਰੁਜ਼ਗਾਰਯੋਗ ਆਬਾਦੀ ਦਾ 38.8 ਫੀਸਦ ਹਿੱਸਾ ਕੋਰਾ ਅਨਪੜ੍ਹ ਹੈ।

**ਕਿਹਾ ਜਾਂਦਾ ਹੈ ਕਿ ਭਾਰਤ ਤਾਂ ਗੁਣਾਂ ਦੀ ਗੁਥਲੀ ਹੈ। ਬੱਸ, ਇਸ ਦੀਆਂ ਸੜਕਾਂ ਕੰਢੇ ਪਲਦੀ ਚੀਥੜਿਆਂ ਜਿਹੀ ਆਬਾਦੀ ਇਸ ਨੂੰ ਉਨਤ ਦੇਸ਼ ਨਹੀਂ ਬਣਨ ਦਿੰਦੀ। 'ਵਿਦਵਾਨਾਂ' ਦੀ ਰਾਇ ਹੈ ਕਿ ਭਾਰਤੀ ਗਰੀਬਾਂ ਨੂੰ ਆਪਣੀ ਗਰੀਬੀ ਨਾਲ ਮੁਹੱਬਤ ਹੈ।**

'ਆਬਾਦੀ ਬੰਬ' ਦੀ ਧਾਰਨਾ ਸਰਲੀਕਰਨ ਵਿਗਿਆਨ ਦੀ ਵਧੀਆ ਮਿਸਾਲ ਤਾਂ ਹੋ ਸਕਦਾ ਹੈ ਪਰ ਅੰਤ ਵਿਚ ਇਹ ਸਿੱਧਾ ਸਿੱਧਾ ਗੈਰ-ਜਮਹੂਰੀ, ਗੈਰ-ਮਨੁੱਖੀ ਤੇ ਸਾਮਰਾਜਵਾਦੀ ਤਾਕਤਾਂ ਦੇ ਹੱਕ ਵਿਚ ਜਾ ਭੁਗਤਦਾ ਹੈ। ਆਬਾਦੀ ਕਿੰਨੀ ਨਾਲੋਂ ਕਿਵੇਂ ਦੀ ਹੈ, ਮਸਲਨ ਵੀਹ ਬੰਦਿਆਂ ਜਿੰਨੀ ਖਪਤ ਕਰਨ ਵਾਲਾ ਇਕ ਮਨੁੱਖ ਜਾਂ ਮੁੱਠੀ ਭਰ ਭੋਜਨ ਨਾਲ ਜ਼ਿੰਦਗੀ ਦੀ ਡੋਰ 'ਤੇ ਝੂਲਦੇ 8-10 ਲੋਕਾਂ ਦਾ ਪਰਿਵਾਰ, ਆਖਿਰ ਇਸ ਦਾ ਤਾਂ ਜਵਾਬ ਮੰਗਿਆ ਹੀ ਜਾਣਾ ਚਾਹੀਦਾ ਹੈ ਕਿ ਖੁੱਲ੍ਹੀ ਮੰਡੀ ਤੇ ਨਿਰਭਰ ਉਦਾਰ ਸਰਕਾਰ ਕਦੋਂ ਤੱਕ ਆਪਣੀ ਅਸਫ਼ਲਤਾ ਅਤੇ ਨਾ-ਅਹਿਲੀਅਤ ਨੂੰ ਆਬਾਦੀ-ਆਬਾਦੀ ਰੂਪੀ ਗਿੱਦੜਸਿੰਗੀ ਪਿੱਛੇ ਲੁਕੋ ਕੇ ਰੱਖੇਗੀ?

# ਸੋਧਿ ਸੋਧਿ ਥਕੇ ਮਹਾ ਸੁਰ ਪਾਇਓ ਨਹਿ ਪਾਰ

**ਡਾ. ਗੁਰਨਾਮ ਕੌਰ**

ਪਹਿਲਾਂ ਵੀ ਇਹ ਤੱਥ ਧਿਆਨ ਗੋਚਰੇ ਕੀਤਾ ਜਾ ਚੁੱਕਿਆ ਹੈ ਕਿ 'ਅਕਾਲ ਉਸਤਤਿ' ਵਿਚ ਹਰ ਨਵੇਂ ਛੰਦ ਰਾਹੀਂ ਪਰਮਾਤਮਾ ਦੇ ਉਨ੍ਹਾਂ ਹੀ ਗੁਣਾਂ ਦਾ ਗਾਇਨ ਇੱਕ ਨਵੇਂ ਅੰਦਾਜ਼ ਵਿਚ ਕੀਤਾ ਹੈ। ਇਸ ਲੇਖ ਵਿਚ 'ਰੁਆਮਲ ਛੰਦ' ਦੇ ਵੀਹ ਛੰਦਾਂ 'ਤੇ ਵਿਚਾਰ ਕੀਤੀ ਜਾਵੇਗੀ ਜੋ 181 ਤੋਂ 200 ਤੱਕ ਹਨ। ਹਰ ਛੰਦ ਚਾਰ-ਚਾਰ ਪੰਕਤੀਆਂ



ਡਾ. ਗੁਰਨਾਮ ਕੌਰ

ਦਾ ਹੈ। ਪਹਿਲੇ ਹੀ ਛੰਦ ਵਿਚ ਉਸ ਦੇ ਗੁਣਾਂ ਦਾ ਵਰਣਨ ਕਰਦਿਆਂ ਕਿਹਾ ਹੈ ਕਿ ਉਹ ਪਰਮਾਤਮਾ ਰੂਪ-ਰੰਗ ਅਤੇ ਸ਼ਕਲ ਤੋਂ ਉਪਰ ਹੈ ਅਤੇ ਜੰਮਣ-ਮਰਨ ਵਿਚ ਨਹੀਂ ਆਉਂਦਾ। ਇਸ ਦਾ ਅਰਥ ਇਹੀ ਬਣਦਾ ਹੈ ਕਿ ਉਸ ਨੂੰ ਮਨੁੱਖੀ ਜਾਮੇ ਜਾਂ ਕਿਸੇ ਵੀ ਜਾਮੇ ਵਿਚ ਅਵਤਾਰ ਆਦਿ ਦੇ ਤੌਰ 'ਤੇ ਤਸੱਵਰ ਨਹੀਂ ਕੀਤਾ ਜਾ ਸਕਦਾ। ਉਹ ਨਿਰਾਕਾਰ ਹੈ ਜਿਸ ਦੀ ਹੋਂਦ ਆਦਿ ਕਾਲ ਤੋਂ ਹੈ, ਅਰਥਾਤ ਸ੍ਰਿਸ਼ਟੀ ਰਚਨਾ ਤੋਂ ਵੀ ਪਹਿਲਾਂ ਉਸ ਦੀ ਹੋਂਦ ਸੀ। ਨਿਰਾਕਾਰ ਹੋਣ ਦੇ ਬਾਵਜੂਦ ਉਹ ਆਦਿ ਹੋਂਦ ਅਜਿੱਤ, ਸਰਬ-ਵਿਆਪਕ, ਧਰਮ ਅਤੇ ਕਰਮ ਵਿਚ ਮਾਹਿਰ ਹੈ। ਉਹ ਸਭ ਤੋਂ ਮੁਢਲਾ ਅਸੀਮ ਪੁਰਖ ਹੈ ਜੋ ਬਿਨਾ ਕਿਸੇ ਜੰਤਰ, ਮੰਤਰ ਅਤੇ ਤੰਤਰ ਤੋਂ ਹੈ। ਉਹ ਸਰਬ-ਵਿਆਪਕ ਹਸਤੀ ਹਾਥੀ ਤੋਂ ਲੈ ਕੇ ਕੀੜੀ ਤੱਕ ਹਰ ਜੀਵ ਵਿਚ ਵੱਸ ਰਿਹਾ ਹੈ ਅਰਥਾਤ ਕੋਈ ਵੀ ਜੀਵ ਅਤੇ ਥਾਂ ਉਸ ਤੋਂ ਖਾਲੀ ਨਹੀਂ ਹੈ:

ਰੂਪ ਰਾਗ ਨ ਰੇਖ ਰੰਗ ਨ
ਜਨਮ ਮਰਨ ਬਿਹੀਨ।
ਆਦਿ ਨਾਥ ਅਗਾਧ ਪੁਰਖ
ਸੁਧਰਮ ਕਰਮ ਪ੍ਰਬੀਨ।
ਜੰਤ੍ਰ ਮੰਤ੍ਰ ਨ ਤੰਤ੍ਰ ਜਾ ਕੋ
ਆਦਿ ਪੁਰਖ ਅਪਾਰ।
ਹਸਤਿ ਕੀਟ ਬਿਖੈ ਬਸੈ
ਸਬ ਠੌਰ ਮੈ ਨਿਰਧਾਰ। ੧੮੧

ਉਸ ਦੀ ਕੋਈ ਜਾਤ, ਗੋਤ, ਪਿਤਾ, ਮਾਤਾ, ਸਲਾਹਕਾਰ ਜਾਂ ਦੋਸਤ ਨਹੀਂ ਹੈ (ਅਸਲ ਵਿਚ ਇਹ ਰਿਸ਼ਤੇ ਦੇਹਧਾਰੀ ਜੀਵਾਂ ਦੇ ਹੁੰਦੇ ਹਨ ਨਿਰਾਕਾਰ ਹਸਤੀ ਦੇ ਨਹੀਂ)। ਉਸ ਦਾ ਕੋਈ ਚਿੰਨ੍ਹ, ਤਸਵੀਰ ਜਾਂ ਦਿਸਦੀ ਨਿਸ਼ਾਨੀ ਨਹੀਂ ਹੈ ਪਰ ਉਹ ਹਰ ਥਾਂ ਵਸਦਾ ਹੈ। ਉਹ ਆਦਿ ਦੇਵ ਸਭ 'ਤੇ ਦਇਆ ਕਰਦਾ ਹੈ, ਅਜਿੱਤ ਤੇ ਅਨੰਤ ਸੁਆਮੀ ਹੈ। ਉਸ ਦਾ ਅਰੰਭ ਅਤੇ ਅੰਤ ਕੋਈ ਨਹੀਂ ਜਾਣਦਾ ਅਰਥਾਤ ਉਹ ਅਸੀਮ ਹਸਤੀ ਹੈ ਜਿਸ ਦਾ ਨਾ ਆਦਿ ਹੈ ਅਤੇ ਨਾ ਹੀ ਅੰਤ ਹੈ। ਉਹ ਹਰ ਤਰ੍ਹਾਂ ਦੇ ਬਖਾਧ ਅਤੇ ਝਗੜਿਆਂ ਤੋਂ ਨਿਰਲੇਪ ਹਸਤੀ ਹੈ। ਉਸ ਦਾ ਭੇਦ ਦੇਵਤਿਆਂ, ਵੇਦਾਂ ਅਤੇ ਕਤੇਬਾਂ (ਸਾਮੀ ਧਾਰਮਿਕ ਗ੍ਰੰਥ) ਕਿਸੇ ਨੇ ਵੀ ਨਹੀਂ ਪਾਇਆ। ਸਨਕ, ਸਨੰਦ ਬ੍ਰਹਮਾ ਦੇ ਪੁੱਤਰ ਅਤੇ ਬ੍ਰਹਮਾ ਆਦਿ ਵੀ ਨਹੀਂ ਪਾ ਸਕੇ। ਯਕਸ਼, ਕਿੰਨਰ, ਮੱਛ ਅਤੇ ਮਾਨਵ, ਹੋਰ ਬਹੁਤ ਸਾਰੇ ਜੀਵ-ਜੰਤੂ, ਸੱਪ ਆਦਿਕ, ਸ਼ਿਵਜੀ, ਇੰਦਰ, ਬ੍ਰਹਮਾ ਅਤੇ ਹੋਰ ਬਹੁਤ ਸਾਰੇ ਦੇਵਤੇ ਉਸ ਬਾਰੇ 'ਨੇਤਿ ਨੇਤਿ' ਕਹਿ ਕੇ ਹੀ ਵਿਆਖਿਆ ਕਰਦੇ ਹਨ। ਸੱਤ ਪਤਾਲਾਂ ਦੇ (ਥੱਲੇ ਰਹਿਣ ਵਾਲੇ) ਸਾਰੇ ਜੀਵ-ਜੰਤੂ ਉਸ ਦਾ ਨਾਮ ਜਪਦੇ ਹਨ। ਉਹ ਆਦਿ ਪੁਰਖ ਅਜਿੱਤ ਤੇਜ ਦਾ ਮਾਲਕ ਹੈ ਜਿਸ ਦਾ ਕੋਈ ਅਰੰਭ (ਆਦਿ) ਨਹੀਂ ਹੈ ਅਤੇ ਜਿਸ ਨੂੰ ਕੋਈ ਵੇਦਨਾ ਨਹੀਂ ਹੈ (ਉਹ ਦਰਦ ਰਹਿਤ ਹੈ)। ਉਸ ਨੂੰ ਜੰਤਰਾਂ-ਮੰਤਰਾਂ ਰਾਹੀਂ ਵੱਸ ਨਹੀਂ ਕਰ ਸਕੀਦਾ ਅਤੇ ਨਾ ਹੀ ਉਹ ਤੰਤਰਾਂ ਅਤੇ ਮੰਤਰਾਂ ਅੱਗੇ ਝੁਕਦਾ ਜਾਂ ਪਸੀਜਦਾ ਹੈ। ਉਹ ਸਰਬ-ਸ਼ਕਤੀਮਾਨ, ਸਰਬ-ਵਿਆਪਕ ਹੈ ਅਤੇ ਸਭ ਦਾ ਸ਼ਹਿਨਸ਼ਾਹ ਹੈ। ਉਹ ਨਾ ਹੀ ਯਕਸ਼ਾਂ ਵਿਚ ਹੈ, ਨਾ ਗੰਧਰਵਾਂ, ਦੇਵਤਿਆਂ, ਦੈਂਤਾਂ ਅਤੇ ਨਾ ਹੀ ਬ੍ਰਾਹਮਣਾਂ ਜਾਂ ਖੱਤਰੀਆਂ ਵਿਚ ਆਉਂਦਾ ਹੈ। ਨਾ ਹੀ ਉਹ ਵੈਸ਼ਾਂ (ਵਰਣ ਵੰਡ ਵਿਚ ਤੀਸਰਾ ਵਰਣ ਖੇਤੀ-ਬਾੜੀ ਅਤੇ ਵਪਾਰ ਕਰਨ ਵਾਲੇ ਲੋਕ) ਵਿਚੋਂ ਹੈ ਅਤੇ ਨਾ ਹੀ ਸ਼ੂਦਰਾਂ ਵਿਚੋਂ ਹੈ। ਨਾ ਉਹ ਪੱਕੇ ਰਾਜਪੂਤਾਂ (ਸ਼ਬਦਾਰਥ ਅਨੁਸਾਰ ਪੱਕੇ ਬੰਗਾਲੀ) ਅਤੇ ਨਾਹੀ ਗੋਂਡਾਂ ਵਿਚੋਂ ਹੈ। ਨਾ ਹੀ ਭੀਲ ਅਤੇ ਨਾ ਹੀ ਬ੍ਰਹਮਣਾਂ ਅਤੇ ਸ਼ੇਖਾਂ ਵਿਚੋਂ ਹੈ। ਨਾ ਉਹ ਦਿਨ ਅਤੇ ਰਾਤ ਵਿਚ ਹੈ। ਉਹ ਅਨੂਪ ਹਸਤੀ ਧਰਤੀ, ਅਕਾਸ਼ ਅਤੇ ਪਤਾਲ ਵਿਚ ਵੀ ਨਹੀਂ ਹੈ:

ਜੁੱਛ ਗੰਧ੍ਰਬ ਦੇਵ ਦਾਨੋ
ਨ ਬ੍ਰਹਮ ਛਤ੍ਰੀਅਨ ਮਾਹਿ।
ਬੈਸਨੰ ਕੇ ਬਿਖੈ ਬਿਰਾਜੈ
ਸੂਦ੍ਰ ਭ ਵਹ ਨਾਹਿ।
ਗੁੜ ਗਉਡ ਨ ਭੀਲ ਭੀਕਰ
ਬ੍ਰਹਮ ਸੇਖ ਸਰੂਪ।
ਰਾਤਿ ਦਿਵਸ ਨ ਮੱਧ ਉਰਧ
ਨ ਭੂਮਿ ਅਕਾਸ ਅਨੂਪ। ੧੮੫

ਉਸ ਜਾਤ, ਜਨਮ, ਮੌਤ ਅਤੇ ਕਰਮ ਤੋਂ ਰਹਿਤ ਹਸਤੀ ਤੇ ਧਾਰਮਿਕ ਰਸਮਾਂ ਦਾ ਕੋਈ ਅਸਰ ਨਹੀਂ ਹੁੰਦਾ। ਉਹ ਇਨ੍ਹਾਂ ਸਭ ਤੋਂ ਉਤੇ ਹੈ। ਇਥੇ ਕਹਿਣ ਦਾ ਭਾਵ ਇਹੀ ਜਾਪਦਾ ਹੈ ਕਿ ਧਾਰਮਿਕ ਰਸਮਾਂ ਰਾਹੀਂ ਉਸ ਨੂੰ ਰਿਝਾਇਆ ਨਹੀਂ ਜਾ ਸਕਦਾ (ਜਿਵੇਂ ਕਿ ਦੇਵਤਿਆਂ ਦੇ ਸਬੰਧ ਵਿਚ ਕਿਹਾ ਜਾਂਦਾ ਹੈ ਕਿ ਹਵਨ-ਯੱਗ ਆਦਿ ਰਾਹੀਂ ਉਹ ਖੁਸ਼ ਹੁੰਦੇ ਹਨ)। ਉਹ ਤੀਰਥ ਯਾਤਰਾ, ਦੇਵ ਪੂਜਾ ਅਤੇ ਕਬਰਾਂ ਦੀ ਪੂਜਾ ਦੇ ਵੀ ਅਧੀਨ ਨਹੀਂ ਹੈ (ਇਥੇ ਧਾਰਮਿਕ ਕਰਮ ਕਾਂਡ ਦਾ ਖੰਡਨ ਕੀਤਾ ਹੈ ਕਿ ਕਰਮਕਾਂਡ ਮਹਿਜ ਦਿਖਾਵੇ ਲਈ ਹੈ, ਇਸ ਰਾਹੀਂ ਪਰਮਾਤਮਾ ਨੂੰ ਨਹੀਂ ਪਾ ਸਕੀਦਾ)। ਉਸ ਦਾ ਪ੍ਰਕਾਸ਼ ਹਰ ਹੋਂਦ ਵਿਚ ਵੱਸ ਰਿਹਾ ਹੈ, ਉਸ ਦਾ ਪ੍ਰਕਾਸ਼ ਸੱਤਾਂ ਪਤਾਲਾਂ ਤੱਕ ਫੈਲਿਆ ਹੋਇਆ ਹੈ, ਅਰਥਾਤ ਇਹ ਸਾਰਾ ਬ੍ਰਹਿਮੰਡ ਉਸੇ ਦੀ ਰੋਸ਼ਨੀ ਨਾਲ ਰੁਸ਼ਨਾਇਆ ਹੋਇਆ ਹੈ। ਗੁਰੂ ਨਾਨਕ ਦੇਵ ਰਾਗੁ ਧਨਾਸਰੀ ਵਿਚ ਫੁਰਮਾਉਂਦੇ ਹਨ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥

ਸ਼ੇਸ਼ ਨਾਗ ਆਪਣੇ ਸੈਂਕੜੇ ਮੂੰਹਾਂ ਨਾਲ ਉਸ ਦਾ ਨਾਮ ਜਪਦਾ ਹੈ ਪਰ ਫਿਰ ਵੀ ਉਹ ਉਸ ਦੇ ਪੂਰੇ ਨਾਮ ਜਪਣ ਵਿਚ ਸਫਲ ਨਹੀਂ ਹੋ ਸਕਿਆ। ਕਹਿਣ ਤੋਂ ਭਾਵ ਇਹੀ ਜਾਪਦਾ ਹੈ ਕਿ ਉਹ ਬੇਅੰਤ ਹੈ ਅਤੇ ਬੇਅੰਤ ਨਾਵਾਂ ਨਾਲ ਜਾਣਿਆ ਜਾਂਦਾ ਹੈ। ਉਸ ਦੀ ਖੋਜ ਕਰਦੇ ਕਰਦੇ ਦੇਵਤੇ ਥੱਕ ਗਏ ਅਤੇ ਦਾਨਵ ਵੀ ਉਸ ਨੂੰ ਖੋਜਦੇ ਖੋਜਦੇ ਹਾਰ ਗਏ। ਗੰਧਰਵ ਅਤੇ ਕਿੰਨਰ ਉਸ ਦੀ ਸਿਫਤ ਕਰਦੇ ਕਰਦੇ ਥੱਕ ਗਏ। ਮਹਾਂ ਕਵੀ (ਸ਼ਬਦਾਰਥ ਅਨੁਸਾਰ ਬ੍ਰਹਮਾ, ਬਾਲਮੀਕ ਅਤੇ ਬ੍ਰਹਸਪਤੀ ਵਗੈਰਾ) ਪੜ੍ਹਦੇ ਪੜ੍ਹਦੇ ਅਤੇ ਮਹਾਂਕਾਵਿ ਰਚਦੇ ਰਚਦੇ ਥੱਕ ਗਏ। ਅੰਤ ਵਿਚ ਸਾਰਿਆਂ ਨੇ ਇਹੀ ਕਿਹਾ ਕਿ ਉਸ ਦੇ ਨਾਮ ਦੀ ਭਗਤੀ ਬਹੁਤ ਕਠਿਨ ਹੈ, ਉਸ ਦੇ ਨਾਮ ਬੇਅੰਤ ਹਨ ਅਰਥਾਤ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਵੇਦ ਉਸ ਦੇ ਰਹੱਸ ਨੂੰ ਨਹੀਂ ਪਾ ਸਕੇ ਅਤੇ ਕਤੇਬ (ਸਾਮੀ ਧਰਮ ਗ੍ਰੰਥ) ਉਸ ਦੀਆਂ ਸੇਵਾਵਾਂ ਦਾ ਲੇਖਾ-ਜੋਖਾ ਨਹੀਂ ਕਰ ਸਕੇ। ਦੇਵਤੇ, ਦੈਂਤ, ਮਨੁੱਖ ਸਭ ਮੂਰਖ ਹਨ ਅਤੇ ਯਕਸ਼ ਵੀ ਉਸ ਦੀ ਪ੍ਰਤਿਭਾ ਨੂੰ ਨਹੀਂ ਸਮਝ ਸਕਿਆ। ਉਹ ਭੂਤ, ਵਰਤਮਾਨ ਅਤੇ ਭਵਿੱਖ ਦਾ ਰਾਜਾ ਹੈ ਅਤੇ ਅਨਾਥਾਂ-ਗਰੀਬਾਂ ਦਾ ਆਦਿ-ਨਾਥ ਹੈ। ਉਹ ਹਰ ਥਾਂ ਸਮੇਤ ਅਗਨੀ, ਹਵਾ, ਪਾਣੀ ਅਤੇ ਧਰਤੀ ਤੇ ਵਿਆਪਕ ਹੈ:

ਬੇਦ ਭੇਦ ਨ ਪਾਇਓ
ਲਖਿਓਨਿ ਸੇਬ ਕਤੇਬ।
ਦੇਵ ਦਾਨੋ ਮੂੜ ਮਾਨੋ
ਜੱਛ ਨ ਜਾਨੈ ਜੇਬ।
ਭੂਤ ਭਯ ਭਵਾਨ ਭੂਪਤਿ
ਆਦਿ ਨਾਥ ਅਨਾਥ।
ਅਗਨਿ ਬਾਇ ਜਲੇ ਥਲੇ ਮਹਿ
ਸਰਬ ਠਉਰ ਨਿਵਾਸ। ੧੮੯

ਉਸ ਨੂੰ ਸਰੀਰ ਨਾਲ ਪਿਆਰ ਨਹੀਂ ਹੈ, ਨਾ ਘਰ ਨਾਲ ਪਿਆਰ ਹੈ ਅਰਥਾਤ ਉਹ ਮਨੁੱਖੀ ਜਾਮੇ ਵਿਚ ਨਹੀਂ ਆਉਂਦਾ। ਉਹ ਬਹੁਤ ਪ੍ਰਤਾਪ ਵਾਲਾ, ਨਾ ਜਿੱਤਿਆ ਜਾ ਸਕਣ ਵਾਲਾ ਸੁਆਮੀ ਹੈ। ਉਹ ਸਾਰਿਆਂ ਦਾ ਹਰਤਾ ਅਤੇ ਰੂਪ ਵਿਗਾੜਨ ਵਾਲਾ ਹੈ। ਉਸ ਨੂੰ ਕਿਸੇ ਨਾਲ ਵੈਰ ਨਹੀਂ ਅਤੇ ਉਹ ਸਭ ਤੇ ਕਿਰਪਾ ਕਰਦਾ ਹੈ। ਉਹ ਬਿਨਾਂ ਕਿਸੇ ਨਿਸ਼ਾਨ, ਚਿੰਨ੍ਹ ਅਤੇ ਰੰਗ ਦੇ ਹੈ। ਉਸ ਦੀ ਕੋਈ ਜਾਤ, ਗੋਤ ਅਤੇ ਭੇਖ ਨਹੀਂ ਹੈ। ਉਹ ਬਿਨਾ ਕਿਸੇ ਸੂਰਤ, ਗੋਤ ਅਤੇ ਰੰਗ ਦੇ ਹੈ, ਉਸ ਨੂੰ ਰਾਗ ਅਤੇ ਰੂਪ ਨਾਲ ਕੋਈ ਮੋਹ ਨਹੀਂ ਹੈ। ਉਹ ਸਰਬ-ਕਲਾ ਸਮਰੱਥ ਹੈ, ਸਭ ਦਾ ਹਰਤਾ ਹੈ

## ਗੁਰਮਤਿ ਚਿੰਤਨ

ਅਤੇ ਆਪ ਕਿਸੇ ਤੋਂ ਵੀ ਭੰਗ ਨਹੀਂ ਕੀਤਾ ਜਾ ਸਕਦਾ। ਉਹ ਸਭ ਦਾ ਕਰਨ ਵਾਲਾ, ਸਭ ਦਾ ਗਿਆਨ ਰੱਖਣ ਵਾਲਾ ਅਤੇ ਸਭ ਨੂੰ ਪਾਲਣ ਵਾਲਾ ਹੈ ਅਰਥਾਤ ਉਹ ਸਰਬ ਕਰਤਾ, ਸਰਬ ਗਿਆਤਾ ਅਤੇ ਸਰਬ ਭਰਤਾ ਹੈ। ਉਹ ਗਰੀਬਾਂ ਦਾ ਸਾਥੀ, ਸਭ ਦਾ ਦਾਤਾ ਅਤੇ ਪ੍ਰਿਤਪਾਲਕ ਆਦਿ ਦੇਵ ਹੈ। ਉਹ ਦੀਨ-ਦੁਖੀਆਂ ਦਾ ਮਿੱਤਰ, ਮਾਇਆ ਦਾ ਮਾਲਕ, ਸਭ ਦਾ ਕਰਤਾ ਹੈ। ਉਹ ਰੰਗ-ਰੂਪ, ਚਿੰਨ੍ਹ ਅਤੇ ਨਿਸ਼ਾਨ ਤੋਂ ਨਿਆਰਾ, ਬਿਨਾ ਕਿਸੇ ਜਾਤ-ਗੋਤ ਦੇ ਸਭ ਦਾ ਦਾਤਾ ਅਤੇ ਸਰਬ-ਗਿਆਤਾ ਅਤੇ ਸ੍ਰਿਸ਼ਟੀ ਨੂੰ ਪਾਲਣ ਵਾਲਾ ਹੈ। ਉਹ ਦੁਸ਼ਟਾਂ ਨੂੰ ਭੰਨਣ ਵਾਲਾ, ਦੁਸ਼ਮਣਾਂ ਨੂੰ ਖਤਮ ਕਰਨ ਵਾਲਾ, ਸਰਬ-ਸ਼ਕਤੀਮਾਨ ਅਤੇ ਪਰਮ ਪੁਰਸ਼ ਹੈ। ਦੁਸ਼ਟਾਂ ਨੂੰ ਹਰਨ ਵਾਲਾ, ਸ੍ਰਿਸ਼ਟੀ ਸਾਜਣ ਵਾਲਾ ਹੈ ਅਤੇ ਸਾਰੇ ਸੰਸਾਰ ਵਿਚ ਉਸ ਦੀ ਕਹਾਣੀ ਸੁਣਾਈ ਜਾਂਦੀ ਹੈ। ਉਹ ਬੀਤ ਗਏ, ਵਰਤਮਾਨ ਅਤੇ ਆਉਣ ਵਾਲੇ, ਹਰ ਸਮੇਂ ਵਿਚ ਇੱਕਸਾਰ ਰਹਿੰਦਾ ਹੈ। ਕਹਿਣ ਤੋਂ ਭਾਵ ਹੈ ਕਿ ਸਰਬ ਸਮਿਆਂ ਵਿਚ ਇਕੋ ਜਿਹਾ ਹੈ, ਉਸ ਤੇ ਸਮੇਂ ਦਾ ਕੋਈ ਅਸਰ ਨਹੀਂ ਹੁੰਦਾ, ਉਹ ਸਮੇਂ ਨਾਲ ਘਟਦਾ ਜਾਂ ਵੱਧਦਾ ਨਹੀਂ ਹੈ। ਉਸ ਦਾ ਵਜੂਦ ਨਾਸ-ਰਹਿਤ ਹੈ। ਉਹ ਆਦਿ ਵਿਚ ਅਤੇ ਅੰਤ ਵਿਚ ਹਮੇਸ਼ਾ ਰਹੇਗਾ। ਉਹ ਮਾਇਆ ਦਾ ਸੁਆਮੀ, ਪਰਮ ਪੁਰਖ ਨਾਸ-ਰਹਿਤ ਹੈ। ਜਿੰਨੇ ਵੀ ਧਾਰਮਿਕ ਕਰਮ ਹਨ, ਸਭ ਦਾ ਪਾਸਾਰ ਉਸੇ ਨੇ ਕੀਤਾ ਹੈ (ਉਸੇ ਨੂੰ ਪਾਉਣ ਲਈ ਸਾਰੇ ਧਾਰਮਿਕ ਕਰਮ ਕੀਤੇ ਜਾਂਦੇ ਹਨ)। ਉਸ ਨੇ ਹੀ ਦੇਵਤੇ, ਦੈਂਤ, ਗੰਧਰਵ, ਕਿੰਨਰ, ਮੱਛ (ਮੱਛ ਅਵਤਾਰ), ਕੱਛ (ਕੱਛ ਅਵਤਾਰ), ਆਦਿ ਅਨੇਕਾਂ ਦੇਵ ਪੈਦਾ ਕੀਤੇ ਹਨ। ਜ਼ਮੀਨ, ਆਕਾਸ਼, ਜਲ ਅਤੇ ਥਲ ਦੇ ਸਾਰੇ ਜੀਵ ਉਸ ਦਾ ਨਾਮ ਬਹੁਤ ਸਤਿਕਾਰ ਨਾਲ ਧਿਆਉਂਦੇ ਹਨ। ਉਹ ਬੁਰੇ ਬੰਦਿਆਂ ਨੂੰ ਮਾਰਨ ਵਾਲਾ, ਨੇਕ ਬੰਦਿਆਂ ਨੂੰ ਤਕੜਿਆਂ ਕਰਨ ਹਾਰਾ ਅਤੇ ਸ੍ਰਿਸ਼ਟੀ ਦਾ ਖਾਤਮਾ ਕਰਨ ਵਾਲਾ ਹੈ। ਉਹ ਸਭ ਦਾ ਪਿਆਰਾ, ਦਿਆਲੂ ਪਰਮਾਤਮਾ, ਦੁਸ਼ਟਾਂ ਦਾ ਨਾਸ ਕਰਨ ਵਾਲਾ, ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਅਤੇ ਧਰਤੀ ਦੀ ਸੰਭਾਲ ਕਰਨ ਵਾਲਾ ਹੈ। ਦੋਸਤਾਂ ਨੂੰ ਪਾਲਣ ਵਾਲਾ ਅਤੇ ਦੁਸ਼ਮਣਾਂ ਨੂੰ ਖ਼ਤਮ ਕਰਨ ਵਾਲਾ ਹੈ। ਗਰੀਬਾਂ 'ਤੇ ਦਇਆ ਕਰਨ ਵਾਲਾ ਅਤੇ ਪਾਪੀਆਂ ਨੂੰ ਦੰਡ ਦੇਣ ਵਾਲਾ ਹੈ, ਜ਼ਾਲਮਾਂ ਦਾ ਨਾਸ ਕਰਨ ਵਾਲਾ ਕਾਲ ਦਾ ਵੀ ਕਾਲ ਹੈ। ਸੰਤਾਂ ਨੂੰ ਤਾਕਤ ਦੇਣ ਵਾਲਾ ਤੇ ਸਾਰਿਆਂ ਨੂੰ ਪਾਲਣ ਵਾਲਾ ਹੈ:

ਦੁਸਟ ਹਰਨਾ ਸ੍ਰਿਸਟ ਕਰਨਾ
ਦਯਾਲ ਲਾਲ ਗੋਬਿੰਦ।
ਮਿਤ੍ਰਪਾਲਕ ਸਤ੍ਰ ਘਾਲਕ
ਦੀਨ ਦਯਾਲ ਮੁਕੰਦ।
ਅਘਉ ਡੰਡਣ ਦੁਸਟ ਖੰਡਣ
ਕਾਲ ਹੂੰ ਕੇ ਕਾਲ।
ਦੁਸਟ ਹਰਣੰ ਪੁਸਟ ਕਰਣੰ
ਸਰਬ ਕੇ ਪ੍ਰਿਤਿਪਾਲ। ੧੯੪

ਉਹ ਜੋ ਸਭ ਦਾ ਕਰਤਾ, ਧਰਤਾ ਅਤੇ ਹਰਤਾ ਹੈ, ਸਭ ਦੀ ਇੱਛਾ ਪੂਰੀ ਕਰਨ ਵਾਲਾ ਹੈ। ਉਹ ਸਾਰਿਆਂ ਨੂੰ ਮਾਰਨ ਵਾਲਾ, ਦੰਡ ਦੇਣ ਵਾਲਾ ਅਤੇ ਸਾਰਿਆਂ ਦੀ ਠਾਹਰ ਵੀ ਹੈ। ਉਹ ਸਭ ਕੁੱਝ ਦਾ ਅਨੰਦ ਲੈਣ ਵਾਲਾ (ਭੋਗੀ) ਅਤੇ ਸਭ ਨਾਲ ਜੁੜਿਆ ਹੋਇਆ ਹੈ (ਯੋਗੀ), ਅਤੇ ਸਭ ਕਰਮਾਂ ਵਿਚ ਪ੍ਰਬੀਨ ਹੈ, ਹਰ ਕੰਮ ਦੀ ਮੁਹਾਰਤ ਰੱਖਦਾ ਹੈ, ਅਰਥਾਤ ਸਰਬ ਕਲਾ ਸਮਰੱਥ ਹੈ। ਉਹ ਸਭ ਨੂੰ ਨਾਸ ਕਰਨ ਵਾਲਾ ਅਤੇ ਦੰਡ ਦੇਣ ਵਾਲਾ ਹੈ। ਸਾਰੇ ਕਰਮ ਉਸੇ ਦੇ ਅਧੀਨ ਹੁੰਦੇ ਹਨ। ਗੁਰੂ ਨਾਨਕ ਸਿਰੀਰਾਗੁ ਵਿਚ ਵਰਨਣ ਕਰਦੇ ਹਨ ਕਿ ਅਕਾਲ ਪੁਰਖ ਜੋਗੀਆਂ ਵਿਚ ਜੋਗੀ ਅਤੇ ਭੋਗੀਆਂ ਵਿਚ ਭੋਗੀ ਹੈ ਅਰਥਾਤ ਹਰ ਥਾਂ ਵਿਆਪਕ ਹੈ ਅਤੇ ਉਸ ਦਾ ਅੰਤ ਸਵਰਗ, ਮਾਤ ਲੋਕ ਪਾਤਾਲ ਵਿਚ ਅਰਥਾਤ ਤਿੰਨ ਲੋਕਾਂ ਵਿਚ ਕੋਈ ਨਹੀਂ ਪਾ ਸਕਿਆ:

ਜੋਗੀ ਅੰਦਰਿ ਜੋਗੀਆ॥
ਤੂੰ ਭੋਗੀ ਅੰਦਰਿ ਭੋਗੀਆ॥
ਤੇਰਾ ਅੰਤੁ ਨ ਪਾਇਆ
ਸੁਰਗਿ ਮਛਿ ਪਇਆਲਿ ਜੀਉ॥੧॥
(ਗੁਰੂ ਗ੍ਰੰਥ ਸਾਹਿਬ, ਪੰਨਾ ੭੧)

ਉਹ ਸਾਰੀਆਂ ਸਿਮ੍ਰਤੀਆਂ, ਸ਼ਾਸਤਰਾਂ ਅਤੇ ਵੇਦਾਂ ਦੇ ਧਿਆਨ ਤੋਂ ਵੀ ਬਾਹਰ ਹੈ। ਉਹ ਬੇਅੰਤ ਸਰੂਪ ਵਾਲਾ ਆਦਿ ਪੁਰਖ ਜ਼ਾਲਮਾਂ ਨੂੰ ਦੰਡਣ ਵਾਲਾ ਅਤੇ ਸ੍ਰਿਸ਼ਟੀ ਦੀ ਸੰਭਾਲ ਕਰਨ ਵਾਲਾ ਹੈ। ਉਹ ਅਪ੍ਰਤੱਖ ਆਦਿ ਪੁਰਖ ਦੁਸ਼ਟਾਂ ਨੂੰ ਦੰਡ ਦੇਣ ਵਾਲਾ ਅਤੇ ਤਾਕਤਵਰ ਹੰਕਾਰੀਆਂ ਦਾ ਹੰਕਾਰ ਭੰਨਣ ਵਾਲਾ ਹੈ। ਧਰਤੀ, ਆਕਾਸ਼, ਜਲ ਅਤੇ ਥਲ ਵਿਚ ਉਹ ਕਿਸੇ ਦੂਸਰੇ ਰਾਹੀਂ ਸਥਾਪਤ ਨਾ ਕੀਤੇ ਜਾਣ ਵਾਲਾ ਮਾਲਕ ਹੈ ਜਿਸ ਦਾ ਨਾਮ ਜਪਿਆ ਜਾਂਦਾ ਹੈ। ਉਹ ਜਨਮ ਜਨਮਾਂਤ੍ਰਾਂ ਦੀ ਗੱਲ ਜਾਣਨ ਵਾਲਾ ਹੈ। ਸੰਸਾਰ ਦੇ ਸਾਰੇ ਸ਼ੁਭ ਵਿਚਾਰ ਗਿਆਨ ਦੇ ਮਾਧਿਅਮ ਰਾਹੀਂ ਜਾਣੇ ਜਾਂਦੇ ਹਨ। ਉਹ ਸਾਰੇ ਉਸ ਆਦਿ ਪੁਰਖ, ਮਾਇਆ ਦੇ ਅਪਾਰ ਸੁਆਮੀ ਦੇ ਅਧੀਨ ਹਨ, ਜੋ ਜ਼ਾਲਮਾਂ ਨੂੰ ਮਾਰਨ ਵਾਲਾ ਹੈ। ਉਹ ਸਾਰਿਆਂ ਦਾ ਅੰਨ ਦਾਤਾ, ਗਿਆਨ ਦਾ ਗਿਆਤਾ ਅਤੇ ਸੁਆਮੀ ਹੈ ਜਿਸ ਦਾ ਸਾਰੇ ਸਤਿਕਾਰ ਕਰਦੇ ਹਨ। ਉਸ ਨੇ ਅਣਗਿਣਤ ਵੇਦ ਵਿਆਸ, ਅਨੇਕਾਂ ਇੰਦਰ ਅਤੇ ਦੂਸਰੇ ਦੇਵਤੇ ਪੈਦਾ ਕੀਤੇ। ਉਹ ਸਭ ਦੇ ਜਨਮ ਜਨਮਾਂਤ੍ਰਾਂ ਦੀਆਂ ਗੱਲਾਂ ਜਾਣਨ ਵਾਲਾ, ਕਰਮਾਂ ਅਤੇ ਧਾਰਮਿਕ ਰਹਿਤ ਨੂੰ ਜਾਣਨ ਵਾਲਾ ਹੈ। ਵੇਦ, ਸ਼ਿਵ, ਰੁਦ੍ਰ ਅਤੇ ਬ੍ਰਹਮਾ ਵਰਗੇ ਉਸ ਦੇ ਰਹੱਸ ਅਤੇ ਉਸ ਦੇ ਸੰਕਲਪਾਂ ਦੇ ਭੇਦ ਨੂੰ ਨਹੀਂ ਜਾਣ ਸਕੇ। ਕਰੋੜਾਂ ਇੰਦਰ ਅਤੇ ਉਪਿੰਦਰ, ਵਿਆਸ, ਸਨਕ, ਸਨਤ ਕੁਮਾਰ ਅਤੇ ਬ੍ਰਹਮਾ ਵਰਗੇ ਹੈਰਾਨੀ ਵਿਚ ਉਸ ਦੀ ਉਪਮਾ ਕਰ ਕਰ ਥੱਕ ਗਏ:

ਜਨਮ ਜਾਤਾ ਕਰਮ ਗਯਾਤਾ
ਧਰਮ ਚਾਰੁ ਬਿਚਾਰ।
ਬੇਦ ਭੇਵ ਨ ਪਾਵਈ ਸਿਵ
ਰੁਦ ਅਉ ਮੁਖਚਾਰ।
ਕੋਟਿ ਇੰਦ੍ਰ ਉਪਇੰਦ੍ਰ ਬਿਆਸਜ
ਜਨਕ ਸੰਤ ਕੁਮਾਰ।
ਗਾਇ ਗਾਇ ਥਕੇ ਸਭੈ ਗੁਨ
ਚਕ੍ਰਤ ਭੇ ਮੁਖਚਾਰ। ੧੯੯

ਉਸ ਦਾ ਕੋਈ ਆਦਿ, ਮੱਧ ਜਾਂ ਅੰਤ ਨਹੀਂ ਹੈ ਅਤੇ ਨਾ ਹੀ ਭੂਤ, ਵਰਤਮਾਨ ਜਾਂ ਭਵਿੱਖ ਹੈ ਅਰਥਾਤ ਉਹ ਬੇਅੰਤ, ਅਸੀਮ, ਤ੍ਰੈਕਾਲ ਅਤੀਤ ਹੈ। ਉਹ ਸਤਿਯੁਗ, ਦੁਆਪਰ, ਤ੍ਰੇਤਾ ਅਤੇ ਕਲਿਯੁਗ ਚਾਰੇ ਯੁਗਾਂ ਵਿਚ ਵਿਆਪਕ ਹੈ ਅਰਥਾਤ ਉਸ ਦੀ ਹੋਂਦ ਹਰ ਸਮੇਂ ਹੈ। ਵੱਡੇ ਵੱਡੇ ਰਿਸ਼ੀ ਅਤੇ ਮੁਨੀ ਉਸ ਦਾ ਧਿਆਨ ਧਰਦੇ ਥੱਕ ਗਏ (ਪਰ ਉਸ ਦਾ ਭੇਦ ਨਹੀਂ ਪਾ ਸਕੇ)। ਅਨੇਕਾਂ ਗੰਧਰਵ ਉਸ ਦਾ ਲਗਾਤਾਰ ਗਾਇਨ ਕਰ ਰਹੇ ਹਨ। ਸਾਰੇ ਹੀ ਥੱਕ-ਹਾਰ ਕੇ ਆਪਣੀ ਹਾਰ ਮੰਨ ਕੇ ਬੈਠ ਗਏ ਪਰ ਉਸ ਦੀ ਥਾਹ ਨਹੀਂ ਪਾ ਸਕੇ। ਨਾਰਦ ਮੁਨੀ, ਵੇਦ ਵਿਆਸ ਅਤੇ ਅਨੇਕਾਂ ਸੰਤ, ਮਹਾਤਮਾ ਸਾਰੇ ਹੀ ਕਠਿਨ ਤਪੱਸਿਆ ਕਰਦੇ, ਉਸ ਨੂੰ ਪਾਉਣ ਲਈ ਘਾਲਣਾ ਘਾਲਦੇ ਅਤੇ ਸਮਾਧੀਆਂ ਲਾ ਕੇ ਥੱਕ ਗਏ ਹਨ। ਗੰਧਰਵ ਉਸ ਦੀ ਸਿਫਤ ਗਾ ਗਾ ਕੇ ਥੱਕ ਗਏ ਹਨ ਅਤੇ ਕਰੋੜਾਂ ਅਪੱਸਰਾਂ ਨੱਚ ਨੱਚ ਕੇ ਥੱਕ ਗਈਆਂ ਹਨ (ਇਹ ਸਾਰੇ ਦੈਵੀ ਹਸਤੀਆਂ ਮੰਨੇ ਗਏ ਹਨ ਜਿਹੜੇ ਪਰਮਾਤਮਾ ਨੂੰ ਪਾਉਣ ਲਈ ਆਪਣੇ ਆਪਣੇ ਜਤਨ ਕਰਦੇ ਹਨ)। ਦੇਵਤੇ ਉਸ ਦੀ ਖੋਜ ਕਰਦੇ ਕਰਦੇ ਥੱਕ ਗਏ ਹਨ ਪਰ ਕੋਈ ਵੀ ਉਸ ਦਾ ਅੰਤ ਨਹੀਂ ਪਾ ਸਕਿਆ:

ਨਾਰਦ ਆਦਿਕ ਬੇਦ ਬਿਆਸ
ਮੁਨਿ ਮਹਾਨ ਅਨੰਤ।
ਧਿਆਇ ਧਿਆਇ ਥਕੇ ਸਭੈ
ਕਰਿ ਕੋਟਿ ਕਸਟ ਦੁਰੰਤ।
ਗਾਇ ਗਾਇ ਥਕੇ ਗੰਧ੍ਰਬ
ਨਾਰਿ ਅਪਛ੍ਰ ਅਪਾਰ।
ਸੋਧਿ ਸੋਧਿ ਥਕੇ ਮਹਾ ਸੁਰ
ਪਾਇਓ ਨਹਿ ਪਾਰ। ੨੦੦

**ਸ਼ੇਸ਼ ਨਾਗ ਆਪਣੇ ਸੈਂਕੜੇ ਮੂੰਹਾਂ ਨਾਲ ਉਸ ਦਾ ਨਾਮ ਜਪਦਾ ਹੈ ਪਰ ਫਿਰ ਵੀ ਉਹ ਉਸ ਦੇ ਪੂਰੇ ਨਾਮ ਜਪਣ ਵਿਚ ਸਫਲ ਨਹੀਂ ਹੋ ਸਕਿਆ। ਕਹਿਣ ਤੋਂ ਭਾਵ ਇਹੀ ਜਾਪਦਾ ਹੈ ਕਿ ਉਹ ਬੇਅੰਤ ਹੈ ਅਤੇ ਬੇਅੰਤ ਨਾਵਾਂ ਨਾਲ ਜਾਣਿਆ ਜਾਂਦਾ ਹੈ। ਉਸ ਦੀ ਖੋਜ ਕਰਦੇ ਕਰਦੇ ਦੇਵਤੇ ਥੱਕ ਗਏ ਅਤੇ ਦਾਨਵ ਵੀ ਉਸ ਨੂੰ ਖੋਜਦੇ ਖੋਜਦੇ ਹਾਰ ਗਏ।**

## ਸਿਆਣਿਆਂ ਦਾ ਕਿਹਾ

(1) ਇਹ ਸੰਸਾਰ ਖੇਡ ਦਾ ਮੈਦਾਨ ਹੈ, ਹਰ ਕੋਈ ਆਪਣੀ ਸਮਰੱਥਾ ਮੁਤਾਬਿਕ ਆਪਣੇ ਹਿੱਸੇ ਦੀ ਖੇਡ ਖੇਡਦਾ ਹੈ।

(2) ਦ੍ਰਿੜਤਾ, ਲਗਾਤਾਰ ਇਕ ਲੰਮੀ ਦੌੜ ਨਹੀਂ ਹੈ, ਸਗੋਂ ਇਹ ਨਿੱਕੀਆਂ ਨਿੱਕੀਆਂ ਦੌੜਾਂ ਦੀ ਲੰਮੀ ਲੜੀ ਹੈ।

(3) ਅਸਫਲਤਾ ਉਨ੍ਹਾਂ ਦਾ ਰਾਹ ਨਹੀਂ ਰੋਕ ਸਕਦੀ ਜਿਨ੍ਹਾਂ ਨੂੰ ਹਮੇਸ਼ਾ ਨਵੀਂ ਮੰਜ਼ਿਲ ਦੀ ਤਲਾਸ਼ ਰਹਿੰਦੀ ਹੈ।

(4) ਸਾਹਸੀ ਇਨਸਾਨ ਮੰਜ਼ਿਲ ਰੂਪੀ ਪੌੜੀ ਉਤੇ ਉਤਾਂਹ ਨੂੰ ਚੜ੍ਹਨ ਵੇਲੇ ਕਿਸੇ ਡੰਡੇ ਉਤੇ ਅਟਕਣ ਵਾਲੇ ਨਹੀਂ ਹੁੰਦੇ, ਸਗੋਂ ਉਹ ਤਾਂ ਮੰਜ਼ਿਲ 'ਤੇ ਪਹੁੰਚ ਕੇ ਵੀ ਰੁਕਣ ਦਾ ਨਾਂ ਨਹੀਂ ਲੈਂਦੇ।

(5) ਕੇਵਲ ਚਲਦੇ ਰਹਿਣ ਨਾਲ ਹੀ ਮੰਜ਼ਿਲ ਪ੍ਰਾਪਤ ਨਹੀਂ ਹੁੰਦੀ, ਗਲਤ ਪਾਸੇ ਪੱਟਿਆ ਇਕ ਵੀ ਕਦਮ ਹਜ਼ਾਰਾਂ ਕੋਹਾਂ ਦੂਰ ਲੈ ਜਾਂਦਾ ਹੈ।

(6) ਘਰੋਂ ਤਾਂ ਸਾਗਰ ਤਰਨ ਤੁਰੇ ਸੀ, ਜਵਾਰਭਾਟੇ ਦਾ ਨਾਂ ਸੁਣ ਕੇ ਸ਼ਤਰੰਜ ਖੇਡਣ ਬੈਠ ਗਏ।

(7) ਜਿਨ੍ਹਾਂ ਦੇ ਦਿਲਾਂ ਅੰਦਰ ਟਿਕਾਣੇ 'ਤੇ ਪੁੱਜਣ ਦੀ ਤਾਂਘ ਇਸ਼ਕ ਬਣ ਜਾਵੇ, ਉਹ ਰਾਹ 'ਚ ਪੇਸ਼ ਆਉਣ ਵਾਲੀਆਂ ਦੁਸ਼ਵਾਰੀਆਂ ਨੂੰ ਲਤਾੜਦੇ ਤੇ ਪਛਾੜਦੇ ਹੋਏ ਆਪਣੀ ਮੰਜ਼ਿਲ 'ਤੇ ਪਹੁੰਚ ਕੇ ਹੀ ਦਮ ਲੈਂਦੇ ਹਨ।

(8) ਸਿਆਣੇ ਮਲਾਹ ਆਪਣੀ ਸ਼ੁਹਰਤ ਝੱਖੜਾਂ ਤੂਫਾਨਾਂ ਵਿਚ ਹੀ ਬਣਾਉਂਦੇ ਹਨ।

(9) ਜਿਸ ਨੇ ਹਿੰਮਤ ਹਾਰ ਦਿੱਤੀ ਉਸ ਨੇ ਜੀਵਨ ਦੀ ਬਾਜ਼ੀ ਹਾਰ ਦਿੱਤੀ।

(10) ਅਤਿਵਾਦ ਨੂੰ ਸ਼ੁਰੂ ਕਰਨ ਵਾਲੇ ਮੁਲਕ ਹੀ ਅੱਜ ਇਸ ਦੇ ਸਭ ਤੋਂ ਵੱਧ ਸ਼ਿਕਾਰ ਹਨ।

(11) ਭਾਰਤੀ ਹਿੰਦੂ ਅਤਿਵਾਦੀਆਂ ਦਾ ਨਾ ਤਾਂ ਕੋਈ ਧਰਮ ਹੈ ਅਤੇ ਨਾ ਹੀ ਕੋਈ ਦੀਨ-ਮਜ਼ਹਬ, ਇਨ੍ਹਾਂ ਦਾ ਤਾਂ ਬੱਸ ਇਕੋ ਟੀਚਾ ਹੈ-ਘੱਟਗਿਣਤੀਆਂ ਦਾ ਲਹੂ ਪੀਣਾ।

(12) ਭਾਰਤ ਵਿਚ ਆਮ ਤੌਰ 'ਤੇ ਜਿਨ੍ਹਾਂ ਅਤਿਵਾਦੀਆਂ/ਡਾਕੂਆਂ ਨੂੰ ਪੁਲਿਸ ਲੱਭਦੀ ਫਿਰ ਰਹੀ ਹੁੰਦੀ ਹੈ ਉਹੀ ਕਿਸੇ ਸਿਆਸੀ ਪਾਰਟੀ ਵਿਚ ਸ਼ਾਮਲ ਹੋ ਕੇ ਪੁਲਿਸ ਦੀ ਸੁਰੱਖਿਆ ਵਿਚ ਘੁੰਮ ਰਹੇ ਹੁੰਦੇ ਹਨ।

(13) ਜਿਸ ਨੂੰ ਵੀ ਦੇਖੋ ਉਹ ਆਪਣੀ ਹੀ ਤਲਾਸ਼ ਵਿਚ ਹੈ।

(14) ਜ਼ਿੰਦਗੀ ਏਨੀ ਤੇਜ਼ ਰਫਤਾਰ ਨਾਲ ਚਲ ਰਹੀ ਹੈ ਕਿ ਸਵੇਰ ਦੇ ਗਮ ਸ਼ਾਮ ਨੂੰ ਪੁਰਾਣੇ ਹੋ ਜਾਂਦੇ ਹਨ।

(15) ਵਕਤ ਨੇ ਆਪਣੇ ਹੀ ਘਰਾਂ ਨੂੰ ਬੇਗਾਨਾ ਕਰ ਦਿੱਤਾ ਹੈ। ਪੰਜਾਬ ਵਿਚ ਅਸੀਂ ਆਪਣੀ ਹੀ ਦਹਿਲੀਜ਼ ਤੇ ਮਹਿਮਾਨ ਹੋ ਗਏ ਹਾਂ।

(16) ਕਿਸੇ ਨੂੰ ਬਰਬਾਦ ਤੇ ਕਿਸੇ ਨੂੰ ਅਬਾਦ ਕਰ ਰਿਹਾ ਹੈ ਅੱਜ ਦਾ ਵਕਤ। ਅੱਜ ਦਾ ਵਕਤ ਸੀਰਤ ਨੂੰ ਨਹੀਂ ਸੂਰਤ ਨੂੰ ਦੇਖਦਾ ਹੈ।

(17) ਸਦੀਆਂ ਦੇ ਬਾਅਦ ਖੁਸ਼ੀ ਦਾ ਖਜ਼ਾਨਾ ਆਇਆ ਸੀ ਵਕਤ ਲੈ ਕੇ 1947 ਵਿਚ, ਪਰ ਵਕਤ ਨੇ ਐਸਾ ਪਟਕਾ ਮਾਰਿਆ ਕਿ ਉਹ ਖੁਸ ਗਿਆ, ਪੈਮਾਨੇ ਵਾਂਗ।

(18) ਪਿਆਰ ਹਮੇਸ਼ਾ ਖੂਬਸੂਰਤ ਹੁੰਦਾ ਹੈ।

(19) ਅਸੀਂ ਇਕ ਚੰਗਾ ਦੋਸਤ ਚਾਹੁੰਦੇ ਹਾਂ, ਜਿਸ ਨਾਲ ਆਪਣੀ ਖੁਸ਼ੀ ਤੇ ਦੁੱਖ ਵੰਡ ਸਕੀਏ।

(20) ਕਾਨੂੰਨ ਦੇ ਡਰ ਨੂੰ ਛਿੱਕੇ ਟੰਗ ਕੇ ਦਾਜ ਦਾ ਦੈਂਤ ਦਿਨੋ ਦਿਨ ਭਿਆਨਕ ਰੂਪ ਧਾਰਦਾ ਚਲਾ ਜਾ ਰਿਹਾ ਹੈ।

(21) ਜਵਾਨੀ ਦੇ ਸ਼ੁਰੂ 'ਚ ਅੱਖਾਂ 'ਚ ਸੁਪਨੇ ਤੇ ਮਨ ਵਿਚ ਆਸ਼ਾਵਾਂ ਭਰੀਆਂ ਹੁੰਦੀਆਂ ਹਨ।

(22) ਸੋਚ ਨੂੰ ਜੰਗਾਲ ਲਾਈ ਰੱਖਣਾ ਸਰਮਾਏਦਾਰ ਅਕੀਦੇ ਵਾਲਿਆਂ ਦਾ ਇਕ ਹੰਢਿਆ ਵਰਤਿਆ ਪੈਂਤੜਾ ਹੈ।

(23) ਡਰੱਗ ਐਟਮੀ ਬੰਬ ਤੋਂ ਵੱਧ ਮਾਰੂ ਹੈ।

(24) ਦੁਨੀਆਂ 'ਚ ਬੋਲੀਆਂ ਜਾਂਦੀਆਂ 7 ਹਜ਼ਾਰ ਜ਼ੁਬਾਨਾਂ 'ਚੋਂ ਪੰਜਾਬੀ 12ਵੇਂ ਥਾਂ 'ਤੇ ਹੈ।

(25) ਪੰਜਾਬੀ ਦੀ ਅੱਜ ਕੀ ਹਾਲਤ ਹੈ? ਤੁਸੀਂ ਆਪਣੇ ਘਰ ਬੈਠੇ ਹੀ ਆਲੇ-ਦੁਆਲੇ ਨਿਗਾਹ ਮਾਰ ਕੇ ਦੇਖੋ ਕਿ ਤੁਹਾਨੂੰ ਕਿੰਨੀਆਂ ਚੀਜ਼ਾਂ ਉਪਰ ਪੰਜਾਬੀ ਲਿਖੀ ਦਿਸਦੀ ਹੈ।

(26) ਹਰ ਸਿੱਖ ਮਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਬੱਚੇ ਤੋਂ ਸਿੱਖ ਹੋਣ ਦਾ ਹੱਕ ਨਾ ਖੋਹੇ।

(27) ਪਿਤਾ ਘਰ ਦਾ ਮੁੱਢ ਹੈ। ਪਿਤਾ ਨਾਲ ਹੀ ਮਾਂ ਦਾ ਵਜੂਦ ਹੈ। ਮਾਂ ਘਰ ਦਾ ਭਾਗ ਹੈ।

(28) ਜੋਤੀ ਦੇ ਮੁਕਾਬਲੇ ਦੀਪਕ ਜ਼ਿਆਦਾ ਗਰਮ ਹੁੰਦਾ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN#978-0-9781624-9-8

ਨੈਣ-ਨਕਸ਼

# ਚੱਲ ਬੁੱਲ੍ਹਿਆ ਤੈਨੂੰ ਨਵਾਂ ਸ਼ਹਿਰ ਵਿਖਾਵਾਂ...



ਐਸ. ਅਸ਼ੋਕ ਭੌਰਾ

***ਚਲੋ ਬਿਹਾਰ 'ਚ ਜਿਹੜਾ ਮੱਧ ਪ੍ਰਦੇਸ਼ ਨਾਲ ਲੱਗਦੇ ਪਛੜੇ ਹਲਕੇ 'ਚ ਰਹਿੰਦਾ ਹੋਊ, ਘਰ ਉਹਨੂੰ ਵੀ ਲੰਡਨ 'ਚ ਹੀ ਲੱਗਦਾ ਹੋਣੈ ਤੇ ਰਾਜਸਥਾਨ ਦੇ ਬੀਕਾਨੇਰ ਦੇ ਟਿੱਬਿਆਂ ਦਾ ਰੇਤਾ ਵੀ ਉਥੋਂ ਦੇ ਲੋਕਾਂ ਲਈ ਸਵਰਗ ਦੀ ਧੂੜ ਹੋਊ। ਇਸੇ ਲਈ ਆਪਣੀ ਸ਼ਹਿਨਾਈ 'ਚੋਂ ਨਿਕਲਿਆ ਰਾਗ ਮੇਰੇ ਵਾਂਗ ਸਾਰਿਆਂ ਨੂੰ ਸਿਰ ਹਿਲਾਉਣ ਲਈ ਮਜਬੂਰ ਕਰ ਦਿੰਦਾ ਹੋਵੇਗਾ। ਆਪਣੀ ਛੱਤ ਚੋਂਦੀ ਵੀ ਹੋਵੇ, ਤਦ ਵੀ ਤਾਜ ਮਹੱਲ 'ਚੋਂ ਟਪਕਦੀਆਂ ਬੂੰਦਾਂ ਹੀ ਲੱਗ ਰਹੀਆਂ ਹੁੰਦੀਆਂ ਹਨ ਪਰ ਜਿਨ੍ਹਾਂ ਨੂੰ ਆਪ ਦੀਵੇ ਬਾਲਣ ਦੀ ਆਦਤ ਪੈ ਜਾਵੇ, ਉਥੇ ਹਨੇਰ੍ਹਾ ਹੋਣ ਦੀਆਂ ਆਸਾਂ ਪੂਰੀਆਂ ਹੋਣੀਆਂ ਹੀ ਨਹੀਂ ਹੁੰਦੀਆਂ। ਆਪਾਂ ਬਹੁਤ ਲੋਕਾਂ ਦੇ ਨਿੱਤ ਮੁਕਲਾਵੇ ਆਉਂਦੇ ਵੇਖਦੇ ਹਾਂ ਪਰ ਚਾਅ ਸਿਰਫ਼ ਆਪਣੇ ਦਾ ਹੀ ਹੁੰਦਾ ਹੈ। ਅਮਰੀਕਾ ਨੇ ਟਮਾਟਰਾਂ ਤੇ ਛੱਲੀਆਂ ਨੂੰ ਬਹੁਤ ਸਾਰੇ ਤਰੀਕਿਆਂ ਨਾਲ ਵਰਤਣ ਦੇ ਨੁਸਖੇ ਦੱਸੇ ਹਨ। ਪੰਜਾਬ ਦੇ ਹਾਕਮਾਂ ਦੀ ਇਮਾਨਦਾਰੀ ਤੇ ਦਿਆਨਤਦਾਰੀ ਤਾਂ ਚਲੋ ਪਤਾ ਨ੍ਹੀਂ, ਪਰ ਪੰਜਾਬੀਆਂ ਨੇ ਆਪਣਾ ਢੋਲ ਆਪਣੇ ਡਗਿਆਂ ਨਾਲ ਆਪ ਵਜਾ ਕੇ ਆਪਣਾ ਹੀ ਲੱਕ ਹਿਲਾਉਣ ਦਾ ਚਾਅ ਹਮੇਸ਼ਾ ਪੂਰਾ ਕੀਤਾ ਹੈ। ਛਪਾਰ ਤੇ ਜਰਗ ਦੇ ਮੇਲੇ, ਜਗਰਾਵਾਂ ਦੀ ਰੌਸ਼ਨੀ ਪੰਜਾਬੀਆਂ ਨੇ ਆਪਣੇ ਚਾਵਾਂ ਲਈ ਲਗਾਏ ਸਨ; ਵੱਖਰੀ ਗੱਲ ਹੈ ਕਿ ਘੁਸਪੈਠ ਟੋਪੀਆਂ ਤੇ ਨੀਲੀਆਂ ਆਲਿਆਂ ਨੇ ਮਿਹਣੋ-ਮਿਹਣੀ ਹੋਣ ਲਈ ਕਰ ਲਈ। ਪਜਾਮੇ ਬਿਨਾ ਝੱਗੇ ਦੀ ਅਤੇ ਪੈਂਟ ਬਿਨਾ ਕਮੀਜ਼ ਦੀ ਕੋਈ ਹੋਂਦ ਨਹੀਂ ਹੁੰਦੀ। ਜੇ ਬੰਦਾ ਪਿਛਲਾ ਕੁਝ ਗੁਆਉਂਦਾ ਨਹੀਂ ਤਾਂ ਸਿਰਫ਼ ਵਿਰਾਸਤ ਨਹੀਂ ਗੁਆਉਂਦਾ। ਸਿਕੰਦਰ ਚਲੇ ਗਿਆ ਹੈ ਪਰ ਉਹਦੀ ਹਿੰਮਤ ਦੀਆਂ ਉਦਾਹਰਣਾਂ ਖ਼ਤਮ ਨਹੀਂ ਹੋਈਆਂ। ਸਿਕੰਦਰ ਨੇ ਹੀ ਦੱਸਿਆ ਸੀ ਕਿ ਪੋਰਸ ਨਾਲ ਦੋਸਤੀ ਵੀ ਕੀਤੀ ਜਾ ਸਕਦੀ ਹੈ। ਈਰਖਾ ਤੇ ਗਿਲਾ-ਸ਼ਿਕਵਾ ਜਲ ਪ੍ਰਵਾਹ ਕਰਕੇ ਨਵਾਂ ਸ਼ਹਿਰੀਏ ਪਿਆਰ, ਮੁਹੱਬਤ ਤੇ ਚਾਵਾਂ ਦਾ ਰਾਗ 'ਕੱਠਿਆਂ ਬਹਿ ਕੇ ਗਾਉਣ ਲੱਗੇ ਹਨ ਤਾਂ ਬਾਦਸ਼ਾਹੀਆਂ ਇਸ ਤੋਂ ਉਪਰ ਵੀ ਹੋਣਗੀਆਂ?***

ਜੇ ਮਨ ਵਿਚ ਸ਼ਰਧਾ ਨਹੀਂ ਤਾਂ ਅਖੰਡ ਪਾਠ ਕਰਵਾਉਣ ਜਾਂ ਅਰਦਾਸਾਂ ਲਈ ਹੱਥ ਜੋੜਨ ਦੇ ਕੋਈ ਅਰਥ ਨਹੀਂ ਹੁੰਦੇ। ਹਰ ਇਨਸਾਨ ਰਹਿੰਦਾ ਭਾਵੇਂ ਕਿਤੇ ਵੀ ਹੋਵੇ, ਆਪਣੀ ਮਿੱਟੀ ਨਾਲੋਂ ਟੁੱਟਿਆ ਨਹੀਂ ਹੁੰਦਾ। ਜਦੋਂ ਉਹ ਇਸ ਮਿੱਟੀ ਨੂੰ ਚੁੱਕ ਕੇ ਮੱਥੇ 'ਤੇ ਲਾਉਂਦਾ ਹੈ ਤਾਂ ਪੂਜਾ ਵੀ ਸ਼ਾਇਦ ਸੁੰਗੜ ਕੇ 'ਕੱਠੀ ਹੋ ਜਾਂਦੀ ਹੋਵੇ। ਆਪਣੀ ਮਿੱਟੀ ਦੇ ਮੋਹ ਅਤੇ ਇਹਦੇ ਸਤਿਕਾਰ ਵਿਚ ਨਵਾਂ ਸ਼ਹਿਰ ਵਾਸੀਆਂ ਨੇ ਰਲ ਕੇ ਘੋੜੀਆਂ ਗਾਉਣ ਦਾ ਜਿਹੜਾ ਉਦਮ ਕੀਤਾ ਹੈ, ਨਿਸ਼ਚੇ ਹੀ ਇੰਦਾਂ ਕਰਨਾ ਵੀ ਬਣਦਾ ਹੈ ਤੇ ਕਰਨਾ ਵੀ ਚਾਹੀਦਾ ਹੈ।


ਕਹਿਣ ਨੂੰ ਭਾਵੇਂ ਨਵਾਂ ਸ਼ਹਿਰ ਜ਼ਿਲ੍ਹਾ ਨਾ ਜ਼ਿਲ੍ਹੀ ਹੋਵੇ ਤੇ ਮਿਲਖਾ ਸਿੰਘ ਦੀ ਸੌ ਕਿਲੋਮੀਟਰ ਦੌੜ ਵਾਂਗ ਇਸ ਦੀਆਂ ਹੱਦਾਂ ਝੱਟ ਦੇਣੀ ਆ ਜਾਂਦੀਆਂ ਹੋਣ, ਪਰ ਅੰਦਰਖਾਤੇ ਇੱਥੇ ਲੁਕਿਆ ਬਹੁਤ ਕੁਝ ਹੈ। ਇਸ ਜ਼ਿਲ੍ਹੇ ਦੀ ਪਰਿਕਰਮਾ ਕਰਵਾਉਣ ਲੱਗਾ ਹਾਂ, ਜ਼ਰਾ ਪੱਬ ਹੌਲੀ ਹੌਲੀ ਮੇਰੇ ਨਾਲ ਹੀ ਪੁੱਟ ਕੇ ਦੇਖਿਓ, ਲੱਗੇਗਾ ਕਿ ਖ਼ਾਸ ਥਾਂਵਾਂ 'ਤੇ ਆਮ ਲੋਕਾਂ ਨੂੰ ਜਾਣਾ ਚਾਹੀਦੈ। ਅੰਗਰੇਜ਼ਾਂ ਦੇ ਵੇਲੇ ਜਦੋਂ ਲਾਰਡ ਮਾਊਂਟ ਬੈਟਨ ਨੇ ਰੂਸ ਨਾਲ ਵਪਾਰਕ ਸੰਧੀ ਕੀਤੀ ਸੀ ਤਾਂ ਪਹਿਲੀ ਰੇਲ ਲਾਈਨ ਬਰਾਸਤਾ ਰਾਹੋਂ ਸਿੱਧੀ ਤਾਸ਼ਕੰਦ ਤੱਕ ਜੇਜੋਂ ਦੁਆਬਾ ਤੋਂ ਵਿਛਾਈ ਸੀ। ਪੰਜਾਬ ਦੀ ਵਿਕਾਸ ਦਰ ਵਿਚ ਇੱਥੋਂ ਦੇ ਲੋਕਾਂ ਦੀ ਭੱਜ-ਨੱਸ ਤੇ ਮਿਹਨਤ ਦਾ ਭਰਪੂਰ ਹਿੱਸਾ ਹੈ। ਇਸ ਮਿਹਨਤ ਅਤੇ ਭੱਜ-ਨੱਸ ਕਰਕੇ ਹੀ ਪੰਜਾਬ ਅੱਗੇ ਨਿਕਲਿਆ। ਅਰਬ ਮੁਲਕਾਂ ਨੂੰ ਸਭ ਤੋਂ ਪਹਿਲਾਂ ਅਤੇ ਸਭ ਤੋਂ ਵੱਧ ਲੋਕ ਨਵਾਂ ਸ਼ਹਿਰ ਤੋਂ ਗਏ। ਇੰਗਲੈਂਡ ਇਨ੍ਹਾਂ ਲਈ ਲੁਧਿਆਣੇ ਵਾਂਗ ਹੀ ਰਿਹਾ ਹੈ ਤੇ ਅਮਰੀਕਾ-ਕੈਨੇਡਾ ਚੰਡੀਗੜ੍ਹ ਵਾਂਗ। ਇੱਥੇ ਸ਼ਹਿਰਾਂ ਵਰਗੇ ਪਿੰਡ ਨੇ, ਮਾੜੇ ਦੇ ਘਰ ਵੀ ਚਿਪਸ ਜਾਂ ਮਾਰਬਲ ਦੀਆਂ ਟੁਕੜੀਆਂ ਵਿਹੜੇ 'ਚ ਝਾਤ ਬੁਲਾਉਂਦੀਆਂ ਹਨ। ਮਹਿਲਾਂ ਵਰਗੀਆਂ ਉੱਚੀਆਂ ਕੋਠੀਆਂ ਇੱਥੇ ਹੀ ਵੇਖਣ ਨੂੰ ਮਿਲਦੀਆਂ ਹਨ। ਔੜ ਦਾ ਦੁਸਹਿਰਾ, ਸਾਈਂ ਅਬਦੁੱਲ੍ਹੇ ਸ਼ਾਹ ਦਾ ਮੰਢਾਲੀ ਮੇਲਾ ਤੇ ਪਿਛਲੇ ਦੋ ਦਹਾਕਿਆਂ ਤੋਂ ਪੁਰੇਵਾਲ ਭਰਾਵਾਂ ਦਾ ਹਕੀਮਪੁਰ ਖੇਡ ਮੇਲਾ ਦੇਖੋਗੇ ਤਾਂ ਹੁੱਬ ਕੇ ਆਖੋਗੇ, "ਹੈਂ! ਕਮਾਲ ਹੋਈ ਪਈ ਐ ਨਵਾਂ ਸ਼ਹਿਰ 'ਚ।"

ਜੇ ਦੇਸ਼ ਨਾਲ ਪਿਆਰ ਹੈ, ਦੇਸ਼ ਦੀ ਆਜ਼ਾਦੀ ਦੇ ਸੰਘਰਸ਼ 'ਚ ਦਿਲਚਸਪੀ ਹੈ ਤਾਂ ਭਾਰਤ ਲਈ ਕੁਰਬਾਨ ਹੋਣ ਵਾਲੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਜੱਦੀ ਪਿੰਡ ਖਟਕੜ ਕਲਾਂ ਨਹੀਂ ਵੇਖਿਆ? ਬੰਗਾ-ਨਵਾਂ ਸ਼ਹਿਰ ਸੜਕ ਦੇ ਐਨ ਦਰਮਿਆਨ ਉਹਦੇ ਬੁੱਤ ਤੇ ਅਜਾਇਬ ਘਰ ਅੱਗੇ ਮੱਥਾ ਹੇਠਾਂ ਨਹੀਂ ਲਾਇਆ ਤਾਂ ਬੁਰਾ ਨਾ ਮਨਾਇਓ, ਥੋਡੀ ਜ਼ਿੰਦਗੀ ਦਾ ਇਕ ਹੱਜ ਹੋਣਾ ਹਾਲੇ ਬਾਕੀ ਹੈ। ਇਸ ਜ਼ਿਲ੍ਹੇ ਦੇ ਲੋਕਾਂ ਨੂੰ ਮਾਣ ਹੈ ਕਿ ਉਨ੍ਹਾਂ ਭਗਤ ਸਿੰਘ ਵਰਗਾ ਸੂਰਮਾ ਪੁੱਤ ਦੇਸ਼ ਨੂੰ ਪੈਦਾ ਕਰਕੇ ਦਿੱਤਾ ਸੀ। ਖਟਕੜ ਕਲਾਂ ਮੇਰੇ ਪਿੰਡ ਤੋਂ ਪੰਜ ਮੀਲ ਅਤੇ ਬੰਗਿਆਂ ਦੇ ਜਿਸ ਸਕੂਲ ਵਿਚ ਮੈਂ ਪੜ੍ਹਾਉਂਦਾ ਰਿਹਾ ਹਾਂ, ਉਥੋਂ ਚਾਰ ਮੀਲ ਦੂਰ ਹੈ। ਮੈਂ ਉਨ੍ਹਾਂ ਲੋਕਾਂ 'ਚੋਂ ਹੀ ਸਾਂ ਜਿਨ੍ਹਾਂ ਨੇ ਦਿਨ ਇਕ ਵਾਰ ਨਹੀਂ, ਬਹੁਤ ਵਾਰ ਸਿਰ ਨੀਵਾਂ ਇੱਥੇ ਆ ਕੇ ਕੀਤਾ ਹੈ। ਪਾਰਟੀਆਂ ਦੇ ਕੇਂਦਰ ਤੀਕਰ ਬੋਲ-ਕਬੋਲ ਸੌਕਣਾਂ ਵਾਂਗ ਸੁਣਨੇ ਹੋਏ ਤਾਂ ਤੇਈ ਮਾਰਚ ਦਾ ਦਿਨ ਕਿਤੇ ਰਾਖਵਾਂ ਰੱਖ ਲਿਓ।

ਨਵਾਂ ਸ਼ਹਿਰ ਜਿਸ ਨੂੰ ਮਰਹੂਮ ਸ. ਦਿਲਬਾਗ ਸਿੰਘ ਨੇ 1995 'ਚ ਜ਼ਿਲ੍ਹਾ ਬਣਾਇਆ ਐਸ ਵਾਰ ਵਾਲੀ ਅਕਾਲੀ ਸਰਕਾਰ ਨੇ ਮਾਣ ਵਿਚ ਉਸ ਦਾ ਨਾਂ ਸ਼ਹੀਦ ਭਗਤ ਸਿੰਘ ਨਗਰ ਰੱਖ ਦਿੱਤਾ। ਅੰਕੜਿਆਂ ਦੀ ਫਰੋਲਾ ਫਰਾਲੀ ਵਿਚ ਨਵਾਂ ਸ਼ਹਿਰ 'ਚ 472 ਪਿੰਡ ਹਨ। ਬੰਗਾ, ਨਵਾਂ ਸ਼ਹਿਰ, ਬਲਾਚੌਰ ਤੇ ਰਾਹੋਂ ਚਾਰ ਸ਼ਹਿਰ ਹਨ। ਤਿੰਨ ਵਿਧਾਨ ਸਭਾ ਹਲਕੇ ਹਨ-ਬੰਗਾ, ਨਵਾਂ ਸ਼ਹਿਰ ਤੇ ਬਲਾਚੌਰ। ਕੁੱਲ ਆਬਾਦੀ ਛੇ ਲੱਖ ਦੇ ਕਰੀਬ ਹੈ। ਲੱਖ ਪਿੱਛੇ ਸਿਰਫ਼ 485 ਲੋਕ ਨੌਕਰੀਆਂ ਕਰਦੇ ਹਨ ਤੇ ਬਾਹਰ ਜਾਣ ਦਾ ਅਨੁਪਾਤ ਲੱਖ ਪਿੱਛੇ ਸੌਲਾਂ ਹਜ਼ਾਰ ਤੋਂ ਵੱਧ ਹੈ। 76 ਫੀਸਦੀ ਲੋਕ ਪੜ੍ਹੇ-ਲਿਖੇ ਹਨ। ਉਦਯੋਗ ਪੱਖੋਂ ਸਿਰਫ਼ 111 ਫੈਕਟਰੀਆਂ ਹਨ ਤੇ 1 ਲੱਖ 76 ਹਜ਼ਾਰ ਏਕੜ ਵਾਹੀਯੋਗ ਜ਼ਮੀਨ ਹੈ। 32 ਵਰਗ ਮੀਲ ਜੰਗਲ ਹੈ ਤੇ ਡਿਪਟੀ ਕਮਿਸ਼ਨਰ ਕ੍ਰਿਸ਼ਨ ਕੁਮਾਰ ਦੀ ਪ੍ਰਸ਼ਾਸਨੀ ਖਿੱਚ-ਧੂਹ ਦੇ ਬਾਵਜੂਦ ਲਿੰਗ ਅਨੁਪਾਤ ਵਿਚ 874 ਔਰਤਾਂ ਦੇ ਮੁਕਾਬਲੇ 913 ਮਰਦ ਹਨ। ਲੱਗਦੈ ਕੁੜੀਆਂ ਦੀ ਗਿਣਤੀ ਹਾਲੇ ਹੈਗੀ ਐ।

ਸਿਆਸੀ ਵਿਸ਼ਲੇਸ਼ਣ ਵਿਚ ਕਾਂਗਰਸ ਵਿਚ ਦਿਲਬਾਗ ਸਿੰਘ, ਚੌਧਰੀ ਜਗਤ ਰਾਮ ਸੂੰਢ, ਰਾਮ ਕਿਸ਼ਨ ਕਟਾਰੀਆ, ਅਕਾਲੀਆਂ 'ਚੋਂ ਹਰਦੇਵ ਸਿੰਘ ਤੇ ਜਤਿੰਦਰ ਸਿੰਘ ਕਰੀਹਾ ਦਾ ਨਾਂ ਬੋਲਦਾ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਬਹਿਰਾਮੀਆ ਟੱਬਰ ਚੌਧਰੀ ਸਵਰਨਾ ਰਾਮ ਭਾਜਪਾ ਤੇ ਮੋਹਣ ਲਾਲ ਅਕਾਲੀਆਂ ਦੀ ਰਾਜਨੀਤੀ 'ਚ ਗੜੁੱਚ ਹਨ। ਬਲਾਚੌਰ ਹਲਕੇ 'ਚ ਗੁੱਜਰ ਬਰਾਦਰੀ ਦੀ ਬਹੁਗਿਣਤੀ ਹੋਣ ਕਰਕੇ ਚੌਧਰੀ ਨੰਦ ਲਾਲ ਨੇ ਹੈਟਰਿਕ ਬਣਾਈ ਹੈ ਪਰ ਨਿਰਪੱਖ ਹੋ ਕੇ ਕਹਿਣਾ ਹੋਵੇ ਤਾਂ ਸ. ਦਿਲਬਾਗ ਸਿੰਘ ਨੇ ਇਸ ਜ਼ਿਲ੍ਹੇ ਨੂੰ ਬਹੁਤ ਕੁਝ ਨਹੀਂ, ਸਭ ਕੁਝ ਦਿੱਤਾ ਹੈ। ਸੜਕਾਂ, ਪੁਲਾਂ ਦਾ ਜਾਲ, ਸਿਹਤ ਸਹੂਲਤਾਂ, ਆਵਾਜਾਈ, ਖੁਸ਼ਹਾਲੀ, ਇਮਾਨਦਾਰੀ, ਗਲੀਆਂ-ਨਾਲੀਆਂ ਤਾਂ ਕੀ, ਬਹੁਤੇ ਪਿੰਡਾਂ ਦੇ ਫੁੱਟਪਾਥ ਵੀ ਪੱਕੇ ਹਨ। ਮਾਣ ਨਾਲ ਕਹਾਂਗਾ ਕਿ ਮੇਰਾ ਤੇ ਦਿਲਬਾਗ ਸਿੰਘ ਦਾ ਇਕੋ ਪਿੰਡ ਭੌਰਾ ਹੈ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਸਾਧੂ ਸਿੰਘ ਭੌਰਾ, ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਹਰਚਰਨ ਸਿੰਘ ਮਹਾਲੋਂ ਤੇ ਮੌਜੂਦਾ ਗਿਆਨੀ ਤਰਲੋਚਨ ਸਿੰਘ ਇਸੇ ਪਿੰਡ ਤੋਂ ਹਨ ਅਤੇ ਪਿਛਲੇ ਲੰਬੇ ਅਰਸੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਬੰਗਿਆਂ ਤੋਂ ਹੈ।

ਸੰਗੀਤਕ ਖੇਤਰ ਦੇ ਰੰਗ ਦਿਖਾਉਣ ਲੱਗਾ ਹਾਂ। ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ ਬੇਸਮਝ ਜ਼ਮਾਨਾ ਕੀ ਜਾਣੇ, ਨੀਲੇ ਦੇ ਸ਼ਾਹ ਅਸਵਾਰਾ, ਆਂਦਰਾਂ ਅਜੀਤ ਦੀਆਂ-ਗੀਤਾਂ ਦਾ ਗਾਇਕ ਪ੍ਰੋ. ਸਰੂਪ ਸਿੰਘ ਸਰੂਪ ਬਰਨਾਲਾ ਕਲਾਂ ਪਿੰਡ ਤੋਂ ਜ਼ਿਲ੍ਹੇ ਦਾ ਮਾਣ ਹੈ। ਕਰਤਾਰ ਸਿੰਘ ਚਰਖਾ, ਮੋਹਣ ਸਿੰਘ ਚਰਖਾ ਲੰਗੜੋਏ ਤੋਂ ਹਨ। ਮਰਹੂਮ ਦਇਆ ਸਿੰਘ ਦਿਲਬਰ ਦੀ ਢਾਡੀ ਕਲਾ ਨੂੰ ਜੋ ਦੇਣ ਹੈ, ਉਹਨੂੰ ਸਿਜਦਾ ਹੈ, ਉਹ ਸਲੋਹ ਪਿੰਡ 'ਚ ਜੰਮ ਕੇ ਨਵੇਂ ਸ਼ਹਿਰ ਰਿਹੈ। ਉਹਦੇ ਪੁੱਤਰ ਕੁਲਜੀਤ ਦਿਲਬਰ ਨੇ ਨਵੀਆਂ ਲੀਹਾਂ ਪਾਈਆਂ ਹਨ। ਜੈਜ਼ੀ ਬੈਂਸ ਨਵਾਂਸ਼ਹਿਰ ਤੋਂ ਦੋ ਕੋਹ ਦੁਰਗਾਪੁਰ ਤੋਂ ਹੈ। 'ਜੀਤਾਂ ਪੀ ਲਈਂ ਪਾਣੀ ਵਾਰ ਕੇ' ਵਾਲਾ ਇੰਦਰ ਮੋਹਨ ਸੋਢੀ, 'ਅੰਬਰਸਰੀਆ ਮੁੰਡਿਆਂ ਵੇ ਕੱਚੀਆਂ ਕਲੀਆਂ ਨਾ ਤੋੜ' ਵਾਲਾ ਰਾਮ ਸਰਨ ਜੋਸ਼ੀਲਾ, ਪਾਲ ਮਜਾਰੇ ਵਾਲਾ ਤੇ 'ਕਿਤੇ ਕੱਲੀ ਬਹਿ ਕੇ ਸੋਚੀਂ ਨੀ, ਅਸੀਂ ਕੀ ਨਹੀਂ ਕੀਤਾ ਤੇਰੇ ਲਈ' ਵਾਲਾ ਜਸਵੀਰ ਗੁਣਾਚੌਰੀਆ ਤੇ 'ਚੱਕ ਕੇ ਝੰਮਣ ਹੀਰੇ ਡੋਲੀ ਬਹਿ ਗਈ ਖੇੜਿਆਂ ਦੀ, ਰਾਂਝੇ ਚਾਕ ਨੇ ਦੁਹੱਥੜ ਪੱਟੀਂ ਮਾਰੀ' ਵਾਲਾ ਢਾਡੀ ਦੀਦਾਰ ਸਿੰਘ ਰਟੈਂਡਾ ਬਾਰ ਤੋਂ ਆ ਕੇ ਬਹੁਤਾ ਸਮਾਂ ਗੁਣਾਚੌਰ ਹੀ ਰਿਹਾ ਹੈ। ਸਾਹਿਤ ਸਭਾਵਾਂ ਦੀ ਪੂਰੀ ਸਰਗਰਮੀ ਰਹੀ ਹੈ। ਦੀਪ ਕਲੇਰ, ਗੁਰਨੇਕ ਰਾਠੀ, ਦੀਦਾਰ ਸ਼ੇਤਰਾ, ਸੁਰਿੰਦਰ ਕਰਮ ਨਾਮੀ ਸ਼ਾਇਰ ਰਹੇ ਹਨ। ਜਗਤਪੁਰ ਦੀ ਲਿਖਾਰੀ ਸਭਾ ਸਾਹਿਤਕ ਸਰਗਰਮੀਆਂ ਦਾ ਕੇਂਦਰ ਰਹੀ ਹੈ।



*ਸ਼ਹੀਦ ਭਗਤ ਸਿੰਘ*

ਪੱਤਰਕਾਰੀ ਪੱਖੋਂ ਇਸ ਜ਼ਿਲ੍ਹੇ ਦੀ ਬਹੁਤ ਵੱਡੀ ਦੇਣ ਹੈ। 'ਅਜੀਤ' ਦੇ ਬਾਨੀ ਮਰਹੂਮ ਸਾਧੂ ਸਿੰਘ ਹਮਦਰਦ ਦਾ ਪਿੰਡ ਪੱਟੀ ਮੱਟ ਵਾਲੀ ਬੰਗਿਆਂ ਤੋਂ ਚਾਰ ਮੀਲ ਹੈ। 'ਅਜੀਤ' ਦੇ ਹੀ ਸਹਿ ਸੰਪਾਦਕ ਸਤਨਾਮ ਸਿੰਘ ਮਾਣਕ ਲਸਾੜਾ ਪਿੰਡ ਤੋਂ ਹਨ। ਬਲਬੀਰ ਸਿੰਘ ਐਮ.ਏ. ਧਰਮਕੋਟ ਤੋਂ, ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤੇ ਲਿਖਤੁਮ ਵਾਲੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਨਵਾਂ ਸ਼ਹਿਰ ਦੀਆਂ ਵਾਟਾਂ ਦੀ ਪੈੜ੍ਹ ਹਨ ਤੇ ਮੈਨੂੰ ਲਿਖਣਾ ਵੀ ਸ.ਸਾਧੂ ਸਿੰਘ ਹਮਦਰਦ ਦੇ ਪੁਤਰ ਸ. ਬਰਜਿੰਦਰ ਸਿੰਘ ਹਮਦਰਦ ਨੇ ਸਿਖਾਇਆ। 'ਦੈਨਿਕ ਟ੍ਰਿਬਿਊਨ' ਦਾ ਸੰਪਾਦਕ ਕਮਲੇਸ਼ ਭਾਰਤੀ ਨਵਾਂ ਸ਼ਹਿਰ ਤੋਂ ਹੈ। ਨਕਸਲੀ ਲਹਿਰ ਵੇਲੇ ਤਤਕਾਲੀ ਬਾਦਲ ਸਰਕਾਰ ਦੀ ਨੀਂਦ ਹਰਾਮ ਕਰਨ ਵਾਲਾ ਇਨਕਲਾਬੀ ਪਰਚਾ ਕਲੇਰਾਂ ਪਿੰਡ ਤੋਂ ਜੀ.ਸੀ. ਮੱਲ ਦੀ ਸੰਪਾਦਨਾ ਹੇਠ 'ਪਹੁ-ਫੁਟਾਲੇ' ਦੇ ਨਾਂ ਹੇਠ ਛਪਦਾ ਰਿਹਾ ਹੈ।

ਮੰਗੂਵਾਲ ਦਾ ਜ਼ਿਕਰ ਕੀਤੇ ਬਿਨਾ ਨਵਾਂ ਸ਼ਹਿਰ ਦੀ ਗੱਲ ਪੂਰੀ ਨਹੀਂ ਹੋ ਸਕਦੀ। ਖਟਕੜ ਕਲਾਂ ਦੇ ਪਿਛਲੇ ਪਾਸੇ ਦੋ ਮੀਲ 'ਤੇ ਸਥਿਤ ਜਾਣਿਆਂ ਤਾਂ ਫੁੱਟਬਾਲਰਾਂ ਦਾ ਪਿੰਡ ਕਰਕੇ ਜਾਂਦਾ ਹੈ ਪਰ ਕਿਸੇ ਵੇਲੇ ਇਹ ਨਕਸਲੀਆਂ ਦੀ ਰਾਜਧਾਨੀ ਸੀ। ਇਕਬਾਲ ਹੋਰੀਂ ਇੱਥੇ ਸ਼ਹੀਦ ਹੋਏ। ਇਹ ਭਾਅ ਦਰਸ਼ਨ ਖਟਕੜ ਦਾ ਪਿੰਡ ਹੈ। ਜਸਵੰਤ ਖਟਕੜ ਦੇ ਨਿਰਦੇਸ਼ਨ ਹੇਠ 3 ਦਹਾਕਿਆਂ ਤੋਂ ਦੁਆਬਾ ਕਲਾ ਮੰਚ, ਮੰਗੂਵਾਲ ਨਾਟਕ ਖੇਡਦਾ ਰਿਹਾ ਹੈ। ਕਮਾਲ ਦੇਖੋ ਕਿ ਇੱਥੇ ਸੰਤ ਰਾਮ ਉਦਾਸੀ ਨੇ ਬਹੁਤ ਗੇੜੇ ਲਾਏ, ਪਾਸ਼ ਨੇ ਵੀ ਤੇ ਸ਼ਿਵ ਕੁਮਾਰ ਨੇ ਵੀ। ਕਈ ਵਰ੍ਹੇ ਮੰਗੂਵਾਲ ਨੂੰ ਜਾਂਦੀਆਂ ਸਾਰੀਆਂ ਸੜਕਾਂ ਪੁਲਿਸ ਛਾਉਣੀ ਵਿਚ ਬਦਲ ਜਾਂਦੀਆਂ ਸਨ।

ਕਾਮਰੇਡ ਬਘੇਲ ਸਿੰਘ, ਜੋ ਆਜ਼ਾਦੀ ਦੀ ਲਹਿਰ ਵਿਚ ਕਾਫੀ ਸਰਗਰਮ ਰਹੇ ਅਤੇ ਫਿਰ 1947 ਦੀ ਵੰਡ ਪਿਛੋਂ ਇਸ ਜਿਲੇ ਦੇ ਪਿੰਡ ਗੁਣਾਚੌਰ ਆ ਵਸੇ, ਕਮਿਊਨਿਸਟ ਪਾਰਟੀ ਦੇ ਲਾਲ ਧੜੇ ਦੇ ਮੈਂਬਰ ਰਹੇ। ਉਨ੍ਹਾਂ ਨੇ ਕੁੜੀਆਂ ਨੂੰ ਪੜ੍ਹਾਉਣ ਲਈ ਲੋਕਾਂ ਨੂੰ ਵਡੀ ਪ੍ਰੇਰਣਾ ਦਿਤੀ। ਉਹ 1965 ਵਿਚ ਸਦੀਵੀ ਵਿਛੋੜਾ ਦੇ ਗਏ ਅਤੇ ਉਨ੍ਹਾਂ ਦੀ ਧਰਮ ਪਤਨੀ ਮਾਤਾ ਸੰਸਾਰ ਕੌਰ 102 ਸਾਲ ਦੇ ਹਨ ਅਤੇ ਅਜਕਲ੍ਹ ਆਪਣੇ ਪੁਤਰ ਰਾਜ ਪਾਸ ਓਕਲਾਹੋਮਾ ਰਹਿੰਦੇ ਹਨ। ਉਨ੍ਹਾਂ ਦੀ ਇਕ ਬੇਟੀ ਬੀਬੀ ਜਸਬੀਰ ਕੌਰ ਢਿਲੋਂ ਪੰਜਾਬ ਟਾਈਮਜ਼ ਦੇ ਸਲਾਹਕਾਰੀ ਬੋਰਡ ਦੇ ਮੈਂਬਰ ਸ. ਸਵਰਨਜੀਤ ਸਿੰਘ ਢਿਲੋਂ ਦੀ ਜੀਵਨ ਸਾਥਣ ਹੈ ਜਦੋਂਕਿ ਇਕ ਹੋਰ ਬੇਟੀ ਡਾ. ਇਨਕਲਾਬੀ ਥਾਂਦੀ ਹਿਊਸਟਨ ਵਸਦੀ ਹੈ।

ਨਵਾਂ ਸ਼ਹਿਰੀਆਂ ਨੂੰ ਰਲ ਕੇ ਧਮਾਲ ਪਾਉਣ ਦਾ ਮੌਕਾ ਦੇਣ ਵਾਲੀ ਸਾਰੀ ਟੀਮ ਸੁਰਿੰਦਰ ਸਿੰਘ ਉਪਲ, ਸੁਰਿੰਦਰ ਸਿੰਘ ਅਟਵਾਲ, ਕੁਲਬੀਰ ਦੁਸਾਂਝ, ਮੱਖਣ ਬੈਂਸ, ਰਾਜ ਭਨੋਟ, ਜਤਿੰਦਰ ਸਿੰਘ ਭੰਗੂ, ਅਵਤਾਰ ਤਾਰੀ ਤੇ ਪੰਕਜ ਆਂਸਲ ਦੇ ਸਿਰਾਂ ਤੋਂ ਸਤਿਕਾਰ ਵਾਰ ਹੀ ਦੇਣਾ ਚਾਹੀਦੈ। ਕੈਲੀਫੋਰਨੀਆ 'ਚ ਪਹਿਲੀ ਵਾਰ ਭਾਵੇਂ ਜਸ਼ਨ ਦਾ ਚਰਖਾ ਚੱਪਾ ਚੱਪਾ ਕਰਕੇ ਚੱਲਣ ਲੱਗਾ ਹੈ ਪਰ ਨਵਾਂ ਸ਼ਹਿਰੀਆਂ ਨੇ ਇੱਥੇ ਵੀ ਲੀਹਾਂ ਨਹੀਂ, ਜਰਨੈਲੀ ਸੜਕਾਂ ਬਣਾ ਦਿੱਤੀਆਂ ਹਨ। ਸ਼ਿੰਦੇ ਬਹਿਰਾਮੀਏ (ਅਟਵਾਲ) ਨੂੰ ਅਸੀਂ ਨਿੱਕੇ ਹੁੰਦਿਆਂ ਨੇ ਕੌਡੀਆਂ ਪਾਉਂਦਿਆਂ ਦੇਖਿਆ। ਰਾਜਾ ਸਵੀਟਸ ਵਾਲੇ ਮੱਖਣ ਬੈਂਸ ਦੀਆਂ ਨਿਮਰਤਾ ਵਾਲੀਆਂ ਗੱਲਾਂ 'ਤੇ ਮਾਣ ਹੈ ਕਿ ਅਸੀਂ ਰਾਜ ਭਨੋਟ ਵਰਗਾ ਔੜ 'ਚ ਜਨਮਿਆ ਇਨਸਾਨ ਪੰਜਾਬੀਆਂ ਦੀ ਨੁਮਾਇੰਦਗੀ ਲਈ ਦਿੱਤਾ ਹੈ। ਬੜਵੇ ਵਾਲੇ ਅਟਵਾਲ ਭਰਾਵਾਂ ਸਰਬਜੀਤ ਸਿੰਘ, ਕੁਲਦੀਪ ਸਿੰਘ, ਸੁਰਜੀਤ ਸਿੰਘ ਨੇ ਬਦਾਮਾਂ ਦੀ ਖੇਤੀ ਵਿਚ ਵੱਡੇ ਇਨਾਮ ਲਏ ਹਨ। ਕਲਾ ਦਾ ਦੋ-ਮੁਖੀਆ ਦੀਵਾ ਪ੍ਰੋ. ਜਸਪਾਲ ਸੈਣੀ ਸਰਗਰਮ ਹੈ। ਗਲੋਬਲ ਹਾਕ ਇੰਸ਼ੋਰੈਂਸ ਵਾਲੇ ਦੌਲਤਪੁਰੀਏ ਜਸਵੀਰ ਸਿੰਘ ਥਾਂਦੀ ਨੇ ਮੈਕਸੀਕੋ, ਇੰਗਲੈਂਡ ਤੀਕਰ ਇਸ ਜ਼ਿਲ੍ਹੇ ਦੀ ਝੋਲੀ ਮਾਣ ਨਾਲ ਭਰੀ ਹੈ। ਡਾ. ਸਰਬਜੀਤ ਸਿੰਘ ਹੁੰਦਲ, ਬਲਦੇਵ ਸਿੰਘ, ਪਰਮਜੀਤ ਤੇ ਕਸ਼ਮੀਰ ਸਿੰਘ, ਕਮਲਜੀਤ ਅਟਵਾਲ, ਬੀਰੋਵਾਲ ਵਾਲਾ ਸੰਤੋਖ਼ ਸਿੰਘ ਤੇ ਦਿਲਾਵਰ ਸਿੰਘ, ਹੇੜੀਆਂ ਵਾਲਾ ਡਾ. ਕਸ਼ਮੀਰ ਸਿੰਘ ਜ਼ਿਕਰਯੋਗ ਨਾਂ ਹਨ।

***(ਬਾਕੀ ਸਫਾ 33 'ਤੇ)***

## ਗੱਲ ਬਣੀ ਕਿ ਨਹੀਂ

***ਐਸ. ਅਸ਼ੋਕ ਭੌਰਾ***

### *ਘੁੱਗੀ ਘੈਂ*

ਜਿੱਤ ਕਿੱਦਾਂ ਹੋਈ ਲੋਕੀ ਜਾਣਦੇ ਨੇ ਸਾਰੇ, ਆਖੀ ਜਾਣ ਭਾਵੇਂ ਘੁੱਗੀ ਕਰਤੀ ਏ ਘੈਂ ਜੀ।
ਢਿੱਲ੍ਹੀ ਚੂਲ ਵਾਂਗ ਅਸੀਂ ਠੋਕਤੇ ਵਿਰੋਧੀ ਸਾਰੇ, ਗੋਡੇ ਹੇਠਾਂ ਦੇ ਕੇ ਅਸੀਂ ਕੱਢਤੀ ਘੜੈਂ ਜੀ।
ਸਰਨਿਆਂ ਤੇ ਮਾਨਾਂ ਦੇ ਤਾਂ ਵਾਜੇ ਹੀ ਵਜਾਤੇ ਪੂਰੇ, ਮੁੱਢੋਂ ਹੀ ਕਰਾਤੀ ਚੁੱਪ ਹੁੰਦੀ ਡੈਂ ਡੈਂ ਜੀ।
ਡੱਡੂ ਬਰਸਾਤੀਆਂ ਦੇ ਵਾਂਗ ਟਾਹਰਾਂ ਮਾਰਦੇ ਸੀ, ਦੱਸਣ ਤਾਂ ਸਹੀ ਕਿਥੇ ਭੱਜ ਗਈ ਧੜੈਂ ਜੀ।
ਧਰਮ ਦੇ ਨਾਂ 'ਤੇ ਕੌਡਾਂ ਸੁੱਟੀਆਂ ਨੇ ਹਾਕਮਾਂ ਨੇ, ਗੁਰੂਆਂ ਦਾ ਡਰ ਭੁੱਲ ਫਸੇ ਵਿਚ ਮੈਂ ਜੀ।
ਤਰਕ ਤੇ ਦਲੀਲ ਦਾ ਤਾਂ ਬਚਿਆ ਨ੍ਹੀਂ ਯੁੱਗ ਏਥੇ, ਹੱਥ ਜੋੜ ਜੋੜ ਤਾਈਓਂ ਆਖੀ ਜਾਣ ਹੈਂ ਜੀ।
ਰਾਜ ਨੂੰ ਤਾਂ ਛੱਡੋ ਬੈਠਾ ਰਾਜ ਤੇ ਧਰਮ ਰਾਜ, ਵੇਖੀਂ ਜਥੇਦਾਰਾ ਹਾਲੇ ਵੇਖਿਆ ਜੇ ਤੈਂ ਨ੍ਹੀਂ।

## ਦਰਿਆ ਸਮੁੰਦਰ 'ਚ ਵੜ ਕੇ ਭਲਾ ਬਚ ਸਕਦੇ ਨੇ?

ਕਈ ਵਾਰ ਕਮੀਜ਼ ਦਾ ਪ੍ਰਿੰਟ ਤਾਂ ਚੰਗਾ ਹੁੰਦੈ ਪਰ ਫੈਸ਼ਨ ਬਦਲ ਜਾਣ ਕਾਰਨ ਪੁਰਾਣੀ ਲੱਗਣ ਲੱਗ ਪੈਂਦੀ ਹੈ। ਜਿਨ੍ਹਾਂ ਦਿਨਾਂ ਵਿਚ ਮੈਂ ਸ਼ੌਂਕੀ ਮੇਲਾ ਲਾਉਂਦਾ ਹੁੰਦਾ ਸੀ, ਹੁਸ਼ਿਆਰਪੁਰ ਦਾ ਸਾਰਾ ਪ੍ਰਸ਼ਾਸਨ ਮਿੱਤਰਾਂ ਵਰਗਾ ਸੀ। 1991 'ਚ ਰਾਜਨ ਗੁਪਤਾ ਦੇ ਐਸ.ਐਸ.ਪੀ. ਹੋਣ ਵੇਲੇ ਪੁਲਿਸ ਲਾਈਨ 'ਚ ਮੈਂ ਸਰਦੂਲ-ਨੂਰੀ ਦੀ ਨਾਈਟ ਕਰਵਾਈ। ਅਗਲੇ ਵਰ੍ਹੇ ਗੁਰਮੇਲ ਸਿੰਘ ਬੈਂਸ ਡਿਪਟੀ ਕਮਿਸ਼ਨਰ ਨੂੰ ਬਿਨਾ ਪੁੱਛਿਆਂ ਹੀ ਮੈਂ ਜ਼ਿਲ੍ਹੇ 'ਚੋਂ ਸ਼ੌਂਕੀ ਮੇਲੇ 'ਤੇ ਸਰਕਾਰੀ ਛੁੱਟੀ ਦਾ ਐਲਾਨ ਕਰ ਦਿੱਤਾ ਸੀ। ਇਹ ਤਸਵੀਰ 1994 ਦੀ ਹੈ ਤੇ ਮੇਰੇ ਸੱਜੇ ਪਾਸੇ ਬੈਠੇ ਨੇ ਦੋ ਆਈ.ਏ.ਐਸ. ਅਫ਼ਸਰ-ਸੀ. ਰਾਊਲ ਅਤੇ ਕੇ. ਏ. ਸੀ. ਸਿਨਹਾ। ਉਦੋਂ ਰਾਊਲ ਡੀ.ਸੀ. ਹੁਸ਼ਿਆਰਪੁਰ ਸਨ ਤੇ ਸਿਨਹਾ ਗੜ੍ਹਸ਼ੰਕਰ ਐਸ.ਡੀ.ਐਮ. ਸੀ। ਹੁਣ ਰਾਊਲ ਪੰਜਾਬ ਸਰਕਾਰ ਦਾ ਪ੍ਰਿੰਸੀਪਲ ਸਕੱਤਰ ਹੈ ਤੇ ਸਿਨਹਾ ਦਿੱਲੀ ਵਿਦੇਸ਼ ਮੰਤਰਾਲੇ 'ਚ ਪ੍ਰਾਈਵੇਟ ਸਕੱਤਰ। ਪਿਛਲੇ ਵਰ੍ਹੇ ਰਾਊਲ ਪ੍ਰਮੁੱਖ ਸਕੱਤਰ ਸਿੱਖਿਆ ਸੀ ਤੇ ਕ੍ਰਿਸ਼ਨ ਕੁਮਾਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ।

### ਧੁੱਪੇ ਬੈਠੀਆਂ ਯਾਦਾਂ



ਆਪਣੇ ਕਿਸੇ ਨਿੱਜੀ ਕੰਮ ਲਈ ਚੰਡੀਗੜ੍ਹ ਗਿਆ ਤਾਂ ਰਾਊਲ ਦੇ ਮਿੰਨੀ ਸੈਕਟਰੀਏਟ ਵਾਲੇ ਦਫ਼ਤਰ ਅੱਗੇ ਘੰਟਿਆਂ-ਬੱਧੀ ਬੈਂਚ 'ਤੇ ਬੈਠਣਾ ਪਿਆ। ਡੇਢ ਮਹੀਨਾ ਇੰਜ ਹੀ ਚੱਲਦਾ ਰਿਹਾ। ਮੇਰੀ ਪੈਨਸ਼ਨ ਵਾਲੀ ਫਾਈਲ ਡੀ.ਪੀ.ਆਈ. ਤੋਂ ਸਕੱਤਰ ਤੱਕ ਰੁਲਣ ਲੱਗ ਪਈ। ਦਫ਼ਤਰੀ ਅਮਲਾ ਵਿਰੁਧ ਹੋ ਗਿਆ ਕਿ ਸਕੱਤਰ ਤੋਂ ਝਾੜਾਂ ਪੁਆਈਆਂ ਹਨ। ਗੱਲ ਬਣਨ ਦੀ ਥਾਂ ਵਿਗੜ ਗਈ। ਜਦੋਂ ਥੱਕ ਗਿਆ ਤਾਂ ਜਾਣ-ਪਛਾਣ ਵਾਲਾ ਕੋਈ ਸੱਜਣ ਕਹਿਣ ਲੱਗਾ, 'ਬੱਸ ਹੁਣ ਸੁੱਟ ਪੈਸੇ ਦੀਆਂ ਕੌਡਾਂ ਤੇ ਦੇਖ ਤਮਾਸ਼ਾ...ਤੇ ਉਹੀ ਗੱਲ ਹੋਈ, ਕੌਡਾਂ ਨਵਾਂ ਸ਼ਹਿਰ ਹੀ ਸੁੱਟ ਦਿੱਤੀਆਂ। ਸਵੇਰੇ ਸੁੱਟੀਆਂ, ਆਥਣੇ ਤਮਾਸ਼ਾ ਪੂਰਾ। ਆਰਡਰ ਮਿਲ ਗਏ। ਮੇਰੇ ਨਾਲ ਚਾਹਾਂ ਪੀਣ ਤੇ ਬੱਸ...ਪੀਣ ਵਾਲੇ ਪਾਣੀ ਦੀ ਘੁੱਟ ਵੀ ਸਾਂਝਾ ਨਹੀਂ ਕਰ ਸਕੇ। ਰਾਜਨੀਤੀ ਸੇਵਾ ਦੀ ਗੱਲ ਤਾਂ ਚਲੋ ਤੁਹਾਨੂੰ ਪਤਾ ਈ ਐ, ਪਰ ਕ੍ਰਿਸ਼ਨ ਦੇ ਰਾਜ 'ਚ...? ਉਸ ਦਿਨ ਮੈਨੂੰ ਅਹਿਸਾਸ ਹੋਇਆ ਸੀ ਕਿ ਫਾਈਲਾਂ ਨਚਾਈਦੀਆਂ ਕਿਵੇਂ ਹਨ? ਤੇ ਦਰਿਆਵਾਂ ਨੇ ਜੇ ਹੋਂਦ ਬਚਾਉਣੀ ਹੈ ਤਾਂ ਸਮੁੰਦਰ ਦੇ...'ਚ ਵੜਨ ਤੋਂ ਪ੍ਰਹੇਜ ਹੀ ਕਰਨਾ ਚਾਹੀਦੈ।

***-ਐਸ. ਅਸ਼ੋਕ ਭੌਰਾ***

ਵਿਚਾਰ-ਚਰਚਾ

## ਸ. ਜਸਵੰਤ ਸਿੰਘ ਕੰਵਲ ਦੇ ਨਾਂ ਖੁੱਲ੍ਹਾ ਖ਼ਤ

# ਇਹ ਬੇਲਾ ਸੱਚ ਕੀ ਨਹੀਂ ਹੈ

*ਨਾਵਲਕਾਰ ਜਸਵੰਤ ਸਿੰਘ ਕੰਵਲ ਦੀਆਂ ਰਚਨਾਵਾਂ ਬਾਰੇ ਚੱਲੀ ਬਹਿਸ ਦੌਰਾਨ ਗੁਰਦਿਆਲ ਸਿੰਘ ਬਲ ਤੋਂ ਬਾਅਦ ਸਾਨੂੰ ਅਭੈ ਸਿੰਘ ਦਾ ਇਹ ਲੰਮਾ ਖਤ ਹਾਸਲ ਹੋਇਆ ਹੈ ਜੋ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਛਾਪਿਆ ਜਾ ਰਿਹਾ ਹੈ। ਇਹ ਖਤ ਮੁੱਖ ਰੂਪ ਵਿਚ ਕੰਵਲ ਦੀ ਕਿਤਾਬ 'ਸੱਚ ਕੀ ਬੇਲਾ' ਬਾਰੇ ਹੈ। ਅਭੈ ਸਿੰਘ ਨੇ ਇਸ ਕਿਤਾਬ ਬਾਰੇ ਬਹੁਤ ਮੁੱਲਵਾਨ ਅਤੇ ਵਿਚਾਰ-ਉਕਸਾਊ ਟਿੱਪਣੀਆਂ ਕੀਤੀਆਂ ਹਨ। ਕਈ ਥਾਈਂ ਤਾਂ ਉਸ ਦੀਆਂ ਟਿੱਪਣੀਆਂ ਰਾਹੀਂ ਦੇਖਿਆਂ ਕੰਵਲ ਦੀ ਰਚਨਾ ਸਿਰ ਭਾਰ ਖਲੋਤੀ ਨਜ਼ਰੀਂ ਪੈਣ ਲਗਦੀ ਹੈ। ਅਭੈ ਸਿੰਘ ਨੇ ਕੰਵਲ ਵੱਲੋਂ ਇਸ ਕਿਤਾਬ ਵਿਚ ਅਤਿ-ਭਾਵੁਕ ਹੋ ਕੇ ਪੁੱਛੇ ਸਵਾਲਾਂ ਦੇ ਜਵਾਬ ਦੇਣ ਦੀ ਹੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਆਪ ਵੀ ਅਣਗਿਣਤ ਸਵਾਲ ਕੀਤੇ ਹਨ। ਇਨ੍ਹਾਂ ਸਵਾਲਾਂ ਦੀ ਧਾਰ ਬੜੀ ਤਿੱਖੀ, ਤੁਰਸ਼, ਤੀਬਰ ਤੇ ਤੜਫਾਉਣ ਵਾਲੀ ਤਾਂ ਹੈ ਹੀ, ਉਹ ਕੰਵਲ ਤੋਂ ਐਨ ਉਲਟ ਤੱਥਾਂ ਅਤੇ ਦਲੀਲਾਂ ਦਾ ਪੱਲਾ ਨਹੀਂ ਛੱਡਦਾ ਬਲਕਿ ਹਰ ਗੱਲ ਅਤੇ ਹਰ ਨੁਕਤੇ ਨੂੰ ਵੱਖ-ਵੱਖ ਕੋਣਾਂ ਤੋਂ ਵਾਚ ਕੇ ਚਰਚਾ ਅਗਾਂਹ ਤੋਰਦਾ ਹੈ। ਇਸ ਤਰ੍ਹਾਂ ਦੀ ਲਿਖਤ ਸਚਮੁੱਚ ਮਿੱਟੀ ਫਰੋਲਣ ਦੀ ਤਾਕਤ ਰੱਖਦੀ ਹੈ ਜਿਸ ਵਿਚੋਂ ਗੁਆਚੇ ਲਾਲ ਲੱਭੇ ਜਾ ਸਕਦੇ ਹਨ। ਅਸੀਂ ਅਭੈ ਸਿੰਘ ਦੀ ਇਹ ਲਿਖਤ ਆਪਣੇ ਪੰਜਾਬ ਦੇ ਲਾਲ ਫਰੋਲਣ ਦੇ ਮਨਸ਼ੇ ਨਾਲ ਹੀ ਛਾਪ ਰਹੇ ਹਾਂ। -ਸੰਪਾਦਕ*

ਪਿਆਰੇ ਜਸਵੰਤ ਸਿੰਘ ਕੰਵਲ ਜੀ,

ਸਾਡੇ ਲੋਕ ਆਮ ਇਹ ਸੋਚਦੇ ਹਨ ਕਿ ਲਿਖਿਆ ਕਦੇ ਗਲਤ ਨਹੀਂ ਹੁੰਦਾ ਪਰ ਉਹ ਹੁੰਦਾ ਹੈ। ਮਿਥਿਹਾਸ, ਮਿੱਥ ਕਹਾਣੀਆਂ, ਮਨਘੜਤ ਸਾਖੀਆਂ ਤੇ ਬੇਸਿਰ ਪੈਰ ਦੀਆਂ ਪੋਥੀਆਂ ਦੇ ਢੇਰ ਲੱਗੇ ਪਏ ਹਨ। ਤੁਸਾਂ ਬਹੁਤ ਜੋਸ਼ੀਲੀ, ਟੁੰਬਵੀਂ ਤੇ ਕਲਾਤਮਕ ਭਾਸ਼ਾ ਵਰਤੀ ਹੈ। ਪੰਜਾਬੀ ਦੇ ਲੋਕ ਮੁਹਾਵਰਿਆਂ ਦਾ ਖ਼ਜ਼ਾਨਾ ਜਿਹੜਾ ਹੁਣ ਲੁਪਤ ਵੀ ਹੋ ਰਿਹਾ ਹੈ, ਤੁਸਾਂ ਬਹੁਤ ਨਿਪੁੰਨਤਾ ਨਾਲ ਵਰਤਿਆ ਹੈ। ਗਿਲੇ, ਸ਼ਿਕਵੇ, ਰੋਸੇ ਤੇ ਖ਼ਦਸ਼ਿਆਂ ਦਾ ਪ੍ਰਗਟਾਵਾ ਅਮੀਰ ਪੇਂਡੂ ਬੋਲੀ ਵਿਚ ਕੀਤਾ ਹੈ। ਤੁਸਾਂ ਲਾਹਨਤਾਂ ਤੇ ਫਿਟਕਾਰਾਂ ਵੀ ਇਸੇ ਤਰਜ਼ ਵਿਚ ਪਾਈਆਂ ਹਨ। ਹੋ ਸਕਦਾ ਹੈ ਕਿ ਬਹੁਤ ਸਾਰੀਆਂ ਲਾਹਨਤਾਂ ਦਾ ਰੁਖ ਮੇਰੇ ਵੱਲ ਹੋਵੇ ਪਰ ਮੈਂ "ਅੰਦਾਜ਼ੇ ਬਿਆਂ" ਦਾ ਕਦਰਦਾਨ ਹਾਂ।

ਲੇਕਿਨ ਜਿਥੋਂ ਤੱਕ ਉਸ ਮੂਲ ਦਾ ਸਬੰਧ ਹੈ ਜੋ ਤੁਸੀਂ ਬਿਆਨ ਕਰਦੇ ਹੋ, ਉਸ ਦਾ ਵੱਡਾ

**ਅਭੈ ਸਿੰਘ, ਚੰਡੀਗੜ੍ਹ**

ਹਿੱਸਾ ਦਰੁਸਤ ਨਹੀਂ। ਤੁਸੀਂ ਆਪਣੇ ਲਫ਼ਜ਼ਾਂ ਵਿਚ ਜਿਨ੍ਹਾਂ ਗੱਲਾਂ ਦੀ 'ਦੁਹਾਈ ਪਾਉਂਦੇ ਹੋ, 'ਦੋਵੇਂ ਬਾਹਵਾਂ ਖੜੀਆਂ ਕਰਕੇ ਬਾਰ ਬਾਰ ਕਹਿੰਦੇ' ਹੋ, ਇਨ੍ਹਾਂ ਵਿਚੋਂ ਬਹੁਤਾ ਕੁਝ ਬੇਲੋੜੀ ਟੈਂਸ਼ਨ ਹੈ। ਤੁਸੀਂ ਪੰਜਾਬ ਦੇ ਦਰਦਵਾਨ ਹੋਣ ਦਾ ਦਾਅਵਾ ਕਰਦੇ ਹੋ, ਜ਼ਰੂਰ ਹੋਵੋਗੇ ਪਰ ਇਸ ਕਿਤਾਬ ਵਿਚ ਉਸ ਦਾ ਝੌਲਾ ਨਹੀਂ ਪੈਂਦਾ। ਪੰਜਾਬ ਦੇ ਹਕੀਕੀ ਦੁੱਖ ਜਾਂ ਤਾਂ ਤੁਹਾਡੀ ਪਛਾਣ ਵਿਚ ਨਹੀਂ ਆਏ ਤੇ ਜਾਂ ਤੁਸੀ ਜਾਣ ਬੁਝ ਕੇ ਉਨ੍ਹਾਂ ਉਪਰ ਪਰਦਾ ਪਾ ਕੇ ਪੰਜਾਬ ਦੇ ਲੋਕਾਂ ਨੂੰ ਪੁੱਠੇ ਚੱਕਰਾਂ ਵਿਚ ਘੁੰਮਾਉਣ ਦਾ ਉਪਰਾਲਾ ਕੀਤਾ ਹੈ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਜਿਹੜਾ ਹਾਲੀਆ ਇਤਿਹਾਸ, ਵਾਕਿਆਤ ਦੀ ਲੜੀ ਤੇ ਮਾਹੌਲ ਤੁਸਾਂ ਦਰਸਾਇਆ, ਉਹ ਸਹੀ ਨਹੀਂ ਹੈ।

### ਹਰ ਕੌੜੀ ਗੱਲ ਸੱਚ ਨਹੀਂ ਹੁੰਦੀ

ਸੱਚ ਬਾਰੇ ਇਹ ਤਾਂ ਮੈਂ ਵੀ ਸੁਣਿਆ ਹੈ ਕਿ ਉਹ ਕੌੜਾ ਹੁੰਦਾ ਹੈ ਪਰ ਹਰ ਕੌੜੀ ਗੱਲ ਸੱਚ ਨਹੀਂ ਹੋ ਸਕਦੀ। ਨਾ ਹੀ ਸੱਚ ਬਾਰੇ ਇਹ ਲਾਜ਼ਮੀ ਸ਼ਰਤ ਹੈ ਕਿ ਉਹ ਜ਼ਰੂਰ ਕੌੜਾ ਹੋਵੇ। ਮਿਠਾਸ ਵੀ ਇਕ ਸੱਚਾਈ ਹੈ। ਤੁਸਾਂ ਜੋ ਲਿਖਿਆ ਉਹ ਕੌੜਾ ਜ਼ਰੂਰ ਹੈ, ਸੱਚ ਨਹੀਂ। ਫਿਰ ਆਮ ਤੌਰ 'ਤੇ ਵਿਚਾਰ ਸੱਚੇ ਜਾਂ ਝੂਠੇ ਨਹੀਂ ਹੁੰਦੇ। ਉਹ ਗਲਤ ਜਾਂ ਸਹੀ ਹੁੰਦੇ ਹਨ। ਉਨ੍ਹਾਂ ਦਾ ਆਧਾਰ ਅੱਖੀਂ ਵੇਖਿਆ ਤੇ

> **ਤੁਹਾਡੇ ਇਸ ਦਾਅਵੇ ਨਾਲ ਮੈਂ ਸਹਿਮਤ ਨਹੀਂ ਕਿ ਤੁਸਾਂ ਇਹ ਕਿਤਾਬ ਲਿਖ ਕੇ ਪੰਜਾਬੀ ਲੋਕਾਂ ਦੀ ਸੇਵਾ ਦਾ ਫਰਜ਼ ਨਿਭਾਇਆ ਹੈ ਪਰ ਇਹ ਚਿੱਠੀ ਲਿਖ ਕੇ ਮੈਂ ਆਪਣਾ ਫਰਜ਼ ਜ਼ਰੂਰ ਨਿਭਾਅ ਰਿਹਾ ਹਾਂ। ਤੁਹਾਡਾ ਦਾਅਵਾ ਹੈ ਕਿ ਤੁਸੀਂ ਆਪਣੇ ਵੱਲੋਂ ਪਾਠਕਾਂ ਨੂੰ ਜ਼ਿੰਦਗੀ ਦਾ ਅਮੋਲ ਤੋਹਫਾ ਦੇ ਰਹੇ ਹੋ, ਬਤੌਰ ਪਾਠਕ ਮੇਰਾ ਵੀ ਥੈਂਕ ਯੂ। ਤੁਸੀਂ ਇਹ ਵੀ ਕਹਿੰਦੇ ਹੋ ਕਿ ਦਿਲ ਦੇ ਦਰਦ ਦੀ ਸਾਰੀ ਦੌਲਤ ਪਾਠਕਾਂ ਤੋਂ ਨਿਛਾਵਰ ਕਰ ਰਹੇ ਹੋ, ਬਹੁਤ ਬਹੁਤ ਸ਼ੁਕਰੀਆ।**

ਕੰਨੀਂ ਸੁਣਿਆ ਜਾਂ ਲੈਬਾਰਟਰੀ ਟੈਸਟ ਨਹੀਂ ਹੁੰਦਾ। ਉਨ੍ਹਾਂ ਦਾ ਆਧਾਰ ਦਲੀਲਾਂ ਹੁੰਦੀਆਂ ਹਨ ਜੋ ਕਾਇਲ ਕਰਦੀਆਂ ਵੀ ਹੋ ਸਕਦੀਆਂ ਹਨ ਤੇ ਕਾਇਲ ਨਹੀਂ ਕਰਦੀਆਂ ਵੀ ਹੋ ਸਕਦੀਆਂ ਹਨ। ਇਹ ਵੀ ਹੋ ਸਕਦਾ ਹੈ ਕਿ ਜਿਹੜੀਆਂ ਦਲੀਲਾਂ ਅੱਜ ਕਾਇਲ ਕਰਦੀਆਂ ਹਨ, ਕੱਲ੍ਹ ਨੂੰ ਨਾ ਕਰਨ ਤੇ ਇਹ ਵੀ ਹੋ ਸਕਦਾ ਹੈ ਜੋ ਅੱਜ ਮੰਨਣ ਵਿਚ ਨਹੀਂ ਆਉਂਦੀਆਂ, ਕੱਲ੍ਹ ਨੂੰ ਸਹੀ ਸਾਬਿਤ ਹੋ ਜਾਣ। ਵਿਚਾਰਾਂ ਨੂੰ ਸੱਚ ਦਾ ਤਮਗਾ ਲਗਾ ਕੇ ਅਸੀਂ ਇਨ੍ਹਾਂ ਦਾ ਵਿਕਾਸ ਰੋਕ ਲੈਂਦੇ ਹਾਂ।

ਸਿਰਫ਼ ਕਿਸੇ ਕਿਤਾਬ ਦਾ ਸਿਰਲੇਖ ਗੁਰਬਾਣੀ ਦੀ ਇਕ ਤੁਕ ਦਾ ਭਾਗ ਲੈ ਕੇ 'ਸਚੁ ਕੀ ਬੇਲਾ' ਰੱਖਣ ਨਾਲ ਉਹ ਸੱਚ ਨਹੀਂ ਹੋ ਜਾਂਦੀ। ਸੱਚ ਦੀ ਕਸਵੱਟੀ ਬਹੁਤ ਸਖ਼ਤ ਹੈ। ਇਸ ਕਿਤਾਬ ਵਿਚ ਬਹੁਤ ਕੁਝ ਹੈ ਪਰ ਇਸ ਵਿਚੋਂ ਸੱਚ ਨਹੀਂ ਲੱਭਦਾ। ਇਸ ਕਿਤਾਬ ਦਾ ਮਕਸਦ ਵੀ ਸੱਚ ਦੀ ਤਲਾਸ਼ ਨਹੀਂ ਜਾਪਦਾ। ਜੋ ਮਨੋਰਥ ਸਭ ਤੋਂ ਵੱਧ ਝਲਕਦਾ ਹੈ, ਉਹ ਨਫ਼ਰਤਾਂ ਦਾ ਪ੍ਰਗਟਾਵਾ, ਵੰਡੀਆਂ ਪਾਉਣਾ ਜਾਂ ਪਈਆਂ ਵੰਡੀਆਂ ਨੂੰ ਗੂੜ੍ਹਾ ਕਰਨਾ ਤੇ ਹਿੰਸਾ ਦਾ ਗੁਣਗਾਨ ਹੈ। ਇਸ ਕਿਤਾਬ ਦੀ ਲੋਕਪ੍ਰਿਅਤਾ ਤੇ ਵਿਕਰੀ 'ਜਸਵੰਤ ਸਿੰਘ ਕੰਵਲ' ਦੇ ਨਾਂ ਕਰਕੇ ਹੈ। ਮੈਂ ਵੀ ਇਸੇ ਨਾਂ ਕਰਕੇ ਖਰੀਦੀ ਪਰ ਇਹ ਕੰਵਲ ਦੇ ਕੱਦ ਨਾਲੋਂ ਬਹੁਤ ਛੋਟੀ ਹੈ। ਇਸ ਨੇ ਆਪ ਤਾਂ ਉਪਰ ਕੀ ਤਰਨਾ ਸੀ, ਹੋਰਨਾਂ ਨੂੰ ਵੀ ਹੇਠਲੀ ਦਲਦਲ ਦੇ ਮੋਹ ਦਾ ਵਾਸਤਾ ਪਾਉਂਦੀ ਹੈ।

ਇਸ ਕਿਤਾਬ ਵਿਚ ਤੁਸਾਂ ਪਾਠਕਾਂ ਤੋਂ ਕੁਝ ਸਵਾਲ ਪੁੱਛੇ ਹਨ, ਕੁਝ ਨੂੰ ਤੁਸਾਂ ਆਪ ਹੀ ਕੰਡੇ ਚੋਭੂ ਸਵਾਲ ਆਖਿਆ ਹੈ ਤੇ ਕੁਝ ਦੇ ਜਵਾਬਾਂ ਵਾਸਤੇ ਚੈਲੰਜ ਵੀ ਕੀਤਾ ਹੈ। ਮੈਂ ਇਨ੍ਹਾਂ ਦੇ ਜਵਾਬ ਦੇਣਾ ਆਪਣਾ ਫਰਜ਼ ਸਮਝਦਾ ਹਾਂ ਤੇ ਉਹ ਵੀ ਤੁਹਾਡੇ ਹੀ ਮੂੰਹ 'ਤੇ। ਤੁਹਾਡੀ ਕਿਤਾਬ ਬਾਰੇ ਆਪਣਾ ਪੱਖ ਮੈਂ ਸ਼ੁਰੂ ਵਿਚ ਹੀ ਇਸ ਕਰਕੇ ਲਿਖ ਦਿੱਤਾ ਹੈ ਕਿ ਜੇ ਤੁਸੀਂ ਸਿਰਫ਼ ਸਤਿਬਚਨ ਹੀ ਸੁਣਨਾ ਪਸੰਦ ਕਰਦੇ ਹੋ ਤੇ ਛੋਟਿਆਂ ਦਾ 'ਅੱਗੋਂ ਬੋਲਣਾ' ਗੁਸਤਾਖੀ ਸਮਝਦੇ ਹੋ ਤੇ ਜਾਂ ਫਿਰ ਕੱਲ੍ਹ ਦੀਆਂ ਭੂਤਨੀਆਂ ਨੂੰ ਸਿਵਿਆਂ ਦੇ ਅੱਧ ਤੋਂ ਦੂਰ ਹੀ ਰੱਖਣਾ ਚਾਹੁੰਦੇ ਹੋ ਤਾਂ ਬੇਸ਼ੱਕ ਮੇਰੀ ਚਿੱਠੀ ਪੜ੍ਹਨ ਦੀ ਜ਼ਹਿਮਤ ਨਾ ਉਠਾਉਣਾ।


ਆਪਣੇ ਇਸ ਖਤ ਨੂੰ ਮੈਂ ਬਿਨ ਬੁਲਾਏ ਦਾ ਹੁੰਗਾਰਾ ਕਹਿ ਸਕਦਾ ਹਾਂ ਕਿਉਂਕਿ ਤੁਸਾਂ ਕਿਤਾਬ ਵਿਚ ਕਿਧਰੇ ਪਾਠਕਾਂ ਤੋਂ ਰਾਏ ਨਹੀਂ ਮੰਗੀ। ਜੇ ਕੁਝ ਗਲਤ ਹੋਵੇ ਉਸ ਵਾਸਤੇ ਵੀ ਗੁਰੂ ਤੇ ਗੁਰੂ ਦੀ ਸੰਗਤ ਤੋਂ ਹੀ ਮੁਆਫ਼ੀ ਮੰਗੀ ਹੈ। ਲੇਕਿਨ ਤੁਸਾਂ ਪਾਠਕਾਂ ਨੂੰ ਸਵਾਲ ਜ਼ਰੂਰ ਕੀਤੇ ਹਨ ਤੇ ਜਵਾਬ ਮੰਗੇ ਹਨ। ਮੈਂ ਨਹੀਂ ਕਹਿ ਸਕਦਾ ਕਿ ਵਾਕਿਆ ਹੀ ਤੁਸੀਂ ਕੋਈ ਜਵਾਬ ਚਾਹੁੰਦੇ ਹੋ ਕਿ ਸਿਰਫ਼ ਡਾਂਟਣ ਜਾਂ ਵੰਗਾਰਨ ਵਾਸਤੇ ਹੀ ਸਵਾਲੀਆ ਤਰਜ਼ਾਂ ਪੇਸ਼ ਕੀਤੀਆਂ ਹਨ। ਕੁੱਲ ਮਿਲਾ ਕੇ ਤੁਹਾਡੀ ਕਿਤਾਬ ਵਿਚ ਜਵਾਬ ਘੱਟ ਤੇ ਸਵਾਲ ਵੱਧ ਹਨ। ਆਮ ਤੌਰ 'ਤੇ ਇਮਤਿਹਾਨਾਂ ਵਿਚ ਵੀ ਸਵਾਲਾਂ ਦਾ ਪਰਚਾ ਛੋਟਾ ਹੁੰਦਾ ਹੈ ਤੇ ਜਵਾਬਾਂ ਵਾਲੀ ਕਾਪੀ ਵੱਡੀ। ਇਸ ਵਾਸਤੇ ਪੂਰੀ ਕੋਸ਼ਿਸ਼ ਦੇ ਬਾਵਜੂਦ ਮੈਂ ਇਸ ਲਿਖਤ ਨੂੰ ਛੋਟੀ ਨਹੀਂ ਕਰ ਸਕਿਆ। ਸੋਚਦਾਂ ਕਿ ਜਾਂ ਤਾਂ ਕੋਈ ਹੁੰਗਾਰਾ ਦੇਵਾਂ ਹੀ ਨਾ ਤੇ ਫਿਰ ਜੇ ਲਿਖਣ ਹੀ ਲੱਗਾਂ ਤਾਂ ਕੋਸ਼ਿਸ਼ ਕਰਾਂ ਕਿ ਵੱਧ ਤੋਂ ਵੱਧ ਮੁੱਦੇ ਵਿਚਾਰੇ ਜਾਣ।

ਤੁਹਾਡੇ ਇਸ ਦਾਅਵੇ ਨਾਲ ਮੈਂ ਸਹਿਮਤ ਨਹੀਂ ਕਿ ਤੁਸਾਂ ਇਹ ਕਿਤਾਬ ਲਿਖ ਕੇ ਪੰਜਾਬੀ ਲੋਕਾਂ ਦੀ ਸੇਵਾ ਦਾ ਫਰਜ਼ ਨਿਭਾਇਆ ਹੈ ਪਰ ਇਹ ਚਿੱਠੀ ਲਿਖ ਕੇ ਮੈਂ ਆਪਣਾ ਫਰਜ਼ ਜ਼ਰੂਰ ਨਿਭਾਅ ਰਿਹਾ ਹਾਂ। ਤੁਹਾਡਾ ਦਾਅਵਾ ਹੈ ਕਿ ਤੁਸੀਂ ਆਪਣੇ ਵੱਲੋਂ ਪਾਠਕਾਂ ਨੂੰ ਜ਼ਿੰਦਗੀ ਦਾ ਅਮੋਲ ਤੋਹਫਾ ਦੇ ਰਹੇ ਹੋ, ਬਤੌਰ ਪਾਠਕ ਮੇਰਾ ਵੀ ਥੈਂਕ ਯੂ। ਤੁਸੀਂ ਇਹ ਵੀ ਕਹਿੰਦੇ ਹੋ ਕਿ ਦਿਲ ਦੇ ਦਰਦ ਦੀ ਸਾਰੀ ਦੌਲਤ ਪਾਠਕਾਂ ਤੋਂ ਨਿਛਾਵਰ ਕਰ ਰਹੇ ਹੋ, ਬਹੁਤ ਬਹੁਤ ਸ਼ੁਕਰੀਆ। ਵੱਡਾ ਸ਼ੁਕਰੀਆ ਇਸ ਦਾ ਕਰਨਾ ਚਾਹੁੰਦਾ ਹਾਂ ਕਿ ਤੁਸਾਂ ਅਗਲੇ ਪੈਰੇ ਵਿਚ ਆਪਣੇ ਆਪ ਨੂੰ ਕੁਦਰਤ ਮਾਂ ਦਾ ਪੁੱਤਰ ਦੱਸਿਆ ਹੈ, "ਮੈਂ ਤਾਂ ਕੁਦਰਤ ਮਾਂ ਦਾ ਤਾਬਿਆਦਾਰ ਪੁੱਤਰ ਹੋਣ ਦੀ ਕਰਤੀ ਵਫ਼ਾ ਨਿਭਾਹ ਰਿਹਾ ਹਾਂ।" ਤੁਸੀਂ ਤਾਬਿਆਦਾਰ ਹੋ ਜਾਂ ਨਹੀਂ, ਵਫ਼ਾ ਨਿਭਾਅ ਰਹੇ ਹੋ ਜਾਂ ਨਹੀਂ ਵੱਖਰਾ ਸਵਾਲ ਹੈ ਪਰ ਆਪਣੇ ਆਪ ਨੂੰ ਕੁਦਰਤ ਦਾ ਪੁੱਤਰ ਕਹਿਣਾ ਵੱਡੀ ਗੱਲ ਹੈ। ਇਸੇ ਨੂੰ ਹੋਰ ਲਫ਼ਜ਼ਾਂ ਵਿਚ 'ਪੰਜ ਤੱਤਾਂ ਦਾ ਪੁਤਲਾ' ਕਿਹਾ ਜਾਂਦਾ ਹੈ ਜੋ ਇਨਸਾਨਾਂ ਵਿਚਲੀਆਂ ਸਭ ਤਕਸੀਮਾਂ ਤੋਂ ਉਪਰ ਹੈ।

### ਦੇਸ਼ ਭਗਤੀ ਤੇ ਸੂਬਾ ਭਗਤੀ

ਲੇਕਿਨ ਅਗਲੇ ਪੈਰੇ ਵਿਚ ਹੀ ਕਹਿੰਦੇ ਹੋ ਕਿ 'ਪੰਜਾਬ ਮੇਰਾ ਬਾਪੂ ਹੈ'। ਧਰਤੀ ਦੇ ਇਕ ਰਕਬੇ ਦਾ ਨਾਂ ਪੰਜਾਬ ਹੈ ਜਦੋਂ ਕਿ ਕੁਦਰਤ ਇਸ ਧਰਤੀ, ਹੋਰ ਧਰਤੀਆਂ ਤੇ ਉਸ ਤੋਂ ਵੀ ਦੂਰ ਤੱਕ ਫੈਲੀ ਹੈ। ਕੁਦਰਤ ਦਾ ਵਜੂਦ ਪੰਜਾਬ ਤੋਂ ਬਹੁਤ ਪਹਿਲਾਂ ਦਾ ਹੈ ਤੇ ਜੇ ਤੁਹਾਡੇ ਬੋਲਾਂ ਮੁਤਾਬਕ ਇਹ ਖ਼ਤਮ ਹੋ ਗਿਆ, ਤਦ ਵੀ ਕੁਦਰਤ ਨੇ ਰਹਿਣਾ ਹੈ। ਤੁਸਾਂ ਇਕ ਕੰਡੇ ਚੋਭੂ ਸਵਾਲ ਕੀਤਾ ਹੈ ਕਿ 'ਮਨ ਨਾਲ ਪੱਕਾ ਫ਼ੈਸਲਾ ਕਰਕੇ ਦੱਸੋ, ਪੰਜਾਬ ਤੁਹਾਡਾ ਬਾਪ ਹੈ ਕਿ ਨਹੀਂ?' ਇਨਕਾਰ ਕਰਨ ਦੀ ਸੂਰਤ ਵਿਚ ਤੁਸਾਂ ਕਲਜੁਗੀ ਪੁੱਤਰਾਂ ਤੇ ਕਪੁੱਤਰਾਂ ਦੀ ਲਾਹਨਤ ਵੀ ਪਾਈ ਹੈ ਤੇ ਹਰਾਮ ਦੇ ਹੋਣ ਦਾ ਇਸ਼ਾਰਾ ਵੀ ਕੀਤਾ ਹੈ। ਇਸ ਦੇ ਬਾਵਜੂਦ ਮੈਂ ਕਹਾਂਗਾ ਕਿ ਮੈਂ ਪੰਜਾਬ ਦਾ ਜੰਮਪਲ ਹਾਂ, ਪੰਜਾਬੀ ਹਾਂ, ਪੰਜਾਬ ਨਾਲ ਪਿਆਰ ਕਰਦਾ ਹਾਂ ਪਰ ਇਹ ਮੇਰਾ ਬਾਪ ਨਹੀਂ ਹੈ। ਤੁਸਾਂ ਪੁੱਛਿਆ ਹੈ ਕਿ 'ਜੇ ਨਹੀਂ ਤਾਂ ਇਹ ਦੱਸਣ ਦੀ ਖੇਚਲ ਵੀ ਕਰੋ, ਕੀਹਦੇ ਪੁੱਤਰ ਹੋ?' ਮੈਂ ਦੱਸਦਾ ਹਾਂ, ਮੈਂ ਕੁਦਰਤ ਦਾ ਪੁੱਤਰ ਹਾਂ, ਵਫ਼ਾ ਨਿਭਾਉਣ ਵਾਲਾ ਤਾਬਿਆਦਾਰ ਪੁੱਤਰ। ਓਧਰ ਤੁਸੀਂ ਪਹਿਲਾਂ ਕਹਿੰਦੇ ਹੋ ਕਿ 'ਮੈਂ ਕੁਦਰਤ ਦਾ ਪੁੱਤਰ ਹਾਂ' ਫਿਰ ਲਿਖਦੇ ਹੋ ਕਿ 'ਪੰਜਾਬ ਮੇਰਾ ਬਾਪੂ ਹੈ' ਤੇ ਅੱਗੇ ਜਾ ਕੇ ਲਿਖਦੇ ਹੋ ਕਿ 'ਮੈਂ ਸਿੱਖ ਕੌਮ ਦਾ ਨਿਮਾਣਾ ਜਿਹਾ ਪੁੱਤਰ ਬਾਹਾਂ ਚੁੱਕ ਚੁੱਕ ਕੇ ਹੋਕਰੇ ਮਾਰ ਰਿਹਾ ਹਾਂ'। ਵੱਡੇ ਲੇਖਕਾਂ ਦੀਆਂ ਡੂੰਘੀਆਂ ਰਮਜ਼ਾਂ ਫਿਰ ਉਹੀ ਸਮਝਣ।

ਹਾਂ, ਜਦੋਂ ਮੈਂ ਪੰਜਾਬ ਨਾਲ ਪਿਆਰ ਦੀ ਗੱਲ ਕਰਦਾ ਹਾਂ ਤਾਂ ਉਸ ਦਾ ਮਤਲਬ ਇਹ ਨਹੀਂ ਕਿ ਕਿਸੇ ਹੋਰ ਸੂਬੇ, ਹਰਿਆਣਾ, ਆਂਧਰਾ ਜਾਂ ਰਾਜਸਥਾਨ ਨਾਲ ਘੱਟ ਪਿਆਰ ਕਰਦਾ ਹੋਵਾਂਗਾ। ਮੇਰਾ ਪੰਜਾਬ ਨਾਲ ਪਿਆਰ ਮੈਨੂੰ ਕਿਸੇ ਹੋਰ ਸੂਬੇ ਨਾਲ ਪਿਆਰ ਕਰਨ ਤੇ ਉਸ ਦੀ ਖੁਸ਼ਹਾਲੀ ਮੰਗਣ ਤੋਂ ਨਹੀਂ ਰੋਕਦਾ। ਪੰਜਾਬ ਨਾਲ ਇਹ ਅਪਣੱਤ ਜ਼ਰੂਰ ਹੈ ਕਿ ਉਹ ਮੇਰਾ ਸੂਬਾ ਹੈ। ਮੈਂ ਨਾ ਪੰਜਾਬ ਦਾ ਪੁੱਤਰ ਹਾਂ ਤੇ ਨਾ ਹੀ 'ਭਾਰਤ ਮਾਤਾ ਦੀ ਜੈ' ਦਾ ਨਾਹਰਾ ਲਗਾ ਸਕਦਾ ਹਾਂ। ਮੈਂ ਜੈ-ਹਿੰਦ ਦੇ ਸੰਬੋਧਨ ਦਾ ਜਵਾਬ ਵੀ ਟਾਲ ਦਿੰਦਾ ਹਾਂ। ਹਿੰਦ ਮੇਰਾ ਮੁਲਕ ਹੈ, ਮੈਂ ਹਿੰਦ ਨਾਲ ਪਿਆਰ ਕਰਦਾ ਹਾਂ ਪਰ ਸਿਰਫ਼ ਮੇਰੇ ਹੀ ਮੁਲਕ ਦੀ ਜੈ ਕਿਉਂ ਹੋਵੇ, ਸਭ ਮੁਲਕਾਂ ਦੀ ਕਿਉਂ ਨਹੀਂ। ਸੰਤੋਖ ਸਿੰਘ ਧੀਰ ਦੀ ਕਵਿਤਾ ਸੀ ਕਿ 'ਪਾਕਿਸਤਾਨ, ਮੈਂ ਤੈਨੂੰ ਓਨਾਂ ਹੀ ਪਿਆਰ ਕਰਦਾ ਹਾਂ ਜਿੰਨਾ ਹਿੰਦੁਸਤਾਨ ਨੂੰ'। ਮੈਂ ਪਾਕਿਸਤਾਨ ਦੇ ਨਾਲ ਹੀ ਦੁਨੀਆਂ ਦੇ ਹੋਰ ਮੁਲਕਾਂ ਨੂੰ ਵੀ ਇਸੇ ਤਰ੍ਹਾਂ ਕਹਿ ਸਕਦਾ ਹਾਂ। ਮੇਰੀ ਦੇਸ਼ ਭਗਤੀ ਮੈਨੂੰ ਹੋਰ ਮੁਲਕਾਂ ਨਾਲ ਪਿਆਰ ਕਰਨ ਤੋਂ ਨਹੀਂ ਰੋਕ ਸਕਦੀ। ਇਥੋਂ ਤੱਕ ਕਿ ਜੇ ਮੇਰਾ ਮੁਲਕ ਕਿਸੇ ਹੋਰ ਮੁਲਕ ਨਾਲ ਧੱਕਾ ਕਰੇ




ਜਸਵੰਤ ਸਿੰਘ ਕੰਵਲ (ਸੱਜੇ) ਤੇ ਉਨ੍ਹਾਂ ਦੀ ਕਿਤਾਬ ਦਾ ਟਾਈਟਲ

ਤਾਂ ਮੇਰੀ ਦੇਸ਼ ਭਗਤੀ ਮੇਰੇ ਹੀ ਮੁਲਕ ਦਾ ਵਿਰੋਧ ਕਰਨ ਤੋਂ ਮੈਨੂੰ ਨਹੀਂ ਰੋਕ ਸਕਦੀ।

ਤੁਸੀਂ ਇਕ ਪੰਜਾਬ ਦੀ ਗੱਲ ਕਰਦੇ ਹੋ, ਮੈਂ ਸਰਹੱਦੋਂ ਪਾਰ, ਪਾਕਿਸਤਾਨ ਦੇ ਪੰਜਾਬ ਨਾਲ ਵੀ ਬਰਾਬਰ ਦਾ ਪਿਆਰ ਕਰਦਾ ਹਾਂ। ਲਾਹੌਰ ਦਾ ਕਿਲਾ ਵੇਖਣ ਵੇਲੇ ਮੈਨੂੰ ਕਿਹਾ ਗਿਆ ਕਿ ਬਾਹਰ ਵਾਲਿਆਂ ਦੀ ਟਿਕਟ ਸੌ ਰੁਪਏ ਲੱਗਦੀ ਹੈ। ਮੈਂ ਕਿਹਾ ਤੂੰ ਦੋ ਸੌ ਲੈ ਲੈ ਪਰ ਮੈਨੂੰ ਬਾਹਰਲਾ ਨਾ ਕਹੀਂ, ਮੈਂ ਪੰਜਾਬ ਵਿਚੋਂ ਹੀ ਆਇਆ ਹਾਂ। ਏਧਰ ਵੀ ਜਦੋਂ ਗੁੜਗਾਵਾਂ ਤੇ ਕੁੱਲੂ-ਮਨਾਲੀ ਘੁੰਮਦਾ ਹਾਂ ਤਾਂ ਇਕ ਪੰਜਾਬ ਦਾ ਤਸੱਵਰ ਹਉਕਾ ਬਣ ਕੇ ਆਉਂਦਾ ਹੈ। ਤੁਸਾਂ ਅਕਾਲੀਆਂ ਦੀ ਬਹੁਤ ਨੁਕਤਾਚੀਨੀ ਕੀਤੀ ਹੈ ਪਰ ਉਨ੍ਹਾਂ ਦਾ ਸਭ ਤੋਂ ਬੱਜਰ ਪਾਪ ਕਿਉਂ ਮੁਆਫ਼ ਕਰ ਦਿੱਤਾ ਜੇ? ਜਿਸ ਪੰਜਾਬ ਨੂੰ ਤੁਸੀਂ ਬਾਪੂ ਕਹਿੰਦੇ ਹੋ, ਹੋਰ ਵੀ ਕਈ ਕਾਰਨ ਸਨ ਪਰ ਮੁੱਖ ਤੌਰ 'ਤੇ ਅਕਾਲੀਆਂ ਦੇ ਰੋਲ ਕਰਕੇ ਹੀ ਦੋ ਵਾਰ ਚੀਰਿਆ ਗਿਆ। ਦਿੱਲੀ ਤੋਂ ਅੱਗੇ ਮਥਰਾ ਲਾਗਿਓਂ ਸ਼ੁਰੂ ਹੋ ਕੇ ਪਿਸ਼ਾਵਰ ਤੱਕ ਪੰਜਾਬ ਸੀ। ਤੁਸੀਂ ਉਸ ਪੰਜਾਬ ਦੇ ਪੁੱਤਰ ਹੋ ਕਿ ਛਾਂਗ ਕੇ ਬਣਾਏ ਹੁਣ ਵਾਲੇ ਚੌਥਾ ਹਿੱਸਾ ਟੰਡਲ ਦੇ, ਤੁਹਾਡੇ ਖ਼ਿਆਲਾਂ ਵਿਚ ਪੰਜਾਬੀ ਸੂਬੀ ਦੇ? ਇਹ ਦੋਵੇਂ ਵੰਡੀਆਂ ਤੁਹਾਡੀ ਸੰਭਾਲ ਵਿਚ ਹੋਈਆਂ ਹਨ।

> **ਸੱਚ ਬਾਰੇ ਇਹ ਤਾਂ ਮੈਂ ਵੀ ਸੁਣਿਆ ਹੈ ਕਿ ਉਹ ਕੌੜਾ ਹੁੰਦਾ ਹੈ ਪਰ ਹਰ ਕੌੜੀ ਗੱਲ ਸੱਚ ਨਹੀਂ ਹੋ ਸਕਦੀ। ਨਾ ਹੀ ਸੱਚ ਬਾਰੇ ਇਹ ਲਾਜ਼ਮੀ ਸ਼ਰਤ ਹੈ ਕਿ ਉਹ ਜ਼ਰੂਰ ਕੌੜਾ ਹੋਵੇ। ਮਿਠਾਸ ਵੀ ਇਕ ਸੱਚਾਈ ਹੈ। ਤੁਸਾਂ ਜੋ ਲਿਖਿਆ ਉਹ ਕੌੜਾ ਜ਼ਰੂਰ ਹੈ, ਸੱਚ ਨਹੀਂ। ਫਿਰ ਆਮ ਤੌਰ 'ਤੇ ਵਿਚਾਰ ਸੱਚੇ ਜਾਂ ਝੂਠੇ ਨਹੀਂ ਹੁੰਦੇ। ਉਹ ਗਲਤ ਜਾਂ ਸਹੀ ਹੁੰਦੇ ਹਨ। ਉਨ੍ਹਾਂ ਦਾ ਆਧਾਰ ਅੱਖੀਂ ਵੇਖਿਆ ਤੇ ਕੰਨੀਂ ਸੁਣਿਆ ਜਾਂ ਲੈਬਾਰਟਰੀ ਟੈਸਟ ਨਹੀਂ ਹੁੰਦਾ। ਉਨ੍ਹਾਂ ਦਾ ਆਧਾਰ ਦਲੀਲਾਂ ਹੁੰਦੀਆਂ ਹਨ ਜੋ ਕਾਇਲ ਕਰਦੀਆਂ ਵੀ ਹੋ ਸਕਦੀਆਂ ਹਨ ਤੇ ਕਾਇਲ ਨਹੀਂ ਕਰਦੀਆਂ ਵੀ ਹੋ ਸਕਦੀਆਂ ਹਨ।**

ਇਹ ਦੇਸ਼ ਭਗਤੀ, ਹੁੱਬਲ ਵਤਨੀ, ਮਾਤਰ ਭੂਮੀ ਵਾਸਤੇ ਮਰ ਮਿਟਣ ਦੀਆਂ ਗੱਲਾਂ ਤੇ ਹੁਣ ਸੂਬਾ ਭਗਤੀ ਦੇ ਵਾਸਤੇ ਪੈਂਦੇ ਸੁਣਦੇ ਹਾਂ। ਮੈਨੂੰ ਕੁਝ ਹੋਰ ਤਰ੍ਹਾਂ ਲੱਗਦਾ ਹੈ। ਪਤਾ ਨਹੀਂ ਮਨੁੱਖਤਾ ਕਦੋਂ ਇਨ੍ਹਾਂ ਵਲਗਣਾਂ ਵਿਚੋਂ ਨਿਕਲੇਗੀ? ਇਹ ਇਸ ਧਰਤੀ ਉਪਰ ਮਨੁੱਖਾਂ ਵੱਲੋਂ ਆਪਣੀ ਲੋੜ ਅਨੁਸਾਰ ਖਿਚੀਆਂ ਲਕੀਰਾਂ ਹਨ ਜੋ ਇਤਿਹਾਸ ਦੇ ਵੇਗ ਨਾਲ ਬਦਲਦੀਆਂ ਵੀ ਰਹਿੰਦੀਆਂ ਹਨ। ਅੱਧੇ ਗਲੋਬ 'ਤੇ ਫੈਲਿਆ ਸੋਵੀਅਤ ਯੂਨੀਅਨ ਇਤਿਹਾਸ ਵਿਚ ਚਲਾ ਗਿਆ ਹੈ। ਕਰੈਮਲਿਨ ਦੇ ਹਰੇ ਗੁੰਬਦ 'ਤੇ ਝੁੱਲਦੇ ਲਾਲ ਝੰਡੇ ਬਾਰੇ ਦੁਨੀਆਂ ਦੀ ਹਰ ਭਾਸ਼ਾ ਵਿਚ ਗੀਤ ਲਿਖੇ ਤੇ ਗਾਏ ਗਏ ਜੋ ਹੁਣ ਉਥੇ ਨਹੀਂ ਰਿਹਾ। ਦੋ ਜਰਮਨੀ ਮਿਲ ਕੇ ਇਕ ਹੋ ਗਏ। ਚੈਕੋਸਲੋਵਾਕੀਆ ਦੋ ਹੋ ਗਏ। ਇਸੇ ਤਰ੍ਹਾਂ ਸਾਡੇ ਮੁਲਕ ਵਿਚ ਬੰਬਈ, ਮਦਰਾਸ, ਟ੍ਰਾਵਨਕੋਰ ਤੇ ਪੈਪਸੂ ਦੇ ਸੂਬੇ ਨਹੀਂ ਰਹੇ। ਕੱਲ੍ਹ ਨੂੰ ਕੀ ਪਤਾ ਇਹੋ ਜਿਹਾ ਹੋਰ ਕੀ ਹੋਣਾ ਹੈ? ਇਹੋ ਜਿਹੀਆਂ ਤਬਦੀਲੀਆਂ ਇਤਿਹਾਸ ਕਰਦਾ ਰਹੇ, ਆਪਾਂ ਇਹ ਸੋਚਣਾ ਹੈ ਕਿ ਜੁਗਰਾਫ਼ੀਆ ਕੁਝ ਵੀ ਹੋਵੇ, ਬੰਦਾ ਸੁਖੀ ਰਹੇ, ਅਮਨ ਚੈਨ ਨਾਲ ਰਹੇ, ਚੰਗਾ ਖਾਵੇ, ਚੰਗਾ ਹੰਢਾਵੇ।

ਸੂਬਾ ਭਗਤੀ ਦੀ ਇਕ ਭੱਦੀ ਮਿਸਾਲ ਦੇ ਕੇ ਗੱਲ ਖ਼ਤਮ ਕਰਦਾ ਹਾਂ। ਦੋ ਕੁ ਸਾਲ ਪਹਿਲਾਂ ਸਾਡੇ ਸਤਿਕਾਰਯੋਗ ਐਮ ਪੀ ਸ. ਤਰਲੋਚਨ ਸਿੰਘ ਨੇ ਇਕ ਬਿਆਨ ਦਿੱਤਾ ਸੀ ਕਿ ਸਤਲੁਜ-ਯਮਨਾ ਲਿੰਕ ਨਹਿਰ ਜ਼ਰੂਰ ਮੁਕੰਮਲ ਹੋਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਦੱਸਿਆ ਕਿ ਉਹ ਹਰਿਆਣਾ ਵੱਲੋਂ ਰਾਜ ਸਭਾ ਦੇ ਮੈਂਬਰ ਹਨ, ਇਸ ਵਾਸਤੇ ਹਰਿਆਣਾ ਦੇ ਹੱਕ ਦੀ ਹੀ ਗੱਲ ਕਰਨਗੇ। ਇਹ ਭੱਦੀ ਮਿਸਾਲ ਹੈ। ਸੋਚਵਾਨ ਬੰਦੇ ਨੂੰ ਬਾਦਲੀਲ ਹੱਕੀ ਗੱਲ ਕਰਨੀ ਚਾਹੀਦੀ ਹੈ। ਜੇ ਉਹ ਨਹਿਰ ਨੂੰ ਦਰੁਸਤ ਸਮਝਦੇ ਹਨ ਤਾਂ ਦਰੁਸਤ ਕਹਿਣਾ ਚਾਹੀਦਾ ਹੈ, ਚਾਹੇ ਕਿਸੇ ਵੀ ਸੂਬੇ ਵੱਲੋਂ ਐਮ ਪੀ ਹੋਣ ਤੇ ਜੇ ਦਰੁਸਤ ਨਹੀਂ ਸਮਝਦੇ ਤਾਂ ਕਹਿਣਾ ਚਾਹੀਦਾ ਹੈ ਕਿ ਇਹ ਦਰੁਸਤ ਨਹੀਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਤਰਲੋਚਨ ਸਿੰਘ ਵਰਗਾ ਨਹੀਂ ਹਾਂ। ਮੈਂ ਹੱਕ ਤੇ ਇਨਸਾਫ਼ ਦੀ ਗੱਲ ਕਰਾਂਗਾ ਤੇ ਆਪਣੇ ਜ਼ਿਹਨ ਵਿਚ ਕਦੇ ਨਹੀਂ ਆਉਣ ਦੇਵਾਂਗਾ ਕਿ ਮੈਂ ਕਿਹੜੇ ਮੁਲਕ ਦਾ ਨਾਗਰਿਕ ਜਾਂ ਕਿਸ ਸੂਬੇ ਦਾ ਵਾਸੀ ਹਾਂ। ਧਰਮ ਨਾਲੋਂ ਧੜੇ ਨੂੰ ਪਿਆਰ ਕਰਨਾ ਲੇਖਕ ਬਰਾਦਰੀ ਵਾਸਤੇ ਗੁਨਾਹ ਹੈ। ਇਥੇ ਧਰਮ ਦਾ ਮਤਲਬ ਸੌੜੇ ਅਰਥਾਂ ਵਿਚ ਲਿਆ ਜਾਂਦਾ ਉਹ ਮਜ਼ਹਬ ਨਹੀਂ ਜਿਸ ਵਿਚ ਲੇਖਕ ਦਾ ਜਨਮ ਹੋਇਆ ਹੁੰਦਾ ਹੈ ਇਥੇ ਇਹ ਫ਼ਰਜ਼ ਦਾ ਸਮਾਨਰਥੀ ਸ਼ਬਦ ਹੈ।

ਅਹਿਸਾਸ ਦੇ ਸਿਰਲੇਖ ਹੇਠ ਤੁਹਾਡੇ ਵੱਲੋਂ ਪੰਜਾਬ ਦੀ ਰਾਮ ਨਾਮ ਸੱਤ ਹੋਣ ਦੀ ਪੇਸ਼ੀਨਗੋਈ, ਕਾਂਗਰਸ ਦੀ ਦੁਸ਼ਮਣੀ ਤੇ ਪੰਜਾਬ ਦਾ ਘੱਟ ਗਿਣਤੀ ਵਿਚ ਹੋ ਜਾਣਾ ਆਦਿ ਕਈ ਗੱਲਾਂ, ਮੈਂ ਬਾਅਦ ਵਿਚ ਕਰਦਾ ਹਾਂ। ਪਹਿਲਾਂ ਤੁਹਾਡੇ ਛੋਹੇ ਕੁਝ ਫਲਸਫਾਨਾ ਵਿਚਾਰਾਂ ਨੂੰ ਆਪਣੀ ਸਮਝ ਬਣਾ ਕੇ ਵੇਖਾਂ।

ਖੁੱਲ੍ਹੇ ਪੱਤਰ ਦੇ ਪਹਿਲੇ ਨੋਟ ਵਿਚ ਤੁਸੀਂ ਲਿਖਦੇ ਹੋ ਕਿ 'ਪੰਜਾਬੀਅਤ ਸਿੱਖੀ ਦੀ ਮਾਂ ਹੈ'। ਇਹ ਧਾਰਨਾ ਜਚਦੀ ਨਹੀਂ। ਸਿੱਖੀ ਪੰਜਾਬੀਅਤ ਨਾਲੋਂ ਬਹੁਤ ਵੱਡੀ ਹੈ। ਸਿੱਖੀ ਇਕ ਵਿਚਾਰਧਾਰਾ ਹੈ, ਇਕ ਧਾਰਮਿਕ ਮਾਨਤਾ ਹੈ ਜੋ ਪੰਜਾਬ ਤੋਂ ਦੂਰ-ਦਰਾਜ਼ ਵੀ ਫੈਲੀ ਹੈ। ਇਸ ਦੀਆਂ ਧਾਰਨਾਵਾਂ ਸਾਰੀ ਲੋਕਾਈ ਵਾਸਤੇ ਲਾਗੂ ਹਨ। ਸਿੱਖ ਪੰਜਾਬ ਤੋਂ ਬਾਹਰ ਜਾਂ ਇਸ ਤੋਂ ਕਾਫ਼ੀ ਦੂਰ ਵੀ ਜਨਮ ਲੈਂਦੇ ਹਨ। ਭਾਵੇਂ ਬਹੁਤ ਥੋੜੇ ਹੀ ਹੋਣ, ਅਜਿਹੇ ਸਿੱਖ ਵੀ ਹਨ ਜਿਨ੍ਹਾਂ ਦੀ ਮਾਂ ਬੋਲੀ ਪੰਜਾਬੀ ਨਹੀਂ, ਹਿੰਦੀ, ਤੇਲਗੂ, ਮਰਾਠੀ, ਪਸ਼ਤੋ, ਸਿੰਧੀ ਤੇ ਫ਼ਾਰਸੀ ਹੈ। ਫਿਰ ਸਿੱਖੀ ਦਾ ਜਨਮ ਪੰਜਾਬ ਤੋਂ ਬਹੁਤ ਪਹਿਲੇ ਦਾ ਹੈ, ਯਾਨਿ ਪੰਜਾਂ ਦਰਿਆਵਾਂ ਦੀ ਇਸ ਧਰਤੀ ਦਾ ਨਾਂ 'ਪੰਜਾਬ' ਪੈਣ ਤੋਂ ਬਹੁਤ ਪਹਿਲਾਂ ਦਾ। ਲਫ਼ਜ਼ 'ਪੰਜਾਬ' ਪਹਿਲੀ ਵਾਰ ਅਕਬਰ ਦੇ ਦਰਬਾਰ ਵਿਚ ਵਰਤਿਆ ਗਿਆ ਦੱਸਿਆ ਜਾਂਦਾ ਹੈ। ਗੁਰੂ ਕਾਲ ਦੇ ਦੌਰਾਨ ਇਹ ਲਫ਼ਜ਼ ਪ੍ਰਚਲਿਤ ਨਹੀਂ ਹੋਇਆ ਸੀ। ਓਧਰ ਅੱਜ ਪੰਜਾਬੀਅਤ ਦੇ ਘੇਰੇ ਵਿਚ ਗੈਰ ਸਿੱਖ ਵੀ ਆਉਂਦੇ ਹਨ।

ਤੁਹਾਡੀ ਧਾਰਨਾ ਕਿ 'ਸ੍ਰੀ ਅਕਾਲ ਤਖ਼ਤ ਸਾਹਿਬ, ਸਾਡੇ ਧਰਮ, ਰਾਜਨੀਤੀ, ਸਭਿਆਚਾਰ ਅਤੇ ਪੰਜਾਬੀ ਕੌਮੀਅਤ ਦੇ ਸਾਰੇ ਪੱਖਾਂ ਦਾ ਤਰਜਮਾਨ ਹੈ' ਦਰੁਸਤ ਨਹੀਂ ਠਹਿਰਾਈ ਜਾ ਸਕਦੀ। ਅਕਾਲ ਤਖ਼ਤ ਸਿੱਖ ਧਰਮ ਦਾ ਸਤਿਕਾਰਤ ਅਦਾਰਾ ਹੈ ਅਤੇ ਇਸ ਦਾ ਸਤਿਕਾਰ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹੈ ਕਿ ਇਸ ਨੂੰ ਆਪਣੇ ਪਵਿੱਤਰ ਧਾਰਮਿਕ ਖੇਤਰ ਤੋਂ ਬਾਹਰ ਨਾ ਘਸੀਟਿਆ ਜਾਵੇ। ਅਸੂਲੀ ਤੌਰ 'ਤੇ ਰਾਜਨੀਤੀ, ਸਭਿਆਚਾਰ ਤੇ ਕੌਮੀਅਤ ਦੇ ਮਸਲਿਆਂ ਉਪਰ ਸਥਾਈ ਤਰਜਮਾਨ ਕੋਈ ਇਕ ਅਦਾਰਾ ਨਹੀਂ ਬਣ ਸਕਦਾ। ਤੁਹਾਡਾ ਇਹ ਕਹਿਣਾ ਕਿ 'ਇਸ ਲਈ ਉਸ ਦੇ ਮੁਖੀ ਨੂੰ ਪਹਿਲਾਂ ਸਤਿਕਾਰ ਦੇਣਾ ਇਕ ਪੰਜਾਬੀ ਸਿੱਖ ਦਾ ਫਰਜ਼ ਤੇ ਧਰਮ ਹੈ' ਅਧੂਰਾ ਸੱਚ ਹੈ। ਉਨ੍ਹਾਂ ਨੂੰ ਸਤਿਕਾਰ

ਦੇਣਾ ਸਭ ਤੋਂ ਪਹਿਲਾਂ ਸਿਰਫ ਪੰਜਾਬੀ ਸਿੱਖਾਂ ਦਾ ਹੀ ਨਹੀਂ, ਦੁਨੀਆ ਦੇ ਹਰ ਕੋਨੇ ਵਿਚ ਵੱਸਦੇ ਸਿੱਖ ਦਾ ਫਰਜ਼ ਹੈ। ਉਸ ਤੋਂ ਬਾਅਦ ਹਰ ਇਨਸਾਨ ਦਾ ਫਰਜ਼ ਹੈ ਚਾਹੇ ਉਹ ਕਿਸੇ ਵੀ ਧਰਮ ਜਾਂ ਖਿਆਲਾਤ ਦਾ ਹੋਵੇ।

ਲੇਕਿਨ ਇਸ ਸਤਿਕਾਰ ਨੂੰ ਬਣਾਏ ਰੱਖਣ ਦਾ ਸਭ ਤੋਂ ਪਹਿਲਾ ਫਰਜ਼ ਇਸ ਪਦਵੀ 'ਤੇ ਬਿਰਾਜਮਾਨ ਹਸਤੀ ਦਾ ਹੈ। ਤੁਸੀਂ ਆਪ ਸੋਚੋ ਜੇ ਅਕਾਲ ਤਖ਼ਤ ਦੇ ਮੁਖੀ ਡਿਪਟੀ ਕਮਿਸ਼ਨਰਾਂ ਨੂੰ ਵਫ਼ਦ ਬਣ ਕੇ ਮਿਲਣਗੇ, ਮੈਮੋਰੈਂਡਮ ਦੇਣਗੇ ਤੇ ਫੌਜਦਾਰੀ ਆਦੇਸ਼ ਜਾਰੀ ਕਰਨਗੇ ਤਾਂ ਆਪਣੇ ਸਤਿਕਾਰ ਨੂੰ ਬੇਲੋੜੇ ਇਮਤਿਹਾਨ ਵਿਚ ਨਹੀਂ ਪਾਉਣਗੇ? ਫਿਰ ਵੀ ਅਕਾਲ ਤਖਤ ਨੂੰ ਪੰਜਾਬੀ ਕੌਮੀਅਤ ਦਾ ਤਰਜਮਾਨ ਨਹੀਂ ਕਿਹਾ ਜਾ ਸਕਦਾ ਕਿਉਂਕਿ ਅਕਾਲ ਤਖ਼ਤ ਦਾ ਘੇਰਾ ਪੰਜਾਬੀਅਤ ਨਾਲੋਂ ਬਹੁਤ ਵਿਸ਼ਾਲ ਹੈ।

## ਆਜ਼ਾਦੀ ਦਾ ਸੰਘਰਸ਼

ਤੁਸੀਂ ਆਪਣੀ ਗੱਲ ਦੀ ਸ਼ੁਰੂਆਤ ਮੁਲਕ ਦੀ ਆਜ਼ਾਦੀ ਦੇ ਸੰਘਰਸ਼ ਤੋਂ ਸ਼ੁਰੂ ਕਰਦੇ ਹੋ। ਤੁਸਾਂ ਵਾਰ ਵਾਰ ਕਿਹਾ ਹੈ ਕਿ ਸਭ ਤੋਂ ਵੱਧ ਫਾਂਸੀਆਂ ਤੇ ਉਮਰ ਕੈਦਾਂ ਸਿੱਖਾਂ ਨੇ ਝੱਲੀਆਂ ਤੇ ਰਾਜ ਹਿੰਦੂਆਂ ਨੇ ਕੀਤਾ। ਤੁਹਾਡੇ ਲਫ਼ਜ਼ ਕਿ 'ਫਾਂਸੀਆਂ ਚੜ੍ਹਨ ਨੂੰ ਹੋਰ ਤੇ ਰਾਜ ਕਰਨ ਨੂੰ ਸ਼ਰਮੇ ਵਰਮੇ'। ਤੁਸਾਂ ਫਿਰਕਾਪ੍ਰਸਤੀ ਦਾ ਜ਼ਿਕਰ ਵੀ ਕਈ ਵਾਰ ਕੀਤਾ ਪਰ ਇਸੇ ਗਿਣਤੀ-ਮਿਣਤੀ ਨੂੰ ਹੀ ਤਾਂ ਫਿਰਕਾਪ੍ਰਸਤੀ ਕਹਿੰਦੇ ਹਨ, ਹੋਰ ਕਿਸ ਨੂੰ ਕਿਹਾ ਜਾਂਦਾ ਹੈ? ਬੰਦਿਆਂ ਨੂੰ ਫਿਰਕਿਆਂ ਵਿਚ ਵੇਖਣਾ ਹੀ ਫਿਰਕਾਪ੍ਰਸਤੀ ਦਾ ਮੁੱਢ ਹੈ। ਫਿਰ ਜੇ ਤੁਸੀਂ ਇਕ ਵੰਡੀ ਤਾਂ ਪਾ ਲਈ, ਪਤਾ ਨਹੀਂ ਇਸ ਤੋਂ ਅੱਗੇ ਕਿਉਂ ਨਹੀਂ ਵਧੇ? ਤੁਸਾਂ ਇਹ ਅੰਕੜੇ ਪਤਾ ਨਹੀਂ ਕਿਉਂ ਇਕੱਠੇ ਨਾ ਕੀਤੇ ਕਿ ਸਿੱਖਾਂ ਵਿਚ ਕਿਤਨੇ ਐਸ ਜਾਤ ਦੇ ਸਨ ਤੇ ਕਿਤਨੇ ਓਸ ਜਾਤ ਦੇ ਤੇ ਜਾਂ ਫਿਰ ਕਿੰਨੇ ਮਾਝੇ, ਮਾਲਵੇ ਤੇ ਦੁਆਬੇ ਦੇ ਸਨ? ਤੁਸੀਂ ਪਤਾ ਨਹੀਂ ਕੀ ਜਵਾਬ ਦਿਓਗੇ ਪਰ ਅੱਗੇ ਅਜਿਹਾ ਸਵਾਲ ਜਦੋਂ ਮੈਂ ਇਕ ਹੋਰ ਵਿਦਵਾਨ ਨੂੰ ਕੀਤਾ ਸੀ ਤਾਂ ਉਸ ਨੇ ਕਿਹਾ ਸੀ ਕਿ ਕਿਉਂ ਵੰਡੀਆਂ ਪਾ ਕੇ ਸ਼ਹੀਦਾਂ ਦਾ ਅਪਮਾਨ ਕਰ ਰਹੇ ਹੋ, ਕਿ ਫਾਂਸੀਆਂ ਚੜ੍ਹਨ ਵਾਲੇ ਇਹ ਸਿਰਫ ਤੇ ਸਿਰਫ ਸਿੱਖ ਸਨ। ਮੇਰੀ ਨਿਮਰਤਾ ਸਾਹਿਤ ਅਰਜ਼ ਸੀ ਕਿ ਜੇ ਮੈਂ ਕਹਾਂ ਕਿ ਉਹ ਸਿਰਫ਼ ਤੇ ਸਿਰਫ਼ ਹਿੰਦੁਸਤਾਨੀ ਸਨ ਤਾਂ ਤੁਸੀਂ ਵੰਡੀਆਂ ਪਾਉਂਦੇ ਹੋ, ਕੀ ਪਹਿਲੀ ਵੰਡੀ ਅਪਮਾਨ ਨਹੀਂ ਤੇ ਦੂਜੀ ਅਪਮਾਨ ਹੈ? ਸ਼ਾਇਦ ਅਗਲੀਆਂ ਵੰਡੀਆਂ ਦੀ ਅਜੇ ਜ਼ਰੂਰਤ ਨਹੀਂ ਪਈ, ਜਦੋਂ ਪਈ ਤਾਂ ਮੈਨੂੰ ਲੱਗਦਾ ਹੈ ਕਿ ਕੋਈ ਤੁਹਾਡੇ ਨਾਲੋਂ ਵੀ ਵੱਡਾ ਘੋਖਕਾਰ ਉਠੇਗਾ ਤੇ ਦੱਸੇਗਾ ਕਿ ਇਹ ਕਿਹੜੀਆਂ ਕਿਹੜੀਆਂ ਜਾਤਾਂ, ਗੋਤਾਂ ਤੇ ਇਲਾਕਿਆਂ ਦੇ ਸਨ?

ਦੂਜੀ ਗੱਲ ਕਿ ਤੁਹਾਡੇ ਇਹ ਅੰਕੜੇ ਗਲਤ ਹਨ। ਫਿਰ ਤੁਸਾਂ ਆਜ਼ਾਦੀ ਦੇ ਮੁੱਖ ਅੰਦੋਲਨਾਂ ਵਿਚ ਕੁੱਟਾਂ ਖਾਣ ਤੇ ਜਾਨਾਂ ਦੇਣ ਵਾਲਿਆਂ ਦੀ ਗਿਣਤੀ ਦਾ ਜ਼ਿਕਰ ਹੀ ਨਹੀਂ ਕੀਤਾ। ਨਾਮਿਲਵਰਤਨ ਲਹਿਰ ਤੇ "ਭਾਰਤ ਛੱਡੋ" ਅੰਦੋਲਨਾਂ ਵਿਚ ਲਾਠੀਚਾਰਜ ਤੇ ਗੋਲੀਆਂ ਨਾਲ ਮਰਨ ਵਾਲਿਆਂ ਦੀ ਗਿਣਤੀ ਇਕ ਦੋ ਸੈਂਕੜੇ ਨਹੀਂ, ਹਜ਼ਾਰਾਂ ਵਿਚ ਹੈ। ਠੀਕ ਹੈ ਕਿ ਕਈ ਜਗ੍ਹਾ ਇਹ ਅੰਦੋਲਨ ਵੀ ਹਿੰਸਕ ਰੂਪ ਲੈ ਗਏ ਸਨ, ਲੋਕਾਂ ਨੇ ਪੁਲਿਸ ਉਤੇ ਪੱਥਰ ਮਾਰੇ ਤੇ ਬਿਲਡਿੰਗਾਂ ਉਤੋਂ ਯੂਨੀਅਨ ਜੈਕ ਉਤਾਰ ਕੇ ਸਾੜੇ ਗਏ ਪਰ ਮੁੱਖ ਤੌਰ ਤੇ ਇਹ ਪੁਰਅਮਨ ਜਲੂਸ ਸਨ ਤੇ ਲੋਕ ਸੱਤਿਆਗ੍ਰਹਿ ਦੇ ਨਾਂ ਹੇਠ ਗ੍ਰਿਫਤਾਰੀ ਦੇਣ ਜਾਂਦੇ ਰਹੇ। ਬਹੁਤੀ ਜਗ੍ਹਾ ਇਹ ਹਜੂਮ ਇਤਨੇ ਵੱਡੇ ਹੋ ਗਏ ਸਨ ਕਿ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ ਸੀ। ਪੁਲਿਸ ਲਾਠੀਆਂ ਤੇ ਗੋਲੀਆਂ ਦੀ ਵਰਤੋਂ ਇਨ੍ਹਾਂ ਨੂੰ ਤਿੱਤਰ-ਬਿੱਤਰ ਕਰਨ ਵਾਸਤੇ ਕਰਦੀ ਰਹੀ ਪਰ ਓਹ ਫੇਰ ਓਦੋਂ ਹੀ ਜਾਂ ਅਗਲੇ ਦਿਨ ਓਸੇ ਤਰ੍ਹਾਂ ਆਉਂਦੇ ਰਹੇ। ਇਸ ਤਰ੍ਹਾਂ ਜ਼ਖ਼ਮੀ ਹੋਣ ਤੇ ਮਰਨ ਵਾਲਿਆਂ ਦੀ ਗਿਣਤੀ ਹਰ ਰੋਜ਼ ਵਧਦੀ ਗਈ।

ਅੱਜ ਤੱਕ ਦੁਨੀਆਂ ਦੇ ਇਤਿਹਾਸ ਵਿਚ ਇੰਨੇ ਵੱਡੇ ਖੇਤਰਫਲ ਵਿਚ ਇੰਨੀ ਵੱਡੀ ਗਿਣਤੀ ਦੇ ਲੋਕ-ਅੰਦੋਲਨ ਦੀ ਮਿਸਾਲ ਨਹੀਂ ਬਣੀ। ਬੇਸ਼ੱਕ ਅੰਗਰੇਜ਼ਾਂ ਵੱਲੋਂ ਭਾਰਤ ਛੱਡ ਜਾਣ ਦੇ ਫੈਸਲੇ ਦੇ ਮੁੱਖ ਕਾਰਨ ਉਨ੍ਹਾਂ ਦੇ ਆਪਣੇ ਮੁਲਕ ਤੇ ਯੂਰਪ ਵਿਚ ਪੈਦਾ ਹੋਏ ਪਰ ਏਧਰੋਂ ਮਜਬੂਰ ਕਰਨ ਦੇ ਵੱਡੇ ਅੰਦੋਲਨ ਇਹੀ ਸਨ। ਇਸ ਅੰਦੋਲਨ ਨੂੰ ਅੰਗਰੇਜ਼ ਦੀ ਪੁਲਿਸ ਤਾਂ ਨਹੀਂ ਕੁਚਲ ਸਕੀ ਸੀ ਪਰ ਬੰਦਿਆਂ ਵਿਚ ਧਰਮਾਂ ਦੀ ਵੰਡੀ ਪਾਉਣ ਵਾਲਿਆਂ ਨੇ, ਏਹਦਾ ਧਰਮ ਏਹ ਤੇ ਓਹਦਾ ਓਹ ਕਹਿਣ ਵਾਲਿਆਂ ਨੇ, ਫਲਾਣੇ ਧਰਮ ਵਾਲਿਆਂ ਏਹ ਕਰ ਦਿੱਤਾ ਤੇ ਅਮਕੇ ਧਰਮ ਵਾਲਿਆਂ ਓਹ ਕਰ ਦਿੱਤਾ, ਅਤੇ ਐਸ ਧਰਮ ਦਾ ਐਹ ਬਣ ਗਿਆ, ਓਸ ਧਰਮ ਦਾ ਕੀ ਬਣੂ ਦਾ ਰੌਲਾ ਪਾਉਣ ਵਾਲਿਆਂ ਨੇ ਇਸ ਲਹਿਰ ਨੂੰ ਵੱਡੀ ਸੱਟ ਮਾਰੀ ਸੀ। ਓਧਰ ਇਹ ਵੀ ਛੋਟਾ ਦੁਖਾਂਤ ਨਹੀਂ ਕਿ ਏਡਾ ਵੱਡਾ ਲੋਕ ਅੰਦੋਲਨ ਵੀ ਲੋਕਾਂ ਅੰਦਰ ਜੜ੍ਹ ਬਣਾਈ ਬੈਠੀ ਫਿਰਕੂ ਸੋਚ ਖ਼ਤਮ ਨਹੀਂ ਕਰ ਸਕਿਆ।

ਮੁਲਕ ਦੀ ਆਜ਼ਾਦੀ ਵਾਸਤੇ ਫਾਂਸੀਆਂ ਤੇ ਉਮਰ ਕੈਦਾਂ ਦੀ ਕੀ ਭੂਮਿਕਾ ਸੀ ਤੇ ਕੀ ਨਹੀਂ, ਇਹ ਵੱਖਰਾ ਸਵਾਲ ਹੈ, ਇਸ ਬਾਰੇ ਬਹਿਸ ਚੱਲਦੀ ਰਹਿੰਦੀ ਹੈ। ਇਸ ਵੇਲੇ ਮੈਂ ਸਿਰਫ਼ ਇਹ ਕਹਿਣਾ ਚਾਹਾਂਗਾ ਕਿ ਇਨ੍ਹਾਂ ਦੀ ਭੂਮਿਕਾ ਜ਼ਰੂਰ ਹੋਵੇਗੀ। ਰਸਤਾ ਚਾਹੇ ਕੋਈ ਚੁਣਿਆ ਗਿਆ ਪਰ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਨੂੰ ਆਪਣੇ ਜੀਵਨ ਨਾਲੋਂ ਕੀਮਤੀ ਸਮਝਿਆ ਉਨ੍ਹਾਂ ਦੇ ਇਸ ਜਜ਼ਬੇ ਦੀ ਕਦਰ ਕਰਨੀ ਬਣਦੀ ਹੈ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦੇ ਜਜ਼ਬਾਤ ਤੋਂ ਪ੍ਰਭਾਵਤ ਹੋ ਕੇ ਬਹੁਤ ਲੋਕਾਂ ਨੇ ਆਜ਼ਾਦੀ ਦੇ ਮੁੱਖ ਅੰਦੋਲਨ ਵਿਚ ਸ਼ਮੂਲੀਅਤ ਕੀਤੀ।



'47 ਵਿਚ ਦੇਸ਼ ਦੀ ਵੰਡ ਵੇਲੇ ਅੰਬਾਲਾ ਛਾਉਣੀ ਦੇ ਸਟੇਸ਼ਨ 'ਤੇ ਰੁਲ ਰਹੇ ਸ਼ਨਾਰਥੀ ।

## ਮੁਲਕ ਦੀ ਤਕਸੀਮ

ਪਾਕਿਸਤਾਨ ਬਣਨ ਦੀ ਤੁਸਾਂ ਪੂਰੀ ਜ਼ਿੰਮੇਵਾਰੀ ਕਾਂਗਰਸ ਦੇ ਸਿਰ ਲਗਾਈ ਹੈ। ਤੁਹਾਡੇ ਲਫ਼ਜ਼ ਹਨ ਕਿ 'ਕਾਸ਼ ਗਾਂਧੀ ਨੈਸ਼ਨਲ ਹਿੰਦੂ ਦਾ ਮਨ ਬਣਾ ਕੇ ਮਿਸਟਰ ਜਿਨਾਹ ਨੂੰ ਮਿਲਦਾ, ਪਾਕਿਸਤਾਨ ਕਦੇ ਨਾ ਬਣਦਾ'। ਇਹ ਵਿਚਾਰ ਗਲਤ ਹੈ। ਪਾਕਿਸਤਾਨ ਬਣਨ ਤੋਂ ਰੋਕਣਾ ਇੰਨਾ ਸੌਖਾ ਜਿਹਾ ਕੰਮ ਨਹੀਂ ਸੀ। ਆਪਣੀ ਕਿਤਾਬ ਵਿਚ ਹੀ ਤੁਸਾਂ ਗਾਂਧੀ ਤੇ ਜਿਨਾਹ ਦੇ ਆਪਸੀ ਡਾਇਲਾਗ ਲਿਖੇ ਹਨ। ਜੇ ਇਹ ਸਹੀ ਹਨ ਤਾਂ ਮੈਂ ਨਹੀਂ ਸਮਝਦਾ ਕਿ ਗਾਂਧੀ ਇਸ ਤੋਂ ਵੱਧ ਤਰਲਾ ਲੈ ਸਕਦਾ ਸੀ। ਤੁਹਾਡਾ ਇਹ ਕਹਿਣਾ ਸਹੀ ਹੋਵੇਗਾ ਕਿ 'ਵਿਛੜਨ ਵੇਲੇ ਮਿਸਟਰ ਜਿਨਾਹ ਬੇਹੱਦ ਉਤਸ਼ਾਹਤ ਸੀ ਪਰ ਗਾਂਧੀ ਦੀ ਮਯੂਸੀ ਦਾ ਪਾਰਵਾਰ ਨਹੀਂ ਸੀ।'

ਅੱਗੇ ਜਾ ਕੇ ਤੁਸਾਂ ਸਪੱਸ਼ਟ ਲਿਖਿਆ ਹੈ ਕਿ 'ਹਿੰਦੂ ਫਿਰਕਾਪ੍ਰਸਤੀ ਨੇ ਪਾਕਿਸਤਾਨ ਬਣਾਇਆ। ਬਰਾਬਰ ਦੇ ਭਾਈ ਮੁਸਲਮਾਨ ਨੂੰ ਮਲੇਸ਼ ਆਖਿਆ।' ਫੇਰ ਤੁਸੀਂ ਪਾਠਕਾਂ ਵੱਲ ਆਉਂਦੇ ਹੋ ਤੇ ਸਵਾਲੀਆ ਨਿਸ਼ਾਨ ਨਾਲ ਪੁੱਛਦੇ ਹੋ ਕਿ, 'ਤੁਸੀਂ ਸਿਆਣੇ ਪਾਠਕੋ, ਈਮਾਨਦਾਰੀ ਨਾਲ ਦੱਸੋ, ਦੇਸ ਦੀ ਵੰਡ ਸਮੇਂ ਮਾਰੇ ਗਏ ਦਸ ਲੱਖ ਗਰੀਬ ਲੋਕਾਂ ਦਾ ਕਾਤਲ ਕੌਣ ਹੈ?'

ਮੈਂ ਸਿਆਣਾ ਹਾਂ ਜਾਂ ਨਹੀਂ ਪਰ ਈਮਾਨਦਾਰੀ ਨਾਲ ਦੱਸਾਂਗਾ। ਜੋ ਕਾਰਨ ਤੁਸਾਂ ਦੱਸਿਆ, ਉਸ ਵਿਚ ਮੇਰੀ ਛੋਟੀ ਜਿਹੀ ਤਰਮੀਮ ਹੈ। ਤੁਸਾਂ ਹਿੰਦੂ ਫਿਰਕਾਪ੍ਰਸਤੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਪਰ ਮੈਂ ਸਮੁੱਚੇ ਤੌਰ 'ਤੇ ਸਾਰੀ ਫਿਰਕਾਪ੍ਰਸਤੀ ਨੂੰ ਜ਼ਿੰਮੇਵਾਰ ਮੰਨਦਾ ਹਾਂ ਜਿਸ ਵਿਚ ਸਾਰਿਆਂ ਧਰਮਾਂ ਦੀਆਂ ਵੰਨਗੀਆਂ ਆ ਜਾਂਦੀਆਂ ਹਨ। ਬਾਵਜੂਦ ਬਹੁਤ ਸਾਰੀਆਂ ਸਾਂਝਾਂ ਦੇ, ਤੇ ਬਾਵਜੂਦ ਇਸ ਦੇ ਕਿ ਨਵੀਂ ਤਾਲੀਮ ਨਾਲ ਸਭ ਧਰਮਾਂ ਵਿਚ ਇਕ ਵਰਗ ਪੈਦਾ ਹੋ ਗਿਆ ਸੀ ਜੋ ਕਿਸੇ ਕਿਸਮ ਦੀ ਛੂਤ ਛਾਤ ਜਾਂ ਧਾਰਮਿਕ ਭੇਦਭਾਵ ਨਹੀਂ ਮੰਨਦਾ ਸੀ ਪਰ ਆਬਾਦੀ ਦੇ ਵੱਡੇ ਹਿੱਸੇ ਵਿਚ ਮਜ਼ਹਬੀ ਤਕਸੀਮ ਬਹੁਤ ਡੂੰਘੀ ਸੀ। ਇਸ ਵੱਡੇ ਹਿੱਸੇ ਵਿਚ ਹਿੰਦੂ ਮੁਸਲਮਾਨਾਂ ਨੂੰ ਮਲੇਸ਼ ਸਮਝਦੇ ਸਨ ਤੇ ਮੁਸਲਮਾਨ ਹਿੰਦੂਆਂ ਨੂੰ ਕਾਫ਼ਰ। ਹੁਣ ਮੈਂ ਇਸੇ ਹਿੱਸੇ ਦੀ ਗੱਲ ਕਰਦਾ ਹਾਂ। ਤੁਸੀਂ ਠੀਕ ਲਿਖਦੇ ਹੋ ਕਿ ਹਿੰਦੂ ਮੁਸਲਮਾਨਾਂ ਦੇ ਹੱਥ ਦਾ ਨਹੀਂ ਖਾਂਦੇ ਸਨ ਪਰ ਸਿੱਖ ਵੀ ਨਹੀਂ ਖਾਂਦੇ ਸਨ। ਓਧਰ ਮੁਸਲਮਾਨ ਵੀ ਸਨ ਜੋ ਹਿੰਦੂਆਂ ਤੇ ਸਿੱਖਾਂ ਦੇ ਹੱਥ ਦਾ ਨਹੀਂ ਖਾਂਦੇ ਸਨ। ਰੇਲਵੇ ਸਟੇਸ਼ਨਾਂ ਉਪਰ ਹਿੰਦੂ ਪਾਣੀ ਤੇ ਮੁਸਲਿਮ ਪਾਣੀ ਦੇ ਵੱਖਰੇ ਘੜੇ ਹੁੰਦੇ ਸਨ ਤੇ ਪਾਣੀ ਪਿਆਉਣ ਵਾਲੇ ਵੀ ਇਹੀ ਹੋਕਾ ਦਿੰਦੇ ਸਨ। ਮੇਰੇ ਨਾਲੋਂ ਵੱਧ ਤੁਹਾਨੂੰ ਪਤਾ ਹੋਵੇਗਾ ਕਿ ਓਦੋਂ ਸਿੱਖ ਵੀ ਮੁਸਲਮਾਨ ਪਾਣੀ ਨਹੀਂ ਪੀਂਦੇ ਸਨ, ਉਹ ਹਿੰਦੂ ਪਾਣੀ ਲੱਭਦੇ ਸਨ। ਹੁਣ ਵੀ ਯੂ ਪੀ ਬਿਹਾਰ ਵਿਚ ਜਾਂਦੇ ਸਿੱਖ ਵੈਸ਼ਨੂੰ ਹੋਟਲ ਲੱਭਦੇ ਹਨ ਜਾਂ ਹਿੰਦੂ ਹੋਟਲ।

ਕੁੱਲ ਮਿਲਾ ਕੇ ਇਸ ਮੁਲਕ ਵਿਚ ਮਜ਼ਹਬਾਂ ਤੇ ਫਿਰ ਜਾਤਾਂ ਦੀ ਤਕਸੀਮ ਬਹੁਤ ਡੂੰਘੀ ਸੀ। ਵੱਡੀ ਆਬਾਦੀ ਇਕ ਦੂਜੇ ਨੂੰ ਉਸ ਦੇ ਕਿੱਤੇ ਤੇ ਵਿਚਾਰਾਂ ਕਰਕੇ ਨਹੀਂ, ਉਸ ਦੇ ਮਜ਼ਹਬ ਜਾਂ ਜਾਤ ਕਰਕੇ ਹੀ ਜਾਣਦੀ ਸੀ। ਦੇਸ਼ ਦੀ ਤਕਸੀਮ ਵੇਲੇ ਲੱਖਾਂ ਲੋਕਾਂ ਦਾ ਅਸਲ ਕਾਤਲ ਸਾਡਾ ਧਾਰਮਿਕ ਬਟਵਾਰਾ ਹੈ। ਵਿਅਕਤੀਆਂ, ਪਾਰਟੀਆਂ ਤੇ ਹਕੂਮਤਾਂ ਦੀ ਗੱਲ ਵੱਖਰੀ ਪਰ ਉਨ੍ਹਾਂ ਕਤਲਾਂ ਦੀ ਮੁੱਖ ਜ਼ਿੰਮੇਵਾਰ ਸਾਡੀ ਫਿਰਕੂ ਜ਼ਹਨੀਅਤ ਹੈ ਜੋ ਕਹਿੰਦੀ ਹੈ ਐਸ ਧਰਮ ਦੇ ਲੋਕ ਇਸ ਤਰ੍ਹਾਂ ਦੇ ਹੁੰਦੇ ਹਨ ਤੇ ਓਸ ਧਰਮ ਦੇ ਲੋਕ ਕਿਸੇ ਹੋਰ ਤਰ੍ਹਾਂ ਦੇ, ਜੋ ਬੰਦੇ ਨੂੰ ਬੰਦਾ ਨਹੀਂ ਉਸ ਦੇ ਮਜ਼ਹਬ ਨਾਲ ਵੇਖਦੀ ਹੈ। ਇਸੇ ਜ਼ਹਿਨੀਅਤ ਦੇ ਨਾਅਰੇ ਸਨ ਕਿ ਐਸ ਧਰਮ ਵਾਲਿਆਂ ਨੇ ਸਾਡੇ ਧਰਮ ਦੇ ਬੰਦੇ ਮਾਰੇ, ਲਾਸ਼ਾਂ ਦੀਆਂ ਗੱਡੀਆਂ ਭੇਜੀਆਂ, ਹੁਣ ਅਸੀਂ ਉਨ੍ਹਾਂ ਦੇ ਬੰਦਿਆਂ ਦੀਆਂ ਲਾਸ਼ਾਂ ਦੀਆਂ ਭਰੀਆਂ ਗੱਡੀਆਂ ਭੇਜਾਂਗੇ।

ਫਿਰਕੂ ਜ਼ਹਿਨੀਅਤ ਦੀ ਦਰਦਨਾਕ ਡੂੰਘਾਈ ਦਾ ਇਸ ਤੋਂ ਹੌਲਨਾਕ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਸੰਨ 2005 ਵਿਚ ਪਹੁੰਚ ਕੇ ਜਸਵੰਤ ਸਿੰਘ ਕੰਵਲ ਵਰਗਾ ਲੇਖਕ ਵੀ ਗਾਂਧੀ ਨੂੰ ਬਾਣੀਆ ਤੇ ਨਹਿਰੂ ਨੂੰ ਬ੍ਰਾਹਮਣ ਲਿਖਦਾ ਹੈ। ਤੁਸਾਂ ਮਿਸਟਰ ਜਿਨਾਹ ਦੇ ਕੁਝ ਲਫ਼ਜ਼ ਕਈ ਵਾਰ ਦੁਹਰਾ ਕੇ ਅਖੀਰ ਆਪਣੇ ਵੱਲੋਂ ਵੀ ਪੁਸ਼ਟੀ ਕੀਤੀ ਹੈ। ਤੁਸੀਂ ਲਿਖਦੇ ਹੋ ਕਿ 'ਮਿਸਟਰ ਜਿਨਾਹ ਦੀ ਪਟਿਆਲੇ ਆਖੀ ਗੱਲ ਹਮੇਸ਼ਾਂ ਯਾਦ ਰੱਖਿਓ, ਕਿ ਸਿੱਖੋ, ਓਏ ਭੋਲਿਓ ਸਿੱਖੋ, ਤੁਸਾਂ ਹਿੰਦੂਆਂ ਨੂੰ ਗੁਲਾਮ ਹਾਲਤ ਵਿਚ ਵੇਖਿਆ ਹੈ। ਰਾਜ ਕਰਦਿਆਂ ਨਹੀਂ ਡਿੱਠਾ, ਕੋਈ ਨਾ ਜਲਦੀ ਵੇਖ ਲਵੋਗੇ।'

ਤੁਸੀਂ ਧਾਰਨਾ ਇਹ ਬਣਾਉਂਦੇ ਹੋ ਕਿ ਇਸ ਮੁਲਕ ਉਪਰ ਹਿੰਦੂਆਂ ਦਾ ਰਾਜ ਹੈ ਤੇ ਸਿੱਖ ਉਨ੍ਹਾਂ ਦੇ ਗੁਲਾਮ ਹਨ। ਤੁਸਾਂ ਬਹੁਤ ਲੰਮੀਆਂ ਕਹਾਣੀਆਂ ਦੱਸੀਆਂ ਹਨ ਕਿ ਪਾਕਿਸਤਾਨ ਬਣਨ ਵੇਲੇ ਅੰਗਰੇਜ਼ ਸਿੱਖਾਂ ਨੂੰ ਤੀਸਰੀ ਬਰਾਬਰ ਦੀ ਕੌਮ ਮੰਨ ਕੇ ਵੱਖਰਾ ਮੁਲਕ ਦੇਣ ਵਾਸਤੇ ਤਿਆਰ ਸਨ ਪਰ ਲੀਡਰਾਂ ਨੇ ਖੇਹ ਉਡਾ ਦਿੱਤੀ। ਤੁਹਾਡਾ ਇਹ ਵੀ ਗਿਲਾ ਹੈ ਕਿ ਮੁਹੰਮਦ ਅਲੀ ਜਿਨਾਹ ਸਿੱਖਾਂ ਨੂੰ ਪਾਕਿਸਤਾਨ ਵਿਚ ਰਲਣ ਤੇ ਵੱਡੀਆਂ ਸਹੂਲਤਾਂ ਦੇਣ ਵਾਸਤੇ ਤਿਆਰ ਸੀ ਪਰ ਸਿੱਖ ਲੀਡਰਾਂ ਨੇ ਉਹ ਸੁਨਹਿਰੀ ਮੌਕਾ ਵੀ ਗੰਵਾ ਦਿੱਤਾ। ਓਸ ਵੇਲੇ ਦੇ ਸਿੱਖ ਲੀਡਰਾਂ ਨੂੰ ਤੁਸਾਂ ਅਜਿਹੀ ਕੋਤਾਹੀ ਕਰਨ ਕਰਕੇ ਬਹੁਤ ਤਿੱਖੇ ਸ਼ਬਦਾਂ ਵਿਚ ਫਿਟਕਾਰਿਆ ਹੈ ਤੇ ਦੱਸਿਆ ਹੈ ਕਿ ਅੱਜ ਸਿੱਖ ਲੋਕ ਉਸੇ ਬਦ ਅਕਲੀ ਦਾ ਖਮਿਆਜ਼ਾ ਭੁਗਤ ਰਹੇ ਹਨ। ਮੁਹੰਮਦ ਅਲੀ ਜਿਨਾਹ ਵੱਲੀ ਦਿੱਤੀ ਆਫ਼ਰ ਦਾ ਤੁਸਾਂ ਬੜਾ ਅਜੀਬ ਨਕਸ਼ਾ ਪੇਸ਼ ਕੀਤਾ ਹੈ। ਤੁਸਾਂ ਦੋ ਵਾਰ ਇਹ ਸ. ਹਰੀ ਸਿੰਘ ਤੋਂ ਸੁਣੀ ਦੱਸੀ ਹੈ ਪਰ ਇਸ ਨੂੰ ਸੱਚਾਈ ਦੀ ਤਰ੍ਹਾਂ ਪੇਸ਼ ਕੀਤਾ ਹੈ ਕਿਉਂਕਿ ਪੈਰੇ ਦੇ ਅਖੀਰ ਵਿਚ ਤੁਹਾਡੇ ਸ਼ਬਦ ਹਨ ਕਿ ਹਰੀ ਸਿੰਘ 'ਸਿੱਖ ਕੌਮ ਦੀ ਸੁਰੱਖਿਆ ਵਾਸਤੇ ਐਨੀਆਂ ਵੱਡੀਆਂ ਸਹੂਲਤਾਂ ਵਾਲੀਆਂ ਸ਼ਰਤਾਂ ਲੈ ਕੇ ਸ੍ਰੀ ਅੰਮ੍ਰਿਤਸਰ ਦੇ ਰਾਹ ਪੈ ਗਿਆ।

ਅੰਗਰੇਜ਼ਾਂ ਜਾਂ ਜਿਨਾਹ ਵੱਲੋਂ ਅਜਿਹੀ ਪੇਸ਼ਕਸ਼ ਦਾ ਇਤਿਹਾਸਕਾਰ ਖੰਡਨ ਕਰਦੇ ਹਨ। ਮਾਸਟਰ ਤਾਰਾ ਸਿੰਘ ਦੇ ਜਾਰੀ ਕੀਤਾ ਪਰਚੇ 'ਸੰਤ ਸਿਪਾਹੀ' ਦੇ ਅਗਸਤ 2010 ਦੀ ਸੰਪਾਦਕੀ ਦੀ ਸੁਰਖੀ ਹੈ ਕਿ '1947 ਵਿਚ ਕੀ ਖਾਲਿਸਤਾਨ ਮਿਲਦਾ ਸੀ?' ਇਸ ਵਿਚ ਲਿਖਿਆ ਹੈ ਕਿ ਕਾਂਗਰਸ ਨੇ ਬਿਨਾਂ ਕਿਸੀ ਸਬੂਤ, ਲਿਖਤ, ਦਸਤਾਵੇਜ਼ ਜਾਂ ਗਵਾਹੀ ਦੇ ਇਹ ਭੰਡੀ ਪ੍ਰਚਾਰ ਅਰੰਭਿਆ ਕਿ 1947 ਵਿਚ ਖਾਲਿਸਤਾਨ ਮਿਲਦਾ ਸੀ ਜਾਂ ਜਿਨਾਹ ਸਿੱਖਾਂ ਨੂੰ ਆਜ਼ਾਦੀ ਦੇਣਾ ਚਾਹੁੰਦਾ ਸੀ ਪਰ ਮਾਸਟਰ ਤਾਰਾ ਸਿੰਘ ਨੇ ਨਹੀਂ ਲਈ। ਇਸ ਵਿਚ ਅੱਗੇ ਲਿਖਿਆ ਹੈ ਕਿ 'ਪ੍ਰਸਿੱਧ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੋ ਪੰਜਾਬ ਬਟਵਾਰੇ ਦੇ ਮਸਲੇ 'ਤੇ ਮੁਹਾਰਤ ਰੱਖਦੇ ਹਨ, ਉਨ੍ਹਾਂ ਦਾ ਸਪਸ਼ਟ ਕਹਿਣਾ ਹੈ ਕਿ ਇਹ ਹਿੰਦੂਆਂ ਦਾ ਪ੍ਰਾਪੇਗੰਡਾ ਹੈ।'

ਪਰ ਇਸ ਪ੍ਰਾਪੇਗੰਡੇ ਵਿਚ ਤੁਸਾਂ ਹੱਦ ਹੀ ਮੁਕਾ ਦਿੱਤੀ। ਪਤਾ ਨਹੀਂ ਕਿਧਰੋਂ ਤੇ ਕਿਹੜਾ ਮਿਥਿਹਾਸ ਫਰੋਲਿਆ ਹੈ? ਤੁਸੀਂ ਲਿਖਦੇ ਹੋ ਕਿ ਅੰਗਰੇਜ਼ ਸਿੱਖਾਂ ਦੀ ਕੁਰਬਾਨੀਆਂ ਦੇ ਅਹਿਸਾਨਮੰਦ ਸਨ ਪਰ ਕਿਹੜੀਆਂ ਕੁਰਬਾਨੀਆਂ ਦੇ? ਜੋ 90% ਦਾ ਤੁਸੀਂ ਬਾਰ ਬਾਰ ਜ਼ਿਕਰ ਕਰਦੇ ਰਹੋ ਕਿ ਕੋਈ ਹੋਰ ਨੇ? ਜਿੱਥੋਂ ਤੱਕ ਪਹਿਲੀ ਤੇ ਦੂਜੀ ਜੰਗ ਜਾਂ ਅਫ਼ਗਾਨ ਜੰਗ ਦਾ ਸਵਾਲ ਹੈ ਅੰਗਰੇਜ਼ ਵੱਖ ਵੱਖ ਥਾਂਵਾਂ 'ਤੇ ਜਾ ਕੇ ਕਈਆਂ ਦੇ ਅਹਿਸਾਨਮੰਦ ਰਹੇ। ਕਿਧਰੇ ਗੋਰਖਿਆਂ ਦੇ, ਕਿਧਰੇ ਗੜ੍ਹਵਾਲੀਆਂ, ਜਾਟਾਂ, ਰਾਜਪੂਤਾਂ, ਮਰਾਠਿਆਂ ਤੇ ਪਠਾਣਾਂ ਦੇ ਅਤੇ ਇਹ ਲਿਸਟ ਬਹੁਤ ਲੰਬੀ ਹੈ। ਜੇ ਉਹ ਨਹੀਂ ਅਹਿਸਾਨਮੰਦ ਸਨ ਤਾਂ ਇਨ੍ਹਾਂ ਸਾਰਿਆਂ ਦੀਆਂ ਇਕੱਠੀਆਂ ਪਲਟਣਾਂ ਦੇ, ਉਨ੍ਹਾਂ ਹਜ਼ਾਰਾਂ ਹਿੰਦੁਸਤਾਨੀਆਂ ਦੇ ਜਿਨ੍ਹਾਂ ਨੂੰ ਇਹ ਸਮੁੰਦਰੀ ਜਹਾਜ਼ਾਂ ਵਿਚ ਬੈਠਾ ਕੇ ਦੂਰ ਦੇਸ਼ਾਂ ਵਿਚ ਲੈ ਕੇ ਜਾਂਦੇ ਰਹੇ। ਇਹ ਲੋਕ ਬਿਨਾਂ ਇਹ ਪੁੱਛੇ ਸਵਾਰ ਹੁੰਦੇ ਰਹੇ ਕਿ ਜਹਾਜ਼ ਕਿਧਰ ਜਾ ਰਿਹਾ ਹੈ। ਅੱਗੇ ਜਾ ਕੇ ਵੀ ਬਿਨਾਂ ਪੁੱਛਿਆਂ ਕਿ ਕਿਹੜੇ ਮੁਲਕ ਦੇ ਵਿਰੁਧ ਲੜ ਰਹੇ ਹਾਂ ਤੇ ਕਿਉਂ ਲੜ ਰਹੇ ਹਾਂ, ਜਾਨਾਂ ਲਈ ਗਏ ਤੇ ਦੇਈ ਗਏ।

ਤੁਸੀਂ ਲਿਖਦੇ ਹੋ ਕਿ ਇਨ੍ਹਾਂ ਅਹਿਸਾਨਾਂ ਹੇਠ ਦੱਬਿਆ ਹੀ ਅੰਗਰੇਜ਼ ਸਿੱਖਾਂ ਨੂੰ ਬਰਾਬਰ ਦੀ ਤੀਸਰੀ ਕੌਮ ਮੰਨਦਾ ਸੀ ਤੇ ਵੀਟੋ ਪਾਵਰ ਦੇ ਰਿਹਾ ਸੀ। ਪਤਾ ਨਹੀਂ ਅਜਿਹਾ ਕਿਹੜਾ ਫ਼ੁਰਮਾਨ ਕਿਹੜੇ ਸਰਕਾਰੀ ਅਫ਼ਸਰ ਜਾਂ ਅਦਾਰੇ ਨੇ ਕਿਹੜੀ ਤਰੀਖ ਨੂੰ ਕੀਤਾ ਸੀ? ਤੁਸੀਂ ਲਿਖਦੇ ਹੋ ਕਿ ਵਲੈਤ ਦੀ ਇਕ ਮੀਟਿੰਗ ਵਿਚ ਅੰਗਰੇਜ਼ਾਂ ਨੇ ਬਲਦੇਵ ਸਿੰਘ ਨੂੰ ਇਕ ਦਿਨ ਰੁਕਣ ਵਾਸਤੇ ਕਿਹਾ ਪਰ ਉਹ ਨਹਿਰੂ ਦੇ ਢਹੇ ਚੜ੍ਹਿਆ ਰੁਕਿਆ ਨਹੀਂ। ਬਲਦੇਵ ਸਿੰਘ ਦੇ ਨਹਿਰੂ ਦੇ ਨਾਲ ਤੁਰ ਆਉਣ 'ਤੇ ਅੰਗਰੇਜ਼ਾਂ ਮੱਥੇ 'ਤੇ ਹੱਥ ਮਾਰਿਆ। ਪਤਾ ਨਹੀਂ ਕਿਹੜੇ ਕਿਹੜੇ ਅੰਗਰੇਜ਼ ਨੇ ਮੱਥੇ 'ਤੇ ਹੱਥ ਮਾਰਿਆ ਤੇ ਕਿੰਨੀ ਕੁ ਜ਼ੋਰ ਦੀ ਮਾਰਿਆ ਤੇ ਕਿਸ ਨੇ ਮਾਰਦਿਆਂ ਵੇਖਿਆ?

ਮੱਥੇ 'ਤੇ ਹੱਥ ਮਾਰ ਕੇ ਅੰਗਰੇਜ਼ਾਂ ਨੇ ਆਖਰ ਕਿਹਾ ਕੀ ਸੀ? ਇਹ ਤੁਸੀ ਪੁੱਠੇ ਕਾਮਿਆਂ ਵਿਚ ਲਿਖ ਕੇ ਦੱਸਦੇ ਹੋ ਕਿ, "ਅਸੀਂ ਸਿੱਖਾਂ ਨੂੰ ਬਚਾਉਣਾ ਚਾਹੁੰਦੇ ਸੀ, ਇਹ ਬੇੜੀਆਂ ਹੀ ਰੋੜ ਗਿਆ। ਸਿੱਖੋ ਇਸ ਵੇਲੇ ਨੂੰ ਸਾਰੀ ਉਮਰ ਪਛਤਾਓਗੇ। ਵੱਡੀ ਗੱਲ ਨਹੀਂ, ਇਸ ਤੁਅੱਸਬੀ ਜੰਗ ਵਿਚ ਤੁਹਾਡੀ ਹੋਂਦ ਨਾਲ ਕੀ ਵਾਪਰੇ। ਤੁਸੀਂ ਹੱਸ ਹੱਸ ਮਰਨ ਤਾਂ ਜਾਣਦੇ ਹੋ ਪਰ ਤੁਹਾਨੂੰ ਸਮੇਂ ਸਿਰ ਜੀਣਾ ਕਦੇ ਨਾ ਆਇਆ। ਅਸੀਂ ਤੁਹਾਡੀਆਂ ਖਿਦਮਤਾਂ ਦਾ ਮੁੱਲ ਮੋੜਨਾ ਚਾਹੁੰਦੇ ਸਾਂ ਪਰ ਤੁਸੀਂ ਸਾਡੀ ਦੋਸਤੀ ਦਾ ਹੱਥ ਹੀ ਮਰੋੜ ਕੇ ਤੁਰ ਗਏ। ਅੱਜ ਦੇ ਖੁੰਝੇ ਵੇਲੇ ਨੂੰ ਤੁਸੀਂ ਹੀ ਨਹੀਂ, ਤੁਹਾਡੀਆਂ ਨਸਲਾਂ ਤੱਕ ਪਛੇਤਾਉਣਗੀਆਂ।"

ਪੁੱਠੇ ਕਾਮੇ ਦੱਸਦੇ ਹਨ ਕਿ ਇਹ ਕਿਸੇ ਦੇ ਮੂੰਹੋਂ ਬੋਲੇ ਸ਼ਬਦ ਹਨ ਜਾਂ ਕਿਸੇ ਮਤੇ ਦਾ ਹਵਾਲਾ ਹੈ। ਬਤੌਰ ਇਤਿਹਾਸ ਦੇ ਵਿਦਿਆਰਥੀ ਮੇਰੀ ਉਤਸੁਕਤਾ ਹੈ, ਸ਼ਾਇਦ ਹੋਰਨਾਂ ਪੜ੍ਹਦੇ ਸੁਣਦਿਆਂ ਦੀ ਵੀ ਹੋਵੇ, ਕਿ ਇਹ ਕਿਸ ਅੰਗਰੇਜ਼ ਦੇ ਬੋਲ ਸਨ, ਉਨ੍ਹਾਂ ਦਾ ਪੰਜਾਬੀ ਤਰਜਮਾ ਕਿਸ ਨੇ ਕੀਤਾ, ਕਦੋਂ ਕੀਤਾ ਤੇ ਇਸ ਇਬਾਰਤ ਦਾ ਅੰਗਰੇਜ਼ੀ ਮੂਲ ਕੀ ਹੈ? ਇਸੇ ਤਰ੍ਹਾਂ ਇਕ ਜਗ੍ਹਾ ਤੁਸਾਂ ਗਾਂਧੀ ਤੇ ਜਿਨਾਹ ਦੇ ਵੀ ਲੰਬੇ ਡਾਇਲਾਗ ਲਿਖੇ ਹਨ, ਠੇਠ ਪੰਜਾਬੀ ਵਿਚ, ਜਿਥੇ ਜਿਨਾਹ ਆਪਣੇ ਆਪ ਨੂੰ ਖੋਜਾ ਤੇ ਗਾਂਧੀ ਨੂੰ ਖੱਤਰੀ ਦੱਸਦਾ ਹੈ। ਦੋਹਾਂ ਦੀ ਮਾਂ ਬੋਲੀ ਗੁਜਰਾਤੀ ਸੀ ਪਰ ਜਿਨਾਹ ਹਮੇਸ਼ਾ ਅੰਗਰੇਜ਼ੀ ਹੀ ਬੋਲਦਾ ਸੀ। ਇਸ ਵਾਸਤੇ ਇਹ ਵੀ ਮੈਂ ਸੋਚੀ ਜਾ ਰਿਹਾ ਹਾਂ ਕਿ ਅੰਗਰੇਜ਼ੀ ਵਿਚ ਇਨ੍ਹਾਂ ਡਾਇਲਾਗਾਂ ਦਾ ਕੀ ਰੂਪ ਹੋਵੇਗਾ। ਇਨ੍ਹਾਂ ਵਿਚ ਜਿਨਾਹ ਦੇ ਬੋਲ ਨੇ, "ਮੈਂ ਸਿੱਖਾਂ ਵਾਂਗ ਗਰਮ ਲੋਹੇ ਦੀ ਵੱਤ ਗੁਆਉਣ ਵਾਲਾ ਵੀ ਨਹੀਂ।" ਪਤਾ ਨਹੀਂ ਜਿਨਾਹ ਦੇ ਅੰਗਰੇਜ਼ੀ ਵਿਚ ਅਸਲ ਬੋਲ ਕੀ ਹੋਣਗੇ? ਚੰਗਾ ਹੁੰਦਾ ਜੇ ਤੁਸਾਂ ਜਿੱਥੋਂ ਇਹ ਡਾਇਲਾਗ ਲਏ, ਉਸ ਦਸਤਾਵੇਜ਼ ਦਾ ਹਵਾਲਾ ਵੀ ਦਿੱਤਾ ਹੁੰਦਾ।

ਇਹ ਕੁਝ ਵਿਚਾਰਨਾ ਇਸ ਵਾਸਤੇ ਜ਼ਰੂਰੀ ਹੋ ਗਿਆ ਹੈ ਕਿ ਇਸ ਦਾ ਜੋ ਨਤੀਜਾ ਤੁਸੀਂ ਦੱਸ ਰਹੇ ਹੋ, ਉਹ ਭਿਆਨਕ ਹੈ। ਇਸੇ ਦਾ ਨਤੀਜਾ ਤੁਸੀਂ ਅੱਗੇ ਲਿਖ ਰਹੇ ਹੋ ਕਿ ਹੁਣ ਇਸ ਰਾਜਸੀ ਹਾਰ ਵਿਚ ਕੁੱਟ ਖਾਧੀ, ਕਤਲੇਆਮਾਂ ਸਹੀਆਂ, ਪਵਿੱਤਰ ਸ੍ਰੀ ਅਕਾਲ ਢਹਾਇਆ, ਧੀਆਂ ਭੈਣਾਂ ਦੀ ਬੇਇਜ਼ਤੀ ਦਾ ਆਰ ਪਾਰ ਨਹੀਂ। ਇਸ ਕੌਮੀ ਪੱਟੀ ਮੇਸ ਦੀ ਲਾਹਨਤ ਸਮੁੱਚੀ ਅਕਾਲੀ ਪਾਰਟੀ, ਜਜ਼ਬਾਤੀ ਮਾਸਟਰ ਤਾਰਾ ਸਿੰਘ ਜਾਂ ਅਨਾੜੀ ਬਲਦੇਵ ਸਿੰਘ ਨੂੰ ਦੇਈਏ ਜਾਂ ਸਮੁੱਚੀ ਕੌਮ ਅੰਨੇ ਖੂਹ ਵਿਚ ਛਾਲਾਂ ਮਾਰੇ? ਇਸ ਕਿਤਾਬ ਵਿਚ ਤੁਸਾਂ ਬਲਦੇਵ ਸਿੰਘ ਨੂੰ ਕਈ ਜਗ੍ਹਾ ਕੋਸਿਆ ਹੈ ਕਿ ਉਸ ਨੇ ਬੇੜੀ ਡੋਬ ਦਿੱਤੀ। ਉਸ ਨੂੰ 'ਖਾਲੀ ਸਿਰ' ਤੇ 'ਲਿਆਕਤ ਦੇ ਪੱਖੋਂ ਲੋਹਾ ਕੁੱਟ ਸਿਫਰ' ਹੀ ਦੱਸਿਆ ਹੈ।

ਇਤਿਹਾਸਕਾਰਾਂ ਦੇ ਖੰਡਨ ਦੇ ਬਾਵਜੂਦ ਪਤਾ ਨਹੀਂ ਤੁਸੀਂ ਕਿਹੜੇ ਦਸਤਾਵੇਜ਼ਾਂ ਦੇ ਆਧਾਰ 'ਤੇ ਵਾਰ ਵਾਰ ਇਹ ਗੱਲ ਦੁਹਰਾਈ ਹੈ ਕਿ ਅੰਗਰੇਜ਼ ਸਿੱਖਾਂ ਵਾਸਤੇ ਇਕ ਵੱਖਰੇ ਮੁਲਕ ਦੀ ਪਲਾਨ ਬਣਾ ਰਹੇ ਸਨ। ਬਲਕਿ ਤੁਸੀਂ ਆਪਣੀ ਜ਼ੋਰਦਾਰ ਸ਼ੈਲੀ ਵਿਚ ਇਸ ਨੂੰ ਬਿਆਨ ਵੀ ਬਹੁਤ ਜ਼ੋਰ ਨਾਲ ਤੇ ਆਪਣੇ ਰੁਤਬੇ ਤੋਂ ਕਿਤੇ ਮਾੜੇ ਸ਼ਬਦਾਂ ਵਿਚ ਕਰਦੇ ਹੋ। ਤੁਹਾਡੇ ਲਫ਼ਜ਼ ਹਨ, "ਜਦੋਂ ਬਰਾਬਰ ਦਾ ਤੀਜਾ ਭਰਾ ਸਮਝ ਕੇ ਕੌਮੀ ਹਿੱਸਾ ਸਿੱਧਾ ਅੰਗਰੇਜ਼ਾਂ ਤੋਂ ਮਿਲਦਾ ਸੀ, ਸਾਡੇ ਬਾਂਦਰ ਫੋਕੀਆਂ ਖਿੱਲਾਂ ਉਤੇ ਹੀ ਚਾਮ੍ਹਲ ਗਏ। ਮਾਸਟਰ ਤਾਰਾ ਸਿੰਘ ਗੱਲ ਕਰਨ ਗਿਆ ਮਿਸਟਰ ਜਿਨਾਹ ਨੂੰ ਬਿਨਾ ਮਿਲੇ ਹੀ ਪਟਿਆਲਿਓਂ ਨੱਠ ਆਇਆ ਤੇ ਆਏ ਜਿਨਾਹ ਨੇ ਮੱਥੇ 'ਤੇ ਹੱਥ ਮਾਰਿਆ, 'ਓਏ ਸਿੱਖੋ, ਮੈਂ ਕੀ ਕਰ ਸਕਦਾ ਹਾਂ ਜੇ ਤੁਸੀਂ ਗੁਲਾਮੀ ਹੀ ਭੋਗਣਾ ਚਾਹੁੰਦੇ ਹੋ।" ਜਿਨਾਹ ਨੂੰ ਤਾਂ ਤੁਸਾਂ ਮਿਸਟਰ ਲਿਖਿਆ ਪਰ ਤੁਹਾਡੇ ਅਗਲੇ ਪੈਰੇ ਦੇ ਸ਼ਬਦ ਨੇ, "ਹੁਣ ਮਾਸਟਰ ਤਾਰਾ ਸਿੰਘ ਨੂੰ ਰੋਈਏ ਕਿ ਬਲਦੇਵੇ ਨੂੰ?"

ਅੰਗਰੇਜ਼ਾਂ ਵੱਲੋਂ ਸਿਰਫ ਕਿਸੇ ਪੇਸ਼ਕਸ਼ ਦੀ ਹੀ ਨਹੀਂ ਤੁਸਾਂ ਤਾਂ ਦਿਲੀ ਹਮਦਰਦੀ ਦੀ ਵੀ ਗੱਲ ਕੀਤੀ ਹੈ, ਤੁਹਾਡੇ ਬੋਲ ਨੇ, "ਅੰਗਰੇਜ਼ਾਂ ਦੀ ਦਿੱਤੀ ਵੀਟੋ ਪਾਵਰ ਤੇ ਦਿਲੀ ਹਮਦਰਦੀ ਮਾਸਟਰ ਜੀ ਨੇ ਖੂਹ ਖਾਤੇ ਪਾ ਛੱਡੀ।" ਤੁਸਾਂ ਇਥੋਂ ਤੱਕ ਲਿਖਿਆ, "ਮਾਸਟਰ ਤਾਰਾ ਸਿੰਘ ਨੇ ਸਿੱਖਾਂ ਦੀ ਕਬਰ ਪੁੱਟੀ ਤੇ ਬਲਦੇਵ ਸਿੰਘ ਨੇ ਬੇਲਚੇ ਨਾਲ ਮਿੱਟੀ ਪੂਰ ਦਿੱਤੀ।" ਇਸ ਦਾ ਕਾਰਨ ਤੁਸੀਂ ਇਹ ਦੱਸਦੇ ਹੋ ਕਿ ਮਾਸਟਰ ਤਾਰਾ ਸਿੰਘ ਇਕ ਹਿੰਦੂ ਨਾਨਕ ਚੰਦ ਦਾ ਪੁਤਰ ਸੀ ਤੇ ਇਸ ਦਾ ਪਹਿਲਾ ਨਾਂ ਗੋਪੀ ਚੰਦ ਸੀ। ਇਹ ਸ਼ਬਦ ਤੁਸਾਂ ਹਰੀ ਦੇ ਸਿੰਘ ਦੇ ਮੂੰਹੋਂ ਕਹਾਏ ਹਨ।

ਇਸ ਮੁੱਦੇ ਉਪਰ ਤੁਹਾਡਾ ਏਨਾ ਪੱਕਾ

(ਬਾਕੀ ਅਗਲੇ ਸਫੇ 'ਤੇ)

**ਤੁਸੀਂ ਆਪ ਸੋਚੋ, ਜੇ ਅਕਾਲ ਤਖ਼ਤ ਦੇ ਮੁਖੀ ਡਿਪਟੀ ਕਮਿਸ਼ਨਰਾਂ ਨੂੰ ਵਫ਼ਦ ਬਣ ਕੇ ਮਿਲਣਗੇ, ਮੈਮੋਰੈਂਡਮ ਦੇਣਗੇ ਤੇ ਫੌਜਦਾਰੀ ਆਦੇਸ਼ ਜਾਰੀ ਕਰਨਗੇ ਤਾਂ ਆਪਣੇ ਸਤਿਕਾਰ ਨੂੰ ਬੇਲੋੜੇ ਇਮਤਿਹਾਨ ਵਿਚ ਨਹੀਂ ਪਾਉਣਗੇ? ਫਿਰ ਵੀ ਅਕਾਲ ਤਖਤ ਨੂੰ ਪੰਜਾਬੀ ਕੌਮੀਅਤ ਦਾ ਤਰਜਮਾਨ ਨਹੀਂ ਕਿਹਾ ਜਾ ਸਕਦਾ ਕਿਉਂਕਿ ਅਕਾਲ ਤਖ਼ਤ ਦਾ ਘੇਰਾ ਪੰਜਾਬੀਅਤ ਨਾਲੋਂ ਬਹੁਤ ਵਿਸ਼ਾਲ ਹੈ।**

**ਹਾਂ, ਜਦੋਂ ਮੈਂ ਪੰਜਾਬ ਨਾਲ ਪਿਆਰ ਦੀ ਗੱਲ ਕਰਦਾ ਹਾਂ ਤਾਂ ਉਸ ਦਾ ਮਤਲਬ ਇਹ ਨਹੀਂ ਕਿ ਕਿਸੇ ਹੋਰ ਸੂਬੇ, ਹਰਿਆਣਾ, ਆਂਧਰਾ ਜਾਂ ਰਾਜਸਥਾਨ ਨਾਲ ਘੱਟ ਪਿਆਰ ਕਰਦਾ ਹੋਵਾਂਗਾ। ਮੇਰਾ ਪੰਜਾਬ ਨਾਲ ਪਿਆਰ ਮੈਨੂੰ ਕਿਸੇ ਹੋਰ ਸੂਬੇ ਨਾਲ ਪਿਆਰ ਕਰਨ ਤੇ ਉਸ ਦੀ ਖੁਸ਼ਹਾਲੀ ਮੰਗਣ ਤੋਂ ਨਹੀਂ ਰੋਕਦਾ। ਪੰਜਾਬ ਨਾਲ ਇਹ ਅਪਣੱਤ ਜ਼ਰੂਰ ਹੈ ਕਿ ਉਹ ਮੇਰਾ ਸੂਬਾ ਹੈ। ਮੈਂ ਨਾ ਪੰਜਾਬ ਦਾ ਪੁੱਤਰ ਹਾਂ ਤੇ ਨਾ ਹੀ ਭਾਰਤ ਮਾਤਾ ਦੀ ਜੈ ਦਾ ਨਾਹਰਾ ਲਗਾ ਸਕਦਾ ਹਾਂ। ਮੈਂ ਜੈ-ਹਿੰਦ ਦੇ ਸੰਬੋਧਨ ਦਾ ਜਵਾਬ ਵੀ ਟਾਲ ਦਿੰਦਾ ਹਾਂ। ਹਿੰਦ ਮੇਰਾ ਮੁਲਕ ਹੈ, ਮੈਂ ਹਿੰਦ ਨਾਲ ਪਿਆਰ ਕਰਦਾ ਹਾਂ ਪਰ ਸਿਰਫ ਮੇਰੇ ਹੀ ਮੁਲਕ ਦੀ ਜੈ ਕਿਉਂ ਹੋਵੇ, ਸਭ ਮੁਲਕਾਂ ਦੀ ਕਿਉਂ ਨਹੀਂ।**

# ਗੁਰੂ ਗ੍ਰੰਥ ਸਾਹਿਬ ਅਧਿਐਨ:ਕੰਪਿਊਟਰ ਤੇ ਡਿਜ਼ੀਟਲ ਤਕਨਾਲੋਜੀ

***ਸਮੇਂ ਦੀ ਲੋੜ ਹੈ ਕਿ ਗੁਰਮਤਿ ਫਿਲਾਸਫੀ ਅਤੇ ਸਿੱਖੀ ਸੁਨੇਹੇ ਨੂੰ ਦੂਰ ਦੂਰ ਤੱਕ ਪਹੁੰਚਦਾ ਕਰਨ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇ ਜਿਸ ਵਿਚ ਕੰਪਿਊਟਰ ਅਤੇ ਡਿਜ਼ੀਟਲ ਤਕਨਾਲੋਜੀ ਵੀ ਸ਼ਾਮਲ ਹੈ। ਰਵਾਇਤੀ ਵਿਚਾਰਧਾਰਾ ਵਲੋਂ ਇਸ ਪਹੁੰਚ ਦਾ ਵਿਰੋਧ ਹੋਣਾ ਕੁਦਰਤੀ ਹੈ। ਲੋੜ ਇਨ੍ਹਾਂ ਦੋਹਾਂ ਵਿਚਾਲੇ ਤਵਾਜ਼ਨ ਕਾਇਮ ਕਰਨ ਦੀ ਹੈ। ਹਾਲ ਹੀ ਵਿਚ "ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ:ਕੰਪਿਊਟਰ ਅਤੇ ਡਿਜ਼ੀਟਲ ਤਕਨਾਲੋਜੀ ਦੀ ਵਰਤੋਂ" ਵਿਸ਼ੇ ਉਤੇ ਇਕ ਵਰਕਸ਼ਾਪ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਕਰਵਾਈ ਗਈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਬਲਕਾਰ ਸਿੰਘ ਹੋਰਾਂ ਇਹ ਪਰਚਾ ਇਸ ਵਰਕਸ਼ਾਪ ਵਿਚ ਪੜ੍ਹਿਆ ਸੀ। ਅਸੀਂ ਇਥੇ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਛਾਪ ਰਹੇ ਹਾਂ। -ਸੰਪਾਦਕ***



ਬਲਕਾਰ ਸਿੰਘ (ਪ੍ਰੋ.),ਪਟਿਆਲਾ

ਵਰਕਸ਼ਾਪ-ਥੀਮ ਨੂੰ ਗਿੱਚੀਉਂ ਫੜਨ ਤੋਂ ਪਹਿਲਾਂ ਇਸ ਮੁੱਦੇ ਨਾਲ ਜੁੜੇ ਹੋਏ ਆਤੰਕ ਨੂੰ ਨਿਜੀ ਹਵਾਲੇ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਕੰਪਿਊਟਰ ਅਤੇ ਟਾਈਪਿੰਗ ਮੈਂ ਸਿੱਖੀ ਨਹੀਂ, ਸਿੱਖਣੀ ਪਈ ਸੀ ਕਿਉਂਕਿ ਅਮਰੀਕਾ ਵਿਚ ਇਸ ਤੋਂ ਬਿਨਾਂ ਪੜ੍ਹਾਇਆ ਨਹੀਂ ਜਾ ਸਕਦਾ ਸੀ? ਹੋਇਆ ਇਹ ਕਿ ਪੈਨ ਡਰਾਈਵ ਤੇ ਟਾਈਪ ਕੀਤੀ ਪੁਸਤਕ ਨੂੰ ਸੋਧਦਿਆਂ ਪਤਾ ਲੱਗਾ ਕਿ ਮਿਹਨਤ ਸਾਫ ਹੋ ਗਈ ਹੈ। ਇਸ ਮਾਯੂਸੀ ਵਿਚ ਮੈਂ ਕੰਪਿਊਟਰ ਤੋਂ ਡਰਨ ਲੱਗ ਪਿਆ ਅਤੇ ਕਈ ਦਿਨ ਕੰਮ ਹੀ ਨਾ ਕੀਤਾ। ਇਕ ਦਿਨ ਇਕ ਖੋਜ ਵਿਦਿਆਰਥੀ ਮਦਦ ਲਈ ਆ ਗਿਆ ਪਰ ਉਸ ਦੀ ਗੱਲ ਸੁਣਨ ਦੀ ਥਾਂ ਮੈਂ ਇਹੀ ਕਹੀ ਜਾਵਾਂ ਕਿ ਤੈਨੂੰ ਕੰਪਿਊਟਰ ਦੀ ਕੋਈ ਸਮਝ ਹੈ? ਸਵਾਲ 'ਤੇ ਉਹ ਘਬਰਾਇਆ ਕਿਉਂਕਿ ਉਸ ਨੇ ਮੈਨੂੰ ਕਦੀ ਇਸ ਤਰ੍ਹਾਂ ਵੇਖਿਆ ਨਹੀਂ ਹੋਣਾ? ਕੋਸ਼ਿਸ਼ ਕਰਨ ਦੇ ਹੁੰਗਾਰੇ ਨਾਲ ਉਸ ਨੇ ਮੇਰੀ ਸਮੱਸਿਆ ਨਾਲ ਜੂਝਣਾ ਸ਼ੁਰੂ ਕਰ ਦਿੱਤਾ ਅਤੇ ਉਸ ਨੂੰ ਕਿਤਾਬ ਮਿਲ ਗਈ। ਉਸ ਨੂੰ ਸਮਝਾਉਣਾ ਨਹੀਂ ਆਇਆ ਅਤੇ ਮੈਨੂੰ ਸਮਝਣਾ ਨਹੀਂ ਆਇਆ ਪਰ ਮੈਨੂੰ ਲਗਿਆ ਕਿ ਕੰਪਿਊਟਰ ਵੀ ਵਿਗਿਆਨਕ ਜਿੰਨ ਹੈ। ਜੇ ਤੁਸੀਂ ਵੱਸ ਵਿਚ ਕਰ ਲਿਆ ਤਾਂ ਮੌਜਾਂ ਹੀ ਮੌਜਾਂ। ਜੇ ਤੁਸੀਂ ਕੰਪਿਊਟਰ ਦੇ ਵੱਸ ਵਿਚ ਹੋ ਗਏ ਤਾਂ ਮਾਰੇ ਗਏ। ਇਸ ਦੀ ਪੁਸ਼ਟੀ ਇਕ ਮਾਹਿਰ ਵਿਦਵਾਨ ਦੀ ਇਸ ਰਾਏ ਤੋਂ ਵੀ ਹੋ ਜਾਂਦੀ ਹੈ ਕਿ ਅਮਰੀਕਾ ਨੂੰ ਦਰਪੇਸ਼ ਵਰਤਮਾਨ ਚਾਰ ਚੁਣੌਤੀਆਂ ਵਿਚੋਂ ਇੱਕ ਕੰਪਿਊਟਰ ਨਾਲ ਜੁੜੀ ਹੋਈ ਵੀ ਹੈ- keeping up with information technology revolution. ਅਰਥਾਤ ਸੂਚਨਾ ਤਕਨਾਲੋਜੀ ਇਨਕਲਾਬ ਨਾਲ ਕਦਮ ਮਿਲਾ ਕੇ ਚਲਣਾ।

ਮੇਰੀ ਸਕੂਲ ਪੜ੍ਹਦੀ ਪੋਤੀ ਮੈਨੂੰ ਇਹ ਕਈ ਵਾਰ ਕਹਿ ਚੁੱਕੀ ਹੈ, "ਜੇ ਮੈਂ ਨ ਹੋਵਾਂ, ਦਾਦੂ ਤੁਹਾਡਾ ਕੀ ਬਣੇ?" ਗੱਲ ਮੁਕਾਉਣ ਵਾਸਤੇ ਕਹਿ ਸਕਦਾ ਹਾਂ ਕਿ ਕੰਪਿਊਟਰ ਤਕਨਾਲੋਜੀ ਮੇਰੇ ਵਰਗਿਆਂ ਲਈ ਤੁੱਕਾਨੁਮਾ ਫੈਸ਼ਨ ਹੈ ਕਿਉਂਕਿ ਇਹ ਅਕਾਦਮਿਕ ਸਟੇਟਸ ਬਣ ਗਿਆ ਹੈ। ਕੰਪਿਊਟਰ ਸੂਚਨਾ ਮੁਹੱਈਆ ਕਰਦਾ ਹੈ ਪਰ ਇਸ ਨੂੰ ਹਜਮ ਕਰਨ ਵਾਸਤੇ ਲੋੜੀਂਦੀ ਸਪੇਸ ਮੁਹੱਈਆ ਨਹੀਂ ਕਰਦਾ। ਇਸੇ ਕਰਕੇ ਗਿਆਨ (ਨਾਲੇਜ) ਅਤੇ ਸਿਆਣਪ (ਵਿਜ਼ਡਮ) ਵਿਚਕਾਰ ਫਰਕ ਕਰਨ ਦਾ ਬਿਬੇਕ ਦਿਨੋਂ-ਦਿਨ ਗੁਆਚਦਾ ਜਾ ਰਿਹਾ ਹੈ। ਇਹ ਵੀ ਸਮੇਂ ਦਾ ਸੱਚ ਹੈ ਕਿ ਕੰਪਿਊਟਰ ਸੇਵਾਵਾਂ ਲਏ ਬਗੈਰ ਸਮਕਾਲ ਦੇ ਹਾਣ ਦਾ ਨਹੀਂ ਹੋਇਆ ਜਾ ਸਕਦਾ ਕਿਉਂਕਿ ਕੰਪਿਊਟਰ ਨੂੰ ਮਾਧਿਅਮ ਬਣਾਏ ਬਗੈਰ ਨਵੀਂ ਪਨੀਰੀ ਨਾਲ ਰਿਸ਼ਤਾ ਨਹੀਂ ਜੋੜਿਆ ਜਾ ਸਕਦਾ? ਘਰ ਵਿਚ ਬੱਚਿਆਂ ਦੇ ਸੁਆਦ ਦਾ ਧਿਆਨ ਨਹੀਂ ਰੱਖਾਂਗੇ ਤਾਂ ਉਹ ਮੈਕਡਾਨਲਡ ਤੱਕ ਪਹੁੰਚ ਹੀ ਜਾਣਗੇ?

ਇਸ ਬਾਰੇ ਕੋਈ ਦੁਬਿਧਾ ਨਹੀਂ ਹੋਣੀ ਚਾਹੀਦੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਲੋੜਵੰਦਾਂ ਤੱਕ ਲੈ ਕੇ ਜਾਣ ਲਈ ਕੰਪਿਊਟਰ ਨੂੰ ਮਾਧਿਅਮ ਵਜੋਂ ਵਰਤਣਾ ਹੀ ਚਾਹੀਦਾ ਹੈ ਪਰ ਇਹ ਧਿਆਨ ਵਿਚ ਜ਼ਰੂਰ ਰਖਣਾ ਚਾਹੀਦਾ ਹੈ ਕਿ ਕੰਪਿਊਟਰ 'ਤੇ ਭਰੋਸਾ ਸਹਾਇਕ ਸੰਦ ਵਜੋਂ ਹੀ ਕੀਤਾ ਜਾਣਾ ਚਾਹੀਦਾ ਹੈ। ਇਸ ਗੱਲ ਨੂੰ ਇਸ ਤਰ੍ਹਾਂ ਵੀ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ ਕਿ ਕੰਪਿਊਟਰ ਨੂੰ ਵਰਤਣਾ ਹੈ ਅਤੇ ਇਸ ਹੱਥੋਂ ਵਰਤੇ ਨਹੀਂ ਜਾਣਾ। ਇਹ ਕੰਪਿਊਟਰ ਅਤੇ ਬਾਣੀ ਵਿਚੋਂ ਪਹਿਲ ਕਿਸ ਨੂੰ ਦੇਣੀ ਹੈ, ਨਾਲ ਜੁੜਿਆ ਹੋਇਆ ਸੁਝਾਅ ਹੈ।

ਸਿੱਖ ਧਰਮ ਵਰਤਮਾਨ ਦਾ ਧਰਮ ਹੈ ਅਤੇ ਭੂਤ ਦੇ ਭੈਅ ਅਤੇ ਭਵਿਖ ਦੇ ਲਾਰਿਆਂ ਦੇ ਵਿਰੋਧ ਵਿਚ ਮੁੱਢ ਤੋਂ ਹੀ ਭੁਗਤਦਾ ਆ ਰਿਹਾ ਹੈ। ਇਸ ਵਿਲਖਣਤਾ ਨੂੰ ਪ੍ਰਾਪਤੀ ਨਾਲੋਂ ਵਧ ਵੰਗਾਰ ਵਜੋਂ ਲਏ ਜਾਣ ਦੀ ਲੋੜ ਹੈ। ਪ੍ਰਾਪਤੀ, ਮਾਲਕੀ ਦੇ ਅਹਿਸਾਸ ਵਲ ਲੈ ਕੇ ਤੁਰਦੀ ਹੈ ਅਤੇ ਇਹ ਮਾਰਗ "ਗੁਰੂ ਮੇਰਾ ਹੈ" ਵਲ ਜਾਂਦਾ ਹੈ ਪਰ ਵੰਗਾਰ, ਸਨਮੁੱਖਤਾ ਹੈ ਅਤੇ "ਮੈਂ ਗੁਰੂ ਦਾ ਹਾਂ" ਦੀ ਵਚਨਬੱਧਤਾ ਵਲ ਲੈ ਕੇ ਜਾਂਦੀ ਹੈ। ਵਚਨਬੱਧਤਾ, ਵਰਤਮਾਨ ਦੀ ਸੰਭਾਲ ਹੁੰਦੀ ਹੈ। ਵਰਤਮਾਨ ਦੀ ਸੰਭਾਲ ਵਿਚ ਸਮਕਾਲ ਦੀਆਂ ਦੁਸ਼ਵਾਰੀਆਂ ਨਾਲ ਜੂਝਣ (ਜੂਝ ਮਰਉ ਤਉ ਸਾਚ ਪਤੀਜੈ) ਦੇ ਨਾਲ ਨਾਲ ਭਰਮਮੂਲਕ ਕਰਮਾਂ ਅਤੇ ਅਗਿਆਨ ਕਲਪਿਤ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਨਾ ਸ਼ਾਮਲ ਹੁੰਦਾ ਹੈ। ਅਜਿਹਾ ਤਾਂ ਹੀ ਸੰਭਵ ਹੈ, ਜੇ ਸਮਕਾਲੀ ਚੇਤਨਾ ਦੇ ਹਾਣ ਦਾ ਹੋ ਕੇ ਵਿਚਰਿਆ ਜਾਵੇ। ਸਮਕਾਲ ਤੇ ਸਰਦਾਰੀ, ਗੁਰਮਤਿ ਦਾ ਕੇਂਦਰੀ ਸਰੋਕਾਰ ਹੈ।

ਸਮਕਾਲੀ ਚੇਤਨਾ ਨੂੰ ਕਮਜ਼ੋਰ ਕਰਦੇ ਹਨ-ਪ੍ਰਤੀਕਰਮੀ (ਰੀਐਕਟਿਵ) ਸਰੋਕਾਰ। ਇਹ ਜਵਾਬ-ਉਲ-ਜਵਾਬ ਦੀ ਵਕਤੀ ਸੰਤੁਸ਼ਟੀ ਤੋਂ ਅਗੇ ਨਹੀਂ ਤੁਰਦੇ। ਇਸ ਲਈ ਸਮਕਾਲੀ ਚੇਤਨਾ ਨੂੰ ਸਿਹਤਮੰਦ ਬਣਾਉਂਦੇ ਹਨ-ਪਹਿਲ ਕਰਮੀ (ਪਰੋਐਕਟਿਵ) ਸਰੋਕਾਰ। ਇਸ ਦਾ ਬਾਣੀ ਆਧਾਰ ਹੈ:

ਅਗੋ ਦੇ ਜੇ ਚੇਤੀਐ
ਤਾ ਕਾਇਤੁ ਮਿਲੈ ਸਜਾਇ॥
ਸਾਹਾ ਸੁਰਤਿ ਗਵਾਈਆ
ਰੰਗ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ
ਕੁਇਰੁ ਨ ਰੋਟੀ ਖਾਇ॥੪੧੭॥

ਇਸ ਗੁਰੂ ਬਚਨ ਦਾ ਭੂਤਕਾਲੀਨ ਪ੍ਰਸੰਗ ਬਾਬਰ ਵਾਣੀ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ ਅਤੇ ਇਸ ਦਾ ਭਵਿਖਮੁਖੀ ਪ੍ਰਸੰਗ ਇਸ ਦੀ ਡੀਕੋਡਿੰਗ ਕਰਕੇ ਪਹਿਲ ਕਰਮੀ (ਪਰੋਐਕਟਿਵ) ਸੋਚ ਵਜੋਂ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ ਪਰ ਇਸ ਦਾ ਵਰਤਮਾਨ ਪ੍ਰਸੰਗ, ਕਿਸੇ ਵੀ ਸਮਕਾਲ ਦੀ ਚੇਤਨਾ ਨੂੰ, ਕਿਸੇ ਵੀ ਸਮਕਾਲ ਦੇ ਹਾਣ ਦਾ ਬਣਾਉਣ ਵਲ ਸੇਧਤ ਰਹਿਣਾ ਚਾਹੀਦਾ ਹੈ। ਮੇਰੀ ਸਮਝ



ਵਿਚ ਇਸ ਨਾਲ ਜੁੜੀ ਹੋਈ ਹੋਣੀ ਚਾਹੀਦੀ ਹੈ, ਇਹ ਵਰਕਸ਼ਾਪ।

ਸਿੱਖ ਸਮਝ, ਸਿੱਖ ਭਾਈਚਾਰੇ ਅਤੇ ਸਿੱਖ ਮਾਨਸਿਕਤਾ ਵਿਚਕਾਰ ਸੰਤੁਲਨ ਵਿਗਾੜ ਨੂੰ ਜੇ ਧਿਆਨ ਵਿਚ ਰਖ ਲਈਏ ਤਾਂ ਲਗਣ ਲੱਗ ਪੈਂਦਾ ਹੈ ਕਿ ਅਸੀਂ ਚੰਗੇ ਵਾਰਸ ਬਣਨ ਨਾਲੋਂ ਵਧ ਵਿਗੜੇ ਹੋਏ ਮਾਲਕ ਹੋ ਜਾਣ ਵਾਲੇ ਰਾਹ ਪਏ ਹੋਏ ਹਾਂ। ਇਸ ਦੇ ਸਮਰਥਨ ਵਿਚ ਪ੍ਰਾਪਤ ਅੰਕੜੇ ਅਨਪੜ੍ਹਾਂ, ਨਸ਼ੇੜੀਆਂ ਅਤੇ ਕੁੜੀਮਾਰਾਂ ਤੋਂ ਅਗੇ ਤੁਰਨੇ ਚਾਹੀਦੇ ਹਨ। ਇਸ ਪਾਸੇ ਤੁਰੀਏ ਤਾਂ ਗੱਲ ਸਿੱਖ ਅਕਾਦਮਿਕਤਾ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਸਿੱਖ ਅਕਾਦਮਿਕਤਾ ਦੀ ਨੀਂਹ ਬਹੁਤ ਮਜ਼ਬੂਤ ਹੈ। ਸਿੱਖ ਅਕਾਦਮਿਕਤਾ ਦੀ ਧਰੋਹਰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ। ਇਸ ਅਧਿਆਤਮਿਕ ਧਰੋਹਰ ਨੂੰ ਲੈ ਕੇ ਰਚਿਆ ਗਿਆ ਬਹੁਤ ਸਾਰਾ ਸਿੱਖ ਸਾਹਿਤ ਪ੍ਰਾਪਤ ਹੈ। ਇਸ ਪ੍ਰਾਪਤ ਸਿੱਖ ਸਾਹਿਤ ਦੀ ਸ਼ਰਧਾਪੂਰਨ ਵਰਤੋਂ ਤਾਂ ਬਹੁਤ ਹੋਈ ਹੈ ਪਰ ਇਸ ਦਾ ਅਕਾਦਮਿਕ ਉਸਾਰ ਅਜੇ ਤੱਕ ਨਹੀਂ ਹੋਇਆ। ਇਸੇ ਦਾ ਸਿੱਟਾ ਹੈ ਕਿ ਸਾਡੇ ਕੋਲ ਪ੍ਰਾਪਤ ਸਿੱਖ ਸਾਹਿਤ ਦੇ ਸ਼ਰਧਾਲੂ ਤਾਂ ਹਨ ਪਰ ਪ੍ਰਾਪਤ ਸਿੱਖ ਸਾਹਿਤ ਦੇ ਪਾਠਕ ਨਹੀਂ ਹਨ। ਸ਼ਰਧਾਲੂ ਅਤੇ ਪਾਠਕ ਵਿਚ ਅੰਤਰ ਕਰਨ ਦਾ ਅਹਿਸਾਸ ਸਿੱਖ ਖਿਲਾਰੇ (ਡਾਇਸਪੋਰਾ) ਨਾਲ ਸਾਹਮਣੇ ਆਉਣ ਲੱਗ ਪਿਆ ਹੈ। ਇਸ ਦੀ ਪਹਿਲ ਤਾਂ ਪੰਜਾਬ ਦੀਆਂ ਯੂਨੀਵਰਸਿਟੀਆਂ ਤੋਂ ਹੀ ਹੋਈ ਸੀ ਪਰ ਇਸ ਦੀ ਅਕਾਦਮਿਕਤਾ ਅਮਰੀਕਾ ਤੇ ਕੈਨੇਡਾ ਵਿਚ ਕੁਝ ਯੂਨੀਵਰਸਿਟੀਆਂ ਅੰਦਰ ਖੁਲ੍ਹੇ ਸਿੱਖ ਅਧਿਅਨ ਵਿਭਾਗਾਂ ਨਾਲ ਅੰਗੜਾਈਆਂ ਲੈਣ ਲੱਗ ਪਈ ਸੀ। ਇਹ ਅਕਾਦਮਿਕ ਦੌੜ ਪੱਛਮੀ ਮੈਥੇਡਾਲੋਜੀ ਅਤੇ ਆਧੁਨਿਕ ਸਿੱਖ ਸੋਚ ਵਿਚਾਲੇ ਸੀ। ਪਹਿਲੇ ਨੂੰ ਸਿੱਖੀ ਦਾ ਪੱਛਮੀਕਰਨ ਕਹਿ ਸਕਦੇ ਹਾਂ ਅਤੇ ਦੂਜੇ ਨੂੰ ਸਿੰਘ ਸਭਾ ਦੀ ਨਿਰੰਤਰਤਾ ਵਿਚ ਸਿੱਖੀ ਦਾ ਟਕਸਾਲੀਕਰਨ। ਦੋਹਾਂ ਪਹੁੰਚ-ਵਿਧੀਆਂ ਮੁਤਾਬਿਕ ਹੋਏ ਯਤਨਾਂ ਦਾ ਨਤੀਜਾ ਸੀ ਕਿ ਇਕ ਸਥਾਪਤ ਪੰਜਾਬੀ ਸਿੱਖ ਵਿਦਵਾਨ ਡਾ. ਕਰਨੈਲ ਸਿੰਘ ਥਿੰਦ ਨੇ ਕੰਪਿਊਟਰੀ ਵਿਧਾ ਦੀ ਸਿੱਖ ਵਰਤੋਂ ਨੂੰ ਸਾਹਮਣੇ ਲਿਆਂਦਾ ਸੀ। ਪਿੱਛੋਂ ਰਾੜਾ ਸਾਹਿਬ ਟਕਸਾਲ ਦੇ ਇਕ ਗੁਰਸਿੱਖ ਨੌਜਵਾਨ ਬਲਜਿੰਦਰ ਸਿੰਘ ਨੇ ਇਸ ਸਥਾਪਤ ਵਿਧਾ ਨੂੰ ਗੁਰਬਾਣੀ ਅਤੇ ਸਿੱਖ ਸਾਹਿਤ ਦੀ ਡਿਜ਼ੀਟਾਈਜ਼ੇਸ਼ਨ ਵਾਸਤੇ ਵਰਤਣ ਵਲ ਵੱਡੀ ਭੂਮਿਕਾ ਨਿਭਾਈ ਹੈ।

ਇਸ ਵੇਲੇ ਸਥਿਤੀ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਡਿਜ਼ੀਟਲ ਵਰਤੋਂ ਦੁਨੀਆਂ ਦੇ ਕਿਸੇ ਵੀ ਧਾਰਮਿਕ ਗ੍ਰੰਥ ਨਾਲੋਂ ਵਧ ਹੋਈ ਹੈ। ਇਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਿੱਖ ਧਰਮ ਨੂੰ ਜਾਣਨ ਵਲ ਅਕਾਦਮਿਕ ਰੁਚੀ ਬਾਕੀ ਧਰਮਾਂ ਦੇ ਮੁਕਾਬਲੇ ਵਿਚ ਕਿੰਨੀ ਵਧੀ ਹੋਈ ਹੈ। ਇਸ ਵਧੀ ਹੋਈ ਉਤਸੁਕਤਾ ਨਾਲ ਕੇਵਲ ਤੇ ਕੇਵਲ ਕੰਪਿਊਟਰ ਅਤੇ ਡਿਜੀਟਲ ਤਕਨਾਲੋਜੀ ਦੁਆਰਾ ਹੀ ਨਜਿੱਠਿਆ ਜਾ ਸਕਦਾ ਹੈ। ਹਵਾਲਾ-ਸਾਹਿਤ ਦਾ ਵਰਤਮਾਨ ਬਦਲ ਪ੍ਰਾਪਤ ਹਵਾਲਾ-ਸਾਹਿਤ ਦੀ ਡਿਜੀਟਾਈਜ਼ੇਸ਼ਨ ਹੀ ਹੈ। ਇਸ ਪ੍ਰਾਪਤੀ ਦੀ ਅਹਿਮੀਅਤ ਜਾਣਨ ਲਈ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਕਾਲੀ ਕੌਰ ਸਿੰਘ ਦੇ "ਤੁਕ-ਤਤਕਰੇ" ਤੋਂ ਪਹਿਲਾਂ ਗੁਰਬਾਣੀ ਦੀ ਟੂਕ-ਵਰਤੋਂ ਕਿੰਨੀ ਮੁਸ਼ਕਲ ਹੁੰਦੀ ਹੋਵੇਗੀ? ਅੱਜ ਕਲ ਇਸ ਦੀ ਕਾਪੀ ਪ੍ਰਾਪਤ ਕਰਨੀ ਮੁਸ਼ਕਲ ਹੋਈ ਪਈ ਹੈ। ਹਾਲਾਂਕਿ ਇਸ ਮੁਢਲੇ ਖੋਜ-ਸੰਦ ਨੂੰ ਸੁਰਖਿਅਤ ਕਰਨ ਦੀ ਜ਼ਿੰਮੇਵਾਰੀ ਕਿਸੇ ਨੂੰ ਤਾਂ ਨਿਭਾਉਣੀ ਹੀ ਪਵੇਗੀ? ਇਸ ਵਿਚ ਲੋੜੀਂਦੇ ਵਾਧੇ ਨਾਲ ਡਾ. ਗੁਰਚਰਨ ਸਿੰਘ ਦੀ ਅਗਵਾਈ ਵਿਚ ਪ੍ਰੋ. ਸਾਹਿਬ ਟਰਸਟ ਪਟਿਆਲਾ ਵਲੋਂ ਤਿਆਰ ਕੀਤਾ ਪੂਰੀ ਤੁਕ ਦਾ ਤੁਕ ਤਤਕਰਾ ਭਾਸ਼ਾ ਵਿਭਾਗ ਪੰਜਾਬ ਨੇ ਛਾਪਿਆ ਹੋਇਆ ਹੈ। ਇਨ੍ਹਾਂ ਦੋਹਾਂ ਦੀ ਡਿਜੀਟੇਸ਼ਨ ਹੋ ਚੁੱਕੀ ਹੈ। ਇਸ ਨੂੰ ਤੁਕ ਤਤਕਰੇ ਤੋਂ ਅਗੇ ਤੁਰਨਾ ਕਿਹਾ ਜਾ ਸਕਦਾ ਹੈ।

ਇਸ ਵੇਲੇ ਤਾਂ ਪ੍ਰਿੰਟ-ਤਕਨਾਲੋਜੀ ਨੂੰ ਪੁਸਤਕ-ਸਭਿਆਚਾਰ ਵਾਸਤੇ ਵੀ ਵਰਤਿਆ ਜਾਣ ਲਗ ਪਿਆ ਹੈ। ਡਿਜੀਟਾਈਜੇਸ਼ਨ ਨੇ ਪੁਸਤਕ ਨੂੰ ਵਡੀ ਗਿਣਤੀ ਵਿਚ ਛਾਪ ਕੇ ਗਾਹਕਾਂ ਦੀ ਉਡੀਕ ਵਿਚ ਜਮ੍ਹਾਂ ਕਰਨ ਅਤੇ ਸਾਂਭ-ਸੰਭਾਲ ਦੀ ਕੀਮਤ ਦੇਣ ਤੋਂ ਮੁਕਤ ਕਰ ਦਿੱਤਾ ਹੈ। ਡਿਜੀਟਾਈਜ਼ਡ ਪੁਸਤਕ ਮੰਗ 'ਤੇ ਹੀ ਛਾਪ ਕੇ ਉਪਲਬਧ ਕਰਾ ਦਿੱਤੀ ਜਾਂਦੀ ਹੈ। ਮੇਰੇ ਸਾਹਮਣੇ ਡਾ. ਗੁਰਚਰਨ ਸਿੰਘ ਦੇ "ਅਨੁਕ੍ਰਮਣਿਕਾ" ਦੀਆਂ ਤਿੰਨ ਪਰਤਾਂ ਹਨ। ਪਹਿਲੀ, ਉਨ੍ਹਾਂ ਦੇ ਪੀ-ਐਚ.ਡੀ ਦੇ ਥੀਸਿਸ ਦੀ ਛਪੀ ਹੋਈ ਪਰਤ ਹੈ, ਦੋ ਜਿਲਦਾਂ ਵਿਚ। ਇਸ ਵਿਚ ਪੰਨੇ ਨਹੀਂ ਸਨ। ਦੂਜੀ, ਪੰਨੇ ਲਾ ਕੇ ਛਾਪੀ ਹੋਈ ਪਰਤ, ਦੋ ਜਿਲਦਾਂ ਵਿਚ ਹੈ। ਇਹ ਦੋਵੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਛਾਪੀਆਂ ਹੋਈਆਂ ਹਨ। ਤੀਜੀ ਪਰਤ, ਦੂਜੀ ਪਰਤ ਦੀ ਡਿਜੀਟਾਈਜ਼ੇਸ਼ਨ ਹੈ। ਇਸ ਨਾਲ ਸਮੇਂ ਦੇ ਹਾਣ ਦੀ ਡਿਜ਼ੀਟਾਈਜ਼ਡ ਸਿੱਖ-ਵਰਤੋਂ ਸਾਹਮਣੇ ਆ ਗਈ ਹੈ। ਪਰ ਇਹ ਉਸ ਤਰ੍ਹਾਂ ਵਰਤੀ ਨਹੀਂ ਜਾ ਰਹੀ, ਜਿਵੇਂ ਕਿ ਵਰਤੀ ਜਾਣੀ ਚਾਹੀਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਕੇਂਦਰ ਨੂੰ ਇਹ ਸਾਰੀਆਂ ਡਿਜ਼ੀਟਾਈਜ਼ਡ ਸੰਭਾਵਨਾਵਾਂ ਆਪਣੀ ਵੈਬਸਾਈਟ ਤੇ ਪਾਉਣੀਆਂ ਚਾਹੀਦੀਆਂ ਹਨ। ਇਹ ਯਤਨ ਇਹ ਸੋਚ ਕੇ ਕਰਨਾ ਚਾਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਕਿਸੇ ਨੂੰ ਵੀ ਲੋੜੀਂਦੀ ਜਾਣਕਾਰੀ ਮੁਹਈਆਂ ਹੋ ਸਕੇ। ਇਹ ਇਕ ਤਰ੍ਹਾਂ ਪ੍ਰਾਪਤ ਸੂਚਨਾ ਦਾ ਕੇਂਦਰੀਕਰਨ ਵੀ ਹੋਵੇਗਾ। ਕੁਝ ਯਤਨ ਵਿਲਕੀਪੀਡੀਆ ਦੀ ਤਰਜ਼ 'ਤੇ ਵੀ ਹੋ ਸਕਦੇ ਹਨ, ਜਿਵੇਂ ਕਿ ਆਨ ਲਾਈਨ ਜਨਰਲ, ਬਾਣੀ ਨਾਲ ਜੁੜੀ ਹੋਈ ਸਿੱਖ-ਯਾਦ, ਹੱਥਲਿਖਤ ਬੀੜਾਂ ਅਤੇ ਬਾਣੀ ਨਾਲ ਜੁੜੀਆਂ ਹੋਈਆਂ ਪੇਂਟਿੰਗਾਂ ਆਦਿ। ਇਸ ਯਤਨ ਨੂੰ ਬਾਣੀ ਦੀ ਰੀਸੋਰਸ-ਸਾਈਟ ਵਰਗਾ ਕੋਈ ਵੀ ਨਾਮ ਦਿਤਾ ਜਾ ਸਕਦਾ ਹੈ। ਕੇਂਦਰ ਬਹੁ-ਭਾਸ਼ਾਈ ਸਾਈਟ ਸ਼ੁਰੂ ਕਰ ਸਕੇ ਤਾਂ ਹੋਰ ਵੀ ਚੰਗਾ ਹੋਵੇਗਾ। ਇਸ ਰਾਹ ਵਿਚ ਮੁਸ਼ਕਲਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਕਾਦਮਿਕ ਅਤੇ ਪਰੰਪਰਾ ਟਕਰਾਉ ਵਿਚ ਆ ਸਕਦੀਆਂ ਹਨ। ਕੰਪਿਊਟਰ ਤਾਂ ਅੰਗਰੇਜ਼ੀ ਨੂੰ ਮਾਧਿਅਮ ਪਰਵਾਨ ਕਰਦਾ ਹੈ ਅਤੇ ਰੋਮਨਾਈਜ਼ੇਸ਼ਨ ਨੇ ਸਾਡੀ ਲਗਾਂ-ਮਾਤਰਾਂ ਵਾਲੀ ਵਿਲਖਣਤਾ ਨੂੰ ਪਰਵਾਨ ਨਹੀਂ ਕੀਤਾ। ਸਾਡੀ ਪਰੰਪਰਾ ਰੇਡੀਉ ਤੇ ਪੰਨੇ ਨੂੰ ਅੰਗ ਕਹਿਣ ਵਾਸਤੇ ਬਜ਼ਿਦ ਹੈ। ਜੋ ਪੰਜਾਬ ਵਿਚ ਮੰਨ ਲਈ ਗਈ ਹੈ। ਪਰ ਅਕਾਦਮਿਕਤਾ ਨੇ ਇਹ ਨਹੀਂ ਮੰਨੀ ਅਤੇ ਕੰਪਿਊਟਰ ਕਿਵੇਂ ਮੰਨੇਗਾ? ਇਸ ਲਈ ਕੰਪਿਊਟਰ-ਪਹੁੰਚ ਅਤੇ ਪਰੰਪਰਕ-ਪਹੁੰਚ ਵਿਚਕਾਰ ਸੰਤੁਲਨ ਸਥਾਪਤ ਕਰਨ ਬਾਰੇ ਵੀ ਸੋਚਣਾ ਪਵੇਗਾ। ਇਸੇ ਲਈ ਮੇਰੀ ਸਮਝ ਵਿਚ ਕੇਂਦਰ ਨੂੰ ਲੈ ਕੇ ਆਉਣ ਵਾਸਤੇ ਵਾਈਸ ਚਾਂਸਲਰ ਸ. ਅਜੈਬ ਸਿੰਘ ਬਰਾੜ ਵਲੋਂ ਨਿਭਾਈ ਦਾਈ-ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਉਹ ਵਧਾਈ ਦੇ ਪਾਤਰ ਹਨ। ਪਰ ਇਸ ਕੇਂਦਰ ਦੀ ਅਕਾਦਮਿਕ ਜ਼ਿੰਮੇਵਾਰੀ ਨੂੰ ਸਿੱਖ ਵੰਗਾਰ ਵਾਂਗ ਲੈਣਾ ਚਾਹੀਦਾ ਹੈ ਅਤੇ ਇਸ ਨਾਲ ਨਿਭਣ ਵਾਸਤੇ ਅਕਾਦਮੀਸ਼ਨਾਂ ਨੂੰ ਸਿਰ ਜੋੜ ਕੇ ਚਲਣਾ ਪਵੇਗਾ। ਇਸ ਪਾਸੇ ਇਸ ਵਰਕਸ਼ਾਪ ਨਾਲ ਕੀਤਾ ਜਾ ਰਿਹਾ ਯਤਨ ਸੁਆਗਤਯੋਗ ਹੈ ਅਤੇ ਇਸ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ।

# *ਇਹ ਬੇਲਾ ਸੱਚ ਕੀ ਨਹੀਂ ਹੈ*

*(ਸਫਾ 31 ਦੀ ਬਾਕੀ)*

ਦਾਅਵਾ ਪੜ੍ਹ ਕੇ ਮੈਨੂੰ ਯਾਦ ਆ ਰਿਹਾ ਹੈ ਕਿ ਇਕ ਵਾਰ ਇਕ ਪੰਜਾਬੀ ਅਖ਼ਬਾਰ 'ਰੋਜ਼ਾਨਾ ਸਪੋਕਸਮੈਨ' ਦੇ ਸੰਪਾਦਕ ਨੇ ਆਪਣੇ ਅਖ਼ਬਾਰ ਵਿਚ ਚੈਲੰਜ ਨਾਲ ਲਿਖਿਆ ਸੀ ਕਿ ਜਿਹੜਾ ਇਹ ਸਾਬਤ ਕਰੇ ਕਿ ਤਕਸੀਮ ਵੇਲੇ ਅੰਗਰੇਜ਼ ਸਿੱਖਾਂ ਵਾਸਤੇ ਵੱਖਰਾ ਮੁਲਕ ਦੇ ਰਹੇ ਸਨ ਤਾਂ ਉਸ ਨੂੰ ਇਕ ਲੱਖ ਰੁਪਈਆ ਇਨਾਮ ਦਿੱਤਾ ਜਾਵੇਗਾ। ਇਕ ਲੱਖ ਥੋੜ੍ਹਾ ਨਹੀਂ ਹੁੰਦਾ, ਆਪਾਂ ਕਿਉਂ ਨਾ ਉਹ ਦਸਤਾਵੇਜ਼ ਅਗਲੇ ਦੇ ਅੱਗੇ ਰੱਖੀਏ ਤੇ ਇਕ ਲੱਖ ਰੁਪਈਆ ਗਿਣਾ ਲਈਏ। ਮੈਂ ਕਿਉਂਕਿ ਦੱਸ ਪਾਈ ਹੈ, ਇਸ ਵਾਸਤੇ ਪੰਜਾਹ ਹਜ਼ਾਰ ਮੇਰਾ, ਜਾਂ ਚਲੋ ਮੈਨੂੰ ਜੋ ਮਰਜ਼ੀ ਦੇ ਦੇਣਾ।

ਮੈਂ ਵਿਹਾਰਕ ਗੱਲ ਕਰਨੀ ਚਾਹੁੰਦਾ ਹਾਂ ਕਿ ਅੱਜ ਸਿੱਖ ਅਜਿਹਾ ਕੀ ਖ਼ਮਿਆਜ਼ਾ ਭੁਗਤ ਰਹੇ ਹਨ ਜੋ ਜੇ ਉਹ ਪਾਕਿਸਤਾਨ ਦਾ ਹਿੱਸਾ ਹੁੰਦੇ ਜਾਂ ਉਨ੍ਹਾਂ ਦਾ ਵੱਖਰਾ ਮੁਲਕ ਹੁੰਦਾ ਤਾਂ ਨਾ ਭੁਗਤਣੇ ਪੈਂਦੇ। ਇਹ ਗੱਲ ਸਮਝਣ ਵਾਸਤੇ ਪਾਕਿਸਤਾਨ ਦੀ ਮਿਸਾਲ ਦੇਣਾ ਬਹੁਤ ਜ਼ਰੂਰੀ ਹੈ। ਉਸ ਦੇ ਵਿਧਾਨ ਮੁਤਾਬਕ ਉਹ ਇਸਲਾਮਿਕ ਮੁਲਕ ਹੈ। ਦੁਨੀਆਂ ਦੇ ਸਭ ਤੋਂ ਵੱਡੇ ਆਬਾਦੀ ਤਬਾਦਲੇ ਦੇ ਬਾਵਜੂਦ ਅੱਜ ਪਾਕਿਸਤਾਨ ਦੀ ਕੁੱਲ ਆਬਾਦੀ ਨਾਲੋਂ ਦੋ ਗੁਣਾ ਮੁਸਲਮਾਨ ਹਿੰਦੁਸਤਾਨ ਵਿਚ ਰਹਿ ਰਹੇ ਹਨ ਜੋ ਪਾਕਿਸਤਾਨੀ ਮੁਸਲਮਾਨਾਂ ਨਾਲੋਂ ਵੱਧ ਸ਼ਹਿਰੀ ਹਕੂਕਾਂ ਦੇ ਮਾਲਕ ਹਨ ਤੇ ਇਹ ਦਾਅਵਾ ਹਕੀਕੀ ਹੈ। ਹਿੰਦੁਸਤਾਨ ਦੇ ਮੁਲਸਮਾਨਾਂ ਨਾਲ ਧੱਕੇ ਹੋ ਰਹੇ ਹਨ, ਸਹੀ ਗੱਲ ਹੈ ਪਰ ਓਨੇ ਫਿਰ ਵੀ ਨਹੀਂ ਜਿੰਨੇ ਪਾਕਿਸਤਾਨ ਦੇ ਮੁਸਲਮਾਨਾਂ ਨਾਲ ਹੋ ਰਹੇ ਹਨ।

ਤੁਸੀਂ ਸਿੱਖਾਂ ਦੇ ਪਾਕਿਸਤਾਨ ਵਿਚ ਨਾ ਰਲਣ ਦਾ ਪਛਤਾਵਾ ਕਰ ਰਹੇ ਹੋ ਪਰ ਕੀ ਸਮਝਦੇ ਹੋ ਕਿ ਅੱਜ ਪਾਕਿਸਤਾਨ ਵਿਚ ਘੱਟਗਿਣਤੀਆਂ ਦੀ ਹਾਲਤ ਹਿੰਦੁਸਤਾਨ ਦੀਆਂ ਘੱਟਗਿਣਤੀਆਂ ਨਾਲੋਂ ਬਦਤਰ ਹੈ। ਓਥੇ ਹਿੰਦੂਆਂ, ਸਿੱਖਾਂ ਤੇ ਇਸਾਈਆਂ ਦੀ ਗੱਲ ਛੱਡੋ, ਸ਼ੀਆ ਮੁਸਲਮਾਨਾਂ ਤੇ ਅਹਿਮਦੀਆ ਮੁਸਲਮਾਨਾਂ ਦੇ ਕਤਲੇਆਮ ਅਜੇ ਤੱਕ ਜਾਰੀ ਹਨ। ਉਨ੍ਹਾਂ ਦੀਆਂ ਇਬਾਦਤਗਾਹਾਂ ਸਾੜਨ ਦਾ ਕੰਮ ਸੰਨ ਸੰਤਾਲੀ ਤੋਂ ਲੈ ਕੇ ਅੱਜ ਤੱਕ ਚੱਲ ਰਿਹਾ ਹੈ। ਉਥੇ ਘੱਟਗਿਣਤੀਆਂ ਵਾਸਤੇ ਸੀਟਾਂ ਰੀਜ਼ਰਵ ਹਨ ਪਰ ਉਹ ਕਿਸੇ ਹੋਰ ਸੀਟ ਤੋਂ ਖੜ੍ਹੇ ਨਹੀਂ ਹੋ ਸਕਦੇ। ਸਰਕਾਰੀ ਤੌਰ 'ਤੇ ਮਜ਼ਹਬੀ ਤਕਸੀਮ ਸਾਡੇ ਨਾਲੋਂ ਕਿਤੇ ਵੱਧ ਹੈ। ਹਰ ਪਾਕਿਸਤਾਨੀ ਦੇ ਪਾਸਪੋਰਟ, ਸਕੂਲਾਂ-ਕਾਲਜਾਂ ਦੇ ਦਾਖਲਾ ਫਾਰਮਾਂ ਅਤੇ ਨੌਕਰੀਆਂ ਦੀਆਂ ਦਰਖਾਸਤਾਂ ਉਪਰ ਮਜ਼ਹਬ ਦਾ ਖਾਨਾ ਭਰਨਾ ਲਾਜ਼ਮੀ ਹੈ। ਜਿਹੜਾ ਤੁਸੀਂ ਵਾਰ ਵਾਰ ਹਉਕਾ ਭਰ ਰਹੇ ਹੋ ਕਿ ਹਾਏ ਜੇ ਕਿਤੇ ਸਿੱਖ ਪਾਕਿਸਤਾਨ ਵਿਚ ਰਲ ਜਾਂਦੇ, ਕਦੇ ਇਸ ਹਉਕੇ ਦੀ ਪੁਸ਼ਟੀ ਉਨ੍ਹਾਂ ਸਿੱਖਾਂ ਤੋਂ ਕਰਵਾਇਓ ਜੋ ਪਾਕਿਸਤਾਨ ਵਿਚ ਰਹਿ ਗਏ ਸਨ। ਇਕ ਖਾਸ ਅੰਕੜੇ ਦਾ ਪਤਾ ਕਰਿਓ ਕਿ ਉਥੇ ਕਿੰਨੇ ਹਿੰਦੂ-ਸਿੱਖਾਂ ਨੇ ਚੰਗੇ ਜੀਵਨ ਦੀ ਖਾਤਰ ਇਸਲਾਮ ਕਬੂਲ ਕੀਤਾ ਹੈ ਤੇ ਇਸੇ ਅਰਸੇ ਵਿਚ ਏਧਰ ਕਿੰਨੇ ਮੁਸਲਮਾਨਾਂ ਜਾਂ ਸਿੱਖਾਂ ਨੇ ਹਿੰਦੂ ਧਰਮ ਵਿਚ ਸ਼ਮੂਲੀਅਤ ਕੀਤੀ।

ਹਿੰਦੁਸਤਾਨ ਨੂੰ ਹਿੰਦੂ ਮੁਲਕ ਕਹਿਣ ਦੀ ਤੁਹਾਡੀ ਮੁੱਖ ਧਾਰਨਾ ਇਹ ਹੈ ਕਿ ਇਥੋਂ ਦੇ ਬਹੁਗਿਣਤੀ ਵੋਟਰ ਹਿੰਦੂ ਹਨ ਤੇ ਉਨ੍ਹਾਂ ਦੀਆਂ ਵੋਟਾਂ ਨਾਲ ਚੁਣੀਆਂ ਸਰਕਾਰਾਂ ਹਿੰਦੂਆਂ ਦੇ ਹਿਤ ਹੀ ਵੇਖਣਗੀਆਂ। ਇਸ ਹਿਸਾਬ ਨਾਲ ਅੱਜ ਪੰਜਾਬ ਵਿਚ ਵੋਟਰਾਂ ਦੀ ਬਹੁਗਿਣਤੀ ਸਿੱਖਾਂ ਦੀ ਹੈ ਤਾਂ ਕੀ ਪੰਜਾਬ ਵਿਚ ਸਿੱਖਾਂ ਦਾ ਰਾਜ ਹੈ? ਤੁਸੀਂ ਕਹੋਗੇ ਨਹੀਂ ਕਿਉਂਕਿ ਤੁਹਾਡੇ ਵਿਚਾਰ ਮੁਤਾਬਕ ਕਾਂਗਰਸੀ ਸਿੱਖ ਤੇ ਅਕਾਲੀ ਗੱਦਾਰ ਹਨ ਤੇ ਸਾਡੇ ਲੋਕ ਬੇਸਮਝੀ ਵਿਚ ਉਨ੍ਹਾਂ ਨੂੰ ਵੋਟਾਂ ਪਾ ਰਹੇ ਹਨ। ਫਿਰ ਜੇ ਵੱਖਰਾ ਮੁਲਕ ਹੋਵੇ ਤਾਂ ਕੀ ਉਸ ਵਿਚ ਵੋਟ ਸਿਸਟਮ ਨਹੀਂ ਹੋਵੇਗਾ? ਤੇ ਕੀ ਗਾਰੰਟੀ ਹੈ ਕਿ ਉਸ ਵਿਚ ਲੋਕ ਸਮਝਦਾਰੀ ਨਾਲ ਵੋਟਾਂ ਪਾਉਣਗੇ? ਖਾਸ ਕਰਕੇ ਉਹ ਸਮਝਦਾਰੀ ਜਿਸ ਨੂੰ ਤੁਸੀਂ ਸਮਝਦਾਰੀ ਕਹੋ।

ਇਕੋ ਮਜ਼ਹਬ 'ਤੇ ਆਧਾਰਤ ਇਕ ਮੁਲਕ ਪਾਕਿਸਤਾਨ ਬਣ ਗਿਆ। ਕੀ ਉਥੋਂ ਦੇ ਲੋਕ ਸੰਤੁਸ਼ਟ ਨੇ ਕਿ ਬੱਲੇ ਬੱਲੇ ਜੋ ਚਾਹੀਦਾ ਸੀ, ਮਿਲ ਗਿਆ ਹੈ, ਹੁਣ ਆਪਾਂ ਆਜ਼ਾਦ ਹਾਂ? ਕੀ ਓਥੋਂ ਦੇ ਸੂਬਿਆਂ ਦਰਮਿਆਨ ਪਾਣੀ ਤੇ ਇਲਾਕਿਆਂ ਦਾ ਮਸਲਾ ਹੱਲ ਹੋ ਗਿਆ ਹੈ? ਕੀ ਉਥੇ ਆਰਥਿਕ ਵਿਤਕਰਿਆਂ ਦੀਆਂ ਸ਼ਿਕਾਇਤਾਂ ਨਹੀਂ? ਓਥੋਂ ਦੇ ਸੂਬਾ ਸਿੰਧ ਦਾ ਇਕ ਲੇਖਕ ਤੁਹਡੀ ਲਾਈਨ 'ਤੇ ਚੱਲ ਰਿਹਾ ਹੈ। ਇਸ ਲੇਖਕ, ਸਿਰਾਜ ਲਾਖੋ ਦਾ ਇਕ ਲੇਖ 'ਜਾਂ ਮਰਾਂਗੇ ਜਾਂ ਮਾਂ-ਧਰਤੀ ਲਵਾਂਗੇ' ਅਗਸਤ 2010 ਦੀ 'ਪ੍ਰੀਤਲੜੀ' ਵਿਚ ਛਪਿਆ ਹੈ। ਪਤਾ ਨਹੀਂ ਤੁਸੀਂ ਪੜ੍ਹ ਕੇ ਕੀ ਸੋਚੋਗੇ? ਕੀ ਖੁਸ਼ ਹੋਵੋਗੇ ਕਿ ਇਕ ਜਸਵੰਤ ਸਿੰਘ ਕੰਵਲ ਪਾਕਿਸਤਾਨ ਵਿਚ ਵੀ ਹੈ ਜਾਂ ਲਾਹਨਤਾਂ ਪਾਓਗੇ ਕਿ ਸ਼ਰਮ ਕਰ ਭੜੂਏ, ਮੁਸਲਮਾਨ ਹੋ ਕੇ ਮੁਸਲਮਾਨ ਮੁਲਕ ਦੀ ਹੀ ਨਿਖੇਧੀ ਕਰ ਰਿਹਾ ਹੈਂ। ਸ਼ਾਇਦ ਤੁਸੀਂ ਹੈਰਾਨੀ ਪ੍ਰਗਟ ਕਰੋਗੇ ਕਿ ਮੁਸਲਮਾਨਾਂ ਨੂੰ ਆਪਣਾ ਮੁਲਕ ਮਿਲ ਗਿਆ ਤੇ ਇਹ ਬੰਦਾ ਫਿਰ ਵੀ ਬੂਥਾ ਸੁਜਾਈ ਬੈਠਾ ਹੈ ਤੇ ਅਜੇ ਵੀ ਮਰਨ ਮਰਾਉਣ ਦੀਆਂ ਗੱਲਾਂ ਕਰ ਰਿਹਾ ਹੈ।

*(ਬਾਕੀ ਅਗਲੇ ਅੰਕ 'ਚ)*

## ਕਹਾਣੀ

# ਫ਼ਾਸਲੇ

**ਪੰਜਾਬੀ ਸਾਹਿਤ ਵਿਚ ਵਧੇਰੇ ਗੱਲ ਪੇਂਡੂ ਪਿਛੋਕੜ ਵਿਚ ਹੀ ਹੋਈ ਹੈ। ਨਿਰੰਜਨ ਤਸਨੀਮ (1929) ਉਨ੍ਹਾਂ ਗਿਣਤੀ ਦੇ ਪੰਜਾਬੀ ਲੇਖਕਾਂ ਵਿਚੋਂ ਹਨ ਜਿਨ੍ਹਾਂ ਨੇ ਸ਼ਹਿਰੀ ਮਾਹੌਲ ਨੂੰ ਆਪਣੀਆਂ ਰਚਨਾਵਾਂ ਦਾ ਧੁਰਾ ਬਣਾਇਆ। 'ਫ਼ਾਸਲੇ' ਵਿਚ ਉਨ੍ਹਾਂ ਬੇਗਾਨਗੀ ਭੋਗ ਰਹੇ ਇਕ ਸ਼ਹਿਰੀ ਪਰਿਵਾਰ ਦਾ ਚਿੱਤਰ ਖਿੱਚਿਆ ਹੈ। ਪਰਿਵਾਰ ਦੇ ਜੀਅ ਇੰਨਾ ਨੇੜੇ ਰਹਿ ਕੇ ਵੀ ਦੂਰ ਦੂਰ ਹਨ। ਨਿਰੰਜਨ ਤਸਨੀਮ ਨੂੰ ਘਰ ਵਿਚ ਸਾਹਿਤਕ ਮਾਹੌਲ ਮਿਲਿਆ ਸੀ ਅਤੇ ਉਨ੍ਹਾਂ ਨੇ ਪਹਿਲਾਂ ਪੰਜਾਬੀ ਕਹਾਣੀ ਲਿਖਣੀ ਸ਼ੁਰੂ ਕੀਤੀ। ਫਿਰ ਮਹਿਸੂਸ ਕੀਤਾ ਕਿ ਉਹ ਕਹਾਣੀ ਨਾਲੋਂ ਨਾਵਲ ਵਿਚ ਖੁੱਲ੍ਹ ਕੇ ਗੱਲ ਕਰ ਸਕਦੇ ਹਨ। ਉਨ੍ਹਾਂ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਦੇ ਸਾਹਿਤ ਦਾ ਡੂੰਘਾ ਅਧਿਐਨ ਕੀਤਾ। ਉਨ੍ਹਾਂ ਦੀਆਂ 27 ਪੁਸਤਕਾਂ ਛਪ ਚੁਕੀਆਂ ਹਨ ਜਿਨ੍ਹਾਂ ਵਿਚੋਂ 12 ਨਾਵਲ ਹਨ। ਸਾਹਿਤ ਅਕਾਦਮੀ ਵਲੋਂ 1999 ਵਿਚ ਉਨ੍ਹਾਂ ਦੇ ਨਾਵਲ 'ਗੁਆਚੇ ਅਰਥ' ਨੂੰ ਪੁਰਸਕਾਰ ਦਿੱਤਾ ਗਿਆ ਸੀ। ਇਸ ਨਾਵਲ ਵਿਚ ਉਨ੍ਹਾਂ 1947 ਅਤੇ 1984 ਦੀ ਕਤਲ-ਓ-ਗਾਰਤ ਦੀ ਗੱਲ ਕੀਤੀ ਹੈ।**

ਪਿਛਲੇ ਦਿਨੀਂ ਦਿੱਲੀ ਜਾਣਾ ਪਿਆ, ਚਾਚਾ ਜੀ ਦਾ ਅਪਰੇਸ਼ਨ ਹੋਣ ਕਰਕੇ। ਉਨ੍ਹਾਂ ਦੀਆਂ ਬੇਟੀਆਂ ਵੀ ਆਈਆਂ ਹੋਈਆਂ ਸਨ ਉਥੇ-ਇਕ ਅਮਰੀਕਾ ਤੋਂ, ਦੂਜੀ ਬੰਗਲੌਰ ਤੋਂ। ਲੜਕਾ ਪਹਿਲਾਂ ਹੀ ਕੋਠੀ ਦੇ ਥੱਲੇ ਦੇ ਪੋਰਸ਼ਨ ਵਿਚ ਰਹਿ ਰਿਹਾ ਸੀ। ਇੰਜ ਉਨ੍ਹਾਂ ਦਾ ਪੂਰਾ ਪਰਿਵਾਰ ਇਕੱਠਾ ਹੋ ਗਿਆ, ਚਿੰਤਾ ਦੀ ਉਸ ਘੜੀ ਵਿਚ। ਅਪਰੇਸ਼ਨ ਠੀਕ ਹੋ ਗਿਆ ਅਤੇ ਦਸ-ਬਾਰਾਂ ਦਿਨ ਹਸਪਤਾਲ ਵਿਚ ਰਹਿ ਕੇ ਚਾਚਾ ਜੀ ਘਰ ਪਰਤ ਆਏ। ਸਭ ਖੁਸ਼ ਸਨ ਕਿ ਹੁਣ ਹੌਲੀ-ਹੌਲੀ ਉਹ ਪਹਿਲਾਂ ਵਾਂਗ ਤੰਦਰੁਸਤ ਹੋ ਜਾਣਗੇ। ਮੈਂ ਜਦੋਂ ਉਥੇ ਪਹੁੰਚਿਆ ਤਾਂ ਉਨ੍ਹਾਂ ਨੂੰ ਹਸਪਤਾਲ ਤੋਂ ਘਰ ਆਇਆਂ ਇਕ



**ਨਰਿੰਜਨ ਤਸਨੀਮ**
ਫੋਨ:91-98154-14028

ਹਫ਼ਤਾ ਹੋ ਚੁੱਕਿਆ ਸੀ। ਮੈਨੂੰ ਦੇਖ ਕੇ ਉਹ ਜਿਵੇਂ ਚਹਿਕ ਉਠੇ ਅਤੇ ਦੋ ਘੰਟੇ ਲਗਾਤਾਰ ਮੇਰੇ ਨਾਲ ਗੱਲਾਂ ਕਰਦੇ ਰਹੇ। ਉਨ੍ਹਾਂ ਨੂੰ ਮੈਂ ਮਸਾਂ ਪੰਜ ਕੁ ਮਹੀਨਿਆਂ ਬਾਅਦ ਮਿਲਿਆ ਸੀ ਪਰ ਲੱਗ ਇਵੇਂ ਰਿਹਾ ਸੀ ਜਿਵੇਂ ਪੰਜ ਸਾਲਾਂ ਪਿੱਛੋਂ ਮਿਲਿਆ ਹੋਵਾਂ।

ਉਥੇ ਪਹੁੰਚਣ ਦੇ ਪਹਿਲੇ ਦਿਨ ਰਾਤੀਂ ਖਾਣਾ ਖਾ ਕੇ ਅਸੀਂ ਗੱਪਾਂ ਮਾਰ ਰਹੇ ਸੀ ਕਿ ਉਨ੍ਹਾਂ ਦੀਆਂ ਦੋਵੇਂ ਬੇਟੀਆਂ ਆਪੋ-ਆਪਣੇ ਕਮਰਿਆਂ ਵਿਚ ਚਲੀਆਂ ਗਈਆਂ। ਆਪਣੇ ਵਿਆਹਾਂ ਤੋਂ ਪਹਿਲਾਂ ਵੀ ਉਹ ਇਨ੍ਹਾਂ ਕਮਰਿਆਂ ਵਿਚ ਹੀ ਰਹਿੰਦੀਆਂ ਸਨ ਅਤੇ ਹੁਣ ਵੀ ਉਹ ਜਦੋਂ ਇੱਥੇ ਆਉਂਦੀਆਂ, ਇਹੀ ਕਮਰੇ ਮੱਲ ਲੈਂਦੀਆਂ। ਦੋਵਾਂ ਕਮਰਿਆਂ ਵਿਚਲੇ ਕਾਮਨ ਬਾਥਰੂਮ ਕਾਰਨ ਉਨ੍ਹਾਂ ਨੂੰ ਕਿਸੇ ਕਿਸਮ ਦੀ ਬੇਆਰਾਮੀ ਨਾ ਹੁੰਦੀ। ਚਾਚਾ ਜੀ ਦਾ ਲੜਕਾ ਡਿਨਰ ਤੋਂ ਪਹਿਲਾਂ ਹੀ ਥੱਲੇ ਆਪਣੇ ਪੋਰਸ਼ਨ ਵਿਚ ਚਲਿਆ ਗਿਆ ਸੀ, ਆਪਣੀ ਪਤਨੀ ਅਤੇ ਬੱਚਿਆਂ ਨਾਲ ਖਾਣਾ ਖਾਣ ਲਈ। ਮੇਰੇ ਸੌਣ ਦਾ ਸਮਾਂ ਹੋਇਆ ਤਾਂ ਚਾਚਾ ਜੀ ਕਹਿਣ ਲੱਗੇ, "ਤੂੰ ਡਰਾਇੰਗ ਰੂਮ ਦੇ ਨਾਲ ਵਾਲੇ ਕਮਰੇ ਵਿਚ ਸੌਂ ਜਾ, ਬੱਸ ਏਨਾ ਕੁ ਹੈ ਕਿ ਨਹਾਉਣ-ਧੋਣ ਲਈ ਤੈਨੂੰ ਸਾਡੇ ਵਾਲੇ ਬਾਥਰੂਮ ਵਿਚ ਆਉਣਾ ਪਏਗਾ।"

"ਕੋਈ ਗੱਲ ਨਹੀਂ ਚਾਚਾ ਜੀ, ਮੈਂ ਉਥੇ ਹੀ ਸੌਂ ਜਾਵਾਂਗਾ।" ਏਨਾ ਕਹਿ ਕੇ ਮੈਂ ਕੁਰਸੀ ਤੋਂ ਉਠਿਆ।

"ਜਾਂ ਫਿਰ ਉਪਰਲੇ ਕਮਰੇ ਵਿਚ ਚਲਿਆ ਜਾ, ਉਥੇ ਅਟੈਚਡ ਬਾਥਰੂਮ ਵੀ ਹੈ।" ਇਹ ਸੁਝਾਅ ਚਾਚੀ ਜੀ ਦਾ ਸੀ।

"ਇਹ ਹੋਰ ਵੀ ਚੰਗੀ ਗੱਲ ਹੈ।" ਮੇਰੇ ਮੂੰਹੋਂ ਸੁਭਾਵਕ ਨਿਕਲਿਆ।

ਅਸਲ ਵਿਚ ਮੈਂ ਵੀ ਇਹੀ ਚਾਹੁੰਦਾ ਸੀ ਕਿ ਬਾਥਰੂਮ ਦੀ ਵਰਤੋਂ ਕਰਨ ਲਈ ਮੈਨੂੰ ਆਪਣੇ ਕਮਰੇ ਤੋਂ ਬਾਹਰ ਨਾ ਜਾਣਾ ਪਏ। ਪਿਛਲੇ ਕਈ ਸਾਲਾਂ ਤੋਂ ਮੈਂ ਇਸ ਢੰਗ ਨਾਲ ਰਹਿਣ ਦਾ ਆਦੀ ਜੋ ਹੋ ਚੁੱਕਿਆ ਸੀ। ਉਪਰਲੇ ਕਮਰੇ ਵਿਚ ਜਾ ਕੇ ਮੈਂ ਸਭ ਖਿੜਕੀਆਂ ਦਰਵਾਜ਼ੇ ਖੋਲ੍ਹ ਦਿੱਤੇ, ਪੱਖਾ ਚਲਾ ਦਿੱਤਾ ਅਤੇ ਕੱਪੜੇ ਬਦਲਣ ਲੱਗ ਪਿਆ। ਸਤੰਬਰ ਦਾ ਸ਼ੁਰੂ ਸੀ ਅਜੇ, ਇਸ ਲਈ ਗਰਮੀ ਕਾਫ਼ੀ ਸੀ। ਪੱਖਾ ਵੀ ਗਰਮ ਹਵਾ ਹੀ ਇਧਰ-ਉਧਰ ਖਿੰਡਾ ਰਿਹਾ ਸੀ। ਬਾਹਰ ਛੱਤ ਉਤੇ ਗਿਆ ਤਾਂ ਮੌਸਮ ਬੜਾ ਖੁਸ਼ਗਵਾਰ ਪ੍ਰਤੀਤ ਹੋਇਆ। ਨਵਾਰੀ ਪਲੰਘ ਭਾਵੇਂ ਭਾਰਾ ਸੀ ਪਰ ਮੈਂ ਖਿੱਚ ਕੇ ਬਾਹਰ ਕੱਢ ਲਿਆ। ਬਿਸਤਰਾ ਵਿਛਾ ਕੇ ਮੈਂ ਲੇਟ ਗਿਆ। ਉਪਰ ਅਸਮਾਨ ਵੱਲ ਦੇਖਿਆ ਤਾਂ ਚਮਕਦੇ ਹੋਏ ਤਾਰੇ ਮੈਨੂੰ ਕੁਝ ਜ਼ਿਆਦਾ ਹੀ ਚਮਕਦੇ ਲੱਗੇ, ਨਾਲੇ ਇੰਜ ਪ੍ਰਤੀਤ ਹੋਇਆ ਜਿਵੇਂ ਅਸਮਾਨ ਨੇੜੇ ਖਿਸਕ ਆਇਆ ਹੋਵੇ।

ਅਸਲ ਵਿਚ ਮੁੱਦਤਾਂ ਬਾਅਦ ਮੈਨੂੰ ਛੱਤ ਉਤੇ ਸੌਣ ਦਾ ਮੌਕਾ ਮਿਲਿਆ ਸੀ। ਕੁਝ ਦੇਰ ਮੈਂ ਸਿੱਧਾ ਲੇਟਿਆ ਰਿਹਾ। ਫਿਰ ਜਦੋਂ ਮੈਂ ਪਾਸਾ ਮੋੜਿਆ ਤਾਂ ਮੈਨੂੰ ਕੋਠੇ ਉਤੇ ਦੂਰ ਤੱਕ ਥਾਂ ਖਾਲੀ-ਖਾਲੀ ਲੱਗੀ। ਦੂਜੇ ਪਾਸੇ ਜਦੋਂ ਮੈਂ ਦੇਖਿਆ ਤਾਂ ਉਥੇ ਵੀ ਇੰਜ ਹੀ ਸੀ। ਸ਼ਾਇਦ ਉਹ ਛੱਤ ਹੀ ਜ਼ਿਆਦਾ ਵੱਡੀ ਸੀ ਜਾਂ ਉਪਰੀ ਥਾਂ ਹੋਣ ਕਰਕੇ ਮੈਨੂੰ ਇੰਜ ਹੀ ਲੱਗ ਰਿਹਾ ਸੀ। ਇਧਰ-ਉਧਰ ਨਜ਼ਰ ਦੌੜਾਈ ਤਾਂ ਦੂਜੀਆਂ ਕੋਠੀਆਂ ਦੀਆਂ ਛੱਤਾਂ ਵੀਰਾਨ ਨਜ਼ਰ ਆਈਆਂ। ਲੋਕ ਤਾਂ ਕਮਰਿਆਂ ਵਿਚ ਸੁੱਤੇ ਹੋਏ ਸਨ, ਏ.ਸੀ. ਜਾਂ ਕੂਲਰ ਦੀ ਠੰਢੀ ਹਵਾ ਵਿਚ। ਬੇਸ਼ੱਕ ਉਪਰ ਛੱਤ ਉਤੇ, ਖੁੱਲ੍ਹੇ ਅਸਮਾਨ ਥੱਲੇ, ਸੌਣ ਦਾ ਵਕਤ ਬਹੁਤ ਪਿੱਛੇ ਰਹਿ ਗਿਆ ਸੀ।

ਕੋਈ ਜ਼ਮਾਨਾ ਸੀ ਜਦੋਂ ਅੰਮ੍ਰਿਤਸਰ ਵਿਚ ਸਾਡੇ ਘਰ ਦੇ ਸਭ ਜੀਅ ਉਪਰਲੀ ਛੱਤ ਉਤੇ ਹੀ ਸੌਂਦੇ ਹੁੰਦੇ ਸਨ, ਗਰਮੀਆਂ ਵਿਚ। ਘਰ ਵਿਚ ਇਕ ਕਮਰਾ ਅਸੀਂ ਕਿਰਾਏ ਉਤੇ ਦਿੱਤਾ ਹੋਇਆ ਸੀ, ਇਕ ਲੇਡੀ ਟੀਚਰ ਨੂੰ। ਉਹ ਸ਼ਾਇਦ ਬਾਲ ਵਿਧਵਾ ਸੀ ਅਤੇ ਉਸ ਜ਼ਮਾਨੇ ਵਿਚ ਦੂਜੇ ਵਿਆਹ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਉਹਦੇ ਮਾਤਾ-ਪਿਤਾ ਮਰ ਚੁੱਕੇ ਸਨ ਅਤੇ ਭਰਾ-ਭਰਜਾਈ ਲਾਹੌਰ ਰਹਿੰਦੇ ਸਨ। ਬਾਊ ਜੀ ਨਾਲ ਉਹਦੇ ਭਰਾ ਦੀ ਪੁਰਾਣੀ ਵਾਕਫ਼ੀਅਤ ਹੋਣ ਕਰਕੇ ਅਸੀਂ ਇਕ ਕਮਰਾ ਉਸ ਨੂੰ ਕਿਰਾਏ ਉਤੇ ਦਿੱਤਾ ਹੋਇਆ ਸੀ। ਕਮੇਟੀ ਦੇ ਸਕੂਲ ਵਿਚ ਪੜ੍ਹਾਉਂਦੀ ਸੀ ਉਹ, ਪਹਿਲਾਂ ਪਹਿਲ। ਫਿਰ ਉਸ ਨੇ ਕਿਸੇ ਪ੍ਰਾਈਵੇਟ ਸਕੂਲ ਵਿਚ ਨੌਕਰੀ ਕਰ ਲਈ। ਬੜੇ ਚੰਗੇ ਸੁਭਾਅ ਦੀ ਸੀ, ਕੈਲਾਸ਼ੋ। ਮੇਰੇ ਤੋਂ ਕਾਫ਼ੀ ਵੱਡੀ ਸੀ, ਇਸ ਲਈ ਮੈਂ ਉਸ ਨੂੰ ਭੂਆ ਸੱਦਦਾ ਹੁੰਦਾ ਸੀ। ਛੇਤੀ ਹੀ ਉਹ ਸਾਡੇ ਘਰ ਦਾ ਜੀਅ ਬਣ ਗਈ। ਗਰਮੀਆਂ ਵਿਚ ਸਾਡੇ ਕੋਲ ਹੀ ਡਾਹ ਲੈਂਦੀ ਸੀ ਉਹ ਆਪਣੀ ਮੰਜੀ।

ਇਕ ਵਾਰ ਉਹ ਜਦੋਂ ਸਕੂਲੋਂ ਪਰਤੀ ਤਾਂ ਉਹਦੇ ਨਾਲ ਕੋਈ ਕੁੜੀ ਸੀ, ਵੀਹ-ਬਾਈ ਵਰ੍ਹਿਆਂ ਦੀ। ਉਹ ਉਸ ਸਕੂਲ ਵਿਚ ਹੈਡ-ਮਿਸਟ੍ਰੈਸ ਲੱਗ ਕੇ ਆਈ ਸੀ। ਸਿਰਫ਼ ਬੀ.ਏ. ਪਾਸ ਹੀ ਸੀ ਉਹ, ਪਰ ਬੀ.ਏ. ਪਾਸ ਕੁੜੀਆਂ ਬਹੁਤ ਘੱਟ ਮਿਲਦੀਆਂ ਸਨ, ਉਨ੍ਹੀਂ ਦਿਨੀਂ। ਭੂਆ ਕੈਲਾਸ਼ੋ ਨਾਲ ਉਹ ਦੋ-ਚਾਰ ਦਿਨਾਂ ਲਈ ਹੀ ਆਈ ਸੀ ਤਾਂ ਜੋ ਆਪਣੇ ਲਈ ਕੋਈ ਕਮਰਾ ਲੱਭ ਸਕੇ। ਸਾਡੇ ਬਾਊ ਜੀ ਨੇ ਆਪਣੀ ਗਲੀ ਵਿਚ ਕਈਆਂ ਨੂੰ ਪੁੱਛਿਆ ਅਤੇ ਨਾਲ ਲੱਗਦੀਆਂ ਗਲੀਆਂ ਵਿਚੋਂ ਵੀ ਪਤਾ ਕੀਤਾ ਪਰ ਉਹਦੇ ਲਈ ਕੋਈ ਢੰਗ ਦਾ ਕਮਰਾ ਨਾ ਮਿਲ ਸਕਿਆ। ਏਨਾ ਜ਼ਰੂਰ ਹੋਇਆ ਕਿ ਬਹੁਤੇ ਲੋਕਾਂ ਨੂੰ ਪੁੱਛਣ-ਪਛਾਣ ਕਰਕੇ ਉਹ ਬੀ.ਏ. ਵਾਲੀ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ। ਉਂਜ ਉਸ ਦਾ ਨਾਂ ਕੁਸ਼ੱਲਿਆ ਆਨੰਦ ਸੀ। ਛੇਤੀ ਹੀ ਉਹ ਵੀ ਸਾਡੇ ਨਾਲ ਰਚ-ਮਿਚ ਗਈ ਅਤੇ ਦੋਵੇਂ ਜਣੀਆਂ ਇਕੋ ਕਮਰੇ ਵਿਚ ਰਹਿਣ ਲੱਗ ਪਈਆਂ। ਗਰਮੀਆਂ ਵਿਚ ਉਹਦੇ ਲਈ ਵੀ ਇਕ ਮੰਜੀ ਡੱਠਣ ਲੱਗ ਪਈ। ਸਾਡੇ ਕੋਠੇ ਉਤੇ ਹੋਰ ਮੰਜੀ ਲਈ ਥਾਂ ਤਾਂ ਨਹੀਂ ਸੀ ਪਰ ਉਪਰਲੀ ਪੌੜੀ ਉਤੇ ਇਕ ਇੱਟ ਰੱਖ ਕੇ ਮੰਜੀ ਦਾ ਪਾਵਾ ਟਿਕ ਸਕਦਾ ਸੀ। ਏਨਾ ਡਰ ਜ਼ਰੂਰ ਸੀ ਕਿ ਜ਼ੋਰ ਨਾਲ ਪਾਸਾ ਮੋੜਨ ਲੱਗਿਆਂ ਕਿਤੇ ਪੌੜੀ ਵਾਲੀ ਇੱਟ ਖਿਸਕ ਹੀ ਨਾ ਜਾਏ ਪਰ ਇੰਜ ਹੋਇਆ ਕਦੀ ਨਹੀਂ।

ਅਗਲੇ ਸਾਲ ਮੈਂ ਦਸਵੀਂ ਵਿਚ ਹੋ ਗਿਆ। ਬੀ.ਏ. ਵਾਲੀ ਦਾ ਇਕ ਭਰਾ ਵੀ ਇਸੇ ਕਲਾਸ ਵਿਚ ਪੜ੍ਹਦਾ ਸੀ, ਸਿਆਲਕੋਟ ਵਿਚ। ਉਸ ਨੇ ਉਹਨੂੰ ਆਪਣੇ ਕੋਲ ਬੁਲਾ ਲਿਆ ਤਾਂ ਜੋ ਪੜ੍ਹਾਈ ਵਿਚ ਉਸ ਦੀ ਮਦਦ ਕਰ ਸਕੇ। ਅੰਮ੍ਰਿਤਸਰ ਆ ਕੇ ਉਸ ਨੂੰ ਸਾਡੇ ਸਕੂਲ ਵਿਚ ਹੀ ਦਾਖਲਾ ਮਿਲ ਗਿਆ, ਬਲਕਿ ਮੇਰੇ ਵਾਲੇ ਸੈਕਸ਼ਨ ਵਿਚ ਹੀ। ਸੱਤ ਦੇ ਆਉਣ ਨਾਲ ਏਨਾ ਜ਼ਰੂਰ ਹੋਇਆ ਕਿ ਗਰਮੀਆਂ ਵਿਚ ਉਹ ਦੋਵੇਂ ਜਣੀਆਂ ਇਕੋ ਮੰਜੀ ਉਤੇ ਪੈ ਜਾਂਦੀਆਂ ਅਤੇ ਸੱਤ ਵੱਖਰੀ ਮੰਜੀ ਉਤੇ। ਮੇਰੀ ਮੰਜੀ ਸੱਤ ਦੇ ਨਾਲ ਹੀ ਹੁੰਦੀ ਸੀ, ਇਸ ਲਈ ਕਿੰਨੀ ਕਿੰਨੀ ਦੇਰ ਅਸੀਂ ਗੱਲਾਂ ਕਰਦੇ ਰਹਿੰਦੇ। ਜਦੋਂ ਕਦੀ ਕੈਲਾਸ਼ੋ ਅਤੇ ਬੀ.ਏ. ਵਾਲੀ ਇਕ ਦੂਜੇ ਨਾਲ ਰੁੱਸ ਜਾਂਦੀਆਂ ਤਾਂ ਬੀ.ਏ. ਵਾਲੀ ਸੱਤ ਦੀ ਮੰਜੀ ਉਤੇ ਆ ਜਾਂਦੀ। ਉਦੋਂ ਉਹ ਮੇਰੇ ਵਾਲੇ ਪਾਸੇ ਦੀ ਹੀਅ ਨਾਲ ਲੱਗ ਜਾਂਦਾ ਅਤੇ ਆਪਣੀ ਸੱਜੀ ਲੱਤ ਮੇਰੀ ਮੰਜੀ ਉਤੇ ਰੱਖ ਲੈਂਦਾ।

ਸਵੇਰੇ ਉਠਦਿਆਂ ਹੀ ਘਰ ਵਿਚ ਗਹਿਮਾ-ਗਹਿਮੀ ਸ਼ੁਰੂ ਹੋ ਜਾਂਦੀ। ਇਕ ਲੈਟਰਿਨ ਸੀ ਕੋਠੇ ਉਤੇ ਅਤੇ ਇਕੋ ਗੁਸਲਖਾਨਾ ਸੀ ਥੱਲੇ, ਡਿਉੜੀ ਦੇ ਪਿਛਲੇ ਪਾਸੇ। ਕੋਈ ਹਿਸਾਬ-ਕਿਤਾਬ ਨਹੀਂ ਸੀ, ਜਿਸ ਦਾ ਦਾਅ ਲੱਗਦਾ, ਉਪਰ ਚਲਿਆ ਜਾਂਦਾ ਜਾਂ ਥੱਲੇ ਉਤਰ ਆਉਂਦਾ। ਸਕੂਲ ਜਾਣ ਵਾਲੇ ਬਹੁਤ ਜਣੇ ਸਨ ਘਰ ਵਿਚ। ਮੇਰੇ ਦੋਵੇਂ ਛੋਟੇ ਭਰਾ ਅਤੇ ਦੋਵੇਂ ਛੋਟੀਆਂ ਭੈਣਾਂ ਸਕੂਲ ਜਾਂਦੀਆਂ ਸਨ। ਮੈਂ ਅਤੇ ਸੱਤ ਤਾਂ ਸਕੂਲ ਜਾਂਦੇ ਹੀ ਸਾਂ। ਫੇਰ ਕੈਲਾਸ਼ੋ ਅਤੇ ਬੀ.ਏ. ਵਾਲੀ ਨੇ ਵੀ ਸਕੂਲ ਜਾਣਾ ਹੁੰਦਾ ਸੀ। ਸਾਡੇ ਬਾਊ ਜੀ ਅਤੇ ਭਾਈ ਜੀ ਜ਼ਰਾ ਸਵਖਤੇ ਉਠ ਕੇ ਇਸ਼ਨਾਨ ਵਗੈਰਾ ਕਰ ਲੈਂਦੇ ਸਨ। ਬਾਕੀ ਦੇ ਸਭ ਲੋਕ ਇਕੋ ਵੇਲੇ ਉਠਦੇ ਅਤੇ ਇਕੋ ਵੇਲੇ ਤਿਆਰ ਹੋਣ ਲਈ ਉਪਰ ਥੱਲੇ ਜਾਣ ਲੱਗਦੇ।

ਦਿੱਲੀ ਚਾਚਾ ਜੀ ਦੇ ਘਰ ਉਪਰਲੀ ਛੱਤ ਉਤੇ ਲੇਟੇ ਹੋਏ ਨੂੰ ਮੈਨੂੰ ਇਹ ਸਭ ਗੱਲਾਂ ਪਤਾ ਨਹੀਂ ਕਿਉਂ ਯਾਦ ਆ ਰਹੀਆਂ ਸਨ। ਇਨ੍ਹਾਂ ਨੂੰ ਯਾਦ ਕਰਕੇ ਇਕ ਵਾਰ ਤਾਂ ਮੇਰੇ ਬੁੱਲ੍ਹਾਂ ਉਤੇ ਮੁਸਕਾਨ ਫੈਲ ਗਈ। ਦੂਜੇ ਪਾਸੇ ਵੱਲ ਜਦੋਂ ਮੈਂ ਮੂੰਹ ਕੀਤਾ ਤਾਂ ਮੇਰੇ ਜੀਅ ਵਿਚ ਆਇਆ ਕਿ ਮੈਂ ਖੁੱਲ੍ਹ ਕੇ ਹੱਸਾਂ ਪਰ ਮੈਂ ਇੰਜ ਨਾ ਕਰ ਸਕਿਆ। ਉਹ ਵੀ ਦਿਨ ਸਨ ਕਿ ਜੇ ਕੋਈ ਅੰਦਰ ਜ਼ਰਾ ਜ਼ਿਆਦਾ ਸਮਾਂ ਲਗਾ ਦੇਵੇ ਤਾਂ ਬਾਹਰ ਖੜ੍ਹਾ ਬੰਦਾ ਬੂਹਾ ਖੜਕਾ ਦਿੰਦਾ ਸੀ। ਨਹਾਉਣ ਲੱਗਿਆਂ ਤਾਂ ਮੇਰੇ ਅਤੇ ਸੱਤ ਵਿਚ ਦੌੜ ਜਿਹੀ ਲੱਗ ਜਾਂਦੀ ਸੀ। ਜਿਹੜਾ ਦੌੜ ਕੇ ਗੁਸਲਖਾਨੇ ਵਿਚ ਜਾ ਵੜਦਾ, ਉਹ ਵੇਲੇ ਸਿਰ ਤਿਆਰ ਹੋ ਜਾਂਦਾ। ਉਂਜ ਸਕੂਲ ਅਸੀਂ ਦੋਵੇਂ ਇਕੱਠੇ ਹੀ ਜਾਂਦੇ ਸੀ ਅਤੇ ਦੇਰ ਨਾਲ ਪਹੁੰਚਣ ਕਰਕੇ ਕਦੀ-ਕਦੀ ਮਾਰ ਵੀ ਖਾ ਲੈਂਦੇ ਸੀ ਪਰ ਇਹ ਨਹੀਂ ਸੀ ਹੋਇਆ ਕਿ ਜਿਹੜਾ ਜਲਦੀ ਤਿਆਰ ਹੋ ਜਾਏ, ਉਹ ਪਹਿਲਾਂ ਸਕੂਲ ਚਲਾ ਜਾਏ।

ਉਦੋਂ ਰਾਤੀਂ ਪਤਾ ਨਹੀਂ ਕਦੋਂ ਮੈਨੂੰ ਨੀਂਦ ਆਈ ਪਰ ਜਦੋਂ ਜਾਗ ਖੁੱਲ੍ਹੀ ਤਾਂ ਚਿੱਟਾ ਦਿਨ ਚੜ੍ਹਿਆ ਹੋਇਆ ਸੀ। ਉਥੋਂ ਉਠ ਕੇ ਪਹਿਲਾਂ ਮੈਂ ਬਾਥਰੂਮ ਗਿਆ ਅਤੇ ਫਿਰ ਥੱਲੇ ਉਤਰ ਗਿਆ। ਰਸੋਈ ਵਿਚ ਚਾਚੀ ਜੀ ਚਾਹ ਬਣਾ ਰਹੇ ਸਨ। ਮੈਂ ਅੰਦਰ ਕਮਰੇ ਵਿਚ ਚਾਚਾ ਜੀ ਦੇ ਕੋਲ ਬੈਠ ਗਿਆ।

"ਚੰਗੀ ਨੀਂਦ ਆਈ ਰਾਤ ਨੂੰ?"

"ਹਾਂ ਚਾਚਾ ਜੀ, ਬਹੁਤ ਗੂੜ੍ਹੀ।"

"ਮੱਛਰ ਤਾਂ ਨਹੀਂ ਲੜਿਆ?"

"ਪਤਾ ਹੀ ਨਹੀਂ ਲੱਗਾ। ਉਂਜ ਮੇਰਾ ਖੂਨ ਕੌੜਾ ਹੈ, ਮੱਛਰ ਲਾਗੇ ਨਹੀਂ ਲੱਗਦਾ।"

"ਖੂਨ ਭਾਵੇਂ ਕੌੜਾ ਹੋਵੇ।" ਚਾਚੀ ਜੀ ਨੇ ਕਮਰੇ ਵਿਚ ਆਉਂਦਿਆਂ ਕਿਹਾ, "ਪਰ ਸੁਭਾਅ ਨਹੀਂ ਕੌੜਾ ਹੋਣਾ ਚਾਹੀਦਾ।"

"ਪਰ ਚਾਚੀ ਜੀ, ਕਹਿੰਦੇ ਨੇ ਜਿਸ ਦਾ ਸੁਭਾਅ ਕੌੜਾ ਹੁੰਦੈ, ਉਹ ਦਿਲ ਦਾ ਮਾੜਾ ਨਹੀਂ ਹੁੰਦਾ।" ਮੇਰੇ ਮੂੰਹੋਂ ਨਿਕਲਿਆ।

"ਦਿਲ ਨੂੰ ਦੇਖਣ ਦਾ ਕੀਹਦੇ ਕੋਲ ਵਿਹਲ ਏ ਰੰਜਨ।" ਇਹ ਕਹਿੰਦੇ ਹੋਏ ਚਾਚੀ ਜੀ ਨੇ ਚਾਹ ਦਾ ਕੱਪ ਮੈਨੂੰ ਫੜਾ ਦਿੱਤਾ।

ਹਾਂ, ਗੱਲ ਦਿਲ ਦੀ ਨਹੀਂ, ਵਿਹਲ ਦੀ ਸੀ। ਕੁਝ ਦੇਰ ਇਧਰ-ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ, ਫੇਰ ਅਖ਼ਬਾਰ ਆ ਗਈ। ਇਕੋ ਭਾਂਤ ਦੀਆਂ ਖ਼ਬਰਾਂ ਛਪਦੀਆਂ ਸਨ, ਰੋਜ਼ ਦਿਹਾੜੇ। ਪੜ੍ਹਨ ਜਾਂ ਨਾ ਪੜ੍ਹਨ ਨਾਲ ਬਹੁਤਾ ਫ਼ਰਕ ਨਹੀਂ ਸੀ ਪੈਂਦਾ। ਅਖ਼ਬਾਰ ਦੇ ਵਰਕੇ ਫੋਲ ਕੇ ਮੈਂ ਉਪਰਲੇ ਕਮਰੇ ਵਿਚ ਚਲਾ ਗਿਆ। ਪਲੰਘ ਖਿੱਚ ਕੇ ਮੈਂ ਕਮਰੇ ਵਿਚ ਲੈ ਆਇਆ। ਕੁਝ ਦੇਰ ਮੈਂ ਛੱਤ ਉਤੇ ਟਹਿਲਦਾ ਰਿਹਾ। ਮੈਨੂੰ ਕੋਈ ਕਾਹਲੀ ਨਹੀਂ ਸੀ, ਕਿਸੇ ਕਿਸਮ ਦੀ। ਬੜੇ ਆਰਾਮ ਨਾਲ ਮੈਂ ਤਿਆਰ ਹੁੰਦਾ ਰਿਹਾ। ਕਿਸੇ ਵੱਲੋਂ ਬਾਥਰੂਮ ਦਾ ਬੂਹਾ ਖੜਕਾਉਣ ਦਾ ਡਰ ਨਹੀਂ ਸੀ ਅਤੇ ਨਾ ਹੀ ਇਹ ਖ਼ਦਸ਼ਾ ਸੀ ਕਿ ਮੇਰੇ ਕੋਲੋਂ ਪਹਿਲਾਂ ਕੋਈ ਉਸ ਵਿਚ ਜਾ ਵੜੇਗਾ। ਆਪਣੇ ਆਪ ਵਿਚ, ਆਪਣੇ ਹੀ ਆਪ ਵਿਚ, ਅਲਮਸਤ ਸੀ ਮੈਂ। ਭਾਵੇਂ ਮੈਂ ਹੌਲੀ-ਹੌਲੀ ਤਿਆਰ ਹੋ ਰਿਹਾ ਸੀ ਪਰ ਮੈਨੂੰ ਇੰਜ ਲੱਗਾ ਜਿਵੇਂ ਮੈਂ ਬਹੁਤ ਜਲਦੀ ਤਿਆਰ ਹੋ ਗਿਆ ਹੋਵਾਂ।

ਥੱਲੇ ਉਤਰਿਆ ਤਾਂ ਰਸੋਈ ਵਿਚ ਕੋਈ ਨਹੀਂ ਸੀ। ਮੈਂ ਸਿੱਧਾ ਚਾਚਾ ਜੀ ਦੇ ਕਮਰੇ ਵਿਚ ਚਲਾ ਗਿਆ। ਉਹ ਅਖ਼ਬਾਰ ਉਤੇ ਨਜ਼ਰ ਮਾਰ ਰਹੇ ਸਨ। ਮੈਂ ਇਕ ਪਾਸੇ ਜਿਹੇ ਬੈਠ ਕੇ 'ਗੈਟ ਵੈਲ ਸੂਨ' ਵਾਲੇ ਕਾਰਡਾਂ ਨੂੰ ਉਲਟ-ਪੁਲਟ ਕੇ ਦੇਖਣ ਲੱਗ ਪਿਆ। ਢੇਰ ਸਾਰੇ ਕਾਰਡ ਸਨ ਅਤੇ ਉਨ੍ਹਾਂ ਉਤੇ ਛਪੀ ਹੋਈ ਭਾਂਤ-ਭਾਂਤ ਦੀ ਇਬਾਰਤ ਬਹੁਤ ਦਿਲਕਸ਼ ਸੀ। ਥੋੜ੍ਹੀ ਦੇਰ ਬਾਅਦ ਦਰਵਾਜ਼ੇ ਉਤੇ ਦਸਤਕ ਹੋਈ ਅਤੇ ਫਿਰ ਉਹ ਥੋੜ੍ਹਾ ਜਿਹਾ ਖੁੱਲ੍ਹਿਆ। ਉਥੇ ਚਾਚਾ ਜੀ ਦੀ ਵੱਡੀ ਲੜਕੀ ਗੋਗੀ ਖੜ੍ਹੀ ਸੀ। ਉਸ ਨੇ ਧੀਮੀ ਆਵਾਜ਼ ਵਿਚ ਕਿਹਾ, "ਗੁੱਡ ਮਾਰਨਿੰਗ, ਪਾਪਾ।"

"ਮਾਰਨਿੰਗ ਬੇਟੇ।" ਚਾਚਾ ਜੀ ਨੇ ਅਖ਼ਬਾਰ ਪਰ੍ਹੇ ਰੱਖ ਦਿੱਤਾ।

"ਹਾਊ ਆਰ ਯੂ ਫੀਲਿੰਗ ਟੂਡੇ?" ਉਹੀ ਆਵਾਜ਼ ਫਿਰ ਕਮਰੇ ਵਿਚ ਫੈਲੀ।

"ਫਾਈਨ, ਥੈਂਕ ਯੂ।" ਚਾਚਾ ਜੀ ਨੇ ਅਖ਼ਬਾਰ ਨੂੰ ਦੁਬਾਰਾ ਚੁੱਕਦੇ ਹੋਏ ਜਵਾਬ ਦਿੱਤਾ।

ਫੇਰ ਉਹ ਦਰਵਾਜ਼ਾ ਬੰਦ ਹੋ ਗਿਆ, ਬਿਲਕੁਲ ਹੌਲੀ ਜਿਹੇ। ਮੈਂ ਉਨ੍ਹਾਂ ਕਾਰਡਾਂ ਨੂੰ ਤਰਤੀਬ ਵਿਚ ਲਗਾ ਦਿੱਤਾ। ਥੋੜ੍ਹੀ ਦੇਰ ਬਾਅਦ ਚਾਚੀ ਜੀ ਅਟੈਚਡ ਬਾਥਰੂਮ ਵਿਚੋਂ ਬਾਹਰ ਆ ਗਏ। ਮੈਨੂੰ ਉਥੇ ਬੈਠਾ ਦੇਖ ਕੇ ਪੁੱਛਣ ਲੱਗੇ,

"ਤੇਰਾ ਨਾਸ਼ਤਾ ਤਿਆਰ ਕਰ ਦਿਆਂ ਰੰਜਨ?"

"ਕੋਈ ਜਲਦੀ ਨਹੀਂ, ਸਾਰਿਆਂ ਦੇ ਨਾਲ ਹੀ...।"

"ਫੇਰ ਤਾਂ ਤੂੰ ਭੁੱਖਾ ਬੈਠਾ ਰਹੇਂਗਾ, ਦੋ ਘੰਟੇ।"

"ਉਹ ਕਿਵੇਂ, ਚਾਚੀ ਜੀ?"

"ਦੇਖ, ਗੋਗੀ ਨੇ ਦੁੱਧ ਦਾ ਇਕ ਕੱਪ ਪੀਣੈ ਤਾਂ ਉਹਦਾ ਨਾਸ਼ਤਾ ਹੋ ਗਿਆ। ਮਿਨੀ ਅਜੇ ਘੰਟੇ ਕੁ ਤੱਕ ਉਠੇਗੀ, ਫੇਰ ਤਿਆਰ ਹੋਏਗੀ ਅਤੇ ਬਟਰ-ਟੋਸਟ ਲੈ ਕੇ ਚਾਹ ਦਾ ਕੱਪ ਪੀ ਲਵੇਗੀ।"

"ਚਲੋ ਕੋਈ ਨਹੀਂ, ਤੁਸੀਂ ਤੇ ਚਾਚਾ ਜੀ ਜਦੋਂ ਨਾਸ਼ਤਾ ਕਰੋਗੇ, ਮੈਂ ਵੀ ਕਰ ਲਵਾਂਗਾ।"

"ਤੇਰੇ ਚਾਚਾ ਜੀ ਨੇ ਤਾਂ ਪਹਿਲਾਂ ਨਖਰੇ ਕਰਨੇ ਨੇ ਕਿੰਨੀ ਹੀ ਦੇਰ ਕਿ ਮੈਂ ਐਹ ਨਹੀਂ ਖਾਣਾ, ਉਹ ਨਹੀਂ ਖਾਣਾ। ਫੇਰ ਓਟਸ ਦਾ ਦਲੀਆ ਅਤੇ ਅੱਧਾ ਗਿਲਾਸ ਦੁੱਧ ਦਾ।"

"ਤੁਸੀਂ ਤਾਂ...?"

"ਮੈਂ ਲਵਾਂਗੀ ਇਕ ਸਲਾਈਸ ਤੇ ਜ਼ਰਦੀ ਤੋਂ ਬਗੈਰ ਇਕ ਆਂਡਾ।"

"ਸੱਚ ਪੁੱਛੋ ਤਾਂ ਚਾਚੀ ਜੀ, ਮੈਨੂੰ ਅੰਡੇ ਦੀ ਜ਼ਰਦੀ ਬਹੁਤ ਚੰਗੀ ਲੱਗਦੀ ਏ।"

"ਨਹੀਂ ਨਹੀਂ, ਰੰਜਨ," ਚਾਚਾ ਜੀ ਅੱਬੜਵਾਹੇ ਬੋਲ ਪਏ, "ਅੰਡੇ ਦੀ ਜ਼ਰਦੀ ਤਾਂ ਨਿਰਾ ਕੋਲੈਸਟਰੋਲ ਹੈ, ਹਾਰਟ ਲਈ ਬਹੁਤ ਹੀ ਹਾਨੀਕਾਰਕ।"

ਏਨੇ ਵਿਚ ਬੱਬੀ ਉਪਰ ਆ ਗਿਆ। ਉਸ ਨੇ ਆਉਂਦਿਆਂ ਹੀ ਪੁੱਛਿਆ, "ਹਾਊ ਆਰ ਯੂ ਪਾਪਾ?" ਅਤੇ ਫਿਰ ਚਾਚਾ ਜੀ ਦਾ ਜਵਾਬ ਸੁਣਨ ਤੋਂ ਪਹਿਲਾਂ ਹੀ ਚਾਚਾ ਜੀ ਨੂੰ ਕਹਿਣ ਲੱਗਾ, "ਕੋਈ ਦਵਾਈ ਮੰਗਵਾਣੀ ਹੋਵੇ ਤਾਂ ਦੱਸੋ, ਮੈਂ ਸ਼ਾਮੀਂ ਲੈ ਆਵਾਂਗਾ।"

"ਹਾਂ...ਇਹ ਦਵਾਈਆਂ ਲੈਂਦਾ ਆਈਂ।" ਚਾਚਾ ਜੀ ਨੇ ਪਰਚੀ ਉਸ ਨੂੰ ਫੜਾ ਦਿੱਤੀ।

"ਚੰਗਾ, ਭਾਜੀ," ਉਸ ਨੇ ਮੇਰੇ ਵੱਲ ਤੱਕਦੇ ਹੋਏ ਕਿਹਾ, "ਮੈਂ ਹੁਣ ਨਹਾ ਕੇ ਦਫ਼ਤਰ ਚਲੇ ਜਾਣੈ। ਸ਼ਾਮੀਂ ਮਿਲਾਂਗੇ, ਅੱਠ ਵਜੇ ਤੋਂ ਬਾਅਦ।" ਏਨਾ ਕਹਿ ਕੇ ਉਹ ਚਲਾ ਗਿਆ, ਦਰਵਾਜ਼ਾ ਆਪਣੇ ਪਿੱਛੇ ਭੀੜਦਾ ਹੋਇਆ।

ਅਚਨਚੇਤ ਮੇਰਾ ਜੀਅ ਕੀਤਾ ਕਿ ਮੈਂ ਦੌੜ ਕੇ ਪੌੜੀਆਂ ਉਤਰ ਜਾਵਾਂ ਅਤੇ ਬੱਬੀ ਤੋਂ ਪਹਿਲਾਂ ਗੁਸਲਖਾਨੇ ਵਿਚ ਜਾ ਵੜਾਂ।

---

# ਨੈਣ-ਨਕਸ਼

*(ਸਫਾ 29 ਦੀ ਬਾਕੀ)*

ਹੇਵਰਡ ਦਾ ਆਰਥਕ ਵਿਕਾਸ ਕਮਿਸ਼ਨਰ ਬੀਜੇਵਾਲਾ ਤਾਰੀ ਖੇੜਾਂ ਤੇ ਗਦਰੀ ਬਾਬਿਆਂ ਦੀ ਗੱਲ ਚੌਹਾਂ ਪਾਸਿਆਂ ਤੋਂ ਰੱਖਦਾ ਹੈ। ਕੁਲਥਮ ਵਾਲਾ ਸਤਨਾਮ ਚੁੰਬਰ, ਸਰਹਾਲ ਕਾਜ਼ੀਆਂ ਵਾਲਾ ਕਬੱਡੀ ਖਿਡਾਰੀ ਨਵਾਂਸ਼ਹਿਰ ਦੀ ਖੇਡ ਪਛਾਣ ਹਨ। ਮੇਰੇ ਪਿੰਡ ਦਾ ਕੁਲਬੀਰ ਸਿੰਘ ਭੌਰਾ ਲੰਮਾ ਸਮਾਂ ਇੰਗਲੈਂਡ ਦੀ ਹਾਕੀ ਟੀਮ ਦਾ ਮੈਂਬਰ ਰਿਹਾ ਹੈ।

ਬੱਬਰ ਕਰਮ ਸਿੰਘ ਦਾ ਪਿੰਡ ਦੌਲਤਪੁਰ ਇਸ ਗੱਲ ਦਾ ਇਤਿਹਾਸਕ ਦਸਤਾਵੇਜ਼ ਹੈ ਕਿ ਇਹ ਧਰਤੀ ਸੂਰਬੀਰਾਂ ਦੀ ਧਰਤੀ ਹੈ। ਦੌਲਤਪੁਰ ਦੇ ਸਾਹਮਣੇ ਹੈ ਜਾਡਲਾ। ਕਹਿਣ ਨੂੰ ਤਾਂ ਇਹ ਰਾਣਾ ਮੋਤੀ ਸਿੰਘ ਦਾ ਪਿੰਡ ਹੋਊ ਪਰ ਪੰਜਾਬ ਦੀ ਇਕ ਵਿਰਾਸਤ ਇਸ ਪਿੰਡ ਨਾਲ ਮਾਸਟਰ ਮਲੂਕ ਚੰਦ ਜ਼ਰੀਏ ਜੁੜੀ ਹੋਈ ਹੈ। ਜਦੋਂ ਦੂਰਦਰਸ਼ਨ ਨਹੀਂ ਆਇਆ ਸੀ, ਰੇਡੀਓ ਆਮ ਘਰਾਂ ਤੀਕਰ ਨਹੀਂ ਪਹੁੰਚਿਆ ਸੀ ਤਾਂ ਮਲੂਕ ਚੰਦ ਨੇ ਡਰਾਮੇ ਖੇਡ ਕੇ ਪੰਜਾਬ ਭਰ ਦੇ ਲੋਕਾਂ ਦਾ ਭਰਵਾਂ ਮਨੋਰੰਜਨ ਕੀਤਾ। ਇਵੇਂ ਹੀ ਬਾਅਦ 'ਚ ਸਿੰਬਲ ਮਜਾਰੇ ਵਾਲੇ ਗਿਆਨੀ ਮਹਿੰਗਾ ਸਿੰਘ ਨੇ ਬਹੁਤ ਸਮਾਂ ਆਪਣੇ ਪੁੱਤਰਾਂ ਮਹਿੰਦਰ ਸਿੰਘ ਤੇ ਤਰਸੇਮ ਸਿੰਘ ਨਾਲ ਇਸੇ ਖੇਤਰ ਵਿਚ ਕੰਮ ਕੀਤਾ। ਔਤ ਦੀ ਗੱਲ ਦੂਹਰੀ ਵਾਰ ਕਰ ਲਈਏ... ਇੱਥੇ ਜਾਗ੍ਰਤੀ ਕਲਾ ਕੇਂਦਰ ਲੰਮੇ ਸਮੇਂ ਤੋਂ ਮੇਲਾ ਲਗਾ ਕੇ ਗਰੀਬ ਲੜਕੀਆਂ ਦੇ ਵਿਆਹ ਕਰਦਾ ਆ ਰਿਹਾ ਹੈ। ਸੁੱਚਾ ਨੰਦ ਤਾਂ ਪਤਾ ਨ੍ਹੀਂ ਔਤ ਦਾ ਸੀ ਕਿ ਨਹੀਂ, ਪਰ ਔਤ ਦਾ ਦੁਸਹਿਰਾ ਤੇ ਬਾਰਾਂਦਰੀ ਜ਼ਰੂਰ ਦੇਖ ਕੇ ਆਇਓ। ਹੋਰ ਵੀ ਸਕੂਨ ਇਸ ਕਰਕੇ ਮਿਲੇਗਾ ਕਿ ਤੁਸੀਂ ਰਾਜ ਭਨੋਟ ਦੀ ਜਨਮ ਭੋਇੰ ਦੇ ਦਰਸ਼ਨ ਦੀਦਾਰ ਕਰ ਲਏ ਹਨ।

ਸੰਨ 47 ਤੋਂ ਪਹਿਲਾਂ ਇਸ ਜ਼ਿਲ੍ਹੇ ਵਿਚ ਬਹੁਤੇ ਮੁਸਲਮਾਨ ਸਨ ਤੇ ਉਨ੍ਹਾਂ 'ਚ ਘੋੜਬਾਹ ਰਾਜਪੂਤ ਵੱਧ। ਤਕਰੀਬਨ ਹਰ ਤੀਜੇ-ਚੌਥੇ ਪਿੰਡ 'ਚ ਮਸੀਤ ਦਿਸੇਗੀ। ਰਾਹੋਂ ਸਾਰੇ ਦਾ ਸਾਰਾ ਦੇਖਣਯੋਗ ਹੈ ਜਿਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲਾਂ ਦੀਆਂ ਫਿਰਕੀਆਂ ਘੁਮਾਈਆਂ ਸਨ। ਰਾਹੋਂ ਦਾ ਕਿਲਾ ਇਤਿਹਾਸਕ ਪ੍ਰਮਾਣ ਹੈ। ਜ਼ਿਕਰਯੋਗ ਗੱਲ ਇਹ ਵੀ ਹੈ ਕਿ ਬਾਦਲਾਂ ਦੀ ਜਲੰਧਰ ਵਾਲੀ 'ਹਵੇਲੀ' ਨੂੰ ਪਹਿਲੇ ਮਾਲਕਾਂ ਨੇ ਸਾਰੀਆਂ ਨਾਨਕਸ਼ਾਹੀ ਇੱਟਾਂ ਰਾਹੋਂ ਤੋਂ ਲਿਜਾ ਕੇ ਬਣਾਇਆ ਹੈ।

ਮਾਇਆਵਤੀ ਭਾਵੇਂ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣ ਗਈ ਹੋਵੇ, ਪਰ ਡੀ.ਐਸ.ਫੋਰ ਦੇ ਨਾਂ ਹੇਠ ਪਹਿਲੀ ਲਹਿਰ ਕਾਂਸ਼ੀ ਰਾਮ ਨੇ ਨਵਾਂ ਸ਼ਹਿਰ, ਖਾਸ ਤੌਰ 'ਤੇ ਕਰੀਹਾ ਪਿੰਡ ਤੋਂ ਹੀ ਚਲਾਈ ਸੀ। ਸਤਨਾਮ ਸਿੰਘ ਕੈਂਥ ਇਸੇ ਲਹਿਰ 'ਚੋਂ ਐਮ.ਐਲ.ਏ. ਤੇ ਫਿਰ ਐਮ.ਪੀ. ਬਣਿਆ।

ਚਲੋ, ਹੁੰਦਾ ਹੀ ਆਇਐ ਕਿ ਘੁਮਿਆਰੀ ਆਪਣਾ ਭਾਂਡਾ ਸਲਾਹੇਗੀ ਹੀ, ਪਰ ਜੇ ਪੱਖਪਾਤ ਨਾ ਮੰਨੋ ਤਾਂ ਸੱਚ ਇਹ ਹੈ ਕਿ ਬਾਦਲਾਂ ਤੋਂ ਤਾਂ ਸ਼ਾਇਦ ਪੰਜਾਬ ਨੂੰ ਕੈਲੀਫੋਰਨੀਆ ਨਾ ਬਣਾ ਹੋਵੇ, ਪਰ ਨਵਾਂ ਸ਼ਹਿਰ ਜ਼ਿਲ੍ਹਾ ਪੰਜਾਬ ਦਾ ਕੈਲੀਫੋਰਨੀਆ ਹੈ। ਇੱਥੇ ਕੱਚੇ ਘਰ ਬਹੁਤ ਦੇਰ ਪਹਿਲਾਂ ਖ਼ਤਮ ਹੋ ਗਏ ਸਨ। ਦੁਆਬੇ ਦੀ ਇਸ ਧੁੰਨੀ ਦੀ ਕਿਸਮਤ ਇੱਥੋਂ ਦੇ ਗੱਭਰੂਆਂ ਨੇ ਵਿਦੇਸ਼ਾਂ 'ਚ ਮਿਹਨਤ ਕਰਕੇ ਬਹੁਤੀ ਬਦਲੀ ਹੈ। ਜ਼ਿਲ੍ਹੇ ਦੇ ਪਹਿਲੇ ਡਿਪਟੀ ਕਮਿਸ਼ਨਰ ਜੰਗ ਬਹਾਦਰ ਗੋਇਲ ਤੋਂ ਬਾਅਦ ਦੇ ਜਗਜੀਤ ਸਿੰਘ, ਡਾ. ਰੌਸ਼ਨ ਸੁੰਕਾਰੀਆ, ਹੁਸਨ ਲਾਲ, ਗੁਣਾਚੌਰ ਵਾਲਾ ਹਾਕੀ ਕਪਤਾਨ ਤੇ ਫਿਰ ਪੁਲਿਸ ਕਪਤਾਨ ਸੁਰਿੰਦਰ ਸੋਢੀ ਨੂੰ ਜਾਣਦਾ ਹੀ ਨਹੀਂ, ਮਿੱਤਰਾਂ ਵਾਂਗ ਮਿਲਦਾ ਰਿਹਾ ਹੈਂ ਤੇ ਨਿਸ਼ਚੇ ਹੀ ਇਹ ਨਾਈਟ ਨਵਾਂ ਸ਼ਹਿਰੀਆਂ ਦੇ ਮਨੋਰੰਜਨ 'ਚ ਔਡੀ ਤਾਂ ਚੁਕਾਏਗੀ ਹੀ, ਭਵਿੱਖ ਵਿਚ ਨਵਾਂ ਤੇ ਬਹੁਤ ਕੁਝ ਤਾਜ਼ਾ ਕਰਨ ਦਾ ਸੰਕਲਪ ਵੀ ਪੈਦਾ ਕਰੇਗੀ। ਜਿਨ੍ਹਾਂ ਦਾ ਜ਼ਿਕਰ ਕਰਨੋਂ ਰਹਿ ਗਿਆ ਹੋਵੇ, ਮੁਆਫ਼ੀ ਹੀ ਚਾਹਾਂਗਾ।

ਗੁਰਦੁਆਰਾ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਇਸੇ ਜ਼ਿਲੇ ਦੇ ਪਿੰਡ ਨੂਰਪੁਰ ਤੋਂ ਹਨ।

# ਜਿਨ ਏਕ ਬਾਰ ਸ੍ਰੀ ਵਾਹਿਗੂਰ ਕਹਿਓ

ਚਰਚਾ

**ਅਮਰਦੀਪ ਸਿੰਘ ਅਮਰ**

ਗੱਲ ਖਾੜਕੂਵਾਦ ਵੇਲੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋਈ ਇਕ ਸੱਚੀ ਘਟਨਾ ਤੋਂ ਸ਼ੁਰੂ ਕਰਦੇ ਹਾਂ। ਅੰਮ੍ਰਿਤਸਰ ਜ਼ਿਲ੍ਹੇ ਦੀ ਗੋਇੰਦਵਾਲ ਤਹਿਸੀਲ ਵਿਚ ਦਰਿਆ ਬਿਆਸ ਕਿਨਾਰੇ ਪਿੰਡ ਵੈਰੋਵਾਲ ਜੋ ਕਿ ਭਾਈ ਸੁਲੱਖਣ ਸਿੰਘ ਬੱਬਰ ਦਾ ਪਿੰਡ ਹੈ, ਦੇ ਥਾਣੇ ਵਿਚ ਪੰਜਾਬ ਪੁਲਿਸ ਨੇ ਬੱਬਰ ਖਾਲਸਾ ਦਾ ਚੋਟੀ ਦਾ ਖਾੜਕੂ ਭਾਈ ਅਨੋਖ ਸਿੰਘ ਬੱਬਰ ਗ੍ਰਿਫ਼ਤਾਰ ਕਰ ਕੇ ਰੱਖਿਆ ਹੋਇਆ ਸੀ। ਕਈ ਦਿਨਾਂ ਤੋਂ ਪੰਜਾਬ ਪੁਲਿਸ ਦੇ ਉਚ ਅਫਸਰ, ਜਿਨ੍ਹਾਂ ਵਿਚ ਬਦਨਾਮ ਪੁਲਿਸ ਅਫ਼ਸਰ ਇਜ਼ਹਾਰ ਆਲਮ ਵੀ ਸ਼ਾਮਲ ਸੀ, ਭਾਈ ਅਨੋਖ ਸਿੰਘ 'ਤੇ ਅੰਨ੍ਹਾ ਤਸ਼ੱਦਦ ਢਾਹ ਰਹੇ ਸਨ ਪਰ ਸਾਰੇ ਜਣੇ ਭਾਈ ਅਨੋਖ ਸਿੰਘ ਦੇ ਮੂੰਹੋਂ ਉਸ ਦੀ ਜਥੇਬੰਦੀ ਤੇ ਗੁਪਤ ਸਾਥੀਆਂ ਬਾਬਤ ਇਕ ਵੀ ਸ਼ਬਦ ਉਗਲਵਾਉਣ ਵਿਚ ਅਸਫ਼ਲ ਰਹਿਣ ਕਰਕੇ ਮੱਥਾ ਫੜੀ ਬੈਠੇ ਸਨ। ਇਜ਼ਹਾਰ ਆਲਮ, ਭਾਈ ਅਨੋਖ ਸਿੰਘ ਕੋਲੋਂ ਜਥੇਦਾਰ ਸੁਖਦੇਵ ਸਿੰਘ ਬੱਬਰ, ਭਾਈ ਵਧਾਵਾ ਸਿੰਘ ਬੱਬਰ, ਭਾਈ ਮਹਿਲ ਸਿੰਘ ਬੱਬਰ ਦਾ ਥਹੁ ਪਤਾ ਪੁੱਛਣਾ ਚਾਹੁੰਦਾ ਸੀ ਪਰ ਗੁਰੂ ਗੋਬਿੰਦ ਸਿੰਘ ਦਾ ਲਾਡਲਾ ਪੁੱਤਰ ਮੂੰਹੋਂ ਇਕ ਸ਼ਬਦ ਵੀ ਨਹੀਂ ਸੀ ਕੱਢ ਰਿਹਾ।

ਘੋਰ ਤਸ਼ੱਦਦ ਵਿਚ ਸੂਰਬੀਰ ਦੇ ਮੂੰਹੋਂ ਵਾਹਿਗੁਰੂ-ਵਾਹਿਗੁਰੂ ਹੀ ਨਿਕਲ ਰਿਹਾ ਸੀ। ਪੁਲਿਸ ਦੇ ਕਸਾਈਆਂ ਨੇ ਜਿਉਂਦੇ ਜੀਅ ਹੀ ਭਾਈ ਅਨੋਖ ਸਿੰਘ ਦੀ ਰੀੜ ਦੀ ਹੱਡੀ ਲੱਕ ਕੋਲੋਂ ਤੋੜ ਦਿੱਤੀ। ਦੋਵੇਂ ਅੱਖਾਂ ਰਾਈਫਲ ਦੀ ਸੰਗੀਨ ਨਾਲ ਕੱਢ ਦਿੱਤੀਆਂ। ਉਸ ਦੀ ਛਾਤੀ ਵਿਚੋਂ ਤਪਦੇ ਸਰੀਏ ਆਰ-ਪਾਰ ਕਰ ਦਿੱਤੇ। ਘੋਰ ਤਸ਼ੱਦਦ ਸਹਾਰ ਰਹੇ ਸਿੰਘ ਨੇ ਪੁਲਿਸ ਵਾਲਿਆਂ ਕੋਲੋਂ ਪਾਣੀ ਮੰਗਿਆ। ਕਿਸੇ ਨਰਮ ਦਿਲ ਸਿਪਾਹੀ ਨੇ ਭੱਜ ਕੇ ਪਾਣੀ ਦਾ ਗਿਲਾਸ ਲਿਆ ਦਿੱਤਾ। ਭਾਈ ਅਨੋਖ ਸਿੰਘ ਬੱਬਰ ਨੇ ਪਾਣੀ ਪੀ ਕੇ ਖਾਲੀ ਗਿਲਾਸ ਵਾਪਸ ਦਿੰਦਿਆਂ ਪੁਲਿਸ ਦੇ ਬੁੱਚੜਾਂ ਨੂੰ ਵੰਗਾਰ ਪਾਈ, "ਮੇਰੇ ਸਾਥੀਆਂ ਦਾ ਥਹੁ ਪਤਾ ਤਾਂ ਬਹੁਤ ਦੂਰ ਦੀ ਗੱਲ ਜੇਕਰ ਤੁਸੀਂ ਹੁਣੇ ਪੀਤੇ ਗਏ ਪਾਣੀ ਦੇ ਗਿਲਾਸ ਨੂੰ ਹੀ ਮੇਰੇ ਮੂੰਹੋਂ ਮੁੜ ਕਬੂਲ ਕਰਵਾ ਲਵੋ ਤਾਂ ਤੁਹਾਡੀ ਹਿੰਮਤ ਦੀ ਦਾਦ ਦੇਵਾਂਗਾ ਤੇ ਬਾਕੀ ਸਭ ਕੁਝ ਜੋ ਤੁਸੀਂ ਕਹੋਗੇ ਕਬੂਲ ਕਰ ਲਵਾਂਗਾ।"

ਪੁਲਿਸ ਦੇ ਕਾਗਜ਼ੀ ਸ਼ੇਰ ਭਾਈ ਸਾਹਿਬ ਦੇ ਇਨ੍ਹਾਂ ਬਚਨਾਂ ਕਰਕੇ ਹੋਰ ਚਿੜ ਗਏ ਤੇ ਤਸ਼ੱਦਦ ਦਾ ਸਿਖਰ ਕਰਦਿਆਂ ਉਨ੍ਹਾਂ ਭਾਈ ਅਨੋਖ ਸਿੰਘ ਦੀ ਜ਼ੁਬਾਨ ਕੱਟ ਦਿੱਤੀ। ਅੰਤ ਹੰਭ-ਹਾਰ ਕੇ ਭਾਈ ਸਾਹਿਬ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਤੇ ਉਨ੍ਹਾਂ ਦੀ ਦੇਹ ਨੂੰ ਦਰਿਆ ਬਿਆਸ ਵਿਚ ਰੋੜ੍ਹ ਦਿੱਤਾ। ਜ਼ਾਲਮਾਂ ਦੀ ਚੰਡਾਲ ਚੌਕੜੀ ਭਾਈ ਅਨੋਖ ਸਿੰਘ ਬੱਬਰ ਦੇ ਮੁਖਾਰਬਿੰਦ ਵਿਚੋਂ ਨਾ ਵਾਹਿਗੁਰੂ ਦੀ ਧੁਨੀ ਚੁੱਪ ਕਰਵਾ ਸਕੀ ਤੇ ਨਾ ਹੀ ਉਨ੍ਹਾਂ ਕੋਲੋਂ ਜਥੇਬੰਦੀ ਦੇ ਗੁਪਤ ਭੇਤ ਹੀ ਕਢਾ ਸਕੀ। ਉਪਰੋਕਤ ਬਿਆਨ ਕੀਤੀ ਵਾਰਤਾ ਕੋਈ ਕਲਪਨਾ ਨਹੀਂ। ਇਹ ਵਾਰਤਾ ਮੈਨੂੰ ਮੇਰੇ ਪਿਤਾ ਜੀ ਦੇ ਨਜ਼ਦੀਕੀ ਮਿੱਤਰ ਤੇ ਰਿਟਾਇਰਡ ਡੀ.ਐਸ.ਪੀ.-ਸੀ.ਆਈ.ਡੀ., ਪੰਜਾਬ ਪੁਲਿਸ ਸ. ਦਲਜੀਤ ਸਿੰਘ ਹਾਂਸ ਨੇ ਦੱਸੀ ਸੀ।

ਜਗਰਾਉਂ ਪੁਲਿਸ ਜ਼ਿਲ੍ਹੇ ਵਿਚ ਕਿਤੇ ਤਾਇਨਾਤ ਡੀ.ਐਸ.ਪੀ. ਸ. ਰਣਧੀਰ ਸਿੰਘ ਨੇ ਵੀ ਇਕ ਮਿਲਣੀ ਵੇਲੇ ਮੇਰੇ ਕੋਲ ਇਸ ਘਟਨਾ ਦੀ ਤਾਈਦ ਕੀਤੀ ਸੀ। ਭਾਈ ਅਨੋਖ ਸਿੰਘ ਦੇ ਪਰਿਵਾਰਕ ਦੇ ਜੀਆਂ ਤੇ ਭੈਣ ਜੀ ਮਨਿੰਦਰ ਕੌਰ ਨੇ ਵੀ ਇਸ ਘਟਨਾ ਦੀ ਤਾਈਦ ਦਾਸ ਕੋਲ ਕੀਤੀ ਸੀ। ਯਾਦ ਰਹੇ ਭੈਣ ਜੀ ਮਨਿੰਦਰ ਕੌਰ, ਭਾਈ ਸੁਲੱਖਣ ਸਿੰਘ ਬੱਬਰ ਦੇ ਧਰਮ ਪਤਨੀ ਹਨ ਜੋ ਭਾਈ ਅਨੋਖ ਸਿੰਘ ਬੱਬਰ ਦੇ ਅਤਿ ਨਜ਼ਦੀਕੀ ਸਾਥੀਆਂ ਵਿਚੋਂ ਸਨ। ਸਿੱਖ ਸੰਘਰਸ਼ ਵਿਚ ਇਸ ਤਰ੍ਹਾਂ ਦੀਆਂ ਸੈਂਕੜੇ ਉਦਾਹਰਨਾਂ ਮਿਲ ਜਾਣਗੀਆਂ ਜਿਨ੍ਹਾਂ ਵਿਚ ਗੁਰੂ ਦੇ ਪਿਆਰਿਆਂ ਨੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਦਿਆਂ ਦੁਸ਼ਮਣਾਂ ਵੱਲੋਂ ਦਿੱਤੇ ਅਨੇਕਾਂ ਕਸ਼ਟ ਖਿੜ੍ਹੇ ਮੱਥੇ ਸਹਾਰੇ ਤੇ ਪੁਰਾਤਨ ਸਮੇਂ ਦੀਆਂ ਸ਼ਹਾਦਤਾਂ ਦਾ ਇਤਿਹਾਸ ਮੁੜ ਦੁਹਰਾ ਦਿੱਤਾ।

ਗੁਰੂ ਨਾਨਕ ਦੇਵ ਕਾਲ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਗੁਰੂ ਵਰੋਸਾਇ ਅਨੇਕਾਂ ਸਿੱਖ-ਸਾਧਾਂ ਦੇ ਨਾਮ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਹਨ ਜਿਨ੍ਹਾਂ ਗੁਰੂ ਪ੍ਰਾਇਣ ਹੋ ਕੇ ਵਾਹਿਗੁਰੂ-ਵਾਹਿਗੁਰੂ ਜਪਦਿਆਂ ਆਪਣਾ ਜੀਵਨ ਵੀ ਸਫ਼ਲ ਕੀਤਾ ਤੇ ਹੋਰ ਭੁੱਲੇ ਭਟਕਿਆਂ ਨੂੰ ਵੀ ਗੁਰਮਤਿ ਗਾਡੀ ਰਾਹ ਦੇ ਧਾਰਨੀ ਬਣਾਇਆ ਪਰ ਪਿਛਲੇ ਕੁਝ ਕੁ ਸਾਲਾਂ ਤੋਂ ਖਾਸ ਕਰਕੇ ਸਿੱਖ ਖਾੜਕੂ ਲਹਿਰ ਦੇ ਉਤਰਾ ਤੋਂ ਬਾਅਦ ਸਿੱਖ ਪੰਥ ਅੰਦਰ ਨੀਮ ਨਾਸਤਕ ਵਿਚਾਰਧਾਰਾ ਵਾਲੀ ਅਖੌਤੀ ਮਿਸ਼ਨਰੀ ਪ੍ਰਚਾਰਕ ਸੰਸਥਾ ਦੇ ਕੁਝ ਆਪਹੁਦਰੇ ਸੱਜਣਾਂ ਦਾ ਵਰਗ ਹੋਂਦ ਵਿਚ ਆਇਆ ਹੈ ਜਿਨ੍ਹਾਂ ਨੇ ਪੁਰਾਤਨ ਸਿੱਖ ਰਾਜ ਦਾ ਸੰਕਲਪ, ਵਾਹਿਗੁਰੂ ਸ਼ਬਦ, ਸ਼ਹੀਦੀ ਪਰੰਪਰਾ-ਗੱਲ ਕੀ ਹਰ ਸਿੱਖ ਸਿਧਾਂਤ ਤੇ ਰਵਾਇਤ 'ਤੇ ਨੁਕਤਾਚੀਨੀ ਕਰਨ ਤੇ ਚਿੱਕੜ ਸੁੱਟਣ ਦਾ ਇਕ ਨੁਕਾਤੀ ਪ੍ਰੋਗਰਾਮ ਹੀ ਆਪਣਾ ਉਦੇਸ਼ ਬਣਾ ਲਿਆ ਹੈ।

ਇਹ ਸੱਜਣ ਸ਼ਕਲੋਂ-ਸੂਰਤੋਂ ਚੰਗੇ ਗੁਰਸਿੱਖ ਲੱਗਦੇ ਹਨ ਪਰ ਇਨ੍ਹਾਂ ਦੀਆਂ ਲਿਖਤਾਂ ਤੇ ਇਨ੍ਹਾਂ ਦੇ ਮੂੰਹੋਂ ਨਿਕਲੇ ਸ਼ਬਦਾਂ ਵੱਲ ਵੇਖੀਏ ਤਾਂ 'ਕਰਤੂਤ ਪਸੂ ਕੀ ਮਾਨਸ ਜਾਤਿ' ਦਾ ਵਰਤਾਰਾ ਪ੍ਰਤੱਖ ਝਲਕਦਾ ਦਿਖਾਈ ਦੇਵੇਗਾ। ਇਹ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਇਨ੍ਹਾਂ ਦੀਆਂ ਸ਼ਕਲਾਂ ਮੋਮਨਾਂ ਵਾਲੀਆਂ ਤੇ ਕਰਤੂਤਾਂ ਕਾਫ਼ਰਾਂ ਵਾਲੀਆਂ ਹਨ। ਇਨ੍ਹਾਂ ਦੀ ਇਕ ਖਾਸੀਅਤ ਹੋਰ ਹੈ ਕਿ ਇਹ ਆਪਣੇ ਵਿਰੋਧੀਆਂ ਨੂੰ ਅਨਪੜ੍ਹ, ਗੰਵਾਰ, ਅਗਿਆਨੀ ਹੋਣ ਦੇ ਵਿਸ਼ੇਸ਼ਣ ਦਿੰਦੇ ਬਿਲਕੁਲ ਨਹੀਂ ਝਿਜਕਦੇ। ਪਰ ਖੁਦ ਇਨ੍ਹਾਂ ਵਿਚੋਂ ਕਈ ਸੱਜਣਾਂ ਦੀ ਸੰਸਾਰੀ ਵਿੱਦਿਆ ਮਿਡਲ ਪਾਸ ਤੱਕ ਦੀ ਵੀ ਨਹੀਂ ਪਰ ਆਪਣੇ ਨਾਂਵਾਂ-ਪੜਨਾਂਵਾਂ ਅੱਗੇ 'ਪ੍ਰੋਫੈਸਰ' ਸ਼ਬਦ ਦਾ ਇਸਤੇਮਾਲ ਕਰਦਿਆਂ ਬਿਲਕੁਲ ਨਹੀਂ ਸੰਗਦੇ। ਇਨ੍ਹਾਂ ਦੇ ਖ਼ਿਆਲ ਮੁਤਾਬਕ ਪੁਰਾਤਨ ਸਿੱਖ ਵਿਦਵਾਨ-ਭਾਈ ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਭਾਈ ਰਣਧੀਰ ਸਿੰਘ, ਪ੍ਰੋ. ਪੂਰਨ ਸਿੰਘ ਅਨਜਾਣ ਹੀ ਸਨ।

ਜਦ ਕੋਈ ਆਪਣੀ ਲਿਖਤ ਰਾਹੀਂ ਜਾਂ ਕਥਾ ਵਾਰਤਾ ਰਾਹੀਂ ਗੁਰੂ ਪ੍ਰਚਾਰ ਦੀ ਗੱਲ ਕਰਦਾ ਹੈ ਤਾਂ ਗਲਤੀਆਂ ਹੋਣੀਆਂ ਵੀ ਸੁਭਾਵਕ ਹੀ ਹਨ ਪਰ ਸਿਰਫ਼ ਤੇ ਸਿਰਫ਼ ਗਲਤੀਆਂ ਫੜ ਕੇ ਕਿਸੇ ਵੀ ਬੀਤ ਚੁੱਕੇ ਵਿਅਕਤੀ ਨੂੰ ਗੈਰ ਪੰਥਕ ਹੋਣ ਦਾ ਫਤਵਾ ਦੇਣ ਦਾ ਸ਼ੌਕ ਪਾਲਣ ਵਾਲੇ ਇਹ ਮਿਸ਼ਨਰੀ ਸੱਜਣ ਪੰਥ ਦੀ ਕਿਹੜੀ ਸੇਵਾ ਕਰ ਰਹੇ ਹਨ, ਇਹ ਉਹੀ ਜਾਣਦੇ ਹਨ? ਇਨ੍ਹਾਂ ਅਖੌਤੀ ਵਿਦਵਾਨਾਂ ਮੁਤਾਬਕ ਕਵਿਤਾ ਸਿਰਫ਼ ਕੋਰੀ ਕਲਪਨਾ ਹੈ।

ਪਿਛਲੇ ਦਿਨੀਂ ਇਨ੍ਹਾਂ ਵਿਚੋਂ ਇਕ ਅਖੌਤੀ ਪ੍ਰੋਫੈਸਰ ਨੇ ਇੰਟਰਵਿਊ ਵਿਚ ਭਾਈ ਸਤਵੰਤ ਸਿੰਘ, ਬੇਅੰਤ ਸਿੰਘ, ਭਾਈ ਜਿੰਦੇ-ਸੁੱਖੇ ਤੇ ਭਾਈ ਜਗਤਾਰ ਸਿੰਘ ਹਵਾਰੇ ਦੀ ਉਦਾਹਰਨ ਦੇ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਇਨ੍ਹਾਂ ਸਾਰੇ ਬੱਬਰ ਸ਼ੇਰਾਂ ਨੇ ਕਦੇ ਕੋਈ ਸਿਮਰਨ ਨਹੀਂ ਕੀਤਾ, ਸਗੋਂ ਆਪਣੇ ਦਿਮਾਗ ਦੀ ਵਰਤੋਂ ਕਰਕੇ ਹੀ ਯੋਧਿਆਂ ਵਾਲੇ ਕਾਰਨਾਮੇ ਕੀਤੇ ਹਨ। ਮੇਰੇ ਖ਼ਿਆਲ ਮੁਤਾਬਕ ਉਪਰੋਕਤ ਸਿੰਘਾਂ ਵਿਚੋਂ ਕਿਸੇ ਇਕ ਨਾਲ ਵੀ ਨਿੱਜੀ ਤੌਰ 'ਤੇ ਇਸ ਪ੍ਰੋਫੈਸਰ ਦੀ ਮੁਲਾਕਾਤ ਨਹੀਂ ਹੋਈ ਹੋਣੀ ਪਰ ਦਾਸ ਨੂੰ ਉਪਰੋਕਤ ਸਿੰਘਾਂ ਦੇ ਨਜ਼ਦੀਕੀ ਸੱਜਣਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਸਾਰੇ ਸੱਜਣਾਂ ਜਿਨ੍ਹਾਂ ਵਿਚ ਭਾਈ ਜਿੰਦੇ ਦਾ ਭਰਾ, ਭਾਈ ਬੇਅੰਤ ਸਿੰਘ ਦੇ ਸਵਰਗੀ ਪਿਤਾ ਤੇ ਚਾਚਾ ਜੀ (ਜੋ ਅਖੰਡ ਕੀਰਤਨੀ ਜਥੇ ਨਾਲ ਸਬੰਧਤ ਸਨ) ਤੇ ਅਮਰੀਕਾ ਵਿਚ ਰਹਿੰਦੇ ਭਾਈ ਜਗਤਾਰ ਸਿੰਘ ਹਵਾਰਾ ਦੇ ਭਾਈ ਨੇ ਇਹ ਗੱਲ ਦਾਸ ਨੂੰ ਸਾਫ਼ ਸ਼ਬਦਾਂ ਵਿਚ ਦੱਸੀ ਹੈ। ਉਪਰੋਕਤ ਸਾਰੇ ਸਿੰਘ ਪੰਜਾਂ ਬਾਣੀਆਂ ਦੇ ਨਿਤਨੇਮੀ ਤੇ ਸਿਮਰਨ ਕਰਨ ਵਾਲੇ ਗੁਰੂ ਦੀ ਰਹਿਤ 'ਤੇ ਨਿਸ਼ਚਾ ਰੱਖਣ ਵਾਲੇ ਹਨ। ਮੇਰੀ ਬੇਨਤੀ ਹੈ ਕਿ ਇਹ ਅਖੌਤੀ ਪ੍ਰੋਫੈਸਰ ਸਾਹਿਬ ਸਿੱਖ ਕੌਮ ਦੇ ਸ਼ਹੀਦਾਂ ਤੇ ਯੋਧਿਆਂ ਨੂੰ ਆਪਣੇ ਵਰਗੇ ਨਾਸਤਕ ਸਿੱਧ ਕਰਨ ਤੋਂ ਗੁਰੇਜ਼ ਕਰਨ। ਭਾਈ ਜਿੰਦੇ-ਸੁੱਖੇ, ਭਾਈ ਸਤਵੰਤ ਸਿੰਘ, ਬੇਅੰਤ ਸਿੰਘ ਤੇ ਭਾਈ ਜਗਤਾਰ ਸਿੰਘ ਹਵਾਰਾ ਵਰਗੇ ਜੁਝਾਰੂਆਂ ਦਾ ਆਦਰਸ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਭਾਈ ਫੌਜਾ ਸਿੰਘ ਵਰਗੇ ਸੰਤ ਸੂਰਬੀਰ ਸਨ ਜਿਨ੍ਹਾਂ ਦਾ ਵਾਹਿਗੁਰੂ ਸਿਮਰਨ 'ਤੇ ਦ੍ਰਿੜ ਨਿਸ਼ਚਾ ਸੀ। ਫਿਰ ਕਿਹੜੀ ਵਜ੍ਹਾ ਹੈ ਕਿ ਇਹ ਪ੍ਰੋਫੈਸਰ ਸਾਹਿਬ ਉਨ੍ਹਾਂ ਨੂੰ ਸਿਮਰਨ ਤੋਂ ਕੋਰੇ ਸਿੱਧ ਕਰਨ ਦੀ ਕੋਸ਼ਿਸ਼ ਕਰ ਰਹੇ ਹਨ? ਗੁਰਬਾਣੀ ਦੇ ਦੁਹਰਾਓ ਨੂੰ ਇਹ ਲੋਕ ਮਨਮਤਿ ਕਹਿੰਦੇ ਨਹੀਂ ਥੱਕਦੇ ਪਰ ਮੇਰੀ ਖੋਜ ਮੁਤਾਬਕ ਸਿੱਖ ਖਾੜਕੂ ਸੰਘਰਸ਼ ਵਿਚ ਵਿਚਰਨ ਵਾਲੇ ਸਿੰਘ-ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਗੁਰਦੇਵ ਸਿੰਘ ਕਾਉਂਕੇ, ਭਾਈ ਸੁਖਦੇਵ ਸਿੰਘ ਬੱਬਰ ਕਈ-ਕਈ ਬਾਣੀਆਂ ਦੇ ਨਿਤਨੇਮੀ ਸਨ।

ਭਾਈ ਸੁਲੱਖਣ ਸਿੰਘ ਬੱਬਰ ਨਿਤਨੇਮ ਦੀਆਂ ਪੰਜ ਬਾਣੀਆਂ ਤੋਂ ਬਿਨਾਂ ਪੱਚੀ-ਪੱਚੀ ਪਾਠ ਚੰਡੀ ਦੀ ਵਾਰ (ਜਿਸ ਨੂੰ ਇਹ ਨੀਮ ਨਾਸਤਕ ਲਾਣਾ ਗੁਰੂ ਕ੍ਰਿਤ ਹੀ ਨਹੀਂ ਮੰਨਦਾ) ਦੇ ਕਰਿਆ ਕਰਦਾ ਸੀ।

ਇਕ ਖੁੱਲ੍ਹੀ ਗੱਲ ਇਹ ਹੈ ਕਿ ਕੋਈ ਆਪਣੇ-ਆਪ ਨੂੰ ਆਸਤਕ ਜਾਂ ਨਾਸਤਕ ਮੰਨੇ, ਇਹ ਉਸ ਦੀ ਆਪਣੀ ਮਰਜ਼ੀ ਹੈ ਪਰ ਕਿਸੇ ਨੂੰ ਇਹ ਹੱਕ ਕਦੇ ਨਹੀਂ ਦਿੱਤਾ ਜਾ ਸਕਦਾ ਕਿ ਉਹ ਆਪਣੀ ਨਾਸਤਕਤਾ ਵਾਲੀ ਥੋਥੀ ਵਿਚਾਰਧਾਰਾ ਗੁਰਬਾਣੀ ਦੇ ਅਨਰਥ ਕਰਕੇ ਸਿੱਖ ਸ਼ਹੀਦਾਂ ਦੇ ਮੂੰਹ ਵਾੜੇ। ਮੇਰੇ ਇਕ ਮਿੱਤਰ, ਜੋ ਇਨ੍ਹਾਂ ਦੀ ਸੰਸਥਾ ਵਿਚ ਹੀ ਪੜ੍ਹਦਾ ਰਿਹਾ ਹੈ ਪਰ ਅੱਜ-ਕੱਲ੍ਹ ਇਨ੍ਹਾਂ ਦਾ ਵਿਚਾਰਧਾਰਕ ਵਿਰੋਧੀ ਹੈ, ਦੇ ਇਕ ਲੇਖ ਦੇ ਉਤਰ ਵਿਚ ਇਨ੍ਹਾਂ ਦੇ ਗੁਰੂ ਪ੍ਰੋਫੈਸਰ ਸਾਹਿਬ ਨੇ ਪੰਥ ਪ੍ਰਸਿੱਧ ਵਿਦਵਾਨ ਪ੍ਰੋ. ਪੂਰਨ ਸਿੰਘ ਦੀ ਨੁਕਤਾਚੀਨੀ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਨੇ ਕਵਿਤਾ ਰਚੀ ਤੇ ਕਵਿਤਾ ਸਿਰਫ਼ ਕਾਲਪਨਿਕ ਉਡਾਰੀ ਹੀ ਹੁੰਦੀ ਹੈ। ਕਵਿਤਾ ਰਾਹੀਂ ਰਾਈ ਦਾ ਪਹਾੜ ਤੇ ਪਹਾੜ ਦੀ ਰਾਈ ਬਣਾ ਦੇਣਾ ਆਮ ਗੱਲ ਹੈ। ਕਿੰਨੀ ਹਾਸੋਹੀਣੀ ਗੱਲ ਹੈ।

ਹੁਣ ਸਵਾਲ ਹੈ ਕਿ ਜੇ ਕਿਸੇ ਨੇ ਕਲਪਨਾ ਹੀ ਕਰਨੀ ਹੋਵੇ ਤਾਂ ਕੀ ਉਹ ਵਾਰਤਕ ਰਾਹੀਂ ਨਹੀਂ ਕਰ ਸਕਦਾ? ਦੂਸਰੀ ਗੱਲ, ਪੁਰਾਤਨ ਸਮੇਂ ਜ਼ਿਆਦਾਤਰ ਇਤਿਹਾਸਕ ਲਿਖਤਾਂ ਕਵਿਤਾ ਵਿਚ ਹੀ ਮਿਲਦੀਆਂ ਸਨ। ਸਿਰਫ਼ ਕਾਵਿਕ ਹੋਣ ਕਰਕੇ ਹੀ ਕੋਈ ਲਿਖਤ ਗੈਰ ਪ੍ਰਮਾਣਿਕ ਨਹੀਂ ਹੋ ਜਾਂਦੀ। ਜਿਥੋਂ ਤਕ ਦਸਮ ਗ੍ਰੰਥ ਵਿਚਲੀਆਂ ਰਚਨਾਵਾਂ ਦੇ ਗੁਰੂ ਕ੍ਰਿਤ ਹੋਣ ਦਾ ਸਵਾਲ ਹੈ, ਇਹ ਮਸਲਾ ਪੰਥ ਵਿਚ ਪੁਰਾਤਨ ਸਮੇਂ ਤੋਂ ਹੀ ਵਿਵਾਦ ਭਰਿਆ ਰਿਹਾ ਹੈ ਜਿਸ ਦਾ ਹੱਲ ਪੰਥ ਦੇ ਵਿਦਵਾਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਕ ਦਿਨ ਕਰਨਾ ਪਵੇਗਾ।

ਤ੍ਰਿਆ ਚਰਿਤਰੋ ਪਾਖਿਆਨ ਤੋਂ ਸ਼ੁਰੂ ਹੋ ਕੇ ਇਹ ਅਖੌਤੀ ਮਿਸ਼ਨਰੀ ਜਾਪ ਸਾਹਿਬ ਤੇ ਜ਼ਫਰਨਾਮੇ ਵਰਗੀਆਂ ਸ਼ਾਹਕਾਰ ਰਚਨਾਵਾਂ ਨੂੰ ਵੀ ਗੁਰੂ ਕ੍ਰਿਤ ਮੰਨਣ ਤੋਂ ਇਨਕਾਰੀ ਹੋ ਬੈਠੇ ਹਨ। ਨਿੱਕੇ ਹੁੰਦਿਆਂ ਇਕ ਗੱਲ ਕਿਤੇ ਪੜ੍ਹੀ ਸੀ ਕਿ ਕਿਸੇ ਨੇ ਜਿਊਣੇ ਮਰਾਸੀ ਨੂੰ ਪੁੱਛਿਆ, "ਮੀਰ ਜੀ ਥੋਨੂੰ ਗੱਲਾਂ ਬਹੁਤ ਆਉਂਦੀਆਂ ਨੇ? ਤਾਂ ਉਸ ਨੇ ਝੱਟ ਉਤਰ ਦਿੱਤਾ, ਪੂਰੀਆਂ ਬੱਤੀ ਜਮਾਤਾਂ ਪੜ੍ਹਿਆਂ ਵਾ... ਉਹ ਤਾਂ ਸ਼ੁਕਰ ਕਰੋ ਲੰਬੜਦਾਰ ਦਾ ਕਿਸ਼ਨਾ ਆਰਫ਼ ਮੇਰੀਆਂ ਕਿਤਾਬਾਂ ਚੁੱਕ ਕੇ ਲੈ ਗਿਆ, ਨਹੀਂ ਏਨੀਆਂ ਹੋਰ ਪੜ੍ਹ ਦੇਣੀਆਂ ਸਨ... ਹੁਣ ਸਾਰੀ ਦਿਹਾੜੀ ਪੜ੍ਹਦਾ ਰਹਿੰਨਾਂ ਤਾਂ ਹੀ ਤਾਂ ਧੌਣ ਵਿਚ ਕੁੱਬ ਪੈ ਗਿਐ...।'' ਸਵਾਲ ਪੁੱਛਣ ਵਾਲਾ ਹੱਸ ਕੇ ਚੁੱਪ ਕਰ ਗਿਆ, ਕਿਉਂਕਿ ਉਸ ਨੂੰ ਪਤਾ ਸੀ ਕਿ ਜਿਊਣਾ ਮੀਰ ਤਾਂ ਸਕੂਲ ਮੂਹਰਦੀ ਕਦੇ ਬੱਕਰੀ ਲੈ ਕੇ ਵੀ ਨਹੀਂ ਲੰਘਿਆ। ਸ਼ੁਕਰ ਹੈ ਇਨ੍ਹਾਂ ਬੱਤੀ ਜਮਾਤਾਂ ਪਾਸ ਸੱਜਣਾਂ ਦੀਆਂ ਕਿਤਾਬਾਂ ਵੀ ਉਨ੍ਹਾਂ ਦੇ ਭਾਈ ਬੰਦ ਚੱਕ ਕੇ ਲੈ ਗਏ ਤੇ ਯੂਨੀਵਰਸਿਟੀਆਂ ਵਿਚ ਪ੍ਰੋਫੈਸਰ ਵੀ ਬਣ ਗਏ।

ਪਿਛਲੇ ਦਿਨੀਂ ਕੈਨੇਡਾ ਵਿਚ ਹੋਈ ਇਕ ਕਾਨਫਰੰਸ ਦੌਰਾਨ ਵੱਖ-ਵੱਖ ਪੰਥਕ ਵਿਦਵਾਨਾਂ ਨੇ ਆਪੋ ਆਪਣੇ ਵਿਚਾਰ ਰੱਖੇ। ਵਧੀਆ ਚੱਲ ਰਹੇ ਪ੍ਰੋਗਰਾਮ ਵਿਚ ਇਨ੍ਹਾਂ ਦੇ ਲਾਣੇ ਵਿਚੋਂ ਆਏ ਇਕ ਸੱਜਣ ਨੇ ਸਿੱਖ ਸ਼ਖਸੀਅਤਾਂ ਦੀ ਖਿਚਾਈ ਕਰਨ ਮਗਰੋਂ ਗੁਰਮੰਤਰ ਵਾਹਿਗੁਰੂ ਸ਼ਬਦ 'ਤੇ ਤਵਾ ਧਰ ਲਿਆ। ਅਖੇ, ਵਾਹਿਗੁਰੂ ਸ਼ਬਦ ਪੰਚਮ ਪਾਤਸ਼ਾਹ ਤੱਕ ਕਦੇ ਵੀ ਸਿੱਖ ਪਰੰਪਰਾਵਾਂ ਦਾ ਹਿੱਸਾ ਨਹੀਂ ਰਿਹਾ। ਭੱਟ ਸਵੱਈਆਂ ਵਿਚ ਵਰਤਿਆ ਵਾਹਿਗੁਰੂ ਸ਼ਬਦ ਅਸਰਦ ਦਾ ਪ੍ਰਤੀਕ ਹੈ ਜਿਸ 'ਤੇ ਪੰਥਕ ਖਾੜਕੂ ਲੇਖਕ ਸੁਖਦੀਪ ਸਿੰਘ ਬਰਨਾਲਾ ਨੇ ਉਕਤ ਸੱਜਣ ਦਾ ਨੋਟਿਸ ਲਿਆ। ਕਾਫ਼ੀ ਤੂੰ-ਤੂੰ, ਮੈਂ-ਮੈਂ ਹੋ ਗਈ। ਪ੍ਰੋਗਰਾਮ ਵਿਚ ਬੀਅ ਦਾ ਲੇਖਾ ਪੈ ਗਿਆ। ਸਿੱਖ ਸੰਗਤਾਂ ਦੇ ਗਿਆਨ ਲਈ ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਮੰਨਿਆ ਜਾਂਦਾ ਹੈ, ਦੀ ਇਕ ਕਬਿੱਤ ਰਚਨਾ ਦੇ ਰਹੇ ਹਾਂ, ਜਿਸ ਵਿਚ ਉਨ੍ਹਾਂ ਵਾਹਿਗੁਰੂ ਸ਼ਬਦ ਦੀ ਮਹਿਮਾ ਇੰਜ ਕੀਤੀ ਹੈ:

> ਜੈਸੇ ਅਠਸਠਿ ਤੀਰਥ ਪਰਸ ਕੀਓ
> ਜੁਗ ਚਾਰਿ ਚੜਿਓ ਕੈਲਾਸ਼ ਰਹਿਓ॥
> ਜੈਸੇ ਲਾਖ ਬਾਰ ਕੁਰਛੇਤਰ ਮੇ
> ਅਸਮੇਧ ਜਗ ਅਭੇਗ ਠਹਿਓ॥
> ਜੈਸੇ ਕੋਟ ਬਰਸ ਤਪ ਉਰਧ ਮੁਖੀ
> ਬੈਸੰਤਰ ਮੇ ਤਨ ਦਾਹ ਦਇਓ॥
> ਫੁਨਿ ਅੰਮ੍ਰਿਤ ਨਾਮ ਵਿਸੇਸ ਇਤੀ
> ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ॥

ਇਨ੍ਹਾਂ ਅਖੌਤੀ ਵਿਦਵਾਨਾਂ ਪ੍ਰਤੀ ਇਹੋ ਬੇਨਤੀ ਕਰਾਂਗੇ ਕਿ ਉਨ੍ਹਾਂ ਦੀ ਨਾਸਤਕਵਾਦੀ ਵਿਚਾਰਧਾਰਾ, ਉਨ੍ਹਾਂ ਨੂੰ ਮੁਬਾਰਕ ਪਰ ਕ੍ਰਿਪਾ ਕਰਕੇ ਆਪਣੇ ਵਿਚਾਰ ਸਿੱਖ ਵਿਚਾਰਧਾਰਾ, ਸਿੱਖ ਸ਼ਹੀਦਾਂ ਤੇ ਯੋਧਿਆਂ ਦੀ ਵਿਚਾਰਧਾਰਾ 'ਤੇ ਨਾ ਠੋਸਣ। ਆਪ ਸਭ ਦੀ ਨਜ਼ਰ ਇਕ ਸ਼ੇਅਰ ਕਰ ਰਿਹਾਂ:


> ਤਿਫਲ ਮੇ ਬੂਅ ਆਏ ਕਯਾ
> ਮਾਂ ਬਾਪ ਕੇ ਕਿਰਦਾਰ ਕੀ,
> ਦੂਧ ਤੋਂ ਡਿੱਬੇ ਕਾ ਹੈ
> ਤਾਲੀਮ ਹੈ ਸਰਕਾਰ ਕੀ।
> -ਸਰ ਮੁਹੰਮਦ ਇਕਬਾਲ

# ਬੰਬ ਨਾਲ ਸਫਰ

**ਡਾ. ਸਵਰਾਜ ਰਾਜ**

ਮੁੰਬਈ ਵਿਚ ਇਸ ਸਾਲ 13 ਜੁਲਾਈ ਦੇ ਬੰਬ ਧਮਾਕਿਆਂ ਤੋਂ ਕੋਈ ਦੋ ਦਿਨ ਬਾਅਦ ਮੈਨੂੰ ਇਤਫ਼ਾਕਨ ਬੱਸ ਵਿਚ ਚੰਡੀਗੜ੍ਹ ਜਾਣਾ ਪੈ ਗਿਆ। ਤੜਕਸਾਰ ਹੀ ਮੈਂ ਬੱਸ ਅੱਡੇ ਪਹੁੰਚ ਕੇ ਪੈਪਸੂ ਰੋਡਵੇਜ਼ ਦੀ ਲਾਰੀ ਵਿਚ ਬੈਠ ਗਿਆ। ਬੱਸ ਵਿਚ ਅਜੇ ਦੋ-ਚਾਰ ਮੁਸਾਫ਼ਰ ਹੀ ਸਨ। ਇਕ ਅਖ਼ਬਾਰ-ਨਵੀਸ ਤੋਂ ਅਖ਼ਬਾਰ ਖ਼ਰੀਦ ਮੈਂ ਅਖ਼ਬਾਰ ਪੜ੍ਹਨ ਲੱਗ ਪਿਆ। ਪਹਿਲਾ ਸਫ਼ਾ ਤਾਂ ਸਾਰਾ ਬੰਬ ਧਮਾਕਿਆਂ ਦੀਆਂ ਦਰਦਨਾਕ ਖ਼ਬਰਾਂ ਨਾਲ ਹੀ ਭਰਿਆ ਹੋਇਆ ਸੀ। ਮੈਂ ਸੋਚਿਆ ਮਨਾਂ ਭਲਾ ਦਿਲ ਦੁਖਾਉਣ ਵਾਲੀਆਂ ਖ਼ਬਰਾਂ ਸੁਵਖਤੇ ਹੀ ਕਿਉਂ ਪੜ੍ਹੀਆਂ ਜਾਣ। ਬਾਹਰ ਹਲਕੀ-ਹਲਕੀ ਹਵਾ ਚੱਲ ਰਹੀ ਸੀ ਅਤੇ ਮੌਸਮ ਵੀ ਖ਼ੁਸ਼ਗਵਾਰ ਸੀ। ਮੈਂ ਅਖ਼ਬਾਰ ਦੇ ਬਾਕੀ ਵਰਕਿਆਂ 'ਤੇ ਨਜ਼ਰਾਂ ਦੁੜਾਉਣ ਲੱਗ ਪਿਆ।

ਉਡਦੀ-ਉਡਦੀ ਮੇਰੀ ਨਜ਼ਰ ਇਸ਼ਤਿਹਾਰ 'ਤੇ ਜਾ ਟਿਕੀ ਜੋ ਲੋਕ ਹਿੱਤ ਵਿਚ ਸਰਕਾਰ ਨੇ ਜਾਰੀ ਕੀਤਾ ਸੀ। ਇਸ ਵਿਚ ਬੰਬ ਧਮਾਕਿਆਂ ਤੋਂ ਬਚਣ ਲਈ ਚੰਗੀ-ਚੋਖੀ ਜਾਣਕਾਰੀ ਸੀ। ਬੱਸ ਅਤੇ ਰੇਲ ਯਾਤਰੀਆਂ ਲਈ ਤਾਂ ਖਾਸ ਚਿਤਾਵਨੀ ਸੀ। ਬੱਸ ਵਿਚ ਲਾਵਾਰਸ ਪਿਆ ਸਾਮਾਨ-ਸੂਟਕੇਸ, ਝੋਲਾ, ਕੈਮਰਾ, ਟ੍ਰਾਂਜ਼ਿਸਟਰ, ਸੰਦੂਕ, ਪੈੱਨ, ਮੋਬਾਈਲ ਫੋਨ, ਟੇਪ-ਰਿਕਾਰਡ ਅਤੇ ਬੱਚਿਆਂ ਦੇ ਖਿਡੌਣੇ ਜਿਵੇਂ ਟੈਡੀ-ਅਜਿਹੀ ਕੋਈ ਸ਼ੈਅ ਨਹੀਂ ਸੀ ਜਿਸਦੇ ਬੰਬ ਹੋਣ ਦਾ ਸੰਦੇਹ ਨਹੀਂ ਸੀ ਕੀਤਾ ਜਾ ਸਕਦਾ। ਕੁੱਝ ਵਸਤਾਂ ਦਾ ਜ਼ਿਕਰ ਤਾਂ ਇਸ਼ਤਿਹਾਰ ਵਿਚ ਹੈ ਹੀ ਸੀ, ਪਰ ਮੇਰੀ ਨਜ਼ਰ ਹੁਣ ਜਿਸ ਚੀਜ਼ 'ਤੇ ਵੀ ਪਈ, ਮੇਰੀ ਕਲਪਨਾ ਨੇ ਉਸੇ ਚੀਜ਼ ਨੂੰ ਹੀ ਬੰਬ ਦਾ ਰੂਪ ਦੇ ਦਿੱਤਾ। ਬੱਸ ਦੀਆਂ ਸੀਟਾਂ, ਟਾਇਰ, ਬੱਸ ਦੀ ਛੱਤ 'ਤੇ ਲੱਗੀਆਂ



ਲਾਈਟਾਂ-ਚਾਰ-ਚੁਫ਼ੇਰੇ ਮੈਨੂੰ ਬੰਬ ਹੀ ਬੰਬ ਨਜ਼ਰ ਆਉਣ ਲੱਗੇ। ਮੇਰੇ ਸ਼ੰਕੇ ਅਤੇ ਸਵੈ-ਭਰਮਾਂ ਨੇ ਮਾਨਸਿਕ ਉਨਮਾਦ ਦਾ ਰੂਪ ਅਖ਼ਤਿਆਰ ਕਰ ਲਿਆ। ਸਵੇਰ ਦੀ ਠੰਢੀ-ਠੰਢੀ ਹਵਾ ਵਿਚੋਂ ਵੀ ਮੈਨੂੰ ਸਿਵਿਆਂ ਦੇ ਭਬਕਦੇ ਸ਼ੋਲਿਆਂ ਦਾ ਸੇਕ ਮਹਿਸੂਸ ਹੋਣ ਲੱਗ ਪਿਆ।

ਇਸ਼ਤਿਹਾਰ ਵਿਚ ਇਹ ਵੀ ਲਿਖਿਆ ਹੋਇਆ ਸੀ ਕਿ ਜੇ ਤੁਹਾਨੂੰ ਕੋਈ ਸ਼ੱਕੀ ਬੰਦਾ ਨਜ਼ਰ ਆਵੇ ਤਾਂ ਇਸ ਦੀ ਇਤਲਾਹ ਫ਼ੌਰਨ ਪੁਲਿਸ ਨੂੰ ਕੀਤੀ ਜਾਵੇ। ਬੱਸ ਦੇ ਅੰਦਰ ਬੈਠੇ ਚੰਦ ਮੁਸਾਫ਼ਿਰ ਅਤੇ ਬਾਹਰ ਤੁਰੇ ਫਿਰਦੇ ਸਾਰੇ ਹੀ ਲੋਕ ਮੈਨੂੰ ਦਹਿਸ਼ਤਗਰਦ ਜਾਪਣ ਲੱਗੇ। ਕਿਸੇ ਆਤਮਘਾਤੀ ਦਹਿਸ਼ਤਗਰਦ ਦੇ ਸਿਰ 'ਤੇ ਕਿਹੜਾ ਸਿੰਗ ਹੁੰਦੇ ਨੇ? ਮੇਰੇ ਜ਼ਿਹਨ 'ਤੇ ਖ਼ੌਫ਼ ਦਾ ਆਲਮ ਤਾਰੀ ਸੀ। ਮੇਰਾ ਚਿੱਤ ਕਰੇ ਕਿ ਮੈਂ ਤਾਕੀ ਵਿਚੋਂ ਹੀ ਛਾਲ ਮਾਰ ਕੇ ਕਿਧਰੇ ਭੱਜ ਜਾਵਾਂ। ਮੈਂ ਛਾਲ ਮਾਰਨ ਦੀ ਤਿਆਰੀ ਕਰ ਹੀ ਰਿਹਾ ਸੀ ਜਦੋਂ ਡਰਾਈਵਰ ਨੇ ਅੰਦਰ ਆ ਕੇ ਆਪਣੀ ਸੀਟ 'ਤੇ ਬਹਿ ਕੇ ਧੂਫ਼-ਬੱਤੀ ਕੀਤੀ ਤੇ ਫਿਰ ਉਸ ਨੇ ਬੱਸ ਸਟਾਰਟ ਕਰਨ ਲਈ ਚਾਬੀ ਘੁਮਾਈ। ਮੈਂ ਕਬੂਤਰ ਵਾਂਗ ਅੱਖਾਂ ਮੀਟ ਕੇ ਵਾਹਿਗੁਰੂ-ਵਾਹਿਗੁਰੂ ਜਪਦਾ ਬੈਠਾ ਰਿਹਾ। ਮੈਨੂੰ ਪੂਰਾ ਅੰਦੇਸ਼ਾ ਸੀ ਕਿ ਚਾਬੀ ਘੁਮਾਉਂਦਿਆਂ ਹੀ ਵਿਸਫ਼ੋਟ ਹੋਵੇਗਾ ਅਤੇ ਬੱਸ ਦੇ ਪਰਖੱਚੇ ਉਡ ਜਾਣਗੇ। ਮੈਨੂੰ ਮੁਹੰਮਦ ਰਫ਼ੀ ਦਾ ਗਾਇਆ ਪੁਰਾਣਾ ਗੀਤ ਯਾਦ ਆ ਗਿਆ:

> ਇਸ ਦਿਲ ਕੇ ਟੁਕੜੇ ਹਜ਼ਾਰ ਹੁਏ
> ਕੋਈ ਯਹਾਂ ਗਿਰਾ ਕੋਈ ਵਹਾਂ ਗਿਰਾ।

ਮੈਨੂੰ ਵਾਰ-ਵਾਰ ਇਹ ਖ਼ਿਆਲ ਵੀ ਆਵੇ ਕਿ ਨਿੱਕੇ ਜਿਹੇ, ਮੁੱਠੀ ਜਿੰਨੇ ਦਿਲ ਦੇ ਇਕ ਹਜ਼ਾਰ ਟੁਕੜੇ ਸਰੀਰ ਦੇ ਹਜ਼ਾਰਾਂ ਰੇਜ਼ਾ-ਰੇਜ਼ਾ ਹੋਏ, ਦੂਰ-ਦੂਰ ਖਿੰਡੇ ਪੁਰਜ਼ਿਆਂ ਵਿਚ ਕਿੱਥੇ ਨਜ਼ਰ ਆਉਣਗੇ? ਇਸ ਗੀਤ ਦਾ ਸ਼ਾਇਰ ਤਾਂ ਬੰਬਾਂ ਦੀ ਸਿਆਸਤ ਤੋਂ ਪਹਿਲਾਂ ਦਾ ਬਸ਼ਿੰਦਾ ਹੀ ਹੋਵੇਗਾ!

ਖ਼ੈਰ, ਮੇਰਾ ਅੰਦੇਸ਼ਾ ਭੂਠ ਸਾਬਿਤ ਹੋਇਆ। ਡਰਾਈਵਰ ਦੇ ਚਾਬੀ ਘੁਮਾਉਂਦਿਆਂ ਹੀ ਸੁੱਤੀ ਬੱਸ ਘਰਰ-ਘਰਰ ਕਰਕੇ ਜਾਗ ਪਈ। ਮੈਂ ਸ਼ੁਕਰ ਮਨਾਇਆ ਪਰ ਡਰਾਈਵਰ ਨੇ ਬੱਸ ਫਿਰ ਬੰਦ ਕਰ ਦਿੱਤੀ ਅਤੇ ਬਾਹਰ ਜਾਣ ਲੱਗਿਆ। ਮੈਂ ਡਰਦਿਆਂ-ਡਰਦਿਆਂ ਉਸਨੂੰ ਟੋਕਣ ਦੀ ਹਮਾਕਤ ਕਰ ਬੈਠਾ। ਮੈਂ ਕਿਹਾ, "ਬਾਈ ਜੀ, ਬੱਸ ਟੋਰਨੀ ਨਹੀਂ?" ਉਸ ਨੇ ਘੂਰੀ ਵੱਟ ਕੇ ਮੇਰੇ ਵੱਲ ਤੱਕਿਆ ਅਤੇ ਸੰਘਣੀਆਂ ਕੁੰਡਲਦਾਰ ਮੁੱਛਾਂ ਨੂੰ ਮਰੋੜਾ ਦਿੰਦਾ ਕੜਕਵੀਂ ਆਵਾਜ਼ ਵਿਚ ਬੋਲਿਆ, "ਓ ਭਾਊ ਐਵੇਂ ਫਿਕਰ ਨਾ ਲਾਅ। ਤੈਨੂੰ ਛੱਡ ਕੇ ਨ੍ਹੀਂ ਜਾਂਦੇ, ਠੰਢ ਰੱਖ ਠੰਢ। ਅਜੇ ਤਾਂ ਟੈਮ ਐ ਜਾਣ 'ਚ। ਅਜੇ ਤਾਂ ਗੱਡੀ ਛਟਾਰਟ ਕਰਕੇ ਦੇਖੀ ਸੀ।" ਉਹ ਗੱਲ ਕਹਿ ਕੇ ਥੱਲੇ ਉਤਰ ਗਿਆ ਅਤੇ ਬੰਬਾਂ ਦੀ ਹਰਾਰਤ ਨਾਲ ਭਖਦੀ ਫਿਜ਼ਾ ਵਿਚ ਮੇਰਾ ਤਨ ਅਤੇ ਮਨ ਦੋਵੇਂ ਝੁਲਸਦੇ ਰਹੇ।

ਕੁੱਝ ਹੋਰ ਬੰਦੇ ਅੰਦਰ ਆ ਕੇ ਖਾਲੀ ਸੀਟਾਂ ਉਤੇ ਬਹਿ ਗਏ। ਸਾਰੇ ਦੇ ਸਾਰੇ ਹੀ ਦਹਿਸ਼ਤਗਰਦ ਪਰ ਕੁੱਝ ਚਿਰ ਮਗਰੋਂ ਇਕ ਅਜਿਹਾ ਮੁਸਾਫ਼ਰ

(ਬਾਕੀ ਅਗਲੇ ਸਫੇ 'ਤੇ)

ਚੇਤਿਆਂ 'ਚ ਵਸੇ ਲੋਕ

# ਚਾਨਣ 'ਚ ਗਵਾਚਾ ਜੁਗਨੂੰ

**ਸੁਰਿੰਦਰ ਸੋਹਲ**

ਦੂਰੋਂ ਹੀ ਠੱਕ-ਠੱਕ ਕਰਦੀ ਡਾਂਗ ਦਾ ਖੜਾਕ ਚੌਕੀਦਾਰ ਦੀ ਆਮਦ ਦਾ ਸੁਨੇਹਾ ਲੈ ਕੇ ਆਉਂਦਾ। ਫੇਰ ਨਸ਼ੇ ਦੀ ਲੋਰ ਵਾਂਗ ਉਸ ਦਾ ਹੋਕਰਾ ਹਵਾ 'ਚ ਖਿੰਡਰਦਾ, "ਜਾਗ ਬਈ ਓ... ਮਸਿਆ ਦੀ ਰਾਤ ਐ.. ਖਬਰਦਾਰ..।" ਟਿਕੀ ਰਾਤ ਵਿਚ ਉਸ ਦੀ ਆਵਾਜ਼ ਗੂੰਜਦੀ, ਜਿਵੇਂ ਹਨ੍ਹੇਰੇ ਵਿਚ ਜੁਗਨੂੰ ਟਿਮਟਿਮਾ ਰਿਹਾ ਹੋਵੇ। ਕਦੇ ਕਦੇ ਜਾਪਦਾ, ਜਿਵੇਂ ਆਵਾਜ਼ ਖਾਰੇ ਖੂਹ 'ਚੋਂ ਆ ਰਹੀ ਹੈ। ਜਿਵੇਂ ਜਿਵੇਂ ਪੱਕੀ ਬੀਹੀ 'ਤੇ ਵੱਜਦੀ ਡਾਂਗ ਦਾ ਖੜਾਕ ਉਚਾ ਹੁੰਦਾ ਜਾਂਦਾ, ਉਸ ਦੀ ਆਵਾਜ਼ ਵਿਚ ਰਲੀ ਲੂਣ ਦਾ ਸਬੂਤ ਹੋਰ ਪੱਕਾ ਹੁੰਦਾ ਜਾਂਦਾ। ਬੋਲਾਂ ਦਾ ਲਹਿਜਾ ਅਛੋਪਲੇ ਜਿਹੇ ਦੱਸ ਜਾਂਦਾ, ਉਹ ਪੂਰਾ ਕੰਡ 'ਚ ਹੈ।

ਲੁਹਾਰਾਂ ਦੀ ਦੁਕਾਨ ਕੋਲ "ਕੁੱਤੇ ਨਲਕੇ" ਦੇ ਨੇੜੇ ਪਏ ਨੂਰ ਮੁਹੰਮਦ ਕੋਲ ਡਾਂਗ ਖੜਕਾ ਕੇ ਉਹ ਰੋਅਬ ਨਾਲ ਬੋਲਦਾ, "ਨੂਰ ਮੁਹੰਮਦ..ਜਾਗ ਬਈ ਐ...।" ਕਈ ਵਾਰ ਤਾਂ ਨੂਰ ਮੁਹੰਮਦ "ਅੱਲਾ ਭਲੀ ਕਰੇ..।" ਕਹਿ ਕੇ ਉਸ ਦੇ ਬੋਲ ਦਾ ਮਾਣ ਰੱਖ ਲੈਂਦਾ, ਪਰ ਜਦੋਂ ਕਦੇ ਨੂਰ ਮੁਹੰਮਦ ਸੇਪੀ ਕਾਰਨ ਕਿਸੇ ਜੱਟ ਨਾਲ ਝਗੜ ਕੇ ਪਿਆ ਹੁੰਦਾ ਤਾਂ ਹਲਕੀ ਜਿਹੀ ਗਾਲ੍ਹ ਕੱਢ ਕੇ ਟੁੱਟ ਕੇ ਪੈਂਦਾ, "ਮਾਈਂ ਯਾ... ਜਾਗਦਾ ਈ ਪਿਆਂ..।"

ਪਿੱਛੇ ਪਿੱਛੇ ਆ ਰਿਹਾ ਠੀਕਰੀ ਪਹਿਰੇ ਵਾਲਿਆਂ ਦਾ ਟੋਲਾ "ਖੀਂ ਖੀਂ" ਕਰਕੇ ਹੱਸਦਾ। ਉਹ ਜਿਵੇਂ ਨੂਰ ਮੁਹੰਮਦ ਨੂੰ ਸੁਣਾ ਕੇ ਆਖਦਾ, "ਅਸੀਂ ਪਿੰਡ ਦੇ ਰਖਵਾਲੇ ਆਂ...ਕੋਈ ਐਰ-ਗੈਰ ਆਂ।"

ਉਨ੍ਹੀਂ ਦਿਨੀਂ ਕਾਲੇ ਕੱਛੇ ਵਾਲਿਆਂ ਦਾ ਬਹੁਤ ਜ਼ੋਰ ਸੀ। ਜੇ ਜ਼ੋਰ ਨਾ ਕਹੀਏ ਤਾਂ ਬਹੁਤ ਸ਼ੋਰ ਸੀ। ਉਹ ਨਾ ਆਉਂਦੇ ਦੀਂਹਦੇ ਸਨ, ਨਾ ਜਾਂਦੇ। ਰਾਤ ਟਿਕੀ ਹੁੰਦੀ। ਕਿਸੇ ਬੰਨਿਓਂ, "ਆ ਗਏ ਓਇ...ਆ ਗਏ ਓਇ" ਦਾ ਸ਼ੋਰ ਚੁੱਪ ਰਾਤ ਦਾ ਪਿੰਡਾ ਚੀਰਦਾ ਪਿੰਡ ਦੇ ਦੂਜੇ ਪਾਸੇ ਜਾ ਨਿਕਲਦਾ। ਫਿਰ ਗਲੀਆਂ, ਪੈਹਿਆਂ 'ਚ ਦਗੜ ਦਗੜ ਦਾ ਧੁੰਦਲਾ ਜਿਹਾ ਸ਼ੋਰ-ਸ਼ਰਾਬਾ..ਚੀਕਾਂ.. ਹਾਸੇ ਦੀਆਂ ਫੁਹਾਰਾਂ.। ਗੁਰਦੁਆਰੇ ਕੋਈ ਭਾਈ ਨੂੰ ਜਾ ਜਗਾਉਂਦਾ। ਅਰਧ-ਸੁੱਤਾ ਜਿਹਾ ਭਾਈ ਚੀਕਾਂ ਮਾਰਦੇ ਸਪੀਕਰ ਵਿਚ ਐਲਾਨ ਕਰਦਾ, "ਸਾਧ ਸੰਗਤ ਜੀ...ਵਾਹਿਗੁਰ ਜੀ ਕਾ ਖਾਲਸਾ..ਵਾਹਿਗੁਰੂ ਜੀ ਕੀ ਫਤਿਹ..ਬੰਦੇ ਪਿੰਡ 'ਚ ਆ ਵੜੇ ਹਨ। ਹੋਸ਼ਿਆਰ ਹੋ ਜਾਵੋ। ਹਥਿਆਰ ਸਾਂਭ ਲਵੋ...।" ਤੇ ਲੋਕ ਕੋਠਿਆਂ ਉਤੇ ਰੱਖੇ ਇੱਟਾਂ ਰੋੜਿਆਂ ਦੇ ਹਥਿਆਰਾਂ ਦੇ ਢੇਰਾਂ ਕੋਲ ਜਾ ਬੈਠਦੇ।

ਕੁਝ ਦੇਰ ਦੀ ਲਾਲਾ ਲਾਲਾ ਤੋਂ ਬਾਦ ਕੁਝ ਹੱਥ ਨਾ ਆਉਂਦਾ। ਆਵਾਜ਼ਾਂ, ਚੀਕਾਂ, ਦਗੜ-ਦਗੜ ਥੰਮ ਜਾਂਦੀ। ਸਾਧੂ ਪੁੱਛਦਾ, "ਪਹਿਲਾਂ ਰੌਲਾ ਕੀਹਨੇ ਪਾਇਆ?" ਕੋਈ ਆਖਦਾ, "ਗੁਰਮੁਖ ਦੀ ਆਵਾਜ਼ ਸੀ।"

ਗੁਰਮੁਖ ਨੂੰ ਤਲਬ ਕਰ ਲਿਆ ਜਾਂਦਾ।

"ਤੂੰ ਕਿਉਂ ਰੌਲਾ ਪਾਇਆ?" ਰਤਨਾ ਪੁਛਦਾ।

ਗੁਰਮੁਖ ਸਫਾਈ ਪੇਸ਼ ਕਰਦਾ, "ਮੈਂ ਕਿਥੋਂ ਪਾਇਆ ਰੌਲਾ। ਹਜ਼ਾਰੇ ਦਾ ਜੁਗਿੰਦਰ ਮੇਰਾ ਬੂਹਾ ਭੰਨ੍ਹਣ ਡਿਹਾ ਸੀ ਆਖੇ, ਗਾਜ਼ੀਪੁਰ ਲੌਡ ਸਪੀਕਰ 'ਚ ਬੋਲੇ ਆ, ਬੰਦੇ ਸੰਗਲ ਸੋਹਲ ਅੱਲ ਨੂੰ ਨੱਠ ਗਏ ਆ।"

ਤਮਾਸ਼ਬੀਨਾਂ ਵਾਂਗੂ ਮੁੰਢੀਰ ਹਜ਼ਾਰੇ ਦੇ ਜੋਗਿੰਦਰ ਦਾ ਦਰਵਾਜ਼ਾ ਜਾ ਖੜਕਾਉਂਦੀ। ਸ਼ਰਾਬ ਦੀ ਹਵਾੜ ਛਡਦਾ ਅਪਲੀਆਂ-ਟਪਲੀਆਂ ਮਾਰਦਾ ਜੋਗਿੰਦਰ ਬਾਹਰ ਆਉਂਦਾ। ਦਰਵਾਜ਼ਾ ਫੜ੍ਹ ਕੇ ਖੜਾ ਹੋਣ ਦੀ ਕੋਸ਼ਿਸ਼ ਕਰਦਾ ਆਖਦਾ, "ਯਾਰ ਸੁਣਿਆ ਮੈਂ ਸੀ...ਪਰ ਕੀ ਸੁਣਿਆ?" ਤੇ ਲੜਖੜਾਉਂਦਾ ਫੇਰ ਡੇਕ ਹੇਠ ਪਈ ਢਿੱਲੀ ਮੰਜੀ 'ਤੇ ਜਾ ਡਿਗਦਾ। ਤੇ ਰਜਾਈ ਲੈ ਕੇ ਪੈ ਜਾਂਦਾ।



ਖੱਬਿਓਂ-ਦਲਬੀਰ ਸਿੰਘ ਸੋਹਲ, ਚੌਕੀਦਾਰ ਕਰਤਾਰ ਚੰਦ, ਸੁਰਿੰਦਰ ਸੋਹਲ ਅਤੇ ਕਰਤਾਰ ਚੰਦ ਦਾ ਪੋਤਰਾ ਕੁਲਵਿੰਦਰ

"ਦੁਰਲਾਹਨਤ ਕਿਹਦੇ ਮਗਰ ਲਗ ਗਏ?" ਆਪਣੇ ਆਪ ਨੂੰ ਦਾਨਾ ਸਮਝਦਾ ਪਿੰਡ ਦਾ ਕੋਈ ਮੋਹਰੀ ਹੱਥ ਛੰਡਦਾ ਵਾਪਸ ਮੁੜ ਪੈਂਦਾ। ਥੋੜ੍ਹੀ ਜਿਹੀ ਖਿਝ-ਖੱਪ ਤੋਂ ਬਾਦ ਫਿਰ ਚੁੱਪ ਛਾ ਜਾਂਦੀ। ਹਰ ਤੀਏ ਦਿਨ ਕੜੀ ਬਲ ਜ਼ਰੂਰ ਆ ਜਾਂਦਾ।

ਇਨ੍ਹੀਂ ਦਿਨੀਂ ਚੌਕੀਦਾਰ ਦੀ ਬੜੀ ਪੁਛ ਸੀ। ਪੁਲਿਸ ਵਲੋਂ ਕਹੇ ਜਾਣ 'ਤੇ ਠੀਕਰੀ ਪਹਿਰਾ ਲਾਗੂ ਹੋ ਗਿਆ। ਪਿੰਡੋਂ ਬਾਹਰ ਲੱਗੀ ਚੌਕੀਦਾਰ ਦੀ ਚੱਕੀ 'ਤੇ ਧੂਣੀ ਧੁਖਦੀ ਰਹਿੰਦੀ। ਨਾਲ ਹੀ ਪਿੰਡ ਦੀਆਂ ਵਿੰਗੀਆਂ ਟੇਢੀਆਂ ਗੱਲਾਂ ਅੱਗ ਵਿਚ ਘਾਹ ਦੀਆਂ ਤਿੜ੍ਹਾਂ ਵਾਂਗ ਬਲਦੀਆਂ ਰਹਿੰਦੀਆਂ। ਉਹ ਕਿਸੇ ਬੰਦੇ ਬਾਰੇ ਕਿਸੇ ਕਿਸਮ ਦੀ ਵੀ ਟਿਪਣੀ ਕਰ ਸਕਦਾ ਸੀ। ਮੁੰਢੀਰ ਤਾੜੀਆਂ ਮਾਰਦੀ। ਕਾਲੀ ਰਾਤ ਵਿਚ ਚਿੱਟਾ ਹਾਸਾ ਖਿੰਡਦਾ।

ਇਕ ਦਿਨ ਤਿਰਕਾਲੀਂ ਹੀ ਰੌਲਾ ਪੈ ਗਿਆ। ਦੀਸ਼ੋ ਸਾਡੇ ਘਰ ਵੱਲ ਨੂੰ ਦੌੜੀ ਤੇ ਭਾਪੇ ਦਾ ਨਾਂ ਲੈ ਕੇ ਦਰਵਾਜ਼ਾ ਭੰਨ੍ਹਣ ਲੱਗੀ। ਓਧਰੋਂ ਡਾਂਗ ਖੜਕਾਉਂਦਾ ਚੌਕੀਦਾਰ ਆ ਗਿਆ ਤੇ ਆਪਣੇ ਹੀ ਅੰਦਾਜ਼ ਵਿਚ ਬੋਲਿਆ, "ਉਦ੍ਹੇ ਘਰ ਨੂੰ ਭੱਜੀ ਜਾਨੀ ਐ ਉਹਨੇ ਘਰ ਤੋਪ ਬੀਤੀ ਹੋਈ ਆ।"

ਜਦੋਂ ਠੀਕਰੀ ਪਹਿਰਾ ਸ਼ੁਰੂ ਹੋਣਾ ਹੁੰਦਾ ਉਹ ਪਹਿਲਾਂ ਸਾਡੇ ਘਰ ਆਉਂਦਾ। ਬੀਬੀ ਆਖਦੀ, "ਭਾਈਆ ਤੈਨੂੰ ਪਹਿਲੋਂ ਸਾਡਾ ਘਰ ਈ ਦੀਹਦੈ? ਸਾਹਮਣੇ ਆਲਿਆਂ ਦੇ ਕਦੇ ਨਈਂ ਗਿਆ। ਉਥੋਂ ਸ਼ਾਂਦਾ ਪੀਣ ਨੂੰ ਮਿਲ ਜਿਉਂ ਜਾਂਦਾ।"

"ਲੰਬੜਦਾਰਨੀਏ, ਇਹਦਾ ਮੈਨੂੰ ਪਤਾ, ਏਨੇ ਤੁਰ ਪੈਣੈਂ। ਹੋਰ ਕਿਸੇ ਦੇ ਗਿਆਂ ਸਿੱਧੀ ਨਾਂਹ ਹੋਣੀ ਐ। ਫਿਰ ਨਾਂਹ ਈ ਨਾਂਹ। ਪੋਖਾ ਚੰਗਾ ਲੈਣਾ ਚਾਹੀਦਾ। ਲੈ ਹਾਅ ਬੰਸੂ ਕਾ ਤੋਖਾ ਜਦੋਂ ਜਾਓ ਬਹੁਟੀ ਕਹੂ, ਅਜੇ ਸ਼ੈਹਰੋਂ ਨਈ ਆਇਆ। ਇਕ ਦਿਨ ਮੈਂ ਅੰਦਰ ਲੁਕਦਾ ਦੇਖ ਲਿਆ। ਫੇਰ ਐਮੇਂ ਹੱਸੀ ਜਾਵੇ। ਮੈਂ ਭਲਾ ਆਪਣੇ ਘਰ ਲਈ ਤੁਰਿਆ ਫਿਰਦਾਂ। ਨੱਗਰ ਦੀ ਹਫਾਜਤ ਸਭ ਦਾ ਫਰਜ ਐ..।" ਤੇ ਫੇਰ ਉਹ ਅਗਾਂਹ ਤੁਰ ਜਾਂਦਾ।

ਆਪਣੇ ਅਨੁਭਵ ਦੇ ਚੋਣਵੇਂ ਟੋਟਕੇ ਸੁਣਾਉਂਦਾ ਉਹ ਮਹਿਫਲ ਗਰਮਾਈ ਰੱਖਦਾ, "ਲਓ ਪਰਸੋਂ ਦੀ ਸੁਣ ਲਓ। ਜਦੋਂ ਸਹੁਰੀ ਦੇ ਕਾਲੇ ਕੱਛੇ ਆਲਿਆਂ ਨੇ ਪਿੰਡ ਦੀ ਮੱਤ ਮਾਰੀ। ਦਗੜ ਦਗੜ ਹੋਈ। ਸਾਰਾ ਪਿੰਡ ਹੁਸ਼ਿਆਰ ਹੋ ਗਿਆ। ਨ੍ਹੇਰੀ ਆਈ ਤੇ ਨਿਕਲ ਗਈ। ਪਿੱਪਲ ਥੱਲੇ ਸਾਰੇ 'ਕੱਠੇ ਹੋ ਗਏ। ਕੁਝ ਹੱਥ ਪੱਲੇ ਨਾ ਪਿਆ। ਮੈਂ ਕਿਹਾ ਬਈ ਜਾਓ ਘਰੋ ਘਰੀ। ਸਾਰੇ ਘਰਾਂ ਨੂੰ ਤੁਰ ਪਏ। ਬਾਰੇ ਕਾ ਭਈਆ ਮੇਰੇ ਮਗਰ ਤੁਰ ਪਿਆ। ਮੈਂ ਕਿਹਾ, ਭਈਆ ਸਾਬ ਤੁਹਾਡਾ ਖੂਹ ਤੋ ਉਸ ਤਰਫ ਹੈ। ਮੇਰੇ ਮਗਰ ਕਿਉਂ ਆਤੇ ਹੋ। ਭਈਆ ਕੰਬਦਾ ਕੰਬਦਾ ਬੋਲਿਆ, ਮੇਰੇ ਕੱਲੇ ਕੋ ਜਾਤੇ ਕੋ ਡਰ ਲਗਦਾ ਹੈ। ਖੂਹ ਪਰ ਛੋੜ ਕਰ ਆਓ ਮੁਝੇ। ਲਓ ਦੱਸੋ ਜਿੰਦਾਂ ਦਾ ਡਰਪੋਕ ਬਾਰਾ, ਓਦਾਂ ਦਾ ਈ ਭਈਆ। ਇਨ੍ਹਾਂ ਨੇ ਕੀ ਫੜ੍ਹ ਲੈਣੇ ਐਂ ਕਾਲੇ ਕੱਛਿਆਂ ਆਲੇ।"

ਚੌਕੀਦਾਰ ਦੀ ਜ਼ਿੰਦਗੀ ਵਿਚ ਸਭ ਤੋਂ ਵੱਡੀ ਘਟਨਾ ਉਦੋਂ ਵਾਪਰੀ ਜਦੋਂ ਉਸ ਦਾ ਮੁੰਡਾ ਉਸ ਨੂੰ ਅਮਰੀਕਾ ਲੈ ਆਇਆ। ਅਸੀਂ ਮਿਲਣ ਗਏ, ਬੜਾ ਖੁਸ਼, "ਲੈ ਹੈ ਮੱਖੀ ਮੱਛਰ। ਉਥੇ ਸਹੁਰੀ ਦੇ ਗਿੱਟੇ ਈ ਛਿਲੇ ਜਾਂਦੇ ਆ ਖਾਜ ਕਰ ਕਰਕੇ। ਕਿਆ ਬਾਤਾਂ ਨੇ ਅਮਰੀਕਾ ਦੀਆਂ।"

ਮੇਰੇ ਵਲ ਦੇਖ ਕੇ ਬੋਲਿਆ, "ਦੇਖ ਲੈ ਤੇਰੇ ਭਾਪੇ ਦੇ ਕਰਮਾਂ 'ਚ ਹੈਨੀ ਸੀ। ਕਰਮਾਂ ਤੋਂ ਬਿਨਾ ਕਿਹੜਾ ਕੁਝ ਦੇਖ ਹੁੰਦਾ ਐਹੋ ਜਾ ਮੁਲਕ। ਤੇਰੇ ਭਾਪੇ ਤੋਂ ਸੱਤ ਦਿਨ ਪਹਿਲਾਂ ਨੂਰ ਮੁਹੰਮਦ ਵੀ ਪੂਰਾ ਹੋ ਗਿਆ। ਦੋਵੇਂ ਦੇਵਤੇ ਸੀ। ਨੂਰ ਮੁਹੰਮਦ ਦੇਖ ਲੈ ਹਰ ਵੇਲੇ 'ਅੱਲਾ ਭਲੀ ਕਰੇ' ਜਪਦਾ ਰਹਿੰਦਾ ਸੀ। ਬੱਸ ਝੱਟ ਈ...।"

ਕਦੇ ਚੌਕੀਦਾਰ ਆਖਦਾ, "ਇਹ ਚੀਜ਼ਾਂ ਸਾਡੇ ਮੁਲਖ 'ਚ ਕਿਥੇ? ਏਥੇ ਬਸ ਬਟਣ ਦੱਬੋ। ਓਥੇ ਬੁੜੀਆਂ ਚੁੱਲ੍ਹੇ 'ਚ ਫੂਕਾਂ ਮਾਰ ਮਾਰ ਕੇ ਮਰ ਜਾਂਦੀਆਂ ਅੱਖਾਂ 'ਚੋਂ ਪਾਣੀ, ਨੱਕ 'ਚੋਂ ਪਾਣੀ।"

ਫੋਮ ਦੀ ਪਲੇਟ ਵਿਚ ਪਾ ਕੇ ਰੋਟੀ ਫੜਾਈ ਤਾਂ ਕਹਿੰਦਾ, "ਲੈ ਦੇਖ, ਨਾ ਧੋਣ ਦਾ ਪੰਗਾ ਹੈ..। ਇਕ ਵਾਰੀ ਸੜਕ ਵਾਲਾ ਮੀਤੂ ਆਪਣੀ ਭੈਣ ਦੇ ਚਲਾ ਗਿਆ। ਉਹਨੇ ਜੁਆਰ ਦੀ ਰੋਟੀ 'ਤੇ ਸਾਗ ਪਾ ਕੇ ਫੜਾਤਾ। ਮੀਤੂ ਕਹਿੰਦਾ, ਭੈਣਾਂ ਹੈਥੋਂ ਜਰਾ ਫੌੜਾ ਫੜਾਈਂ ਮੈਂ ਸਾਗ 'ਚ ਮੱਖਣ ਰਲੌਣਾ।"

ਚੌਕੀਦਾਰ ਦਾ ਪੋਤਾ ਉਸ ਨੂੰ ਫਰੈਸ਼ ਮੀਡੋ ਪਾਰਕ ਵਿਚ ਲੈ ਗਿਆ। ਉਥੇ ਵੱਡਾ ਸਾਰਾ ਗਲੋਬ ਲੱਗਿਆ ਹੋਇਆ ਸੀ। ਜਿੱਥੇ ਜਿੱਥੇ ਪਾਣੀ ਸੀ, ਖਾਲੀ ਥਾਂ ਸੀ। ਧਰਤੀ ਵਾਲੀ ਥਾਂ 'ਤੇ ਮੁਲਕਾਂ ਦੇ ਨਮੂਨੇ ਬਣਾਏ ਹੋਏ ਸਨ। ਦੂਰੋਂ ਗਲੋਬ ਟੁੱਕਿਆ ਟੁੱਕਿਆ, ਖੋਖਲਾ ਖੋਖਲਾ ਲਗਦਾ ਸੀ। ਗਲੋਬ ਵੱਲ ਦੇਖ ਕੇ ਬੋਲਿਆ, "ਇਹਨੂੰ ਬਦਲ ਦੇਹ ਹੁਣ, ਸਾਰਾ ਤਾਂ ਜੰਗਾਲ ਨੇ ਖਾ ਲਿਆ।"

ਇਕ ਦਿਨ ਉਸ ਦਾ ਪੋਤਾ ਉਸ ਨੂੰ ਬੀਚ 'ਤੇ ਲੈ ਗਿਆ। ਉਸ ਦੇ ਪੋਤੇ ਨੇ ਦੱਸਿਆ, "ਪਤਾ ਨਹੀਂ ਬਾਬਾ ਸਮੁੰਦਰ ਕੰਢੇ ਕਿਹੜੀਆਂ ਮੱਛੀਆਂ ਦੇਖ ਆਇਐ, ਰਾਤੀਂ ਤ੍ਰਬਕ ਤ੍ਰਬਕ ਉਠਦਾ ਰਿਹਾ ਤੇ ਰਾਮ ਰਾਮ ਜਪਦਾ ਰਿਹਾ।"

ਪੰਦਰਾਂ ਕੁ ਦਿਨ ਉਸ ਨੇ ਬੜੀ ਮੌਜ ਵਿਚ ਕੱਟੇ।

ਫਿਰ ਉਹ ਉਦਾਸ ਉਦਾਸ ਜਿਹਾ ਰਹਿਣ ਲੱਗ ਪਿਆ। ਉਸ ਨੂੰ ਆਪਣਾ ਆਪ ਗਵਾਚ ਗਿਆ ਲਗਦਾ। ਦਿਨੇ ਆਪਣੇ ਪੋਤੇ ਨਾਲ ਘਰੋਂ ਬਾਹਰ ਨਿਕਲਦਾ। ਕੋਈ ਉਸ ਵਲ ਨਾ ਦੇਖਦਾ। ਰਾਤ ਨੂੰ ਬਾਹਰ ਦੇਖਦਾ। ਰੌਸ਼ਨੀਆਂ, ਚਾਨਣ, ਪੁਲਿਸ ਦੇ ਹਾਰਨ। ਉਸ ਦੇ ਹੋਕਰੇ ਦੀ ਏਥੇ ਕਿਸ ਨੂੰ ਲੋੜ ਸੀ? ਉਸ ਦੇ ਕੰਨ ਤਰਸਦੇ, ਕੋਈ ਕਹੇ, "ਭਾਈਆ ਹੁਣ ਪਹਿਰਾ ਕਦੋਂ ਨੂੰ ਲਾਉਣਾ?"

"ਮੈਂ ਵਾਪਸ ਮੁੜ ਜਾਣਾ," ਉਹ ਅਕਸਰ ਆਖਦਾ, "ਕੀ ਐ ਮੁਲਕ ਸਾਲਾ। ਅੰਦਰ ਬੜੇ ਰਹੋ। ਨਾ ਗੱਲ ਨਾ ਬਾਤ। ਜਿੱਧਰ ਦੇਖੋ ਗੱਡ ਈ ਗੱਡ ਐ। ਲੋਹਾ ਈ ਲੋਹਾ ਤੁਰਿਆ ਫਿਰਦਾ। ਕੋਈ ਕਿਸੇ ਅਲ ਦੇਖਦਾ ਨਈਂ। ਕੋਈ ਕਿਸੇ ਨੂੰ ਬੁਲਾਉਂਦਾ ਨਈਂ। ਬੰਦੇ ਨੂੰ ਬੰਦਾ ਜਾਣਦੇ ਨਈਂ ਏਥੇ।"

ਅਸੀਂ ਉਸ ਨੂੰ ਹੌਂਸਲਾ ਦਿੰਦੇ, "ਭਾਈਆ ਮਹੀਨਾ ਕੁ ਅਟਕ। ਜੀ ਲੱਗ ਜਾਣੈ। ਪਹਿਲਾਂ ਪਹਿਲਾਂ ਏਦਾਂ ਈ ਹੁੰਦੀ ਐ।" ਪਰ ਨਹੀਂ। ਫਿਰ ਉਸ ਨੇ ਪੀਣੀ ਵੀ ਛੱਡ ਦਿੱਤੀ। ਖੁਸ਼ਕੀ ਨਾਲ ਚੱਕਰ ਆਉਣ ਲੱਗ ਪਏ ਸਨ।

ਬੀਅਰ ਪੀਣ ਲਗ ਪਿਆ। ਪੋਤੇ ਨੇ ਉਂਜ ਹੀ ਕਿਹਾ, "ਬਾਪੂ ਬੀਅਰ ਠੰਢੀ ਹੁੰਦੀ ਆ। ਤੇਰੇ ਹੱਡ ਜੁੜ ਜਾਣੇ ਆ।"

ਕਹਿਣ ਲੱਗਾ, "ਯਾਰ ਮੇਰੀਆਂ ਲੱਤਾਂ ਠੰਢੀਆਂ ਠੰਢੀਆਂ ਰਹਿੰਦੀਆਂ।" ਤੇ ਉਸ ਨੇ ਬੀਅਰ ਵੀ ਛੱਡ ਦਿਤੀ।

ਵਾਪਸ ਜਾਣ ਨੂੰ ਉਹ ਕਾਹਲਾ ਪੈ ਰਿਹਾ ਸੀ। ਪਿਛਲੇ ਪੋਤੇ ਪੋਤੀਆਂ ਦੀ ਯਾਦ ਉਸ ਨੂੰ ਸਤਾਉਂਦੀ। ਉਹਦੀ ਗੱਲਬਾਤ ਵਿਚ ਉਹ ਹਾਸਾ ਠੱਠਾ ਨਾ ਰਿਹਾ। ਅਸੀਂ ਉਸ ਨੂੰ ਗੱਲਾਂ ਯਾਦ ਕਰਾਉਂਦੇ। ਮੀਤੂ ਦਾ ਸਾਗ ਰਲਾਉਣ ਲਈ ਫੌੜਾ ਮੰਗਣਾ, ਹਜ਼ਾਰੇ ਕੇ ਜੋਗਿੰਦਰ ਦੀ ਗੱਲ, ਬਾਰੇ ਕੇ ਭਈਏ ਦਾ ਕਾਂਬਾ। ਬੀਚ ਬਾਰੇ ਗੱਲ ਛੇੜਦੇ ਤਾਂ ਅੱਖਾਂ ਮੀਟ ਲੈਂਦਾ, "ਰਾਮ ਰਾਮ ਏਨੀ ਬਸ਼ਰਮੀ।"

ਉਸ ਦੀ ਉਦਾਸੀ ਵਧਦੀ ਹੀ ਜਾਂਦੀ ਸੀ।

ਉਸ ਦੀ ਹਾਲਤ ਮੈਨੂੰ ਮੋਹਨ ਭੰਡਾਰੀ ਦੀ ਕਹਾਣੀ "ਘੋਟਣਾ" ਵਿਚਲੇ ਕਿਸ਼ਨੇ ਵਰਗੀ ਜਾਪਦੀ। ਕਿਸ਼ਨਾ ਪਿੰਡ ਵਿਚ ਘੋਟਣੇ ਬਣਾਉਣ ਵਿਚ ਮਸ਼ਹੂਰ ਸੀ। ਉਸ ਦਾ ਜਵਾਈ ਉਸ ਨੂੰ ਸ਼ਹਿਰ ਲੈ ਆਇਆ। ਕਿਸ਼ਨਾ ਏਨਾ ਉਦਾਸ, ਪ੍ਰੇਸ਼ਾਨ ਤੇ ਮਾਨਸਿਕ ਤਣਾਓ ਦਾ ਸ਼ਿਕਾਰ ਹੋ ਗਿਆ ਕਿ ਇਕ ਰਾਤ ਦਾਰੂ ਦੀ ਲੋਰ ਵਿਚ ਉਠਿਆ ਤੇ ਲੱਕੜ ਚੁੱਕ ਕੇ ਘੋਟਣਾ ਘੜਨ ਦੀ ਮੁਦਰਾ ਵਿਚ ਬੈਠ ਗਿਆ।

ਇਕ ਦਿਨ ਚੌਕੀਦਾਰ ਸਾਡੇ ਪਿੰਡ ਦੇ ਬੰਦੇ ਕੋਲ ਚਲਾ ਗਿਆ। ਉਸ ਨੇ ਪਿਲਾ ਦਿੱਤੀ। ਉਹ ਵਾਪਸ ਮੁੜਿਆ ਤਾਂ ਬਹੁਤ ਉਦਾਸੀ ਵਿਚ ਡੁੱਬਿਆ ਹੋਇਆ ਸੀ। ਮੰਜੇ 'ਤੇ ਲੰਮਾ ਪਿਆ ਪਾਸੇ ਮਾਰੀ ਜਾਵੇ। ਪੋਤੇ ਨੇ ਪੁਛਿਆ ਤਾਂ ਕਹਿਣ ਲੱਗਾ, "ਨੀਂਦ ਨਹੀਂ ਆਉਂਦੀ।"

ਸਾਰੇ ਆਪੋ ਆਪਣੇ ਥਾਂ ਸੌਂ ਗਏ।

ਉਸ ਦੇ ਪੋਤੇ ਨੇ ਦੂਸਰੇ ਦਿਨ ਰਾਤ ਦੀ ਬੀਤੀ ਸੁਣਾਈ।

ਅੱਧੀ ਰਾਤ ਦਾ ਵਕਤ ਸੀ। ਲਿਵਿੰਗ ਰੂਮ ਵਿਚ ਖੜਕਾ ਹੋ ਰਿਹਾ ਸੀ। ਬੈਡ ਰੂਮ ਵਿਚੋਂ ਪੋਤਾ ਉਠ ਕੇ ਬਾਹਰ ਆਇਆ। ਉਸ ਨੇ ਦੇਖਿਆ, ਚੌਕੀਦਾਰ ਨੇ ਬਾਥਰੂਮ ਵਿਚੋਂ ਝਾੜੂ ਚੁੱਕ ਲਿਆਂਦਾ ਸੀ ਤੇ ਫਰਸ਼ 'ਤੇ ਮਾਰ ਰਿਹਾ ਸੀ ਪੋਤਾ ਦੇਖਦਾ ਰਿਹਾ। ਚੌਕੀਦਾਰ ਨੇ ਇਕ ਦੋ ਵਾਰ ਜ਼ੋਰ ਨਾਲ ਫਰਸ਼ 'ਤੇ ਠੱਕ ਠੱਕ ਕੀਤੀ ਤੇ ਆਪਣੀ ਮਸਤ ਅਦਾ ਵਿਚ ਹੋਕਰਾ ਛੱਡਿਆ, "ਨੂਰ ਮੁਹੰਮਦ ਜਾਗ ਬਈ ਓ...।"

ਫਿਰ ਉਸ ਨੇ ਝਾੜੂ ਰੱਖਿਆ ਤੇ ਮੰਜੇ 'ਤੇ ਚੁੱਪ ਕਰਕੇ ਲੰਮਾ ਪੈ ਗਿਆ।

# ਬੰਬ ਨਾਲ ਸਫਰ

*(ਪਿਛਲੇ ਸਫੇ ਤੋਂ ਜਾਰੀ)*

ਅੰਦਰ ਆਇਆ ਜਿਸ ਵਰਗਾ ਜੇ ਕਦੇ ਕੋਈ ਹਮਸਫਰ ਮਿਲ ਜਾਵੇ ਤਾਂ ਜ਼ਿੰਦਗੀ ਦਾ ਸਾਰਾ ਪੈਂਡਾ ਹੀ ਹੁਸੀਨ ਹੋ ਜਾਵੇ। ਖੂਬਸੂਰਤ, ਗੋਰੀ-ਚਿੱਟੀ, ਉਚੀ-ਲੰਮੀ ਮੁਟਿਆਰ, ਟੀ-ਸ਼ਰਟ ਅਤੇ ਜੀਨ ਉਸ ਦੇ ਪਹਿਨੀ ਹੋਈ, ਸਬਜ਼ ਹਵਾ ਦੇ ਮੁਅੱਤਰ ਬੁੱਲੇ ਵਾਂਗ ਖੁਸ਼ਬੂਆਂ ਬਿਖੇਰਦੀ ਅੰਦਰ ਆਈ ਅਤੇ ਮੇਰੇ ਧੰਨ ਭਾਗ, ਉਹ ਮੇਰੇ ਨਾਲ ਵਾਲੀ ਸੀਟ 'ਤੇ ਬੈਠ ਗਈ। ਮੇਰੇ 'ਤੇ ਇਹ ਕਰਮ-ਫਰਮਾਈ ਸ਼ਾਇਦ ਇਸ ਕਰਕੇ ਹੋਈ ਸੀ ਕਿ ਉਸ ਨੇ ਮੈਨੂੰ ਦੇਖਣ ਸਾਰ ਹੀ ਇਹ ਸੋਚ ਲਿਆ ਹੋਵੇਗਾ ਕਿ ਅਜਿਹੇ ਮਰਦ ਨਾਲ ਬੈਠਣ ਵਿਚ ਹੀ ਸਲਾਮਤੀ ਹੈ ਜਿਸ ਦੇ ਚਿਹਰੇ ਉਤੇ ਉਸ ਦੇ ਜੀਉਂਦੇ ਹੋਣ ਦਾ ਕੋਈ ਚਿੰਨ੍ਹ ਵੀ ਨਹੀਂ ਸੀ।

ਬਹਰਹਾਲ, ਮੇਰਾ ਖਿਆਲ ਬੰਬਾਂ ਤੋਂ ਹਟ ਕੇ ਇਸ ਰੌਸ਼ਨ-ਰੁਖ ਹਮਸਫਰ ਵੱਲ ਹੋ ਗਿਆ। ਮੈਂ ਮਨ ਹੀ ਮਨ ਇਹ ਗੀਤ ਗੁਣਗੁਣਾ ਰਿਹਾ ਸੀ,

ਜ਼ਿੰਦਗੀ ਕੇ ਸਫਰ ਮੇਂ ਅਕੇਲੇ ਥੇ ਹਮ
ਮਿਲ ਗਏ ਤੁਮ ਤੋ ਦਿਲ ਕੋ ਸਹਾਰਾ ਮਿਲਾ
ਆ ਗਏ ਇਕ ਸਹੀ ਰਾਸਤੇ ਪਰ ਕਦਮ
ਜਬ ਤੁਮਹਾਰੀ ਨਜ਼ਰ ਕਾ ਇਸ਼ਾਰਾ ਮਿਲਾ।

ਪਰ ਮੈਂ ਤਾਂ ਸਖਾਵਤ ਦੇ ਇਕ ਇਸ਼ਾਰੇ ਦੀ ਉਡੀਕ ਵਿਚ ਹੀ ਬੈਠਾ ਰਹਿ ਗਿਆ। ਉਸ ਨੇ ਆਪਣਾ ਪਰਸ ਖੋਲ੍ਹਿਆ ਤੇ ਉਸ ਵਿਚੋਂ ਆਈਫੋਨ ਕੱਢਿਆ ਅਤੇ ਈਅਰਫੋਨ ਆਪਣੇ ਕੰਨਾਂ ਵਿਚ ਠੋਸ ਦਿੱਤੇ। ਸ਼ਾਇਦ ਉਹ ਵੀ ਮੇਰੇ ਵਾਂਗ ਖੌਫਜ਼ਦਾ ਸੀ। ਉਹ ਆਪਣੇ ਆਲੇ-ਦੁਆਲੇ ਤੋਂ ਬੇਖਬਰ ਹੋ ਕੇ ਸੰਗੀਤ ਦੇ ਸੰਸਾਰ ਵਿਚ ਕਿੱਧਰੇ ਖੋ ਗਈ। ਮੈਨੂੰ ਗੁਰਦੀਪ ਦੀ ਗਜ਼ਲ ਦੇ ਚੰਦ ਸ਼ਿਅਰ ਚੇਤੇ ਆ ਗਏ,

ਨੇੜ ਤੋਂ ਬੇਗਾਨਗੀ ਦਾ ਸਫਰ
ਜੁਰਮ ਹੈ ਤੇਰਾ ਤੇ ਮੇਰਾ ਸਰਬਸਰ
ਚਲਦੇ ਰਾਹਾਂ ਦਾ ਤੈਨੂੰ ਖੌਫ਼ ਹੈ
ਤ੍ਰਹਿਕਦਾਂ ਮੈਂ ਦਸਤਕਾਂ ਤੋਂ ਰਾਤ ਭਰ।
... ... ...
ਵਧਦਾ ਵਧਦਾ ਵਧ ਗਿਆ ਹੈ ਬਹੁਤ ਹੀ
ਦਰਦ ਤੋਂ ਮੁਸਕਾਨ ਤੋੜੀ ਦਾ ਸਫਰ।

ਉਸ ਦੀ ਬੇਰੁਖੀ ਨੇ ਮੈਨੂੰ ਫਿਰ ਦਹਿਸ਼ਤਗਰਦਾਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ। ਆਪਣੇ ਭੈਅ ਅਤੇ ਅੰਦੇਸ਼ਿਆਂ ਦੀ ਉਧੇੜ-ਬੁਣ ਵਿਚ ਉਲਝਿਆ ਪਤਾ ਨਹੀਂ ਕਿਹੜੇ ਵੇਲੇ ਮੈਂ ਸਨ 1985 ਵਿਚ ਪਹੁੰਚ ਗਿਆ। ਉਦੋਂ ਮੈਂ ਸਰਕਾਰੀ ਕਾਲਜ, ਡੇਰਾ ਬਸੀ ਵਿਚ ਅੰਗਰੇਜ਼ੀ ਦਾ ਲੈਕਚਰਾਰ ਸੀ ਅਤੇ ਹਰ ਰੋਜ਼ ਪਟਿਆਲੇ ਤੋਂ ਡੇਰਾ ਬਸੀ ਬੱਸ ਵਿਚ ਸਫਰ ਕਰਦਾ ਸੀ। ਆਈਫੋਨ ਵਰਗੀਆਂ ਜੁਗਤਾਂ ਦੀ ਹਾਲਾਂ ਤੀਕਰ ਸਾਡੇ ਜੀਵਨ ਵਿਚ ਆਮਦ ਨਹੀਂ ਸੀ ਹੋਈ। ਉਦੋਂ ਤਾਂ ਮੋਬਾਈਲ ਫੋਨ ਵੀ ਨਹੀਂ ਸਨ ਹੁੰਦੇ। ਦਹਿਸ਼ਤਗਰਦੀ ਦੇ ਉਨ੍ਹਾਂ ਹਨ੍ਹੇਰੇ ਸਮਿਆਂ ਵਿਚ ਬੰਬ ਧਮਾਕੇ ਅਤੇ ਬੇਤਹਾਸ਼ਾ ਕਤਲ ਹੀ ਜੀਵਨ ਦੇ ਕਰੀਨੇ ਦੀ ਨੁਹਾਰ ਸਨ। ਉਦੋਂ ਸਫਰ 'ਤੇ ਜਾਣਾ ਲਾਮ ਉਤੇ ਜਾਣ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਸੀ ਸਮਝਿਆ ਜਾਂਦਾ। ਮਨੁੱਖੀ ਰਿਸ਼ਤਿਆਂ ਦੇ ਦਰਮਿਆਨ ਧਰਮ ਦੀਆਂ ਦੀਵਾਰਾਂ ਚਿਣੀਆਂ ਜਾ ਰਹੀਆਂ ਸਨ। ਸਫਰ ਦੇ ਬੋਝ ਨੂੰ ਹਲਕਾ ਕਰਨ ਲਈ ਮੈਂ ਨਾਲ ਦੀ ਸੀਟ 'ਤੇ ਬੈਠੇ ਹਮਸਫਰ ਨਾਲ ਗੱਲਬਾਤ ਸ਼ੁਰੂ ਕਰ ਲੈਂਦਾ। ਗੱਲਾਂਬਾਤਾਂ ਵਿਚ ਘੰਟੇ ਮਿੰਟਾਂ ਵਿਚ ਬੀਤ ਜਾਂਦੇ ਅਤੇ ਮਿੰਟ ਸਕਿੰਟਾਂ ਵਿਚ। ਪਤਾ ਵੀ ਨਾ ਲਗਦਾ, ਸਫਰ ਕਦੋਂ ਖਤਮ ਹੋ ਗਿਆ। ਗੂੜ੍ਹੀਆਂ ਦੋਸਤੀਆਂ ਬੱਸ ਦੇ ਸਫਰ ਵਿਚ ਪੈ ਜਾਂਦੀਆਂ। ਇਸ ਤੋਂ ਇਲਾਵਾ ਮੇਰਾ ਮੰਨਣਾ ਸੀ ਕਿ ਖੁਦਾ-ਨਾ-ਖਾਸਤਾ ਜੇਕਰ ਮੇਰੇ ਨਾਲ ਵਾਲੀ ਸੀਟ 'ਤੇ ਬੈਠਾ ਬੰਦਾ ਦਹਿਸ਼ਤਗਰਦ ਵੀ ਹੋਵੇ ਤਾਂ ਮੇਰੇ ਨਾਲ ਕੁੱਝ ਬਾਤਾਂ ਦੀ ਸਾਂਝ ਤੋਂ ਬਾਅਦ ਉਹ ਛੇਤੀ ਕੀਤਿਆਂ ਬੱਸ ਵਿਚ ਬੰਬ ਛੱਡ ਕੇ ਤਾਂ ਜਾਣ ਤੋਂ ਰਿਹਾ!

ਪਟਿਆਲੇ ਤੋਂ ਡੇਰਾ ਬਸੀ ਜਾਣ ਅਤੇ ਆਉਣ ਲੱਗਿਆਂ ਜ਼ੀਰਕਪੁਰ ਬੱਸ ਬਦਲਨੀ ਪੈਂਦੀ ਸੀ। ਚੰਡੀਗੜ੍ਹ ਤੋਂ ਅੰਬਾਲੇ ਜਾਣ ਵਾਲੀਆਂ ਬੇਸ਼ੁਮਾਰ ਬੱਸਾਂ ਜ਼ੀਰਕਪੁਰ ਤੋਂ ਡੇਰਾ ਬਸੀ ਦੀ ਸਵਾਰੀ ਚੁੱਕ ਲੈਂਦੀਆਂ ਸਨ ਪਰ ਜ਼ੀਰਕਪੁਰ ਤੋਂ ਪਟਿਆਲੇ ਆਉਣ ਲਈ ਬੱਸ ਔਖੀ ਮਿਲਦੀ ਸੀ। ਜ਼ੀਰਕਪੁਰ ਤੋਂ ਅਕਸਰ ਟਰੱਕਾਂ ਵਾਲੇ ਪਟਿਆਲੇ ਦੀਆਂ ਸਵਾਰੀਆਂ ਨੂੰ ਲਿਫਟ ਦੇ ਦਿੰਦੇ।

ਸ਼ੁਰੂ-ਸ਼ੁਰੂ ਵਿਚ ਤਾਂ ਮੈਂ ਟਰੱਕ ਵਿਚ ਬੈਠਣ ਤੋਂ ਗੁਰੇਜ਼ ਕਰਦਾ ਸੀ ਪਰ ਕੁੱਝ ਸਮੇਂ ਬਾਅਦ ਇਹ ਹਿਚਕਿਚਾਹਟ ਦੂਰ ਹੋ ਗਈ। ਮੈਂ ਮਹਿਸੂਸ ਕੀਤਾ ਕਿ ਟਰੱਕ ਚਾਲਕ ਬਹੁਤ ਜ਼ਿੰਦਾਦਿਲ ਇਨਸਾਨ ਹੁੰਦੇ ਨੇ। ਮੈਂ ਉਨ੍ਹਾਂ ਨਾਲ ਕੋਈ ਨਾ ਕੋਈ ਗੱਲ ਤੋਰ ਲੈਂਦੀ। ਮੈਂ ਉਨ੍ਹਾਂ ਤੋਂ ਉਨ੍ਹਾਂ ਦੇ ਪਿੰਡ, ਪੜ੍ਹਾਈ-ਲਿਖਾਈ ਅਤੇ ਉਨ੍ਹਾਂ ਵੱਲੋਂ ਦੂਰ-ਦੂਰ ਤੱਕ ਕੀਤੇ ਗਏ ਸਫਰ ਦੀਆਂ ਗੱਲਾਂ ਪੁੱਛਦਾ ਰਹਿੰਦਾ। ਉਹ ਮੈਨੂੰ ਬਹੁਤ ਦਿਲਚਸਪ ਕਿੱਸੇ ਸੁਣਾਉਂਦੇ। ਕਈ ਵਾਰ ਤਾਂ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਕਿ ਮੈਂ ਪ੍ਰੋਫੈਸਰ ਹਾਂ, ਉਹ ਮੈਥੋਂ ਕਿਰਾਇਆ ਲੈਣ ਤੋਂ ਵੀ ਇਨਕਾਰ ਕਰ ਦਿੰਦੇ। ਬਹੁਤ ਵਾਰ ਉਨ੍ਹਾਂ ਨੇ ਢਾਬਿਆਂ 'ਤੇ ਟਰੱਕ ਰੋਕ ਕੇ ਚਾਹ ਪੀਣੀ ਅਤੇ ਮੈਨੂੰ ਵੀ ਚਾਹ ਪਿਆਉਣੀ। ਜੇ ਮੈਂ ਚਾਹ ਦੇ ਪੈਸੇ ਦੇਣ ਦੀ ਕੋਸ਼ਿਸ਼ ਕਰਦਾ ਤਾਂ ਦੇਣ ਨਾ ਦਿੰਦੇ।

ਦੋ ਚਾਰ ਵਾਰ ਅਜਿਹੇ ਟਰੱਕਾਂ ਵਾਲਿਆਂ ਨਾਲ ਵੀ ਵਾਹ ਪਿਆ ਜਿਹੜੇ ਸੁਭਾਅ ਦੇ ਚੰਗੇ ਨਹੀਂ ਸਨ ਪਰ ਇਹੋ ਜਿਹੇ ਮੌਕੇ ਗਿਣਵੇਂ-ਚੁਣਵੇਂ ਹੀ ਸਨ।


ਉਹ ਜ਼ਮਾਨੇ ਹੋਰ ਸਨ। ਅਸੀਂ ਉਦੋਂ ਸ਼ਾਇਦ ਵਿਅਕਤੀਗਤ ਅਜ਼ਾਦੀ ਅਤੇ ਨਿੱਜੀ ਵਿੱਥ (ਪਰਸਨਲ ਸਪੇਸ) ਦੇ ਸੰਕਲਪਾਂ ਤੋਂ ਪ੍ਰੇਰਿਤ ਹੋ ਕੇ ਅਤੇ ਖ਼ੁਦਪ੍ਰਸਤੀ ਵਿਚ ਗ੍ਰਸਤ ਹੋ ਕੇ ਮਨੁੱਖਤਾ ਤੋਂ ਮੂੰਹ ਨਹੀਂ ਸੀ ਮੋੜਿਆ। ਇਸ ਕਰਕੇ ਹੀ ਅਸੀਂ ਕਿਸੇ ਅਜਨਬੀ ਹਮਸਫਰ ਨਾਲ ਵੀ ਸਾਂਝ ਦੀਆਂ ਪੀਂਘਾਂ ਪਾਉਣ ਤੋਂ ਕਤਰਾਉਂਦੇ ਨਹੀਂ ਸੀ। ਸ਼ਾਇਦ ਇਹੋ ਹੀ ਇਕ ਅਹਿਮ ਕਾਰਨ ਸੀ ਕਿ ਉਨ੍ਹਾਂ ਦਿਨਾਂ ਵਿਚ ਅਲਪਦ੍ਰਿਸ਼ਟ ਸਿਆਸਤਦਾਨਾਂ ਅਤੇ ਧਰਮ ਦੇ ਬਦਕਾਰ ਠੇਕੇਦਾਰਾਂ ਵੱਲੋਂ ਆਮ ਲੋਕਾਂ ਦਰਮਿਆਨ ਉਲੰਘ ਪਾੜ ਪਾਉਣ ਦੇ ਲੱਖ ਕੋਝੇ ਹਥਕੰਡਿਆਂ ਦੇ ਬਾਵਜੂਦ ਸਾਡਾ ਮਨੁੱਖਤਾ ਵਿਚ ਵਿਸ਼ਵਾਸ ਬਰਕਰਾਰ ਰਿਹਾ। ਅਸੀਂ ਅਜਨਬੀਆਂ ਨਾਲ ਦੋਸਤੀ ਗੰਢ ਲੈਂਦੇ ਕਿਉਂਕਿ ਅਸੀਂ ਅਜੇ ਉਸ ਵਿਅਕਤੀਗਤ ਅਜ਼ਾਦੀ ਦੇ ਐਡੇ ਵੱਡੇ ਮੁੱਦਈ ਨਹੀਂ ਸੀ ਬਣੇ ਜਿਹੜੀ ਸਾਨੂੰ ਸਾਡੇ ਸੰਕੀਰਣ ਆਪੇ ਤਕ ਮਹਿਦੂਦ ਕਰਕੇ ਸਾਥੋਂ ਸਾਡੀਆਂ ਜ਼ਿਹਨੀ ਹੱਦਾਂ ਤੇ ਦੀਵਾਰਾਂ ਦੀ ਰਾਖੀ ਕਰਵਾਉਂਦੀ ਹੈ। ਟੈਲੀਵਿਜ਼ਨ, ਆਈਪੌਡ ਜਾਂ ਆਈਫੋਨ ਉਹ ਜੁਗਤਾਂ ਹਨ ਜੋ ਨਿੱਜੀ ਸਪੇਸ ਦੀ ਆਜ਼ਾਦੀ ਦੀ ਹਾਮੀ ਤਾਂ ਓਟਦੀਆਂ ਹਨ ਪਰ ਮਨੁੱਖੀ ਭਾਈਚਾਰੇ ਦੀਆਂ ਜ਼ਾਮਨ ਨਹੀਂ ਹਨ।

ਬੰਬਾਂ ਦੀ ਚਿਤਾਵਨੀ ਵਾਲੇ ਇਸ਼ਤਿਹਾਰ ਪੜ੍ਹਨ ਤੋਂ ਬਾਅਦ ਅਤੇ ਆਪਣੇ ਚੌਗਿਰਦੇ ਤੋਂ ਬੇਸੁਧ ਮੇਰੀ ਹਮਸਫਰ ਨੂੰ ਦੇਖ ਕੇ ਮੇਰੇ ਮਨ ਵਿਚ ਇਹ ਸਵਾਲ ਪੈਦਾ ਹੋਇਆ ਕਿ ਸਰਕਾਰ ਨੇ ਜੇ ਬੱਸ ਮੁਸਾਫਰਾਂ ਵਿਚ ਪਾੜ ਹੀ ਪਾਉਣਾ ਹੈ ਤਾਂ ਸਰਕਾਰ ਨੂੰ ਸਾਡੀ ਤਾਤਵਿਕ ਅਸੁਰੱਖਿਆ ਜਗਾਉਣ ਵਾਲੇ ਇਸ਼ਤਿਹਾਰ ਦੇਣ ਦੀ ਭਲਾ ਕੀ ਜ਼ਰੂਰਤ ਹੈ? ਬੱਸ ਦੀ ਹਰ ਸੀਟ 'ਤੇ ਈਅਰਫੋਨ ਨਾਲ ਲੈਸ ਆਈਫੋਨ ਵਰਗਾ ਕੋਈ ਜੰਤਰ ਹੋਣਾ ਚਾਹੀਦਾ ਹੈ। ਕੋਈ ਵੀ ਬੰਦਾ ਕਿਸੇ ਵੱਲ ਅੱਖ ਚੁੱਕ ਕੇ ਨਹੀਂ ਦੇਖੇਗਾ, ਬੰਬ ਹੋਣ ਜਾਂ ਨਾ, ਦਹਿਸ਼ਤਗਰਦ ਹੋਣ ਜਾਂ ਨਾ, ਟੈਡੀ ਵਰਗਾ ਕੂਲਾ ਜਿਹਾ ਹਮਸਫਰ ਭਾਵੇਂ ਨਾਲ ਹੋਵੇ ਜਾਂ ਨਾ...।


#

# ਜਦੋਂ ਗਦਰੀ ਗੁਰਮੁਖ ਸਿੰਘ ਲਲਤੋਂ ਨੇ ਚਲਦੀ ਗੱਡੀ 'ਚੋਂ ਛਾਲ ਮਾਰੀ

■ ਭਗਤ ਸਿੰਘ ਬਿਲਗਾ



**ਗੁਰਮੁਖ ਸਿੰਘ ਤੇ ਸੱਜਣ ਸਿੰਘ ਨੂੰ ਤ੍ਰਿਚਨਾਪਲੀ ਜੇਲ੍ਹ ਵਿਚ ਲਿਆਂਦਾ ਗਿਆ। 1922 ਵਿਚ ਇਨ੍ਹਾਂ ਦੋਹਾਂ ਨੂੰ ਤ੍ਰਿਚਨਾਪਲੀ ਤੋਂ ਅਕੋਲਾ ਜੇਲ੍ਹ ਭੇਜਿਆ ਗਿਆ। ਹੱਥਕੜੀਆਂ ਤੇ ਬੇੜੀਆਂ ਲਾ ਕੇ ਇਨ੍ਹਾਂ ਨੂੰ ਰੇਲ ਦੇ ਇਕ ਛੋਟੇ ਡੱਬੇ ਵਿਚ ਬਿਠਾਇਆ ਗਿਆ। ਦੋ ਸਿਪਾਹੀ ਅਤੇ ਇਕ ਹੌਲਦਾਰ ਇਨ੍ਹਾਂ ਦੀ ਨਿਗਰਾਨੀ 'ਤੇ ਲਾਏ ਗਏ। ਇਹ ਗੱਡੀ ਤ੍ਰਿਚਨਾਪਲੀ ਤੋਂ ਮਨਮਾਦ, ਚਾਈਸ ਗਾਉਂ ਹੁੰਦੀ ਹੋਈ ਅਕੋਲਾ ਜਾਣੀ ਸੀ। ਰਸਤੇ ਵਿਚ ਗੁਰਮੁਖ ਸਿੰਘ ਨੇ ਭਾਈ ਸੱਜਣ ਸਿੰਘ ਨੂੰ ਦੱਸ ਦਿੱਤਾ ਕਿ ਮੈਂ ਫਰਾਰ ਹੋ ਜਾਣਾ ਹੈ। ਸੱਜਣ ਸਿੰਘ ਨੇ ਲੁਕਾ ਕੇ ਰੱਖੀ ਮਾਇਆ ਗੁਰਮੁਖ ਸਿੰਘ ਦੇ ਹਵਾਲੇ ਕਰ ਦਿੱਤੀ। ਸਿਪਾਹੀ ਤੇ ਹੌਲਦਾਰ ਫੱਟਿਆਂ 'ਤੇ ਸੌਂ ਗਏ ਤੇ ਘਰਾੜੇ ਮਾਰਨ ਲੱਗ ਪਏ। ਗੁਰਮੁਖ ਸਿੰਘ ਦੇ ਹੱਥ ਬੜੇ ਕੂਲੇ ਤੇ ਨਰਮ ਸਨ। ਉਹਨੇ ਜ਼ੋਰ ਨਾਲ ਖਿੱਚ ਕੇ ਦੋਨੋਂ ਹੱਥ ਹੱਥਕੜੀਆਂ 'ਚੋਂ ਬਾਹਰ ਕੱਢ ਲਏ। ਹੱਥਕੜੀ ਹੇਠਾਂ ਰੱਖ, ਡੱਬੇ ਦਾ ਦਰਵਾਜ਼ਾ ਖੋਲ੍ਹ ਕੇ ਤੇਜ਼ੀ ਨਾਲ ਜਾ ਰਹੀ ਗੱਡੀ 'ਚੋਂ ਛਾਲ ਮਾਰ ਦਿੱਤੀ।**



ਬਾਬਾ ਗੁਰਮੁਖ ਸਿੰਘ

1919 ਵਿਚ ਜੱਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਅਤੇ ਪੰਜਾਬ ਵਿਚ ਇਸ ਵਿਰੁੱਧ ਅਚਾਨਕ ਬਾਗ਼ੀ ਹਰਕਤਾਂ ਸ਼ੁਰੂ ਹੋ ਗਈਆਂ। ਕਸੂਰ, ਗੁੱਜਰਾਂਵਾਲਾ, ਚੂਹੜਕਾਣਾ ਅਤੇ ਵਜ਼ੀਰਾਬਾਦ ਵਿਚ ਲੋਕਾਂ ਨੇ ਗੱਡੀਆਂ ਉਲਟਾ ਦਿੱਤੀਆਂ, ਸਰਕਾਰੀ ਇਮਾਰਤਾਂ ਦੀ ਸਾੜ-ਫੂਕ ਕੀਤੀ ਗਈ। ਅੰਮ੍ਰਿਤਸਰ ਵਿਚ ਮਾਰਸ਼ਲ ਲਾਅ ਲਾ ਕੇ ਪੁਲਿਸ ਵੱਲੋਂ ਗੋਲੀਆਂ ਚਲਾਈਆਂ ਗਈਆਂ। ਹਕੂਮਤ ਦੇ ਕਹਿਰ ਨੇ ਇਸ ਲਹਿਰ ਨੂੰ ਤਸ਼ੱਦਦ ਨਾਲ ਦਬਾਅ ਦਿੱਤਾ। ਬਾਗੀਆਂ 'ਤੇ ਮੁਕੱਦਮੇ ਚਲਾਏ ਗਏ। ਕਈਆਂ ਨੂੰ ਫਾਂਸੀਆਂ ਅਤੇ ਕਈਆਂ ਨੂੰ ਉਮਰ ਕੈਦ ਕਾਲੇ ਪਾਣੀ ਦੀਆਂ ਸਜ਼ਾਵਾਂ ਹੋਈਆਂ। ਇਨ੍ਹਾਂ ਉਮਰ ਕੈਦੀਆਂ ਵਿਚ ਤੇਜਾ ਸਿੰਘ ਚੂਹੜਕਾਣਾ ਤੇ ਕਰਤਾਰ ਸਿੰਘ ਝੱਬਰ ਵੀ ਸ਼ਾਮਲ ਸਨ। ਕਾਲੇ ਪਾਣੀ ਜੇਲ੍ਹ ਵਿਚ ਇਹ ਗਦਰੀ ਕੈਦੀਆਂ ਨੂੰ ਜਾ ਮਿਲੇ। ਹਾਲਾਤ ਤੋਂ ਜਾਣੂੰ ਹੋਏ ਕਰਤਾਰ ਸਿੰਘ ਝੱਬਰ ਨੇ ਆਪਣੀ ਡਾਇਰੀ ਵਿਚ ਤਫ਼ਸੀਲ ਨਾਲ ਸਾਰਾ ਮਾਜਰਾ ਦਰਜ ਕੀਤਾ ਹੈ। ਹਿੰਦੋਸਤਾਨ ਭਰ ਵਿਚ ਮਾਰਸ਼ਲ ਲਾਅ ਦੇ ਕੈਦੀਆਂ ਦੀ ਰਿਹਾਈ ਲਈ ਐਜੀਟੈਸ਼ਨ ਹੋਈ ਜੋ ਕੰਨਿਆ ਕੁਮਾਰੀ ਤੋਂ ਲੈ ਕੇ ਹਿਮਾਲੀਆ ਤੱਕ ਅਤੇ ਬੰਗਾਲ ਤੋਂ ਲੈ ਕੇ ਦੱਰ੍ਹਾ ਖ਼ੈਬਰ ਤੱਕ ਫੈਲ ਗਈ। ਇਸ ਦੇ ਫਲਸਰੂਪ ਗੌਰਮਿੰਟ ਨੂੰ ਇਹ ਕੈਦੀ ਰਿਹਾਅ ਕਰਨੇ ਪਏ। ਇਨ੍ਹਾਂ ਨੇ ਪੰਜਾਬ ਅੱਪੜ ਕੇ ਅਖ਼ਬਾਰਾਂ ਵਿਚ, ਜਲਸਿਆਂ ਵਿਚ ਅਤੇ ਦੀਵਾਰਾਂ ਉਪਰ ਲਿਖ ਕੇ ਕਾਲੇ ਪਾਣੀ ਜੇਲ੍ਹ ਵਿਚ ਬੰਦ ਗਦਰੀਆਂ ਬਾਬਤ ਦੱਸਿਆ ਅਤੇ ਗਦਰੀਆਂ ਉਤੇ ਹਕੂਮਤ ਵੱਲੋਂ ਢਾਹੇ ਗਏ ਜ਼ੁਲਮਾਂ ਦਾ ਜ਼ਿਕਰ ਵੀ ਕੀਤਾ। ਪੰਜਾਬ ਦੇ ਲੋਕਾਂ ਨੂੰ ਪਹਿਲੀ ਵਾਰ ਇਨ੍ਹਾਂ ਜਿੰਦਾ ਸ਼ਹੀਦਾਂ ਦੇ ਕਿਰਦਾਰ ਬਾਰੇ ਪਤਾ ਲੱਗਿਆ।

ਫਿਰ 1920 ਵਿਚ ਸਿਆਸੀ ਕੈਦੀਆਂ ਦੀਆਂ ਕੁਝ ਰਿਹਾਈਆਂ ਹੋਈਆਂ। ਗਦਰੀਆਂ 'ਚੋਂ ਭਾਈ ਪਿਆਰਾ ਸਿੰਘ ਲੰਗੇਰੀ, ਬਾਬਾ ਵਿਸਾਖਾ ਸਿੰਘ, ਭਾਈ ਪਰਮਾਨੰਦ ਆਦਿ ਕਈ ਗ਼ਦਰੀ ਵੀ ਰਿਹਾਅ ਕਰ ਦਿੱਤੇ ਗਏ। ਨਾਲ ਹੀ ਇਸ ਐਜੀਟੇਸ਼ਨ ਦੇ ਫਲਸਰੂਪ 24 ਗਦਰੀਆਂ ਨੂੰ 23 ਅਗਸਤ 1921 ਨੂੰ ਮਦਰਾਸ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ ਕਿਉਂਕਿ ਪੰਜਾਬ ਹਕੂਮਤ ਨੇ ਇਨ੍ਹਾਂ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਨ੍ਹਾਂ ਨੂੰ ਮਦਰਾਸ ਦੀਆਂ ਹੇਠ ਲਿਖੀਆਂ ਜੇਲ੍ਹਾਂ (ਕੋਇੰਬਟੂਰ, ਰਾਜ ਮੁੰਦਰੀ, ਬੰਗਲੌਰ, ਤ੍ਰਿਚਨਾਪਲੀ ਅਤੇ ਵੇਲੌਰ ਆਦਿ) ਵਿਚ ਦੋ-ਦੋ ਕਰਕੇ ਬੰਦ ਕਰ ਦਿੱਤਾ ਸੀ। ਹਜ਼ਾਰੀ ਬਾਗ਼ (ਬਿਹਾਰ) ਜੇਲ੍ਹ ਤੋਂ ਭਾਈ ਸੱਜਣ ਸਿੰਘ ਤੇ ਹੋਰ ਪੰਜਾਬੀ ਕੈਦੀ ਵੀ ਇੱਥੇ ਲਿਆਂਦੇ ਗਏ। ਗੁਰਮੁਖ ਸਿੰਘ ਤੇ ਸੱਜਣ ਸਿੰਘ ਨੂੰ ਤ੍ਰਿਚਨਾਪਲੀ ਜੇਲ੍ਹ ਵਿਚ ਲਿਆਂਦਾ ਗਿਆ। 1922 ਵਿਚ ਇਨ੍ਹਾਂ ਦੋਹਾਂ ਨੂੰ ਤ੍ਰਿਚਨਾਪਲੀ ਤੋਂ ਅਕੋਲਾ ਜੇਲ੍ਹ ਭੇਜਿਆ ਗਿਆ। ਹੱਥਕੜੀਆਂ ਤੇ ਬੇੜੀਆਂ ਲਾ ਕੇ ਇਨ੍ਹਾਂ ਨੂੰ ਰੇਲ ਦੇ ਇਕ ਛੋਟੇ ਡੱਬੇ ਵਿਚ ਬਿਠਾਇਆ ਗਿਆ। ਦੋ ਸਿਪਾਹੀ ਅਤੇ ਇਕ ਹੌਲਦਾਰ ਇਨ੍ਹਾਂ ਦੀ ਨਿਗਰਾਨੀ 'ਤੇ ਲਾਏ ਗਏ। ਇਹ ਗੱਡੀ ਤ੍ਰਿਚਨਾਪਲੀ ਤੋਂ ਮਨਮਾਦ, ਚਾਈਸ ਗਾਉਂ ਹੁੰਦੀ ਹੋਈ ਅਕੋਲਾ ਜਾਣੀ ਸੀ। ਰਸਤੇ ਵਿਚ ਗੁਰਮੁਖ ਸਿੰਘ ਨੇ ਭਾਈ ਸੱਜਣ ਸਿੰਘ ਨੂੰ ਦੱਸ ਦਿੱਤਾ ਕਿ ਮੈਂ ਫਰਾਰ ਹੋ ਜਾਣਾ ਹੈ। ਸੱਜਣ ਸਿੰਘ ਨੇ ਲੁਕਾ ਕੇ ਰੱਖੀ ਮਾਇਆ ਗੁਰਮੁਖ ਸਿੰਘ ਦੇ ਹਵਾਲੇ ਕਰ ਦਿੱਤੀ। ਸਿਪਾਹੀ ਤੇ ਹੌਲਦਾਰ ਫੱਟਿਆਂ 'ਤੇ ਸੌਂ ਗਏ ਤੇ ਘਰਾੜੇ ਮਾਰਨ ਲੱਗ ਪਏ। ਗੁਰਮੁਖ ਸਿੰਘ ਦੇ ਹੱਥ ਬੜੇ ਕੂਲੇ ਤੇ ਨਰਮ ਸਨ। ਉਹਨੇ ਜ਼ੋਰ ਨਾਲ ਖਿੱਚ ਕੇ ਦੋਨੋਂ ਹੱਥ ਹੱਥਕੜੀਆਂ 'ਚੋਂ ਬਾਹਰ ਕੱਢ ਲਏ। ਹੱਥਕੜੀ ਹੇਠਾਂ ਰੱਖ, ਡੱਬੇ ਦਾ ਦਰਵਾਜ਼ਾ ਖੋਲ੍ਹ ਕੇ ਤੇਜ਼ੀ ਨਾਲ ਜਾ ਰਹੀ ਗੱਡੀ 'ਚੋਂ ਛਾਲ ਮਾਰ ਦਿੱਤੀ। ਇਹ ਸਭ ਮਾਜਰਾ ਕੰਬਲ ਦੀਆਂ ਝੀਤਾਂ ਵਿਚੋਂ ਸੱਜਣ ਸਿੰਘ ਲੰਮਾ ਪਿਆ ਦੇਖਦਾ ਰਿਹਾ ਸੀ। ਸੱਜਣ ਸਿੰਘ ਨੇ ਇਹ ਸਾਰਾ ਕਿੱਸਾ ਆਪਣੀ ਕਿਤਾਬ 'ਸੰਖੇਪ ਜੀਵਨ ਕਥਾ' ਵਿਚ ਲਿਖਿਆ ਹੈ। ਗੁਰਮੁਖ ਸਿੰਘ ਵਾਲ-ਵਾਲ ਬਚ ਗਿਆ ਅਤੇ ਤੱਤੇ ਘਾਹ ਕਿਸੇ ਪਿੰਡ ਵੱਲ ਨੂੰ ਦੌੜ ਤੁਰਿਆ। ਖੇਤ ਵਿਚ ਕੰਮ ਕਰਦੇ ਇਕ ਕਿਸਾਨ ਦੀ ਨਜ਼ਰੇ ਪੈ ਗਿਆ। ਗੁਰਮੁਖ ਸਿੰਘ ਨੇ ਦੇਸ਼ਭਗਤ ਦੇਸ਼ਭਗਤ ਕਹਿ ਉਸ ਨੂੰ ਸਭ ਸਮਝਾ ਦਿੱਤਾ ਤੇ ਉਸ ਕੋਲੋਂ ਮਦਦ ਮੰਗੀ ਕਿ ਮੇਰੀਆਂ ਬੇੜੀਆਂ ਕਟਵਾ ਦੇ। ਕਿਸਾਨ ਉਸ ਨੂੰ ਪਿੰਡ ਦੇ ਲੁਹਾਰ ਦੇ ਘਰ ਲੈ ਗਿਆ। ਲੁਹਾਰ ਨੇ ਬੇੜੀਆਂ ਕੱਟ ਦਿੱਤੀਆਂ।

ਇੱਥੇ ਹੀ ਗੁਰਮੁਖ ਸਿੰਘ ਨੇ ਕੁੜਤੇ, ਪੱਗ ਤੇ ਪਜਾਮੇ ਦੀ ਬਦਲੀ ਵੀ ਕਰ ਲਈ। ਡਰ ਸੀ ਕਿ ਪੁਲਿਸ ਨਾ ਆ ਜਾਵੇ ਤੇ ਇਲਾਕੇ ਦੀ ਛਾਣਬੀਣ ਕਰਕੇ ਉਸ ਨੂੰ ਗ੍ਰਿਫ਼ਤਾਰ ਨਾ ਕਰ ਲੈਣ। ਇਥੋਂ ਜੇ ਪੰਜਾਬ ਵੱਲ ਜਾਂਦਾ ਸੀ ਤਾਂ ਰਾਹ ਵਿਚ ਜਗ੍ਹਾ-ਜਗ੍ਹਾ ਪੁਲਿਸ ਲੱਗੀ ਹੋਈ ਹੋਣੀ ਹੈ। ਇਸ ਗੱਲ ਨੂੰ ਵਿਚਾਰ ਕੇ ਉਹ ਗੱਡੀ ਚੜ੍ਹ ਮਦਰਾਸ ਅੱਪੜ ਗਿਆ। ਮਦਰਾਸ ਵਿਚ ਕਾਂਗਰਸੀ ਲੀਡਰ ਦੇ ਤੌਰ 'ਤੇ ਉਸਹਨੇ ਰਾਜਾ ਗੋਪਾਲ ਅਚਾਰੀਆ ਦਾ ਨਾਉਂ ਸੁਣਿਆ ਹੋਇਆ ਸੀ। (ਰਾਜਾ ਗੋਪਾਲਾਚਾਰੀਆ ਹਿੰਦੋਸਤਾਨ ਦਾ ਪਹਿਲਾ ਗਵਨਰ ਜਨਰਲ ਸੀ) ਗੁਰਮੁਖ ਸਿੰਘ ਉਸ ਦੀ ਕੋਠੀ ਅੰਦਰ ਚਲਾ ਗਿਆ। ਰਾਜਾ ਗੋਪਾਲਾਚਾਰੀਆ ਨੂੰ ਜਦ ਸਾਰਾ ਮਾਜਰਾ ਸੁਣਾਇਆ ਤਾਂ ਉਸ ਨੇ ਗੁਰਮੁਖ ਸਿੰਘ ਨੂੰ ਫੌਰਨ ਉਥੋਂ ਨਿਕਲ ਜਾਣ ਲਈ ਕਿਹਾ। ਗੁਰਮੁਖ ਸਿੰਘ ਇਹ ਸੁਣ ਉਥੋਂ ਤੁਰ ਆਇਆ। ਫਿਰਦਿਆਂ-ਤੁਰਦਿਆਂ ਉਹਨੂੰ ਕੌਮੀ ਖਿਆਲਾਂ ਵਾਲੇ ਇਕ ਵਕੀਲ ਦੀ ਦੱਸ ਪਈ। ਉਸ ਵਕੀਲ ਨੇ ਗੁਰਮੁਖ ਸਿੰਘ ਦੀ ਮਦਦ ਕਰਨ ਦਾ ਹੁੰਗਾਰਾ ਭਰਿਆ। ਉਹਨੇ ਇਕ ਮਹੀਨਾ ਗੁਰਮੁਖ ਸਿੰਘ ਨੂੰ ਆਪਣੇ ਕੋਲ ਰਖਿਆ, ਹਰ ਤਰ੍ਹਾਂ ਦੀ ਹਿਫ਼ਾਜ਼ਤ ਕੀਤੀ ਅਤੇ ਮਾਲੀ ਸਹਾਇਤਾ ਵੀ ਕੀਤੀ।

## ਗ਼ਦਰ ਦੀਆਂ ਗੱਲਾਂ

ਹੁਣ ਗੁਰਮੁਖ ਸਿੰਘ ਪੰਜਾਬ ਵਾਪਸ ਆਉਣ ਲਈ ਤਿਆਰ ਹੋ ਗਿਆ। ਉਹਦਾ ਖ਼ਿਆਲ ਸੀ ਕਿ ਪੁਲਿਸ ਹਾਰ ਹੰਭ ਕੇ ਬੈਠ ਗਈ ਹੋਣੀ ਹੈ। ਹਰ ਮਫ਼ਰੂਰ ਪੰਜਾਬੀ ਨੱਸ ਕੇ ਹਜ਼ੂਰ ਸਾਹਿਬ ਜ਼ਰੂਰ ਜਾਂਦਾ ਹੈ। ਗੁਰਮੁਖ ਸਿੰਘ ਹਜ਼ੂਰ ਸਾਹਿਬ ਉਤਰ ਗਿਆ। ਇਕ ਹਫ਼ਤਾ ਸੂਹਾਂ ਲੈਂਦਾ ਰਿਹਾ ਕਿ ਅਜੇ ਵੀ ਪੁਲਿਸ ਹਰਕਤ ਵਿਚ ਹੈ ਕਿ ਨਹੀਂ। ਗ੍ਰੰਥੀ ਨੂੰ ਸ਼ੱਕ ਹੋਇਆ ਕਿ ਇਹ ਕੋਈ ਮਫ਼ਰੂਰ ਬੰਦਾ ਹੈ। ਸੋ, ਉਥੋਂ ਪੱਤਰਾ ਵਾਚਣਾ ਪਿਆ। ਗੱਡੀ ਚੜ੍ਹ ਪੰਜਾਬ ਆ ਗਿਆ। ਉਹ ਪਿੰਡ ਲੰਗੇਰੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਭਾਈ ਪਿਆਰਾ ਸਿੰਘ ਪਾਸ ਅੱਪੜ ਗਿਆ। ਪਿੰਡ ਲੰਗੇਰੀ, ਮਾਹਿਲਪੁਰ ਤੋਂ ਦੋ ਮੀਲ ਦੀ ਵਿੱਥ 'ਤੇ ਜੰਗਲ ਤੇ ਝਾੜੀਆਂ ਵਿਚ ਛੁਪਿਆ ਹੋਇਆ ਹੈ ਜੋ ਗਦਰੀਆਂ ਦਾ ਖਾਸ ਕੇਂਦਰ ਬਣ ਗਿਆ ਸੀ। ਭਾਈ ਪਿਆਰਾ ਸਿੰਘ ਭੱਜੇ-ਨੱਠੇ ਗਦਰੀਆਂ ਨੂੰ ਸੰਭਾਲਦੇ ਤੇ ਉਨ੍ਹਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਪਹੁੰਚਾਉਂਦੇ ਸਨ। ਉਸ ਵੇਲੇ ਉਨ੍ਹਾਂ ਦਾ ਕੌਮੀ ਲੀਡਰਾਂ ਨਾਲ ਕਾਫ਼ੀ ਮੇਲਜੋਲ ਸੀ ਬਲਕਿ ਆਪ ਦਾ ਸ਼ੁਮਾਰ ਸਿੱਖਾਂ ਦੇ ਉੱਚ ਪੱਧਰੀ ਲੀਡਰਾਂ ਤੇਜਾ ਸਿੰਘ ਸਮੁੰਦਰੀ ਤੇ ਹਰਚੰਦ ਸਿੰਘ ਰਈਸ ਨਾਲ ਸੀ। ਇਹ ਸਿੱਖ ਲੀਡਰ ਕਾਬਲ ਤੋਂ ਆਏ ਸਿੱਖ ਯਾਤਰੀਆਂ ਦੇ ਜਥਿਆਂ ਦੀ ਸੇਵਾ ਸੰਭਾਲ ਕਰਦੇ ਸਨ। ਪਿਆਰਾ ਸਿੰਘ ਨੇ ਇਸ ਗੱਲ ਤੋਂ ਫਾਇਦਾ ਉਠਾ ਗੁਰਮੁਖ ਸਿੰਘ ਨੂੰ ਇਨ੍ਹਾਂ ਯਾਤਰੂਆਂ ਦੇ ਜਥੇ ਨਾਲ ਬਚ-ਬਚਾ ਕੇ ਕਾਬਲ ਭੇਜ ਦਿੱਤਾ।

---

## ਪੁਸਤਕ ਚਰਚਾ

# ਖ਼ੁਦ 'ਸਰਘੀ ਦੇ ਤਾਰੇ ਦੀ ਚੁੱਪ' ਵਰਗੀ ਹੈ ਭਿੰਦਰ ਜਲਾਲਾਬਾਦੀ

ਕਵਿਤਾ ਦਿਮਾਗ ਵਿਚੋਂ ਘੱਟ ਅਤੇ ਆਤਮਾ ਵਿਚੋਂ ਜ਼ਿਆਦਾ ਉਪਜਦੀ ਹੈ! ਜਦੋਂ ਰੂਹ 'ਤੇ ਵਦਾਣ ਵੱਜਦੇ ਨੇ, ਜਦ ਮੋਹ-ਮਮਤਾ, ਪ੍ਰੀਤ-ਵੈਰਾਗ, ਸੰਯੋਗ-ਵਿਯੋਗ ਨਾਲ਼ ਵਾਹ ਪੈਂਦਾ ਹੈ, ਤਦ ਕਵਿਤਾ ਦਿਮਾਗ ਦੇ ਦਰਵਾਜ਼ੇ ਆ ਦਸਤਕ ਦਿੰਦੀ ਹੈ। ਤੀਹ ਕੁ ਸਾਲ ਤੋਂ ਲੰਡਨ ਵਿਚ ਵਸਦੀ ਭਿੰਦਰ ਜਲਾਲਾਬਾਦੀ ਕਾਫ਼ੀ ਲੰਬੇ ਸਮੇਂ ਤੋਂ ਸਾਊਥਾਲ ਦੇ ਇਕ ਰੇਡੀਓ ਸਟੇਸ਼ਨ 'ਤੇ 'ਪ੍ਰੀਜ਼ੈਂਟਰ' ਹੈ! ਪ੍ਰੋਗਰਾਮ ਪੇਸ਼ ਕਰਦਿਆਂ ਬਹੁਤ ਵਾਰ ਮੈਂ ਉਸ ਦੀਆਂ ਕਵਿਤਾਵਾਂ ਦਾ ਅਨੰਦ ਮਾਣਿਆ ਹੈ। ਆਪਣੇ ਪ੍ਰੋਗਰਾਮ ਵਿਚ ਰੇਡੀਓ 'ਤੇ ਉਹ ਕਵਿਤਾ ਬੋਲਦੀ ਨਹੀਂ, ਸਗੋਂ ਖ਼ੁਦ ਇੱਕ ਕਵਿਤਾ ਬਣ ਕੇ ਪੇਸ਼ ਹੁੰਦੀ ਹੈ। ਵਿਸ਼ੇ ਫੜਨ ਵਿਚ ਭਿੰਦਰ ਸ਼ਿਕਾਰੀ ਅਤੇ ਸਿਰਜਣ ਵਿਚ ਪੂਰੀ ਖਿਡਾਰੀ ਹੈ!

ਜਿਵੇਂ ਜੰਗਲਾਂ ਵਿਚ ਉਜੜੀ ਫਿਰਦੀ ਸ਼ਾਹਣੀ ਕੌਲਾਂ ਨੇ ਕਦੇ ਕਿਹਾ ਸੀ, "ਵੀਰੋ ਉਠਾਂ ਵਾਲਿਓ ਵੇ...ਪਾਣੀ ਪੀ ਜਾਓ ਦੋ ਪਲ ਬਹਿ ਕੇ... ਕੌਲਾਂ ਡੱਕੇ ਚੁਗਦੀ ਦਾ ਜਾਇਓ ਵੇ ਇੱਕ ਸੁਨੇਹਾਂ ਲੈ ਕੇ...!" ਇਹ ਕੌਲਾਂ ਦੇ ਦੁਖੀ ਦਿਲ ਦੀ ਹੂਕ ਸੀ, ਦਰਦ ਸੀ। ਇੱਕ ਸੁਨੇਹਾ ਸੀ ਅਤੇ ਆਪਣੇ ਵਤਨ ਦੇ ਵੀਰਾਂ ਤੋਂ ਹਮਦਰਦੀ ਦੀ ਆਸ ਸੀ। ਤਾਂ ਹੀ ਤਾਂ ਉਸ ਨੇ ਆਪਣੇ ਵਤਨ ਦੇ ਵੀਰ ਪਛਾਣ ਕੇ ਹਾਕ ਮਾਰੀ ਸੀ। ਨਹੀਂ ਤਾਂ ਡੱਕੇ ਚੁਗਦੀ ਕੌਲਾਂ ਨੂੰ ਬਥੇਰੇ 'ਰਾਹੀ' ਨਿੱਤ ਅਤੇ ਸਾਰੀ ਦਿਹਾੜੀ ਮਿਲਦੇ ਹੋਣਗੇ? ਪਰ ਹਾਕ ਉਸ ਨੇ "ਉਠਾਂ ਵਾਲੇ ਵੀਰਾਂ" ਨੂੰ ਹੀ ਮਾਰੀ ਸੀ! ਉਸੇ ਤਰ੍ਹਾਂ ਭਿੰਦਰ ਵੀ ਪੰਜਾਬੀ ਮਾਂ-ਬੋਲੀ ਦੇ ਵਾਰਿਸਾਂ ਨੂੰ ਤਰਲਾ ਨਹੀਂ ਕਰਦੀ, ਸਗੋਂ ਮਾਂ-ਬੋਲੀ ਦੀ ਕਦਰ ਕਰਨ ਲਈ ਚੁਣੌਤੀ ਵੀ ਦਿੰਦੀ ਹੈ!

ਦੁਨਿਆਵੀ ਇਖ਼ਲਾਕ ਅਤੇ ਪੰਜਾਬੀਅਤ ਪ੍ਰਤੀ ਸੁਹਿਰਦ ਸੰਸਕਾਰਾਂ ਦੇ ਅਥਾਹ ਜਜ਼ਬੇ ਦੇ ਨਾਲ਼-ਨਾਲ਼ ਭਿੰਦਰ ਕੋਲ ਅਨਹਦ ਨਾਦ ਵਰਗਾ ਅੰਦਾਜ਼ ਹੈ! ਕਵਿਤਾ ਦੀਆਂ ਬਾਰੀਕੀਆਂ ਦੀ ਸੂਝ ਹੈ। ਕਵਿਤਾ ਸਿਰਜਣ ਦਾ ਵੱਲ ਅਤੇ ਪੰਜਾਬੀ ਮਾਂ-ਬੋਲੀ ਦੇ ਪ੍ਰਸਾਰ ਦਾ 'ਝੱਲ' ਹੈ। ਕਈ ਵਾਰ ਉਸ ਦੀ ਗਰਜਦੀ-ਵੰਗਾਰਦੀ ਕਵਿਤਾ ਮੈਨੂੰ ਹਰੀ ਸਿੰਘ ਨਲੂਆ ਦੀ 'ਗੜ੍ਹਕ' ਅਤੇ ਕਈ ਵਾਰ ਹੀਰ ਦੀ ਪ੍ਰੀਤ ਵਿਚ ਵੱਜਦੀ ਰਾਂਝੇ ਦੀ ਵੰਝਲੀ ਦੀ ਹੂਕ ਦੀ ਯਾਦ ਦਿਵਾਉਂਦੀ ਹੈ! ਜਿਥੇ ਉਹ ਕਾਮ-ਕ੍ਰੀੜਾ ਦੇ ਭੁੱਖੇ ਬਘਿਆੜਾਂ ਨੂੰ ਸ਼ਬਦਾਂ ਦੇ ਤੀਰਾਂ ਨਾਲ ਵਿੰਨ੍ਹਦੀ ਹੈ, ਉਥੇ ਆਪਣੇ 'ਮਾਹੀ' ਦੀ 'ਇਬਾਦਤ' ਵੀ ਕਰਦੀ ਹੈ:

ਪੁੱਛਦੀ ਹਾਂ ਲਲਕਾਰ ਕੇ,
ਇਨ੍ਹਾਂ ਅਖੌਤੀ ਦਿਆਨਤਦਾਰਾਂ ਨੂੰ!
ਕਿ ਕੀ ਔਰਤ ਨਾਲ ਰਿਸ਼ਤੇ ਦਾ,
ਸਿਰਫ਼, 'ਇੱਕੋ' ਮੰਤਵ ਤੇ
ਮਾਇਨਾ ਰਹਿ ਗਿਐ?
ਜਦ ਦੌੜਦੀ ਹੈ,
ਤੁਹਾਡੇ ਦਿਮਾਗ ਦੀ ਸੋੜੀ ਸਿਆਸਤ,
ਲਛਮਣ-ਰੇਖਾ ਪਾਰ ਕਰਨ ਲਈ,
ਤਾਂ ਕਿੱਥੇ ਜਾ ਲੁਕਦੈ,
ਤੁਹਾਡਾ ਰੱਬ ਉਸ ਵਕਤ?

...
ਕੋਈ ਮੰਦਿਰ ਜਾਂਦੈ,
ਤੇ ਕੋਈ ਜਾਂਦੈ ਮਸਜ਼ਿਦ,
ਕੋਈ ਕਿਸੇ ਤੀਰਥ 'ਤੇ ਹਾਜ਼ਰੀ ਭਰਦੈ,
ਤੇ ਕੋਈ ਰਗੜਦੈ ਨੱਕ,
ਕਿਸੇ ਫ਼ਕੀਰ ਦੀ ਸਰਦਲ 'ਤੇ!
ਪਰ ਮੇਰੇ ਸੱਜਣਾਂ!







ਭਿੰਦਰ ਜਲਾਲਾਬਾਦੀ

ਮੇਰਾ ਤਾਂ 'ਤੂੰ' ਹੀ 'ਮੱਕਾ' ਹੈਂ!!

ਭਿੰਦਰ ਦੀ ਸਿਰਜਣਾ ਵਿਚ ਪੰਜਾਬ ਦਾ ਦਿਲ ਧੜਕਦਾ ਹੈ ਅਤੇ ਪੰਜਾਬੀ ਮੁਟਿਆਰ ਦੀ ਝਾਂਜਰ ਛਣਕਦੀ ਹੈ। ਉਸ ਦੀ ਕਲਪਨਾ ਦੀ ਪ੍ਰਵਾਜ਼ ਵਿਚ ਅੱਲ੍ਹੜ ਕੁੜੀ ਵੱਲੋਂ ਕਸੀਦੇ ਕੱਢੀਦੇ ਹਨ ਅਤੇ ਸੰਧੂਰੀ ਰੰਗ ਵਿਚ ਰੰਗੀ ਮੁਟਿਆਰ ਵੱਲੋਂ ਫੁਲਕਾਰੀ 'ਤੇ ਹਾਣੀ ਪ੍ਰਤੀ ਮੋਹ ਦੇ ਫੁੱਲ ਪੈਂਦੇ ਹਨ। ਉਸ ਦੇ ਜ਼ਿਹਨ ਵਿਚ ਬੇਬੇ ਦੀ ਮਧਾਣੀ ਗਾਇਨ ਕਰਦੀ ਹੈ ਅਤੇ ਹਰੇ-ਭਰੇ ਬਾਗਾਂ ਵੱਲੋਂ ਰੁਮਕਦੀ ਪੌਣ ਲੋਰੀਆਂ ਦਿੰਦੀ ਹੈ। ਉਸ ਦੀ ਸੋਚ ਵਿਚ ਝਰਨੇ ਰਾਗ ਛੇੜਦੇ ਨੇ ਅਤੇ ਮੰਤਰ-ਮੁਗਧ ਹੋਈਆਂ ਇੰਦਰ ਦੀਆਂ ਪਰੀਆਂ ਨ੍ਰਿਤ ਕਰਦੀਆਂ ਨੇ! ਉਸ ਦੀਆਂ ਕਵਿਤਾਵਾਂ ਵਿਚ ਪੰਜਾਬ ਦੀਆਂ ਲਹਿ-ਲਹਾਉਂਦੀਆਂ ਫ਼ਸਲਾਂ ਜਿਹੀ ਤਾਜ਼ਗੀ ਅਤੇ ਸਰ੍ਹੋਂ ਦੇ ਫੁੱਲਾਂ ਵਰਗੀ ਰਸਭਿੰਨੀ ਖ਼ੁਸ਼ਬੂ ਹੈ। ਉਸ ਦੀ ਕਵਿਤਾ ਦੇ ਬੋਲਾਂ ਵਿਚ ਘੁਲਾੜ੍ਹੀ 'ਤੇ ਬਣਦੇ ਗੁੜ ਜਿਹੀ ਮਹਿਕ ਹੈ ਅਤੇ ਪੋਨੇ ਗੰਨੇ ਦੇ ਰਸ ਵਰਗਾ ਸੁਆਦ! ਉਹ ਸਾਗਰ ਦੀ ਹਿੱਕ ਉਤੇ ਨੀਲ ਪਾਉਣਾ ਜਾਣਦੀ ਹੈ:

ਬਾਤ ਸੁਣਾ ਮੈਨੂੰ ਅੰਬਰ ਦੀ ਕੋਈ
ਜਾਂ ਪਤਾਲ ਦੀ ਵਿੱਥਿਆ ਦੱਸੀਂ
ਸਾਗਰ ਦੀ ਹਿੱਕ ਨੀਲ ਕਿਉਂ ਪੈਂਦੇ?
ਕੁਦਰਤ ਦੀ ਕੋਈ ਸਿੱਖਿਆ ਦੱਸੀਂ
ਗਰਜਾਂ ਦੀ ਨਿੱਤ ਵਿੱਥਿਆ ਸੁਣਦੀ
ਹੁਣ ਤਾਂ 'ਭਿੰਦਰ' ਹਾਰ ਗਈ ਏ
ਲੋਕ ਛੱਡ, ਰਹਿਬਰ ਦੀ ਹੋਈ
ਆਪਣਾ ਆਪ ਸੁਆਰ ਗਈ ਏ।

ਪਰ ਜਦ ਉਹ ਬਗ਼ਾਵਤ 'ਤੇ ਉਤਰ ਵਿਦਰੋਹੀ ਰਚਨਾ ਸਿਰਜਦੀ ਹੈ ਤਾਂ ਉਹ ਕੋਈ 'ਬਾਗ਼ੀ' ਜਾਂ 'ਗੁਰੀਲਾ' ਜਾਪਦੀ ਹੈ। ਉਸ ਕੋਲ ਕਲਾ ਦੇ ਸੂਖ਼ਮ ਤਜ਼ਰਬਿਆਂ ਦੇ ਗਹਿਣੇ ਵੀ ਨੇ ਅਤੇ ਕਿਸੇ ਦੇ ਵਿੰਗ-ਵਲ਼ ਕੱਢਣ ਲਈ ਸ਼ਬਦਾਂ ਦੇ ਤੇਜ਼ਧਾਰ ਨਸ਼ਤਰ ਵੀ! ਭਿੰਦਰ ਦੀਆਂ ਰਚਨਾਵਾਂ ਅਨੁਸਾਰ ਪ੍ਰੇਮ ਅਤੇ ਇਸ਼ਕ ਇਕ ਸਾਧਨਾ ਹੈ! ਉਸ ਦੀ ਸਿਰਜਣਾ ਸ਼ਕਤੀ ਵਿਚ ਮਾਘੀ ਮੌਕੇ ਕੜਾਕੇ ਦੀ ਸਰਦੀ ਵਿਚ ਖੇਤੀ ਲੱਗਦੇ ਕੱਸੀ ਦੇ ਪਾਣੀ ਵਰਗਾ ਹੁਲਾਸ ਅਤੇ ਨਿੱਘ ਹੈ। ਅੱਸੂ ਕੱਤੇ ਦੇ ਮਹੀਨੇ ਖੇਤਾਂ ਵਿਚ ਹਲ ਖਿੱਚਦੇ ਬਲਦਾਂ ਦੀਆਂ ਟੱਲੀਆਂ ਖੜਕਣ ਦੀ ਅਦੁਤੀ ਧੁਨ ਹੈ। ਭਿੰਦਰ ਸੱਚੀ ਗੱਲ ਮੂੰਹ 'ਤੇ ਕਹਿਣ ਦੀ ਆਦੀ ਹੈ। ਉਸ ਅਨੁਸਾਰ ਆਲੋਚਕ ਅਤੇ ਨਿੰਦਕ ਵਿਚ ਦੋ ਕਿਨਾਰਿਆਂ ਵਾਂਗ ਫ਼ਰਕ ਹੈ। ਆਲੋਚਕ ਤੁਹਾਨੂੰ ਸੇਧ ਪ੍ਰਦਾਨ ਕਰਦੇ ਨੇ ਅਤੇ ਨਿੰਦਕ ਦਾ ਕਾਰਜ ਬਿਨਾ ਗੱਲੋਂ 'ਤਰਕ' ਮਾਰ ਕੇ ਈਰਖ਼ਾ ਕਰਨੀ ਹੁੰਦੀ ਹੈ! ਜੇ ਉਸ ਵਿਚ ਕਹਿਣ ਦਾ ਜਿਗਰਾ ਹੈ ਤਾਂ ਉਸ ਵਿਚ ਸਹਿਣ ਦਾ ਸਾਹਸ ਵੀ ਹੈ। ਉਹ ਤਾਂ ਨਿਯਮਬੱਧ ਸੈਨਿਕ ਵਾਂਗ ਸਮਾਜ ਦੇ 'ਵੈਰੀ' 'ਤੇ ਸ਼ਿਸ਼ਤ ਬੰਨ੍ਹ ਨਿਸ਼ਾਨਾ ਲਾਉਂਦੀ ਹੈ:

ਜਜ਼ਬਾਤ ਨੂੰ ਕਦੇ ਸ਼ਬਦ ਨਹੀਂ ਮਿਲਦੇ,
ਤੇ ਸ਼ਬਦਾਂ ਨੂੰ ਕਦੇ
ਜਜ਼ਬਾਤ ਨਹੀਂ ਮਿਲ ਸਕਦੇ!
ਤੇਰੀ ਲੋਭੀ ਰੂਹ ਤਿਲਮਿਲਾ ਰਹੀ ਹੈ,
ਪਰ ਅਖ਼ੀਰ,
'ਅੰਗੂਰ ਖੱਟੇ' ਕਹਿਣ ਦੀ
ਆਦਤ ਪਾਉਣੀ ਪਊਗੀ,
ਬੇਵੱਸ ਲੂੰਬੜੀ ਵਾਂਗ!

ਜਦ ਉਸ ਨੇ ਰੇਡੀਓ 'ਤੇ ਮੇਰੀ ਇੰਟਰਵਿਊ ਕੀਤੀ ਤਾਂ ਉਸ ਦੇ ਮਿੱਠੇ ਬੋਲਾਂ ਅਤੇ ਨਿਮਰਤਾ ਨੇ ਮੈਨੂੰ ਇਕ ਤਰ੍ਹਾਂ ਨਾਲ ਮੁੱਲ ਲੈ ਲਿਆ। ਚਾਹ ਪੀਂਦਿਆਂ ਅਤੇ ਗੱਲਾਂਬਾਤਾਂ ਕਰਦਿਆਂ, ਸਿੱਧੀ ਅਤੇ ਸਾਦੀ ਭਿੰਦਰ ਵਿਚ ਮੈਨੂੰ ਕੋਈ ਵਲ-ਫੇਰ ਨਜ਼ਰ ਨਹੀਂ ਆਇਆ, ਸਗੋਂ ਉਹ ਮੈਨੂੰ ਨਿਰਛਲ ਅਤੇ ਨਿਰਕਪਟ ਲੱਗੀ। ਇੰਟਰਵਿਊ ਤੋਂ ਬਾਅਦ ਸਾਡੀਆਂ ਕਾਫ਼ੀ ਲੰਮੀਆਂ ਗੱਲਾਂ ਚੱਲੀਆਂ। ਮੈਨੂੰ ਮਹਿਸੂਸ ਹੋਇਆ ਕਿ ਭਿੰਦਰ ਇਕ ਨਿਰਲੇਪ, ਪਾਕ-ਪਵਿੱਤਰ ਰੂਹ ਅਤੇ ਨੇਕ ਨੀਅਤ ਇਨਸਾਨ ਹੈ! ਕੁਝ ਅਰਸਾ ਪਹਿਲਾਂ ਮੈਂ ਉਸ ਦਾ ਪਲੇਠਾ ਕਹਾਣੀ-ਸੰਗ੍ਰਹਿ "ਬਨਵਾਸ ਬਾਕੀ ਹੈ" ਪੜ੍ਹਿਆ ਸੀ। ਉਹ ਕੇਵਲ ਕਹਾਣੀ ਖੇਤਰ ਵਿਚ ਹੀ ਸੰਪੂਰਨ ਨਹੀਂ, ਕਾਵਿ-ਸਿਰਜਣਾ ਵਿਚ ਵੀ ਨਿਪੁੰਨ ਹੈ। ਪੰਜਾਬੀ ਪਾਠਕਾਂ ਨੇ ਉਸ ਦੀਆਂ ਕਹਾਣੀਆਂ ਨੂੰ ਸਲਾਹਿਆ ਵੀ ਬਹੁਤ ਹੈ। ਕੈਨੇਡਾ ਅਤੇ ਆਸਟਰੇਲੀਆ ਦੇ ਰੇਡੀਓ ਪ੍ਰੋਗਰਾਮਾਂ ਵਿਚ ਉਸ ਦੀਆਂ ਕਹਾਣੀਆਂ ਪੜ੍ਹ ਕੇ ਸੁਣਾਈਆਂ ਜਾਂਦੀਆਂ ਹਨ। ਭਿੰਦਰ ਦੀ ਅੰਗਰੇਜ਼ੀ ਕਿਤਾਬ 'ਦਾ ਬਲਾਈਂਡ ਐਂਡ ਡੈਫ ਗੌਡ' ਵੀ ਹੁਣੇ ਮਾਰਕੀਟ ਵਿਚ ਆਈ ਹੈ। ਮੈਂ ਭਿੰਦਰ ਦੇ ਕਾਵਿ-ਸੰਗ੍ਰਹਿ "ਸਰਘੀ ਦੇ ਤਾਰੇ ਦੀ ਚੁੱਪ" ਨੂੰ 'ਜੀ ਆਇਆਂ' ਆਖਦਾ ਉਸ ਦੀ ਮਿਹਨਤ, ਸਿਰੜ-ਸਿਦਕ ਅਤੇ ਸਿਰਜਣਾ ਨੂੰ ਸਿਰ ਝੁਕਾ ਕੇ ਪ੍ਰਣਾਮ ਕਰਦਾ ਹਾਂ।

*-ਸ਼ਿਵਚਰਨ ਜੱਗੀ ਕੁੱਸਾ*



ਪਹਿਲੀ ਗੱਲ

ਜਤਿੰਦਰ ਮੌਹਰ

ਫੋਨ: +91 97799 34747

# ਪ੍ਰਮਾਣੂ ਖ਼ਤਰਾ ਅਤੇ ਸਾਮਰਾਜੀ ਗ਼ਲਬਾ

**ਪ੍ਰਮਾਣੂ ਹਾਦਸਿਆਂ ਤੋਂ ਭੈਅਭੀਤ ਕੁਝ ਮੁਲਕਾਂ ਨੇ ਪ੍ਰਮਾਣੂ ਊਰਜਾ ਪ੍ਰੋਜੈਕਟਾਂ ਤੋਂ ਖਹਿੜਾ ਛੁਡਾਉਣ ਦਾ ਤਹੱਈਆ ਕਰ ਲਿਆ ਹੈ। ਇਹ ਦੇਸ਼ ਪੜਾਅਵਾਰ ਪ੍ਰਮਾਣੂ ਪ੍ਰੋਜੈਕਟ ਘਟਾ ਰਹੇ ਹਨ ਪਰ ਭਾਰਤ ਵਿਚ ਇਸ ਤੋਂ ਉਲਟ ਹੋ ਰਿਹਾ ਹੈ। ਸਸਤੀ ਊਰਜਾ ਦੇ ਬਹਾਨੇ ਪ੍ਰਮਾਣੂ ਕੰਪਨੀਆਂ ਨੂੰ ਸੱਦਿਆ ਜਾ ਰਿਹਾ ਹੈ। ਇਨ੍ਹਾਂ ਪ੍ਰੋਜੈਕਟਾਂ ਦਾ ਵਿਰੋਧ ਕਰ ਰਹੇ ਲੋਕਾਂ ਦੀ ਗੱਲ ਤਾਂ ਕੀ ਸੁਣਨੀ, ਉਨ੍ਹਾਂ ਨੂੰ ਕੁੱਟਿਆ ਜਾ ਰਿਹਾ ਹੈ। ਇਸ ਲੇਖ ਵਿਚ ਜਤਿੰਦਰ ਮੌਹਰ ਨੇ ਪ੍ਰਮਾਣੂ ਪ੍ਰੋਜੈਕਟਾਂ ਦੇ ਤਬਾਹਕੁਨ ਅਸਰਾਂ ਅਤੇ ਇਨ੍ਹਾਂ ਪ੍ਰਾਜੈਕਟਾਂ ਲਈ ਭਾਰਤ ਵਿਚ ਕੀਤੀ ਜਾ ਰਹੀ ਸਿਆਸਤ ਬਾਰੇ ਗੱਲਾਂ ਉਭਾਰੀਆਂ ਹਨ।-ਸੰਪਾਦਕ**

ਡਾਢਿਆਂ ਨੇ ਨੰਗੇ ਚਿੱਟੇ ਰੂਪ ਵਿਚ ਆਪਣਾ ਮਨੁੱਖਤਾ ਵਿਰੋਧੀ ਖ਼ਾਸਾ ਬੇਪਰਦ ਕਰ ਦਿੱਤਾ ਹੈ। ਸੰਯੁਕਤ ਰਾਸ਼ਟਰ ਦਾ ਮੁਖੀ ਬਾਨ ਕੀ ਮੂਨ ਨੇ ਹਿੱਕ ਥਾਪੜ ਕੇ ਕਿਹਾ ਕਿ ਦੁਨੀਆਂ ਨੂੰ ਫੂਕੂਸ਼ਿਮਾ (ਜਪਾਨ) ਅਤੇ ਚੇਰਨੋਬਿਲ (ਰੂਸ) ਵਰਗੇ ਹੋਰ ਪ੍ਰਮਾਣੂ ਹਾਦਸਿਆਂ ਲਈ ਤਿਆਰ ਰਹਿਣਾ ਪਵੇਗਾ। ਚੇਰਨੋਬਿਲ ਹਾਦਸੇ ਦੀ ਪੱਚੀਵੀਂ ਯਾਦ ਮੌਕੇ ਕਾਨਫਰੰਸ ਦੌਰਾਨ ਕਿਹਾ ਕਿ ਪ੍ਰਮਾਣੂ ਪਲਾਂਟਾਂ ਦਾ ਵਾਧਾ ਅਟੱਲ ਹੈ ਜੋ ਸਾਧਨਾਂ ਦੀ 'ਕਿੱਲਤ' ਦੇ ਯੁਗ ਵਿਚ 'ਅਣਸਰਦੀ ਲੋੜ' ਹੈ। ਭਾਰਤ ਵਿਚ ਜੈਤਾਪੁਰ ਪ੍ਰਮਾਣੂ ਪਲਾਂਟ ਨੂੰ ਅੰਤਮ ਸਹਿਮਤੀ ਦੇਣ ਦਾ ਦਿਨ ਛੱਬੀ ਅਪਰੈਲ ਚੁਣਿਆ ਗਿਆ। ਇਸੇ ਦਿਨ ਪੱਚੀ ਸਾਲ ਪਹਿਲਾਂ ਚੇਰਨੋਬਿਲ ਦਾ ਪ੍ਰਮਾਣੂ ਹਾਦਸਾ ਵਾਪਰਿਆ ਸੀ। ਨਵਿਆਉਣ-ਯੋਗ ਵਸੀਲਿਆਂ ਤੋਂ ਬਿਜਲੀ ਦੀ ਪੂਰਤੀ ਨੂੰ ਮੂਰਖਤਾਪੂਰਨ ਵਿਚਾਰ ਦੱਸਣ ਵਾਲਾ ਜੈਰਾਮ ਰਮੇਸ਼, ਜਪਾਨੀ ਹਾਦਸੇ ਤੋਂ ਬਾਅਦ 'ਕੋਈ ਖ਼ਤਰਾ ਨਹੀਂ, ਸਭ ਸੁਰੱਖਿਅਤ ਹੈ' ਦੇ 'ਰੱਬੀ ਦਾਅਵੇ' ਤੋਂ ਮੁੱਕਰ ਗਿਆ। ਉਹਦੇ ਮੁਤਾਬਕ "ਜੈਤਾਪੁਰ ਪਲਾਂਟ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਮੇਰੀ ਨਹੀਂ ਹੈ।" ਪ੍ਰਮਾਣੂ ਊਰਜਾ ਕਮਿਸ਼ਨ ਦਾ ਮੁਖੀ ਸ੍ਰੀ ਕੁਮਾਰ ਬੈਨਰਜੀ ਦੁਨੀਆਂ ਦੇ ਸਭ ਤੋਂ ਵੱਡੇ ਪ੍ਰਮਾਣੂ-ਧਮਾਕੇ (ਫੂਕੂਸ਼ਿਮਾ) ਨੂੰ ਖ਼ਤਰਨਾਕ ਮੰਨਣ ਤੋਂ ਨਾਂਹ ਕਰ ਦਿੰਦਾ ਹੈ। ਮੂਲ ਰੂਪ 'ਚ ਉਹ ਸਮੁੱਚੇ ਵਿਗਿਆਨਕ ਭਾਈਚਾਰੇ ਦੀ ਬੇਜ਼ਤੀ ਕਰ ਰਿਹਾ ਹੈ। ਜੌੜੇ ਮੀਨਾਰਾਂ ਦੀ ਤਬਾਹੀ ਤੋਂ ਬਾਅਦ ਅਮਰੀਕਾ ਨੇ ਅਫ਼ਗਾਨਿਸਤਾਨ ਅਤੇ ਇਰਾਕ ਉੱਤੇ ਹਮਲਾ ਕਰਨ 'ਚ ਢਿੱਲ ਨਹੀਂ ਦਿਖਾਈ। ਨੌਂ/ਗਿਆਰਾਂ ਹਾਦਸੇ ਦੀ ਪਹਿਲੀ ਬਰਸੀ 'ਤੇ ਹੋਣ ਵਾਲੇ ਪ੍ਰੋਗਰਾਮਾਂ ਦਾ ਐਲਾਨ ਛੇ ਅਗਸਤ ਨੂੰ ਕੀਤਾ ਗਿਆ ਜਿਸ ਦਿਨ ਹੀਰੋਸ਼ੀਮਾ 'ਤੇ ਐਟਮ ਬੰਬ ਸੁੱਟਿਆ ਗਿਆ ਸੀ। ਤੀਹ ਮਈ ਨੂੰ ਜਰਮਨ ਸਰਕਾਰ ਨੇ ਮੁਲਕ ਦੇ ਸਾਰੇ ਸੱਤ ਪ੍ਰਮਾਣੂ ਪਲਾਂਟ ਸੰਨ 2022 ਤੱਕ ਬੰਦ ਕਰਨ ਦੇ ਹੁਕਮ ਦਿੱਤੇ ਸਨ। ਉਸ ਤੋਂ ਅਗਲੇ ਦਿਨ ਸਾਡੇ ਮੁਲਕ ਦੇ ਪ੍ਰਧਾਨ ਮੰਤਰੀ ਨੇ ਜਰਮਨ ਦੀ ਹਮਰੁਤਬਾ ਨਾਲ ਸਟੇਜ ਸਾਂਝੀ ਕਰਦਿਆਂ ਪਰਮਾਣੂ ਊਰਜਾ ਨੂੰ ਬੇਹੱਦ ਜ਼ਰੂਰੀ ਦੱਸਿਆ। ਉਨ੍ਹਾਂ ਨੇ ਸੰਨ 2020 ਤੱਕ ਵੀਹ ਹਜ਼ਾਰ ਮੈਗਾਵਾਟ ਪ੍ਰਮਾਣੂ ਬਿਜਲੀ ਪੈਦਾ ਕਰਨ ਦਾ ਟੀਚਾ ਮਿਥਿਆ। ਪਿਛਲੇ ਸਾਲ ਇਕੱਤੀ ਅਕਤੂਬਰ ਅਤੇ ਪਹਿਲੀ ਨਵੰਬਰ ਦੇ ਬਹੁਤੇ ਅਖ਼ਬਾਰ ਰਾਜੀਵ ਗਾਂਧੀ ਤੇ ਇੰਦਰਾ ਗਾਂਧੀ ਨੂੰ ਵਡਿਆਉਂਦੀਆਂ ਤਸਵੀਰਾਂ ਤੇ ਖ਼ਬਰਾਂ ਨਾਲ ਭਰੇ ਪਏ ਸਨ। ਸਾਰੀ ਕਾਰਵਾਈ ਸੰਨ ਚੁਰਾਸੀ ਦੇ 'ਸਿੱਖ ਕਤਲੇਆਮ' ਦੀ ਯਾਦ ਨੂੰ ਧੁੰਦਲਾ ਕਰਨ ਲਈ ਸੀ। ਡਾਢਿਆਂ ਦੇ ਮਨੁੱਖਤਾ ਵਿਰੋਧੀ ਖ਼ਾਸੇ ਨੂੰ ਸਮਝਣ ਲਈ ਇਨ੍ਹਾਂ ਐਲਾਨਾਂ ਅਤੇ ਇਤਫ਼ਾਕਾਂ ਨੂੰ ਆਪਸ ਵਿਚ ਮੇਲ ਕੇ ਦੇਖਣ ਦੀ ਲੋੜ ਹੈ।

ਚੇਰਨੋਬਿਲ, ਤਿੰਨ ਮੀਲ ਟਾਪੂ ਅਤੇ ਫੂਕੂਸ਼ਿਮਾ ਵਰਗੇ ਵੱਡੇ ਹਾਦਸਿਆਂ ਤੋਂ ਬਿਨਾ ਤੀਹ ਹਜ਼ਾਰ ਤੋਂ ਵੱਧ ਛੋਟੇ-ਵੱਡੇ ਪ੍ਰਮਾਣੂ ਹਾਦਸੇ ਦਰਜ ਕੀਤੇ ਜਾ ਚੁੱਕੇ ਹਨ। ਇਨ੍ਹਾਂ ਹਾਦਸਿਆਂ ਵਿਚ ਹੋਈਆਂ ਮੌਤਾਂ ਅਤੇ ਨੁਕਸਾਨ ਬਾਬਤ ਅਵਾਮ ਨੂੰ ਹਮੇਸ਼ਾ ਹਨੇਰੇ ਵਿਚ ਰੱਖਿਆ ਗਿਆ ਹੈ। ਚੇਰਨੋਬਿਲ ਹਾਦਸੇ ਦਾ ਸੱਚ ਲੁਕੋਣ 'ਚ ਵੱਡਾ ਹੱਥ ਆਲਮੀ ਪ੍ਰਮਾਣੂ ਧਿਰ ਦਾ ਹੈ। ਜੀਵ ਵਿਗਿਆਨੀ ਅਲੈਕਜ਼ੇਈ ਯਬਲੋਕੋਵ ਅਤੇ ਦੋ ਯੂਕਰੇਨੀ ਖੋਜੀਆਂ ਦੀ ਕਿਤਾਬ 'ਚੇਰਨੋਬਿਲ' (2007) ਮੁਤਾਬਕ, ਚੇਰਨੋਬਿਲ ਸਾਕੇ ਵਿਚ ਕੈਂਸਰ ਨਾਲ ਮਰਨ ਵਾਲਿਆਂ ਦੀ ਗਿਣਤੀ ਸੰਨ 2004 ਤੱਕ ਨੌਂ ਲੱਖ ਪਚਾਸੀ ਹਜ਼ਾਰ ਸੀ। ਦੋ ਸਾਲ ਬਾਅਦ ਕਿਤਾਬ ਨੂੰ ਨਿਊਯਾਰਕ ਅਕੈਡਮੀ ਔਫ ਸਾਇੰਸਜ਼ ਨੇ ਅੰਗਰੇਜ਼ੀ ਵਿਚ ਛਾਪਿਆ। ਇਸ ਅੰਕ ਵਿਚ ਯਬਲੋਕੋਵ ਨੇ ਚੇਰਨੋਬਿਲ ਹਾਦਸੇ ਦੀਆਂ ਮੌਤਾਂ ਦੇ ਤਾਜ਼ਾ ਅੰਕੜੇ ਦਰਜ ਕੀਤੇ ਜਿਨ੍ਹਾਂ ਮੁਤਾਬਕ ਮੌਤਾਂ ਦੀ ਗਿਣਤੀ ਸੋਲਾਂ ਲੱਖ ਟੱਪ ਚੁੱਕੀ ਸੀ। ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਨਿਊਯਾਰਕ ਅਕੈਡਮੀ ਔਫ ਸਾਇੰਸਜ਼ ਨੇ ਕੀਤੀ ਜਿਸ ਦੇ ਆਧਾਰ 'ਤੇ ਲੇਖਕ ਦੇ ਦਾਅਵੇ ਨੂੰ ਕੌਮਾਂਤਰੀ ਮਾਨਤਾ ਮਿਲੀ ਪਰ ਪਿੱਛੋਂ ਅਕੈਡਮੀ ਨੇ ਖੋਜ ਨੂੰ ਨਿੱਜੀ ਦੱਸ ਕੇ ਹੱਥ ਪਿੱਛੇ ਖਿੱਚ ਲਿਆ। ਕਿਤਾਬ ਦੱਸਦੀ ਹੈ ਕਿ ਚੇਰਨਬਿਲ ਦੀ ਸਫ਼ਾਈ ਕਰਨ ਵਾਲੇ ਅੱਠ ਲੱਖ ਕਾਮਿਆਂ ਵਿਚੋਂ ਸਵਾ ਲੱਖ ਕਾਮੇ ਹਾਦਸੇ ਦੇ ਅਸਰ ਨਾਲ ਮਰ ਚੁੱਕੇ ਹਨ। ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਨੇ ਲਗਾਤਾਰ ਆਲਮੀ ਪ੍ਰਮਾਣੂ ਧਿਰ ਦੀ ਸਰਪ੍ਰਸਤੀ ਕਰਦਿਆਂ ਹਾਦਸੇ ਵਿਚ ਹੋਏ ਜਾਨੀ ਨੁਕਸਾਨ ਦੇ ਅੰਕੜਿਆਂ ਨੂੰ ਚੁਣੌਤੀ ਦਿੱਤੀ ਹੈ। ਯਬਲੋਕੋਵ ਦੇ ਅੰਕੜੇ ਪੰਜ ਹਜ਼ਾਰ ਵਿਗਿਆਨਕ ਪਰਚਿਆਂ ਅਤੇ ਰੇਡੀਓਲੋਜੀਕਲ ਸਰਵੇਖਣਾਂ ਉੱਤੇ ਆਧਾਰਤ ਹਨ, ਜਦਕਿ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਅਤੇ ਆਲਮੀ ਸਿਹਤ ਸੰਸਥਾ ਦੇ ਦਾਅਵਿਆਂ ਦਾ ਮੂਲ ਸਾਢੇ ਤਿੰਨ ਸੌ ਪਰਚੇ ਹਨ। ਇਨ੍ਹਾਂ ਦੋਵਾਂ ਸੰਸਥਾਵਾਂ ਦਾ ਕੌਮਾਂਤਰੀ ਭੋਜਨ ਅਤੇ ਖੇਤੀ ਜਥੇਬੰਦੀ ਨਾਲ ਘਾਤਕ ਗੱਠਜੋੜ ਹੈ। ਇਨ੍ਹਾਂ ਦੇ ਆਪਸੀ ਸਮਝੌਤੇ (ਸਾਲ 1957) ਮੁਤਾਬਕ ਸੰਸਥਾਵਾਂ ਇਕ ਦੂਜੇ ਦੇ ਰਾਹ ਦਾ ਰੋੜਾ ਨਹੀਂ ਬਣਨਗੀਆਂ; ਉਲਟਾ ਮੁਸ਼ਕਲਾਂ ਨੂੰ ਦੂਰ ਕਰਨ ਵਿਚ ਮੱਦਦ ਕਰਨਗੀਆਂ। ਆਲਮੀ ਸਿਹਤ ਸੰਸਥਾ ਦੇ ਕਿਸੇ ਵੀ ਫ਼ੈਸਲੇ 'ਤੇ ਵੀਟੋ ਕਰਨ ਦਾ ਹੱਕ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਨੂੰ ਹਾਸਲ ਹੈ। ਰੂਸ ਵਿਚਲੀ ਪ੍ਰਮਾਣੂ ਧਿਰ ਨੇ ਚੇਰਨੋਬਿਲ ਸਾਕੇ ਨੂੰ ਘਟਾ ਕੇ ਪੇਸ਼ ਕਰਨ ਵਿਚ ਇਨ੍ਹਾਂ ਸੰਸਥਾਵਾਂ ਦੀ ਪੂਰੀ ਮੱਦਦ ਕੀਤੀ ਹੈ। ਇਹੀ ਵਰਤਾਰਾ ਫੂਕੂਸ਼ਿਮਾ ਧਮਾਕੇ ਦੇ ਮਾਮਲੇ ਵਿਚ ਸਾਹਮਣੇ ਆ ਰਿਹਾ ਹੈ। ਚੇਰਨੋਬਿਲ ਸਾਕਾ ਅਪਣੇ ਤੋਂ ਪਹਿਲਾਂ ਹੋਏ 350 ਪ੍ਰਮਾਣੂ ਹਾਦਸਿਆਂ ਦੀ ਅਣਦੇਖੀ ਦਾ ਸਿੱਟਾ ਸੀ। ਜੁਲਾਈ 2007 ਵਿਚ ਦੁਨੀਆਂ ਦੇ ਸਭ ਤੋਂ ਵੱਡੇ ਪ੍ਰਮਾਣੂ ਪਲਾਂਟ ਕਾਸ਼ੀਵਜ਼ਕੀ-ਕਰੀਵਾ (ਜਪਾਨ) ਵਿਚ ਬਾਰਾਂ ਸੌ ਲਿਟਰ ਰੇਡੀਓ ਐਕਟਿਵ ਪਾਣੀ ਰਿਸਣ ਦਾ ਮਾਮਲਾ ਸਾਹਮਣੇ ਆ ਚੁੱਕਿਆ ਸੀ। ਫੂਕੂਸ਼ਿਮਾ ਦਾ ਹਾਦਸਾ ਬੀਤੇ ਤੋਂ ਸਬਕ ਨਾ ਲੈਣ ਦਾ ਨਤੀਜਾ ਹੈ। ਹਰ ਅੱਠ ਸਾਲਾਂ ਵਿਚ ਵੱਡਾ ਪ੍ਰਮਾਣੂ ਹਾਦਸਾ ਹੋਣ ਦੇ ਸਬੂਤ ਸਾਡੇ ਸਾਹਮਣੇ ਹਨ।

ਜਰਮਨੀ ਦੇ ਲੱਖਾਂ ਲੋਕ ਇਕੱਠੇ ਹੋ ਕੇ ਸਰਕਾਰ ਨੂੰ ਪ੍ਰਮਾਣੂ ਸਨਅਤ 'ਤੇ ਮੁਕੰਮਲ ਰੋਕ ਲਾਉਣ ਦੀ ਚੇਤਾਵਨੀ ਦੇ ਰਹੇ ਹਨ। ਜਪਾਨ ਵਿਚ ਵਿਰੋਧ ਦਿਨੋ ਦਿਨ ਵਧ ਰਿਹਾ ਹੈ ਤੇ ਲੋਕ 'ਅਲਵਿਦਾ ਪ੍ਰਮਾਣੂ ਊਰਜਾ' ਦੇ ਨਾਅਰੇ ਲਾ ਰਹੇ ਹਨ। ਅਮਰੀਕਾ ਤੇ ਯੂਰਪੀ ਮੁਲਕਾਂ ਵਿਚ ਰੋਸ-ਧਰਨਿਆਂ ਦਾ ਦੌਰ ਜਾਰੀ ਹੈ ਜਿਨ੍ਹਾਂ ਦੀ ਖ਼ਬਰ ਚਲੰਤ-ਮੀਡੀਆ ਰਾਹੀਂ ਘੱਟ ਨਿਕਲਦੀ ਹੈ। ਜਰਮਨ ਲੋਕ ਪ੍ਰਮਾਣੂ ਕੂੜਾ ਤੀਜੀ ਦੁਨੀਆਂ ਦੇ ਮੁਲਕਾਂ ਵਿਚ ਖਪਾਉਣ ਦੇ ਵਿਰੋਧ ਵਿਚ ਵੀ ਨਿੱਤਰ ਰਹੇ ਹਨ। ਤੱਥਾਂ ਮੁਤਾਬਕ ਯੂਰੇਨੀਅਮ-234 ਦੀ ਅੱਧੀ ਉਮਰ ਚੌਵੀ ਲੱਖ ਸੱਤ ਹਜ਼ਾਰ ਸਾਲ, ਯੂਰੇਨੀਅਮ-238 ਦੀ ਸਾਢੇ ਚਾਰ ਬਿਲੀਅਨ ਸਾਲ ਅਤੇ ਯੂਰੇਨੀਅਮ-235 ਦੀ ਇਕੱਤਰ ਕਰੋੜ ਸਾਲ ਹੁੰਦੀ ਹੈ। ਪ੍ਰਮਾਣੂ ਕੂੜੇ ਅਤੇ ਰੇਡੀਓ ਐਕਟਿਵ ਤੱਤਾਂ ਦੀ ਤਬਾਹਕਾਰੀ ਹੋਂਦ ਦਾ ਅੰਦਾਜ਼ਾ ਇਨ੍ਹਾਂ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ। ਆਪਣੇ ਲੋਕਾਂ ਦੇ ਵਿਰੋਧ ਨੂੰ ਦੇਖਦੇ ਹੋਏ ਪੱਛਮੀ ਤਾਕਤਾਂ ਨੇ ਤੀਜੀ ਦੁਨੀਆਂ ਦਾ ਰੁਖ਼ ਕੀਤਾ ਹੈ। ਜਨਰਲ ਇਲੈਕਟ੍ਰਿਕ, ਤੋਸ਼ੀਬਾ, ਬੈਚਟੈਲ, ਹਿਟਾਚੀ, ਐਕਸਲਨ, ਅਰੇਵਾ, ਬਾਬਕੌਕ ਅਤੇ ਵਿਲਕੌਕਸ, ਅਤੇ ਦਿ ਸ਼ਾਅ ਵਰਗੀਆਂ ਦਿਉਕੱਦ ਬਹੁਕੌਮੀ ਕੰਪਨੀਆਂ ਪ੍ਰਮਾਣੂ ਸਨਅਤ ਦਾ ਸਾਜ਼ੋ-ਸਮਾਨ ਬਣਾਉਣ ਵਿਚ ਮੋਹਰੀ ਹਨ। ਸਹੀ ਮਾਅਨਿਆਂ ਵਿਚ ਸੱਤਾ ਦੀ ਵਾਗਡੋਰ ਬਹੁਕੌਮੀ ਕੰਪਨੀਆਂ ਦੇ ਹੱਥ ਵਿਚ ਹੈ। ਇਹ ਕੰਪਨੀਆਂ ਅਤੇ ਇਨ੍ਹਾਂ ਦੇ ਸਰਪ੍ਰਸਤ ਪੱਛਮੀ ਮੁਲਕ ਬੇਕਾਰ ਤੇ ਪੁਰਾਣਾ ਸਾਜ਼ੋ-ਸਮਾਨ ਤੀਜੀ ਦੁਨੀਆਂ ਨੂੰ ਵੇਚ ਕੇ ਮੋਟਾ ਵਿੱਤੀ ਲਾਹਾ ਖੱਟਣ ਦੀ ਤਾਕ ਵਿਚ ਹਨ।

ਭੁਲੇਖਾ ਚਾਹੇ ਸਸਤੀ ਤੇ ਸਾਫ਼-ਸੁਥਰੀ ਬਿਜਲੀ ਦਾ ਦਿੱਤਾ ਜਾ ਰਿਹਾ ਹੋਵੇ ਪਰ ਅਸਲ ਮਾਮਲਾ ਸ਼ੁੱਧ ਮੁਨਾਫ਼ਾ ਕਮਾਉਣ ਤੱਕ ਮਹਿਦੂਦ ਹੈ। ਸਾਮਰਾਜੀਆਂ ਦੀ ਖੋਟੀ ਨੀਅਤ ਰਵਾਇਤ ਤੇ ਰੁਝਾਨ ਦੇ ਰੂਪ ਵਿਚ ਸਾਹਮਣੇ ਆਉਂਦੀ ਰਹੀ ਹੈ। ਮੁਨਾਫ਼ਾ ਤੇ ਗੁਲਾਮੀ ਇਨ੍ਹਾਂ ਦੇ ਸਾਂਝੇ ਨਿਸ਼ਾਨੇ ਹਨ ਜੋ ਵੱਖਰੇ ਵੱਖਰੇ ਰੂਪਾਂ ਵਿਚ ਸਾਹਮਣੇ ਆਉਂਦੇ ਹਨ। ਪੱਛਮੀ ਮੁਲਕਾਂ ਦੇ ਮਿਆਦ-ਪੁੱਗੇ ਸਮੁੰਦਰੀ ਜਹਾਜ਼ਾਂ ਨੂੰ ਹਿੰਦੁਸਤਾਨ ਵਿਚ ਤੋੜਿਆ ਜਾਂਦਾ ਹੈ। ਇਸ ਸਨਅਤ ਦਾ ਮਨੁੱਖੀ ਸਿਹਤ ਅਤੇ ਚੌਗਿਰਦੇ (ਵਾਤਾਵਰਨ) ਉੱਤੇ ਮਾਰੂ ਅਸਰ ਪੈਂਦਾ ਹੈ। ਕੁਝ ਸਮਾਂ ਪਹਿਲਾਂ ਫ਼ਰਾਂਸੀਸੀ ਜਹਾਜ਼ ਨੂੰ ਤੋੜਨ ਦਾ ਮਸਲਾ ਸੁਰਖ਼ੀਆਂ ਵਿਚ ਰਿਹਾ ਸੀ। ਸਾਮਰਾਜੀ ਗ਼ਲਬੇ ਨੂੰ ਪ੍ਰਮਾਣੂ ਊਰਜਾ ਤੱਕ ਮਹਿਦੂਦ ਕਰਕੇ ਦੇਖਣਾ ਸਮੁੱਚੇ ਮਸਲੇ ਦੀ ਇਕ ਤੰਦ ਫੜਨ ਦੇ ਬਰਾਬਰ ਹੈ। ਸਾਡਾ ਮੁਲਕ ਏਡਜ਼, ਹੈਪਾਟਾਈਸਸ-ਸੀ, ਅਤੇ ਪੁਸ਼ਤ ਦਰ ਪੁਸ਼ਤ ਹੋਣ ਵਾਲੀਆਂ ਬਿਮਾਰੀਆਂ ਦੇ ਇਲਾਜ ਲਈ ਚੰਗੀਆਂ ਅਤੇ ਸਸਤੇ ਭਾਅ ਦੀ ਦਵਾਈਆਂ ਬਣਾਉਣ ਲਈ ਵਡਿਆਇਆ ਜਾਂਦਾ ਹੈ। ਅਫ਼ਰੀਕਾ, ਏਸ਼ੀਆ ਤੇ ਲਾਤੀਨੀ ਅਮਰੀਕਾ ਦੇ ਪੰਜਾਹ ਲੱਖ ਏਡਜ਼ ਮਰੀਜ਼ ਇਨ੍ਹਾਂ ਦਵਾਈਆਂ ਦਾ ਫ਼ਾਇਦਾ ਉਠਾ ਰਹੇ ਹਨ। ਇਨ੍ਹਾਂ ਵਿਚੋਂ ਵਧੇਰੇ ਦਵਾਈਆਂ ਬਣਾਉਣ ਦੇ ਹੱਕ ਸਾਡੇ ਮੁਲਕ ਕੋਲ ਰਾਖਵੇਂ ਹਨ। ਸੰਨ 2005 ਵਿਚ ਆਲਮੀ ਵਪਾਰ ਸੰਸਥਾ ਨੇ ਸਾਡੇ ਮੁਲਕ ਉੱਤੇ ਇਨ੍ਹਾਂ ਵਿਚੋਂ ਕਈ ਦਵਾਈਆਂ ਸਸਤੇ ਭਾਅ 'ਤੇ ਮੁਹੱਈਆ ਕਰਵਾਉਣ ਉੱਤੇ ਰੋਕ ਲਾ ਦਿੱਤੀ ਸੀ। ਸੰਸਥਾ ਉੱਤੇ ਗ਼ਲਬਾ ਪੱਛਮੀ ਮੁਲਕ ਹੁਣ ਘੱਟ ਅਸਰ ਕਰਨ ਵਾਲੀਆਂ ਦਵਾਈਆਂ ਮਹਿੰਗੇ ਭਾਅ ਵਿਚ ਵੇਚ ਰਹੇ ਹਨ। ਸਾਡੇ ਮੁਲਕ ਨੇ ਖੁੱਲ੍ਹੇ ਵਪਾਰ ਸਮਝੌਤੇ 'ਤੇ ਸਹੀ ਪਾਈ ਹੋਈ ਹੈ। ਹੁਣ ਯੂਰਪੀ-ਯੂਨੀਅਨ ਇਸ ਸਮਝੌਤੇ ਵਿਚ ਮੱਦ 'ਬੌਧਿਕ ਜਾਇਦਾਦ' ਪਾਉਣ ਲਈ ਦਬਾਅ ਪਾ ਰਹੀ ਹੈ ਜਿਸ ਤਹਿਤ ਸਾਡੇ ਮੁਲਕ ਤੋਂ ਏਡਜ਼ ਦੀ ਸਸਤੀ ਅਤੇ ਚੰਗੀ ਦਵਾਈ ਬਣਾਉਣ ਅਤੇ ਵੇਚਣ ਦਾ ਹੱਕ ਪੂਰੀ ਤਰ੍ਹਾਂ ਖੋਹ ਲਿਆ ਜਾਵੇਗਾ। ਇਸ ਦੇ ਖ਼ਿਲਾਫ਼ ਰੋਸ ਪ੍ਰਗਟਾਉਣ ਲਈ ਅਤੇ ਹਿੰਦੁਸਤਾਨ ਨੂੰ ਮਸੌਦੇ ਉੱਤੇ ਸਹੀ ਪਾਉਣ ਤੋਂ ਰੋਕਣ ਲਈ, ਦੁਨੀਆਂ ਭਰ ਵਿਚੋਂ ਲੋਕਾਂ ਨੇ ਦਿੱਲੀ ਆ ਕੇ ਆਲਮੀ ਸਿਹਤ ਸੰਸਥਾ ਦੀ ਇਮਾਰਤ ਅੱਗੇ ਮੁਜ਼ਾਹਰਾ ਕੀਤਾ। ਇਨ੍ਹਾਂ ਲੋਕਾਂ ਵਿਚ ਵਧੇਰੇ ਏਡਜ਼ ਮਰੀਜ਼ ਤੇ ਉਨ੍ਹਾਂ ਦੇ ਰਿਸ਼ਤੇਦਾਰ ਸਨ।



ਗੋਮਲ (ਬੇਲਾਰੂਸ) ਦੇ ਕੈਂਸਰ ਹਸਪਤਾਲ ਵਿਚ ਦਾਖਲ 5 ਸਾਲਾ ਬੱਚੀ ਅਲੈਕ ਸਲੋਬਾ। ਇਹ ਤਸਵੀਰ 19 ਮਾਰਚ 1996 ਨੂੰ ਖਿੱਚੀ ਗਈ ਸੀ। ਚੇਰਨੋਬਿਲ ਵਿਚ 28 ਅਪ੍ਰੈਲ 1986 ਨੂੰ ਹੋਏ ਪ੍ਰਮਾਣੂ ਹਾਦਸੇ ਤੋਂ ਬਾਅਦ ਜੰਮੀ ਇਸ ਬੱਚੀ ਨੂੰ ਖ਼ੂਨ ਦਾ ਕੈਂਸਰ ਸੀ।

ਹਿੰਦ-ਅਮਰੀਕਾ ਪ੍ਰਮਾਣੂ ਸਮਝੌਤੇ ਦੌਰਾਨ ਹੋਏ ਭ੍ਰਿਸ਼ਟਾਚਾਰ ਦੇ ਪੱਕੇ ਸਬੂਤ ਸਾਹਮਣੇ ਆਏ ਹਨ। ਜਦੋਂ ਵ੍ਹਾਈਟ ਹਾਊਸ ਸਮਝੌਤੇ ਦਾ ਖਰੜਾ ਅਮਰੀਕੀ ਕਾਂਗਰਸ ਨੂੰ ਭੇਜ ਰਿਹਾ ਸੀ। ਉਸ ਤੋਂ ਕੁਝ ਘੰਟੇ ਪਹਿਲਾਂ ਮਨਮੋਹਨ ਸਿੰਘ ਸਰਕਾਰ ਨੇ ਸੰਸਦ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਅਮਰੀਕੀ ਉਪ ਸਕੱਤਰ ਵਿਲਿਅਮ ਬਰਨਜ਼ ਨੂੰ ਚਿੱਠੀ ਭੇਜੀ ਜਿਸ ਵਿਚ ਦਸ ਹਜ਼ਾਰ ਮੈਗਾਵਾਟ ਪ੍ਰਮਾਣੂ ਬਿਜਲੀ ਪੈਦਾ ਕਰਨ ਦਾ ਸਾਜ਼ੋ-ਸਮਾਨ ਖਰੀਦਣ ਦਾ ਭਰੋਸਾ ਦਿਵਾਇਆ ਗਿਆ ਸੀ। ਸੰਧੀ ਦੇ ਹੱਕ ਵਿਚ ਵੋਟ ਪਾਉਣ ਲਈ ਵੱਡੇ ਪੱਧਰ 'ਤੇ ਸੰਸਦ ਮੈਂਬਰਾਂ ਦੀ ਖਰੀਦੋ-ਫ਼ਰੋਖ਼ਤ ਕੀਤੀ ਗਈ। ਪ੍ਰਧਾਨ ਮੰਤਰੀ ਨੇ ਸੰਧੀ ਨੂੰ ਜ਼ਿੰਦਗੀ-ਮੌਤ ਦਾ ਸਵਾਲ ਬਣਾ ਕੇ ਪਾਸ ਕਰਵਾਇਆ। ਮੁਕਾਮੀ ਪ੍ਰਮਾਣੂ ਅਦਾਰੇ ਦੇ ਮੌਜੂਦਾ ਅਤੇ ਸਾਬਕਾ ਨੌਕਰਸ਼ਾਹਾਂ, ਨਿੱਜੀ ਕੰਪਨੀਆਂ ਅਤੇ ਵਿਦੇਸ਼ੀ ਪ੍ਰਮਾਣੂ ਅਦਾਰਿਆਂ ਦੀ ਆਪਸੀ ਮਿਲੀਭੁਗਤ ਨੇ ਸਾਡੇ ਮੁਲਕ ਦੇ ਖ਼ਜ਼ਾਨੇ ਨੂੰ ਦਸ ਅਰਬ ਡਾਲਰ ਦਾ ਚੂਨਾ ਲਾਇਆ ਹੈ।

ਹਿੰਦੋਸਤਾਨ ਦਾ ਸਭ ਤੋਂ ਵੱਡਾ ਪ੍ਰਮਾਣੂ ਪਲਾਂਟ ਜੈਤਾਪੁਰ ਵਿਚ ਲਗਾਇਆ ਜਾ ਰਿਹਾ ਹੈ। ਪ੍ਰਮਾਣੂ ਖ਼ਤਰੇ ਦੇ ਖ਼ਿਲਾਫ਼ ਜੈਤਾਪੁਰ ਅੰਦੋਲਨ ਫ਼ੈਸਲਾਕੁਨ ਸਾਬਤ ਹੋ ਸਕਦਾ ਹੈ। ਸਰਕਾਰ ਅੰਦੋਲਨ ਨੂੰ ਡੰਡੇ ਤੇ ਗੋਲੀ ਦੇ ਜ਼ੋਰ ਨਾਲ ਦਬਾਉਣਾ ਚਾਹੁੰਦੀ ਹੈ ਜੋ ਜਮਹੂਰੀਅਤ ਲਈ ਸ਼ਰਮਨਾਕ ਹੈ। ਇਸ ਮਾਮਲੇ ਵਿਚ ਸ਼ਿਵ ਸੈਨਾ ਉੱਤੇ ਸਿਆਸਤ ਖੇਡਣ ਦਾ ਦੋਸ਼ ਲੱਗ ਰਿਹਾ ਹੈ। ਇਹ ਉਹੀ ਸ਼ਿਵ ਸੈਨਾ ਹੈ ਜੀਹਨੇ ਸੰਨ 1993 ਵਿਚ ਐਨਰੌਨ ਦੇ ਖ਼ਿਲਾਫ਼ ਮੋਰਚਾ ਖੋਲ੍ਹਿਆ ਸੀ ਪਰ ਸੱਤਾ ਵਿਚ ਆਉਂਦੇ ਸਾਰ ਕੰਪਨੀ ਦੇ ਹੱਕ ਵਿਚ ਮੋੜ ਕੱਟ ਲਿਆ। ਇਸੇ ਸ਼ਿਵ ਸੈਨਾ ਨੇ ਨਵੀਂ ਮੁੰਬਈ ਹਵਾਈ ਅੱਡੇ ਅਤੇ ਲਵਾਸਾ ਹਾਊਸਿੰਗ ਸੁਸਾਇਟੀ ਦੇ ਹੱਕ ਵਿਚ ਜੈਰਾਮ ਰਮੇਸ਼ ਦੀ ਜੈ-ਜੈਕਾਰ ਕੀਤੀ ਸੀ। ਮੁਕਾਮੀ ਲੋਕ ਦੋਵੇਂ ਉਸਾਰੀਆਂ ਦੇ ਖ਼ਿਲਾਫ਼ ਹਨ। ਸ਼ਿਵ ਸੈਨਾ ਦਾ ਡਾਵਾਂਡੋਲ ਨਜ਼ਰੀਆ ਹਮੇਸ਼ਾਂ ਸ਼ੱਕ ਦੇ ਘੇਰੇ ਵਿਚ ਰਿਹਾ ਹੈ। ਸਮੁੱਚੀ ਖ਼ਿਲਾਫ਼ਤ ਨੂੰ ਸ਼ਿਵ ਸੈਨਾ ਦੇ ਖਾਤੇ ਵਿਚ ਪਾਉਣਾ ਵਾਜਬ ਨਹੀਂ ਹੈ। ਪਲਾਂਟ ਦੀ ਖ਼ਿਲਾਫ਼ਤ ਕਰਨ ਵਾਲਿਆਂ ਵਿਚ ਮੁਕਾਮੀ ਕਾਂਗਰਸੀ ਆਗੂ, ਸਿਆਸੀ ਕਾਰਕੁਨ, ਬੁੱਧੀਜੀਵੀ ਤੇ ਹਰ ਤਬਕੇ ਦੇ ਲੋਕ ਸ਼ਾਮਿਲ ਹਨ। ਮਹਾਂਰਾਸ਼ਟਰ ਦਾ ਮੁੱਖ ਮੰਤਰੀ ਪਲਾਂਟ ਦੇ ਹੱਕ ਵਿਚ ਹਵਾ ਬਣਾਉਣ ਲਈ ਵੱਡੀ ਰੈਲੀ ਕਰਨ ਜੈਤਾਪੁਰ ਗਿਆ। ਕਾਂਗਰਸੀ ਕਾਰਕੁਨ ਮਿਲਿੰਦ ਦੇਸਾਈ ਨੇ ਮੰਚ 'ਤੇ ਚੜ੍ਹ ਕੇ ਪਲਾਂਟ ਦੇ ਖ਼ਿਲਾਫ਼ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਰੈਲੀ ਵਿਚ ਮੌਜੂਦ ਲੋਕਾਂ ਨੇ ਨਾਅਰਿਆਂ ਦਾ ਪੁਰਜ਼ੋਰ ਸਮਰਥਨ ਕੀਤਾ। ਮੰਚ ਤੋਂ ਉਤਰਦੇ ਹੀ ਮਿਲਿੰਦ ਨੂੰ ਪੁਲਸ ਨੇ ਫੜ ਕੇ ਪੁਰਾਣੇ ਮਾਮਲੇ ਵਿਚ ਅੜੁੰਗ ਲਿਆ। ਜੈਤਾਪੁਰ ਦੇ ਲੋਕਾਂ ਲਈ ਮਸਲਾ ਸਿਰਫ਼ ਉਜਾੜੇ ਦਾ ਨਹੀਂ ਹੈ। ਸਰਕਾਰ ਤਕੜੀ ਰਕਮ ਮੁਆਵਜ਼ੇ ਦੇ ਰੂਪ ਵਿਚ ਦੇਣ ਲਈ ਤਿਆਰ ਹੈ ਪਰ ਲੋਕ ਅਪਣੇ ਫ਼ੈਸਲੇ 'ਤੇ ਅਟੱਲ ਹਨ। ਖ਼ਿਲਾਫ਼ਤ ਕਰਨ ਵਾਲਿਆਂ ਵਿਚ ਜ਼ਿਆਦਾਤਰ ਲੋਕ ਉਜਾੜੇ ਦਾ ਸ਼ਿਕਾਰ ਨਹੀਂ ਹਨ।

ਪ੍ਰਮਾਣੂ ਊਰਜਾ ਨਿਗਰਾਨ ਬੋਰਡ ਦੇ ਸਾਬਕਾ ਮੁਖੀ ਏ. ਗੋਪਾਲ ਕ੍ਰਿਸ਼ਨਨ ਕਹਿੰਦੇ ਹਨ ਕਿ ਭੁਚਾਲ ਤੇ ਸੁਨਾਮੀ ਜਹੀਆਂ ਆਫ਼ਤਾਂ ਤੋਂ ਬਚਣ ਲਈ ਸਾਡੇ ਕੋਲ ਜਪਾਨ ਵਰਗੀ ਸਮਝ ਨਹੀਂ ਹੈ। ਫੂਕੂਸ਼ਿਮਾ ਜਹੀ ਤ੍ਰਾਸਦੀ ਸਾਡੇ ਮੁਲਕ ਲਈ ਹੋਰ ਵੀ ਖ਼ਤਰਨਾਕ ਹੈ ਕਿਉਂਕਿ ਸਾਡਾ ਸਾਰਾ ਢਾਂਚਾ ਗੈਰ-ਜਥੇਬੰਦ ਹੈ। ਸਾਡੇ ਕੋਲ ਲੋੜੀਂਦੀ ਤਿਆਰੀ ਨਹੀਂ ਹੈ। ਜੋ ਥੋੜ੍ਹੀ ਬਹੁਤ ਹੈ, ਉਹ ਵੀ ਕਾਗਜ਼ੀ ਹੈ। ਪ੍ਰਮਾਣੂ ਊਰਜਾ ਸਾਡੇ ਮੁਲਕ ਦੀ ਬਿਜਲੀ ਦੀ ਤਿੰਨ ਫ਼ੀਸਦੀ ਲੋੜ ਨੂੰ ਹੀ ਪੂਰਾ ਕਰ ਸਕਦੀ ਹੈ। ਇੰਨੀ ਘੱਟ ਬਿਜਲੀ ਲਈ ਮਨੁੱਖੀ ਸਿਹਤ, ਚੌਗਿਰਦੇ ਅਤੇ ਅਥਾਹ ਪੈਸੇ ਨੂੰ ਕਿਉਂ ਦਾਅ 'ਤੇ ਲਾਇਆ ਜਾ ਰਿਹਾ ਹੈ? ਇਸ ਸਾਜ਼ਿਸ਼ ਦੇ ਓਹਲੇ ਲੁਕੇ ਹਿਤਾਂ ਦੀ ਨਿਸ਼ਾਨਦੇਹੀ ਜ਼ਰੂਰੀ ਹੈ। ਉਪਰੋਂ ਬਹੁਤ ਸਾਰੇ ਵਿਗਿਆਨੀ ਪ੍ਰਮਾਣੂ ਊਰਜਾ ਦੇ ਸਸਤੀ, ਪ੍ਰਦੂਸ਼ਣ ਰਹਿਤ ਅਤੇ ਲੋੜ ਮੁਤਾਬਕ ਹੋਣ ਦੇ ਦਾਅਵੇ ਨੂੰ ਮੂਲੋਂ ਖਾਰਜ ਕਰ ਚੁੱਕੇ ਹਨ।

ਇਧਰ ਸਾਡੀ ਸੂਬਾ ਸਰਕਾਰ ਨਵਿਆਉਣ-ਯੋਗ ਵਸੀਲਿਆਂ ਉੱਤੇ ਧਿਆਨ ਦੇਣ ਦੀ ਥਾਂ ਧੜਾਧੜ ਬਹੁਕੌਮੀ ਕੰਪਨੀਆਂ ਨੂੰ ਥਰਮਲ ਪਲਾਂਟ ਲਾਉਣ ਦੇ ਠੇਕੇ ਦੇ ਰਹੀ ਹੈ ਜੋ ਵਧੇਰੇ ਪ੍ਰਦੂਸ਼ਣ ਅਤੇ ਮਹਿੰਗੇ ਭਾਅ ਦੀ ਬਿਜਲੀ ਪੈਦਾ ਕਰਨਗੇ ਤੇ ਕਰ ਰਹੇ ਹਨ। ਉਪਜਾਊ ਜ਼ਮੀਨਾਂ ਹੜੱਪਣ ਦਾ ਕੰਮ ਬੇਰੋਕ ਜਾਰੀ ਹੈ ਅਤੇ ਕੋਲੇ ਵਰਗੇ ਗ਼ੈਰ ਨਵਿਆਉਣ-ਯੋਗ ਵਸੀਲੇ ਨੂੰ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਸੂਬਾ ਸਰਕਾਰ ਅਤੇ ਦਿਉਕੱਦ ਬਹੁਕੌਮੀ ਕੰਪਨੀਆਂ ਦੀ ਮਿਲੀਭੁਗਤ ਨਿੱਤ ਦਿਨ ਸਾਹਮਣੇ ਆ ਰਹੀ ਹੈ। ਪੰਜਾਬ ਵਿਚ ਪਿੰਡ ਗੋਬਿੰਦਪੁਰਾ ਦੀ ਜ਼ਮੀਨ 'ਤੇ ਬੋਲਿਆ ਗਿਆ ਹੱਲਾ ਇਸੇ ਮਿਲੀਭੁਗਤ ਵੱਲ ਇਸ਼ਾਰਾ ਕਰਦਾ ਹੈ।

## ਵਿਅੰਗ

### ਧਰਮ ਇਨਸਾਨੀਅਤ

ਮਰਦਮਸ਼ੁਮਾਰੀ ਵਾਲਾ ਕਰਮਚਾਰੀ ਟੱਬਰ ਦੇ ਸਾਰੇ ਜੀਆਂ ਬਾਰੇ ਜਾਣਕਾਰੀ ਲਿਖ ਲੈਣ ਤੋਂ ਬਾਅਦ ਬੋਲਿਆ, "ਹਾਂ ਜਨਾਬ, ਤੁਹਾਡਾ ਧਰਮ ਕੀ ਏ?" "ਇਨਸਾਨੀਅਤ," ਮੇਰਾ ਉਤਰ ਸੀ।

"ਹੈਂ! ਇਨਸਾਨੀਅਤ!! ਇਹ ਕਿਹੜਾ ਧਰਮ ਹੋਇਐ?" ਹੈਰਾਨੀ ਨਾਲ ਉਸ ਦਾ ਮੂੰਹ ਅੱਡਿਆ ਗਿਆ। ਫਿਰ ਕੁਝ ਸੰਭਲ ਕੇ ਬੋਲਿਆ, "ਮੇਰਾ ਮਤਲਬ ਏ ਕਿ ਤੁਸੀਂ ਹਿੰਦੂ, ਮੁਸਲਮ, ਸਿੱਖ ਜਾਂ ਇਸਾਈ ਜਿਹੇ ਕਿਸ ਧਰਮ ਨਾਲ ਸਬੰਧਤ ਹੋ?"

"ਨਹੀਂ ਜਨਾਬ, ਮੇਰਾ ਧਰਮ ਤਾਂ ਸਿਰਫ਼ ਇਨਸਾਨੀਅਤ ਐ! ਤੁਹਾਡੇ ਦੱਸੇ ਧਰਮਾਂ ਵਿਚ ਵੀ ਮੂਲ ਤੱਤ ਤਾਂ ਇਨਸਾਨੀਅਤ ਹੀ ਹੈ ਪਰ ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਦੇ ਕੱਟੜ ਪੁਜਾਰੀਆਂ ਨੇ, ਇਨ੍ਹਾਂ ਵਿਚੋਂ ਹਲੀਮੀ ਤੇ ਇਨਸਾਨੀਅਤ ਜਿਹੇ ਮੂਲ ਤੱਤ ਕੱਢ ਕੇ ਉਨ੍ਹਾਂ ਦੀ ਥਾਂ ਜਨੂੰਨ ਭਰ ਦਿੱਤਾ ਏ ਜੋ ਕਿ ਮਨੁੱਖਤਾ ਲਈ ਘਾਤਕ ਹੈ। ਤੁਸੀਂ ਘਬਰਾਓ ਨਾ, ਬੇਫਿਕਰ ਹੋ ਕੇ ਮੇਰਾ ਧਰਮ ਇਨਸਾਨੀਅਤ ਲਿਖ ਦਿਓ!"

### ਢਿੱਡ ਪੀੜ

ਢਿੱਡ ਵਿਚ ਮੁੱਕੀ ਦੇਈ, ਦੇਬੂ ਕੋਡਾ ਕੋਡਾ ਤੁਰ ਕੇ ਡਾਕਟਰ ਦੀ ਦੁਕਾਨ ਅੰਦਰ ਦਾਖਲ ਹੋਇਆ ਤਾਂ ਡਾਕਟਰ ਹਥਲੇ ਮਰੀਜ਼ ਨੂੰ ਛੱਡ ਕੇ ਉਸ ਵਲ ਅਹੁਲਿਆ, "ਹਾਂ ਬਈ ਜਵਾਨਾ! ਕੀ ਤਕਲੀਫ਼ ਏ?"

"ਡਾਕਟਰ ਸਾਬ੍ਹ ਪੇਟ 'ਚ ਬਹੁਤ ਦਰਦ ਹੋ ਰਿਹੈ! ਹਾਏ!!" ਦੇਬੂ ਬੋਲਿਆ।

ਡਾਕਟਰ ਨੇ ਉਸ ਨੂੰ ਬੈਂਚ ਉਤੇ ਲੰਮਾ ਪਾ ਕੇ ਢਿੱਡ ਟੋਹੰਦਿਆਂ ਪੁੱਛਿਆ, "ਤੂੰ ਰਾਜਸੀ ਲੀਡਰ ਜਾਂ ਉਸ ਦਾ ਪੁੱਤਰ ਤਾਂ ਨਹੀਂ?"

"ਨਹੀਂ ਸਾਬ੍ਹ, ਮੈਂ ਤਾਂ ਮਜ਼ਦੂਰ ਹਾਂ। ਤੁਸੀਂ ਇਹ ਕਿਉਂ ਪੁੱਛ ਰਹੇ ਹੋ?"

"ਕਿਉਂਕਿ ਜਦ ਕਦੀ ਕਿਸੇ ਲੀਡਰ ਨੂੰ ਕਿਸੇ ਘਪਲੇ ਦੇ ਦੋਸ਼ ਵਿਚ ਜੇਲ੍ਹ ਜਾਣਾ ਪੈਂਦੈ ਤਾਂ ਜੇਲ੍ਹ ਦਾ ਗੇਟ ਲੰਘਦਿਆਂ ਸਾਰ ਉਸ ਦੇ ਢਿੱਡ ਪੀੜ ਹੋਣ ਲੱਗ ਪੈਂਦੇ ਜਾਂ ਫਿਰ ਛਾਤੀ ਵਿਚ ਦਰਦ ਉਠ ਖੜ੍ਹਦਾ, ਬਸ ਫਿਰ ਉਹ ਇਸ ਬਹਾਨੇ ਜੇਲ੍ਹ ਦੀ ਥਾਂ ਸਾਰਾ ਸਮਾਂ ਹਸਪਤਾਲ 'ਚ ਹੀ ਲੰਘਾਉਂਦੇ। ਤੂੰ ਆਹ ਫੜ ਦਸ ਰੁਪਏ, ਅਹੁ ਸਾਹਮਣੇ ਹੋਟਲ ਤੋਂ ਜਾ ਕੇ ਰੋਟੀ ਖਾਹ ਲੈ, ਠੀਕ ਹੋ ਜਾਏਂਗਾ।"

-ਅਵਤਾਰ ਸਿੰਘ ਹੰਸਰਾ,
ਫੋਨ:661-368-6572

# ਫਿਲਮ ਜਗਤ ਦਾ ਅਸਲ ਨਾਇਕ ਗੁਰੂ ਦੱਤ



39 ਸਾਲ ਦੀ ਛੋਟੀ ਜਿਹੀ ਜ਼ਿੰਦਗੀ ਵਿਚ 'ਕਾਗਜ਼ ਕੇ ਫੂਲ', 'ਪਿਆਸਾ' ਤੇ 'ਸਾਹਿਬ ਬੀਵੀ ਔਰ ਗੁਲਾਮ' ਜਿਹੀਆਂ ਯਾਦਗਾਰੀ ਫ਼ਿਲਮਾਂ ਦੇ ਕੇ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਜਾਣ ਵਾਲੇ ਅਭਿਨੇਤਾ-ਨਿਰਦੇਸ਼ਕ ਗੁਰੂ ਦੱਤ ਦਾ ਅਸਲ ਨਾਂ ਵਸੰਤ ਕੁਮਾਰ ਸ਼ਿਵਸ਼ੰਕਰ ਸੀ। ਗੁਰੂ ਦੱਤ ਨੇ ਤਕਰੀਬਨ 19 ਸਾਲ ਦੀ ਉਮਰ ਵਿਚ ਅਦਾਕਾਰੀ ਕਰਨੀ ਸ਼ੁਰੂ ਕੀਤੀ ਤੇ ਉਹ 1944 ਤੋਂ ਸੰਨ 1964 ਤੱਕ ਵਧੇਰੇ ਸਰਗਰਮ ਰਿਹਾ। ਨਿਰਦੇਸ਼ਕ ਦੇ ਰੂਪ ਵਿਚ ਉਸ ਦੀ ਪਹਿਲੀ ਫਿਲਮ 'ਬਾਜ਼ੀ' ਸੀ ਤੇ ਬਾਅਦ ਵਿਚ ਉਸ ਨੇ ਆਪਣੀ ਪ੍ਰੋਡਕਸ਼ਨ (ਫ਼ਿਲਮ ਨਿਰਮਾਣ) ਕੰਪਨੀ ਵੀ ਖੋਲ੍ਹ ਲਈ। ਉਸ ਨੂੰ ਮਾਣ ਦਿੱਤਾ ਜਾਂਦਾ ਹੈ ਕਿ ਉਸ ਨੇ 'ਸੀ.ਆਈ.ਡੀ.' ਜਿਹੀ ਜ਼ਬਰਦਸਤ ਹਿੱਟ ਫ਼ਿਲਮ ਬਣਾਈ ਤੇ ਵਹੀਦਾ ਰਹਿਮਾਨ ਜਿਹੀ ਸੁਲਝੀ ਹੋਈ ਅਦਾਕਾਰਾ ਤੇ ਰਾਜ ਖੋਸਲਾ ਜਿਹਾ ਸੂਝਵਾਨ ਨਿਰਦੇਸ਼ਕ ਬਾਲੀਵੁੱਡ ਨੂੰ ਦਿੱਤਾ।

ਗੁਰੂ ਦੱਤ, ਭਾਰਤੀ ਸਿਨੇਮਾ ਦਾ ਉਹ ਪਹਿਲਾ ਨਿਰਦੇਸ਼ਕ ਸੀ ਜਿਸ ਨੇ 'ਕਾਗਜ਼ ਕੇ ਫੂਲ' ਨਾਮਕ ਭਾਰਤ ਦੀ ਪਹਿਲੀ ਸਿਨੇਮਾਸਕੋਪ ਫ਼ਿਲਮ ਬਣਾਈ ਸੀ। ਕਿਹਾ ਜਾਂਦਾ ਹੈ ਕਿ ਫ਼ਿਲਮ 'ਕਾਗਜ਼ ਕੇ ਫੂਲ' ਉਸ ਦੇ ਨਿੱਜੀ ਜੀਵਨ 'ਤੇ ਆਧਾਰਤ ਸੀ। ਗਾਇਕਾ ਗੀਤਾ ਦੱਤ ਨਾਲ ਵਿਆਹ ਕਰਨ ਉਪਰੰਤ ਉਸ ਦਾ ਸਮੁੱਚਾ ਜੀਵਨ ਅਸਥਿਰ ਹੋ ਗਿਆ ਤੇ ਉਹ ਉਦਾਸ ਰਹਿਣ ਲੱਗ ਪਿਆ। ਉਨ੍ਹਾਂ ਦਿਨਾਂ ਵਿਚ ਹੀ ਉਸ ਦੀ ਨੇੜਤਾ ਵਹੀਦਾ ਰਹਿਮਾਨ ਨਾਲ ਬਣ ਗਈ ਤੇ ਘਰ ਵਿਚ ਕਲੇਸ਼ ਹੋਰ ਵਧ ਗਿਆ। ਗੀਤਾ ਦੱਤ ਨਾਲ ਉਸ ਦਾ ਤਲਾਕ ਤਾਂ ਹੋ ਗਿਆ ਪਰ ਹਾਲਾਤ ਕੁਝ ਇਸ ਤਰ੍ਹਾਂ ਦੇ ਬਣ ਗਏ ਕਿ ਵਹੀਦਾ ਰਹਿਮਾਨ ਵੀ ਉਸ ਦੀ ਨਾ ਹੋ ਸਕੀ। ਸੀਨੇ 'ਤੇ ਮਣਾਂ ਮੂੰਹੀਂ ਬੋਝ ਲੈ ਕੇ ਇਹ ਮਹਾਨ ਅਦਾਕਾਰ ਤੇ ਨਿਰਦੇਸ਼ਕ 10 ਅਕਤੂਬਰ 1964 ਨੂੰ ਇਸ ਜਹਾਨ ਤੋਂ ਕੂਚ ਕਰ ਗਿਆ। ਉਸ ਦੀ ਰੂਹ ਲਈ ਸਕੂਨ ਦੀ ਗੱਲ ਇਹ ਹੀ ਆਖੀ ਜਾ ਸਕਦੀ ਹੈ ਕਿ ਵਹੀਦਾ ਰਹਿਮਾਨ ਨੇ ਉਮਰ ਭਰ ਸ਼ਾਦੀ ਨਹੀਂ ਕੀਤੀ ਤੇ ਉਹ ਅੱਜ ਵੀ ਭਰੇ ਮਨ ਨਾਲ ਉਸ ਨੂੰ ਯਾਦ ਕਰਦੀ ਹੈ।

ਗੁਰੂ ਦੱਤ ਦਾ ਕਹਿਣਾ ਸੀ ਕਿ ਉਸ ਨੇ ਨਿਰਦੇਸ਼ਕ ਬਣਨਾ ਸੀ, ਬਣ ਗਿਆ। ਅਦਾਕਾਰ ਬਣਨਾ ਸੀ, ਬਣ ਗਿਆ। ਫਿਲਮ ਚੰਗੀ ਬਣਾਉਣੀ ਸੀ, ਬਣਾਈ। ਪੈਸਾ ਹੈ, ਸਭ ਕੁਝ ਹੈ ਪਰ ਕੁਝ ਵੀ ਨਹੀਂ ਰਿਹਾ। 9 ਜੁਲਾਈ 1925 ਨੂੰ ਕਰਨਾਟਕ ਦੇ ਦੱਖਣੀ ਕਨਾਰਾ ਜ਼ਿਲ੍ਹੇ 'ਚ ਪੈਦਾ ਹੋਏ ਗੁਰੂ ਦੱਤ ਦੇ ਪਿਤਾ ਮਾਮੂਲੀ ਅਧਿਆਪਕ ਸਨ। ਗੁਰੂ ਦੱਤ ਦਾ ਬਚਪਨ ਆਰਥਿਕ ਔਕੜਾਂ ਤੇ ਘਰੇਲੂ ਪ੍ਰੇਸ਼ਾਨੀਆਂ ਵਿਚਾਲੇ ਬੀਤਿਆ। ਉਹ ਤਾਲੀਮ ਵੀ ਮੁਸ਼ਕਲ ਨਾਲ ਹੀ ਹਾਸਲ ਕਰ ਸਕੇ ਸਨ। ਪਿੱਛੋਂ ਰੋਜ਼ੀ-ਰੋਟੀ ਲਈ ਉਨ੍ਹਾਂ ਨੇ ਕਲਕੱਤਾ 'ਚ ਇਕ ਟੈਲੀਫੋਨ ਆਪ੍ਰੇਟਰ ਦੀ ਨੌਕਰੀ ਕੀਤੀ ਪਰ ਬਾਅਦ 'ਚ ਨੌਕਰੀ ਛੱਡ ਕੇ ਆਪਣੇ ਮਾਤਾ-ਪਿਤਾ ਕੋਲ ਮੁੰਬਈ ਪਰਤ ਆਏ। ਉਥੇ ਆਪਣੇ ਚਾਚੇ ਦੀ ਮਦਦ ਨਾਲ ਪੂਣੇ ਸਥਿਤ ਪ੍ਰਭਾਤ ਫਿਲਮ ਕੰਪਨੀ 'ਚ ਉਨ੍ਹਾਂ ਨੂੰ ਤਿੰਨ ਸਾਲ ਦੇ ਠੇਕੇ 'ਤੇ ਨੌਕਰੀ ਮਿਲ ਗਈ। ਇਥੇ ਕੰਮ ਕਰਨ ਦੌਰਾਨ ਉਹ ਕੁਝ ਫਿਲਮੀ ਹਸਤੀਆਂ ਦੇ ਸੰਪਰਕ 'ਚ ਆਏ। ਉਨ੍ਹਾਂ ਹਸਤੀਆਂ 'ਚੋਂ ਇਕ ਸਨ ਦੇਵ ਆਨੰਦ। ਤਿੰਨ ਸਾਲਾਂ ਪਿੱਛੋਂ ਠੇਕਾ ਖਤਮ ਹੋਣ 'ਤੇ ਫਿਰ ਮੁੰਬਈ ਆ ਕੇ ਫਿਲਮ ਨਿਰਮਾਣ ਤੇ ਅਦਾਕਾਰੀ ਦੀ ਸ਼ੁਰੂਆਤ ਕੀਤੀ।

ਨ੍ਰਿਤ ਸਿੱਖਣ ਦੀ ਇੱਛਾ ਉਨ੍ਹਾਂ ਨੂੰ ਵਿਸ਼ਵਗੁਰੂ ਮੰਨੇ ਜਾਣ ਵਾਲੇ ਪੰਡਿਤ ਉਦੈ ਸ਼ੰਕਰ ਕੋਲ ਲੈ ਗਈ। ਉਨ੍ਹਾਂ ਦੇ ਸੰਪਰਕ 'ਚ ਆਉਣ ਪਿੱਛੋਂ ਗੁਰੂ ਦੱਤ ਦਾ ਰੁਝਾਨ ਵੀ ਸਿਨੇਮਾ ਵੱਲ ਗਿਆ। ਇਸ ਤੋਂ ਬਾਅਦ ਹੀ ਦੇਵ ਆਨੰਦ ਨਾਲ ਉਨ੍ਹਾਂ ਦੀ ਦੋਸਤੀ ਹੋਈ, ਜੋ ਗੁਰੂ ਦੱਤ ਦੇ ਕਰੀਅਰ ਲਈ ਖਾਸੀ ਸਹਾਇਕ ਸਿੱਧ ਹੋਈ। ਸੰਘਰਸ਼ ਦੀ ਕਹਾਣੀ ਅਗਾਂਹ ਵਧੀ ਤਾਂ ਮਿਹਨਤ ਨੇ ਵੀ ਰੰਗ ਦਿਖਾਉਣਾ ਸ਼ੁਰੂ ਕੀਤਾ ਤੇ ਉਨ੍ਹਾਂ ਨੂੰ ਅਮਿਯ ਚੱਕਰਵਰਤੀ ਦੀ ਫਿਲਮ 'ਗਰਲਜ਼ ਸਕੂਲ' (1949) ਤੇ ਗਿਆਨ ਮੁਖਰਜੀ ਦੀ ਫਿਲਮ 'ਸੰਗਰਾਮ' 'ਚ ਬਤੌਰ ਸਹਾਇਕ ਨਿਰਦੇਸ਼ਕ ਕੰਮ ਕਰਨ ਤੇ ਫਿਲਮ ਨਿਰਮਾਣ ਦੀ ਜਾਣਕਾਰੀ ਹਾਸਲ ਕਰਨ ਦਾ ਮੌਕਾ ਮਿਲਿਆ।

ਬਤੌਰ ਨਿਰਦੇਸ਼ਕ ਗੁਰੂ ਦੱਤ ਨੂੰ ਪਹਿਲਾ ਮੌਕਾ ਉਨ੍ਹਾਂ ਦੇ ਮਿੱਤਰ ਦੇਵ ਆਨੰਦ ਨੇ ਹੀ ਦਿੱਤਾ ਸੀ। ਉਨ੍ਹਾਂ ਨੇ ਨਵਕੇਤਨ ਦੀ ਦੂਜੀ ਫਿਲਮ 'ਬਾਜ਼ੀ' (1951) ਦੇ ਨਿਰਦੇਸ਼ਨ ਦੀ ਵਾਗਡੋਰ 26 ਸਾਲਾ ਗੁਰੂ ਦੱਤ ਦੇ ਹੱਥਾਂ 'ਚ ਸੌਂਪ ਦਿੱਤੀ। ਇਸ ਫਿਲਮ 'ਚ ਦੇਵ ਆਨੰਦ ਖੁਦ ਲੀਡ ਰੋਲ 'ਚ ਸਨ ਜਦਕਿ ਉਨ੍ਹਾਂ ਦੀ ਹੀਰੋਇਨ ਸੀ ਮਸ਼ਹੂਰ ਪਿੱਠਵਰਤੀ ਗਾਇਕਾ ਗੀਤਾ ਰਾਏ ਜੋ ਪਿੱਛੋਂ ਗੁਰੂ ਦੱਤ ਨਾਲ ਵਿਆਹ ਕਰਕੇ ਗੀਤਾ ਦੱਤ ਬਣ ਗਈ। 'ਬਾਜ਼ੀ' ਦੀ ਸਫਲਤਾ ਨੇ ਨਾ ਸਿਰਫ ਗੁਰੂ ਦੱਤ ਦੀ ਕਿਸਮਤ ਦਾ ਸਿਤਾਰਾ ਚਮਕਾਇਆ ਸਗੋਂ ਦੇਵ ਆਨੰਦ, ਸੰਗੀਤ ਨਿਰਦੇਸ਼ਕ ਸਚਿਨ ਬਰਮਨ, ਗੀਤਕਾਰ ਸਾਹਿਰ ਲੁਧਿਆਣਵੀ ਦੀ ਪ੍ਰਸਿੱਧੀ ਵੀ ਸਥਾਈ ਤੌਰ 'ਤੇ ਪੂਰੇ ਦੇਸ਼ 'ਚ ਫੈਲ ਗਈ।

ਇਸ ਸ਼ਾਨਦਾਰ ਸਫਲਤਾ ਦਾ ਹੀ ਅਸਰ ਸੀ ਕਿ ਦੇਵ ਆਨੰਦ ਨੇ ਅਗਲੀ ਫਿਲਮ 'ਜਾਲ' 'ਚ ਇਸ ਟੀਮ ਨਾਲ ਦੱਖਣ ਏਸ਼ੀਆ ਦੇ ਸਭ ਤੋਂ ਸਾਫ-ਸੁਥਰੇ ਤੇ ਮਕਬੂਲ ਕਾਮਿਕ ਕਲਾਕਾਰ ਜਾਨੀ ਵਾਕਰ ਨੂੰ ਵੀ ਜੋੜ ਲਿਆ। ਉਸ ਪਿੱਛੋਂ 'ਆਰ-ਪਾਰ', 'ਸੀ.ਆਈ.ਡੀ.', 'ਮਿਸਟਰ ਐਂਡ ਮਿਸਿਜ਼ 55', 'ਪਿਆਸਾ', 'ਕਾਗਜ਼ ਕੇ ਫੂਲ', 'ਸਾਹਿਬ ਬੀਬੀ ਔਰ ਗੁਲਾਮ', 'ਚੌਦ੍ਹਵੀਂ ਕਾ ਚਾਂਦ' ਵਰਗੀਆਂ ਕਈ ਯਾਦਗਾਰ ਫਿਲਮਾਂ ਦਾ ਨਿਰਮਾਣ ਕੀਤਾ। 'ਸਾਂਝ ਔਰ ਸਵੇਰਾ' ਉਨ੍ਹਾਂ ਦੀ ਆਖਰੀ ਫਿਲਮ ਰਹੀ। ਗੁਰੂ ਦੱਤ ਦੀਆਂ ਸਰਵੋਤਮ ਫਿਲਮਾਂ 'ਚੋਂ 'ਸਾਹਿਬ ਬੀਬੀ ਔਰ ਗੁਲਾਮ' ਤੇ 'ਚੌਦ੍ਹਵੀਂ ਕਾ ਚਾਂਦ' ਬਾਰੇ ਕਿਹਾ ਜਾਂਦਾ ਹੈ ਕਿ ਭਾਵੇਂ ਇਨ੍ਹਾਂ ਫਿਲਮਾਂ 'ਚ ਆਫੀਸ਼ੀਅਲ ਡਾਇਰੈਕਟਰਸ ਦੇ ਰੂਪ 'ਚ ਅਬਰਾਰ ਅਲੀ ਤੇ ਐਮ. ਸਾਦਿਕ ਦਾ ਨਾਂ ਆਉਂਦਾ ਹੈ ਪਰ ਪਰਦੇ ਦੇ ਪਿੱਛੇ ਇਨ੍ਹਾਂ ਦੋਹਾਂ ਫਿਲਮਾਂ ਦਾ ਨਿਰਦੇਸ਼ਨ ਵੀ ਗੁਰੂ ਦੱਤ ਨੇ ਹੀ ਕੀਤਾ ਸੀ। ਬੇਸ਼ਕ ਗੁਰੂ ਦੱਤ ਨੂੰ ਲੋਕ ਉਨ੍ਹਾਂ ਦੀਆਂ ਕਲਾਤਮਕ ਫਿਲਮਾਂ ਦੇ ਲਈ ਖਾਸ ਤੌਰ 'ਤੇ ਯਾਦ ਕਰਦੇ ਸਨ ਪਰ ਕ੍ਰਾਈਮ ਥ੍ਰਿਲਰ ਫਿਲਮਾਂ ਬਣਾਉਣ 'ਚ ਵੀ ਉਨ੍ਹਾਂ ਨੂੰ ਮੁਹਾਰਤ ਹਾਸਲ ਸੀ। ਗੁਰੂ ਦੱਤ ਨੇ 10 ਅਕਤੂਬਰ, 1964 ਨੂੰ ਉਸ ਵੇਲੇ ਇਸ ਦੁਨੀਆਂ ਨੂੰ ਅਲਵਿਦਾ ਆਖ ਦਿੱਤਾ, ਜਦੋਂ ਉਨ੍ਹਾਂ ਦਾ ਕਰੀਅਰ ਚੜ੍ਹਤ 'ਤੇ ਸੀ। ਉਹ ਸਿਰਫ 39 ਸਾਲ ਦੀ ਛੋਟੀ ਜਿਹੀ ਉਮਰ 'ਚ ਇਸ ਦੁਨੀਆਂ ਤੋਂ ਕੂਚ ਕਰ ਗਏ। ਅੱਜ ਵੀ ਉਨ੍ਹਾਂ ਦੀ ਮੌਤ ਨੂੰ ਲੈ ਕੇ ਰਹੱਸ ਕਾਇਮ ਹੈ। ਕੁਝ ਲੋਕ ਇਸ ਨੂੰ ਆਤਮ-ਹੱਤਿਆ ਕਹਿੰਦੇ ਹਨ ਤਾਂ ਕੁਝ ਇਸ ਨੂੰ ਸੁਭਾਵਿਕ ਮੌਤ ਦੱਸਦੇ ਹਨ।



ਗੁਰੂ ਦੱਤ ਅਤੇ ਵਹੀਦਾ ਰਹਿਮਾਨ

### ਇਉਂ ਵਸਾਈ ਜਾਵੇਗੀ ਯਾਦ

*ਗੁਰੂ ਦੱਤ ਦੀ ਚਰਚਾ ਉਨ੍ਹਾਂ ਦੀ ਫ਼ਿਲਮੀ ਸਫਲਤਾ ਨੂੰ ਲੈ ਕੇ ਤਾਂ ਹੁੰਦੀ ਹੀ ਰਹੀ, ਨਾਲ ਹੀ ਅਦਾਕਾਰਾ ਵਹੀਦਾ ਰਹਿਮਾਨ ਨਾਲ ਉਨ੍ਹਾਂ ਦੇ ਰੋਮਾਂਸ ਦੇ ਕਿੱਸੇ ਵੀ ਖ਼ੂਬ ਚਰਚਾ 'ਚ ਰਹੇ। ਹੁਣ ਇਸ ਜੋੜੀ ਬਾਰੇ ਫਿਲਮ ਵੀ ਬਣਾਈ ਜਾ ਰਹੀ ਹੈ ਜਿਸ ਵਿਚ ਮੁੱਖ ਰੋਲ ਆਮਿਰ ਖਾਨ ਅਤੇ ਕੈਟਰੀਨਾ ਕੈਫ ਕਰ ਰਹੇ ਹਨ। ਇਸ ਫਿਲਮ ਦੀ ਸ਼ੂਟਿੰਗ ਇਸੇ ਸਾਲ ਸ਼ੁਰੂ ਹੋ ਜਾਣੀ ਹੈ। ਇਹ ਫਿਲਮ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਬਣਾ ਰਿਹਾ ਹੈ। ਇਸ ਫਿਲਮ ਦਾ ਨਾਂ ਅਜੇ ਫਾਈਨਲ ਨਹੀਂ ਕੀਤਾ ਗਿਆ ਪਰ ਇਹ ਫਾਈਨਲ ਹੈ ਕਿ ਇਸ ਵਿਚ ਜੋੜੀ ਦੇ ਲਿਬਾਸ ਅਤੇ ਫਿਲਮ ਦੇ ਸੈੱਟ ਆਦਿ ਉਸੇ ਤਰ੍ਹਾਂ ਦੇ ਰੱਖੇ ਜਾਣੇ ਹਨ ਜਿਸ ਤਰ੍ਹਾਂ ਦੇ ਦੋਹਾਂ ਦੀਆਂ ਪਹਿਲੀਆਂ ਫਿਲਮਾਂ ਵਿਚ ਸਨ।*



ਆਮਿਰ ਖਾਨ ਅਤੇ ਕੈਟਰੀਨਾ ਕੈਫ

---

ਢੋਲ ਪਿਆ ਵਾਜਾਂ ਮਾਰੇ...

# ਉਸਤਾਦ ਬਚਨਾ ਰਾਮ



ਉਸਤਾਦ ਬਚਨਾ ਰਾਮ

ਭੰਗੜੇ ਤੇ ਢੋਲ ਨੂੰ ਸਮਰਪਿਤ ਢੋਲੀ ਬਚਨਾ ਰਾਮ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਹ ਕੌਮਾਂਤਰੀ ਪੱਧਰ 'ਤੇ ਨਾਂ ਕਮਾ ਚੁੱਕਾ ਹੈ। ਉਂਜ ਵੀ ਪੰਜਾਬ ਦਾ ਮਸ਼ਹੂਰ ਤੇ ਹਰਮਨ-ਪਿਆਰਾ ਲੋਕ ਨਾਚ ਭੰਗੜਾ ਹਰ ਪੰਜਾਬੀ ਲਈ ਵੱਖਰੀ ਪਛਾਣ ਕਾਇਮ ਕਰਦਾ ਹੈ। ਅੱਜ ਵਿਸ਼ਵ ਪੱਧਰ 'ਤੇ ਭੰਗੜੇ ਨੇ ਆਪਣੀ ਥਾਂ ਬਣਾਈ ਹੋਈ ਹੈ। ਢੋਲ ਤੇ ਢੋਲੀ ਭੰਗੜੇ ਦੀ ਜਿੰਦ-ਜਾਨ ਹਨ। ਢੋਲੀ ਤੋਂ ਬਗੈਰ ਭੰਗੜੇ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਜਦੋਂ ਢੋਲੀ, ਢੋਲ 'ਤੇ ਡਗਾ ਲਾਉਂਦਾ ਹੈ ਤਾਂ ਹਰ ਕਿਸੇ ਦੇ ਪੈਰ ਥਿਰਕ ਉਠਦੇ ਹਨ। ਜਦੋਂ ਢੋਲੀ ਬਚਨਾ ਰਾਮ ਢੋਲ 'ਤੇ ਡਗਾ ਲਾਉਂਦਾ ਹੈ ਤਾਂ ਨਜ਼ਾਰਾ ਦੇਖਣ ਹੀ ਵਾਲਾ ਹੁੰਦਾ ਹੈ। ਢੋਲੀ ਬਚਨਾ ਰਾਮ ਦਾ ਜਨਮ 8 ਅਗਸਤ 1972 ਨੂੰ ਕਿਸਾਨ ਸਿੰਗਾਰੂ ਰਾਮ ਦੇ ਘਰ ਮਾਤਾ ਸਿੱਖਣੀ ਦੇਵੀ ਦੀ ਕੁੱਖੋਂ ਹੋਇਆ। ਯੂ.ਟੀ. ਚੰਡੀਗੜ੍ਹ 'ਚ ਪੈਂਦੇ ਪਿੰਡ ਫੈਦਾਂ ਦੇ ਜੰਮਪਲ ਬਚਨਾ ਰਾਮ ਨੇ ਆਪਣੇ ਮਾਮੇ ਸੋਹਣ ਲਾਲ ਤੋਂ ਢੋਲ ਵਜਾਉਣ ਦੀਆਂ ਬਾਰੀਕੀਆਂ ਸਿੱਖੀਆਂ। ਬਚਨਾ ਰਾਮ ਦੀ ਢੋਲ ਵਜਾਉਣ ਦੀ ਕਲਾ ਨੂੰ ਨਿਖਾਰਨ 'ਚ ਫੈਦਾਂ ਪਿੰਡ ਦੇ ਢੋਲੀ ਬਾਬੂ ਰਾਮ ਦਾ ਵੱਡਾ ਹੱਥ ਹੈ। ਬਚਨਾ ਰਾਮ ਆਪਣਾ ਉਸਤਾਦ ਗਰੀਬ ਦਾਸ ਨੂੰ ਮੰਨਦਾ ਹੈ।

ਪੰਜਾਬ ਅਤੇ ਚੰਡੀਗੜ੍ਹ 'ਚ 'ਬਚਨ ਉਸਤਾਦ' ਨਾਲ ਜਾਣਿਆ ਜਾਂਦਾ ਬਚਨਾ ਰਾਮ 17 ਸਾਲ ਦੀ ਉਮਰ ਤੋਂ ਢੋਲ 'ਤੇ ਡਗੇ ਲਗਾ ਰਿਹਾ ਹੈ। ਬਚਨ ਉਸਤਾਦ ਨੇ ਢੋਲ ਵਜਾਉਣ 'ਚ ਨਿਪੁੰਨਤਾ ਹਾਸਲ ਕਰਨ ਤੋਂ ਬਾਅਦ ਆਪਣੀ ਕਲਾ ਨੂੰ ਹੋਰ ਨਿਖਾਰਿਆ ਅਤੇ ਭੰਗੜਾ ਕੋਚ ਦਾ ਰੁਤਬਾ ਹਾਸਲ ਕੀਤਾ। ਬਚਨਾ ਰਾਮ ਤੋਂ ਭੰਗੜਾ ਪਾਉਣ ਦੀ ਕਲਾਕਾਰੀ ਸਿੱਖ ਕੇ ਕਈ ਗੱਭਰੂ ਭੰਗੜੇ ਦੇ ਖੇਤਰ 'ਚ ਨਾਮਣਾ ਖੱਟ ਚੁੱਕੇ ਹਨ।

ਬਚਨਾ ਰਾਮ ਨੇ ਪਿਛਲੇ 17 ਸਾਲਾਂ ਤੋਂ ਛੋਟੇ ਬੱਚਿਆਂ ਨੂੰ ਭੰਗੜਾ ਸਿਖਾਉਣ ਦੀ ਕਮਾਨ ਸੰਭਾਲੀ ਹੋਈ ਹੈ ਅਤੇ ਉਹ ਚੰਡੀਗੜ੍ਹ ਦੇ ਸੈਕਟਰ 37, 10, 44 ਅਤੇ 45 ਦੇ ਸਰਕਾਰੀ ਮਾਡਲ ਸਕੂਲਾਂ 'ਚ ਬੱਚਿਆਂ ਨੂੰ ਭੰਗੜੇ ਦੀ ਕੋਚਿੰਗ ਦਿੰਦੇ ਹਨ। ਇਸ ਦੇ ਨਾਲ ਨਾਲ ਉਹ ਚੰਡੀਗੜ੍ਹ ਦੇ ਆਸ-ਪਾਸ ਦੇ ਕਾਲਜਾਂ ਵਿਚ ਵੀ ਵਿਦਿਆਰਥੀਆਂ ਨੂੰ ਯੂਥ ਫੈਸਟੀਵਲ, ਟੇਲੈਂਟ ਹੰਟ ਅਤੇ ਹੋਰ ਮੁਕਾਬਲਿਆਂ ਦੀ ਤਿਆਰੀ ਵੀ ਕਰਵਾਉਂਦਾ ਹੈ। ਆਪਣੇ ਹੁਨਰ ਸਦਕਾ ਹੀ ਢੋਲੀ ਅਤੇ ਭੰਗੜਾ ਕੋਚ ਬਚਨਾ ਰਾਮ ਨੂੰ ਚੰਡੀਗੜ੍ਹ ਪੁਲਿਸ ਅਤੇ ਹੋਰ ਭੰਗੜਾ ਟੀਮਾਂ ਦੇ ਨਾਲ ਵਿਦੇਸ਼ ਜਾਣ ਦੇ ਮੌਕੇ ਮਿਲੇ। ਉਹ ਤਿੰਨ ਵਾਰ ਜਰਮਨ, ਇਕ-ਇਕ ਵਾਰ ਡੈਨਮਾਰਕ, ਸਵੀਡਨ, ਹੰਗਰੀ, ਸਿੰਘਾਪੁਰ, ਮਲੇਸ਼ੀਆ, ਦੁਬਈ, ਘਾਨਾ, ਦੱਖਣੀ ਅਫਰੀਕਾ, ਨਾਈਜੀਰੀਆ ਆਦਿ ਦੇਸ਼ਾਂ 'ਚ ਆਪਣੀ ਕਲਾ ਦੇ ਜੌਹਰ ਦਿਖਾ ਚੁੱਕਾ ਹੈ। ਬਚਨਾ ਰਾਮ ਨੂੰ ਆਈ.ਸੀ.ਸੀ.ਆਰ. ਵੱਲੋਂ ਆਪਣੇ ਭੰਗੜਾ ਗਰੁਪ ਨਾਲ ਸਰਕਾਰੀ ਟੂਰਾਂ 'ਤੇ ਭੇਜਿਆ ਜਾਂਦਾ ਹੈ। ਇਸੇ ਤਰ੍ਹਾਂ ਉਹ ਡੇਰਾਬਸੀ ਸਥਿਤ ਫੈਕਟਰੀ ਪੀ.ਸੀ.ਪੀ.ਐਲ. ਦੀ ਟੀਮ ਨੂੰ ਭੰਗੜਾ ਸਿਖਾਉਂਦੇ ਹਨ। ਬੱਚਿਆਂ ਨੂੰ ਭੰਗੜਾ ਸਿਖਾਉਣ ਦੀ ਸਬੰਧੀ ਬਚਨਾ ਰਾਮ ਨੇ ਦੱਸਿਆ ਕਿ ਬੱਚਿਆਂ ਨੂੰ ਭੰਗੜੇ ਦੀ ਬਾਰੀਕੀਆਂ ਨਾਲ ਜਾਣੂ ਕਰਾਉਣ ਲਈ ਕਈ ਵਾਰ ਸਖ਼ਤੀ ਕਰਨੀ ਪੈਂਦੀ ਹੈ ਜੋ ਉਨ੍ਹਾਂ ਦੀ ਕਲਾ ਨੂੰ ਨਿਖਾਰਨ ਲਈ ਜ਼ਰੂਰੀ ਹੁੰਦੀ ਹੈ। ਢੋਲੀ ਬਚਨਾ ਰਾਮ ਦਾ ਹੁਣ ਇਹ ਸੁਪਨਾ ਹੈ ਕਿ ਉਹ ਆਪਣੇ ਦੋਵਾਂ ਪੁੱਤਰਾਂ ਗੁਰਮੁੱਖ ਸਿੰਘ ਅਤੇ ਸੁਰਮੁੱਖ ਸਿੰਘ ਨੂੰ ਇਸੇ ਕਿੱਤੇ ਨਾਲ ਜੋੜਨ ਦੀ ਰੀਝ ਕਰ ਸਕੇ।

ਬਚਨ ਉਸਤਾਦ ਵੱਲੋਂ ਆਪਣੇ ਪ੍ਰੋਗਰਾਮਾਂ ਵਿਚ ਪਾਈਆਂ ਜਾਂਦੀਆਂ ਇਹ ਬੋਲੀਆਂ ਬੜੀਆਂ ਮਸ਼ਹੂਰ ਹੋਈਆਂ:

ਛੱਡ ਦੇ ਕਾਰੋਬਾਰ ਓ ਆਪਣਾ<br>
ਚੱਲ ਉਏ ਜੱਟਾ ਮੇਲੇ ਨੂੰ...<br>
ਢੋਲ ਪਿਆ ਤੈਨੂੰ ਵਾਜਾਂ ਮਾਰੇ<br>
ਆਈ ਵਿਸਾਖੀ ਮੇਲੇ ਨੂੰ...<br>
ਸਾਜ਼ ਤੂੰਬੇ 'ਚ ਯਮਲੇ ਦੀ ਯਾਦ ਆਵੇ<br>
ਕਿਤੇ ਢੋਲ ਉਤੇ ਨੱਚੇ ਜੋ ਸ਼ਬਾਬ ਦਿਖਦਾ...<br>
ਲੋਕ ਗੀਤਾਂ 'ਚ ਦਿਸਣ ਸਾਡੇ ਹੀਰ ਰਾਂਝੇ<br>
ਜਿੱਥੇ ਦੇਖਾਂ ਮੈਨੂੰ ਪੱਗਾਂ 'ਚ ਪੰਜਾਬ ਦਿਖਦਾ...

**-ਪਰਸ਼ੋਤਮ ਸਿੰਘ ਯੋਗੀ**



ਉਸਤਾਦ ਬਚਨਾ ਰਾਮ ਵਿਦੇਸ਼ ਦੌਰੇ ਦੌਰਾਨ ਆਪਣੇ ਪ੍ਰਸ਼ੰਸਕਾਂ ਨਾਲ।


Vista
CCTV TECHNOLOGY
A leader of worldwide CCTV surveillance
(14years old experience in cctv tech.)
2 Years Warranty
WE INSTALL ANYWHERE IN USA
DIRECT ACCESS FROM Smart Phone
Buy Online
www.eZchase.com
As Saw On the TV
Hot Offer
4 Camera Package
$949.00
INSTALLATION INCLUDED
8 Camera Package
$1749.00
12 Cameras Installation $ 2249.00
Coming Soon 3rd Generation LED
New
Call - Sukhpal@ 661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP



ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ
ਸਮੂਹ ਸਰਪ੍ਰਸਤਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
ਬੰਦੀ ਛੋੜ ਦਿਵਸ ਤੇ ਦੀਵਾਲੀ ਮੁਬਾਰਕ !

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

15 & 30 Yr Fixed Rates Are Getting Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**


CA DRE Lic.#01180969, NMLS# 352095

## Short Sale Specialist


**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.


## Hot Listing



3721 Ashwood Drive
Pleasanton CA
4 Bedrooms, 2.5 Baths,
2 Car Garage
Area 2337 Sq. Ft.
Lot 8710 Sq. Ft.
**Offered at $515,000**



304 Pennyhill drive
San Jose, CA 95127
4 Bedrooms, 3 Baths,
2 Car Garage.
Area 1933 Sq. Ft.
Lot 4500 Sq. Ft
**Offered at $450,000**



1921 Delafield Way
Sacramento, CA 95835
4 Bedrooms, 3.5 Baths,
3 Car Garage
Area 2734 Sq. Ft.
Lot 6100 Sq. Ft.
**Offered at $249,000**




18940 Loree Ave.
Cupertino, CA 95014
3 Bedrooms, 2 Baths,
1 Car Garage
Area 1078 Sq. Ft.
Lot 6014 Sq. Ft.
**Offered at $590,000**



34782 Klondike Court
Union City, CA 94587
4 Bedrooms, 3 Baths,
2 Car Garage
Area 1320 Sq. Ft.
Lot 3526 Sq. Ft.
**Offered at $499,000**

Selling new and old Homes
from San Jose to Sacramento

*2004 to 2006 Award Winner
Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586



**Jaswinder Gill** M.Sc (PAU)
CA DRE# 00966763
Broker/Owner/Notary

**Cell: 510-304-9292**
**Cell:408-666-8279**

E-mail: jassi@jassigill.com or
Visit us @ www.jassigill.com
for hot listings